ਦੰਦਾਂ ਦੇ ਤੁਹਾਡੇ ਆਪਣੇ ਪੰਜਾਬੀ ਡਾਕਟਰ
AV DENTAL
ਏ ਵੀ ਡੈਂਟਲ ਕਲੀਨਿਕ
Dr. Vuppala has 12 years experience
Dr. Aulakh is UoP San Francisco Graduate
Call us today at 408-295-1100 to book your Appointment
FREE ORAL B Smart Kit (valued at $175) details in our ad page 21
OPEN late evenings, Saturday and Sunday
2195 Monterey Road, Suite 30, San Jose, CA

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
□ਨੌਂਵੀਂ ਸਰਕਟ ਕੋਰਟ □ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ
□ਇਮੀਗ੍ਰੇਸ਼ਨ ਕੋਰਟ ਦੇ ਕੇਸ □ਫੈਮਿਲੀ ਪਟੀਸ਼ਨਾਂ □ਲੇਬਰ ਦੇ ਕੇਸ
□ਡਿਪੋਰਟੇਸ਼ਨ ਦੇ ਕੇਸ □ਅਮੈਰਿਕਨ ਅੰਬੈਸੀ ਦੇ ਕੇਸ □ਬੈਂਕਰਪਸੀ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 30, July 24, 2010 | 20451 N Plum Grove Rd. Palatine, IL 60074 | Ph:847-359-0746, Fax:847-705-9388

## ਨਕਸਲੀ ਹਿੰਸਾ-ਚਾਰ ਰਾਜ ਸਾਂਝੀ ਕਮਾਨ ਲਈ ਸਹਿਮਤ

**ਨਵੀਂ ਦਿੱਲੀ:** ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਕਥਿਤ ਖਤਰਾ ਬਣ ਚੁੱਕੇ ਨਕਸਲੀਆਂ ਦੇ ਸਫਾਏ ਲਈ ਬਣਾਈ ਗਈ ਨਵੀਂ ਰਣਨੀਤੀ ਤਹਿਤ ਇਸ ਸਮੱਸਿਆ ਤੋਂ ਸਭ ਤੋਂ ਵੱਧ ਪੀੜਤ ਚਾਰ ਰਾਜ ਛੱਤੀਸਗੜ੍ਹ, ਉੜੀਸਾ, ਝਾਰਖੰਡ ਅਤੇ ਪੱਛਮੀ ਬੰਗਾਲ ਵਿਚਾਲੇ ਬਿਹਤਰ ਤਾਲਮੇਲ ਲਈ ਸਾਂਝੀ ਕਮਾਨ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਨਕਸਲੀਆਂ ਖ਼ਿਲਾਫ਼ ਲੜਾਈ 'ਚ ਕੇਂਦਰ ਹੈਲੀਕਾਪਟਰ ਅਤੇ ਹੋਰ ਲੋੜੀਂਦਾ ਸਾਜ਼ੋ ਸਾਮਾਨ ਮੁਹੱਈਆ ਕਰਵਾਏਗਾ। ਇਸ ਸਮੱਸਿਆ ਬਾਰੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਨਕਸਲ ਪ੍ਰਭਾਵਿਤ ਰਾਜਾਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਦੌਰਾਨ ਨਕਸਲੀਆਂ ਖ਼ਿਲਾਫ਼ ਕਾਰਵਾਈ ਦੇ ਮੁੱਦੇ 'ਤੇ ਕੁਝ ਮਤਭੇਦ ਵੀ ਉਭਰੇ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਜਿੱਥੇ ਨਰਮੀ ਦੇ ਹੱਕ 'ਚ ਦਿਸੇ ਉਥੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਰਮਨ ਸਿੰਘ ਸਖ਼ਤੀ ਦੇ ਰੌਅ ਵਿਚ ਸਨ।

ਮੀਟਿੰਗ 'ਚ ਛੱਤੀਸਗੜ੍ਹ, ਉੜੀਸਾ, ਝਾਰਖੰਡ ਤੇ ਪੱਛਮੀ ਬੰਗਾਲ ਕੇਂਦਰ ਦੀ ਸਾਂਝੀ ਕਮਾਨ ਦੀ ਤਜਵੀਜ਼ ਉਪਰ ਸਹਿਮਤ ਹੋ ਗਏ। ਇਹ ਕਮਾਨ ਇਨ੍ਹਾਂ ਰਾਜਾਂ ਦੇ ਮੁੱਖ ਸਕੱਤਰਾਂ ਦੀ ਅਗਵਾਈ ਵਿਚ ਹੋਵੇਗੀ ਜਿਸ ਨਾਲ ਪੁਲੀਸ, ਨੀਮ ਫੌਜੀ ਦਲਾਂ


(ਬਾਕੀ ਸਫਾ 13 'ਤੇ)




*ਬੇਕਰਜ਼ਫੀਲਡ ਵਿਚ ਹੋਏ ਮਿਸ ਯੂ ਐਸ ਏ ਪੰਜਾਬਣ ਮੁਕਾਬਲੇ ਵਿਚ ਜੇਤੂ ਕਰਮਪਾਲ ਕੌਰ ਮੰਡ (ਵਿਚਕਾਰ), ਦੂਜੇ ਥਾਂ 'ਤੇ ਆਈ ਨਵਰੀਤ ਸਿੱਧੂ ਅਤੇ ਤੀਜੇ ਥਾਂ ਆਈ ਮਨਵੀਰ ਕੌਰ (ਖੱਬੇ) ਨਾਲ (ਵੇਰਵਾ ਸਫਾ 12 'ਤੇ)*

## ਕੁਲਦੀਪ ਨਈਅਰ ਵਲੋਂ ਪਾਸਪੋਰਟ ਤੇ ਵੀਜ਼ਾ ਮਸਲੇ ਹੱਲ ਕਰਵਾਉਣ ਦਾ ਭਰੋਸਾ

**ਸੈਨ ਫਰਾਂਸਿਸਕੋ (ਐਸ. ਅਸ਼ੋਕ ਭੌਰਾ):** ਸੀਨੀਅਰ ਬਜ਼ੁਰਗ ਪੱਤਰਕਾਰ ਸ੍ਰੀ ਕੁਲਦੀਪ ਨਈਅਰ ਨੇ ਕਿਹਾ ਹੈ ਕਿ ਪਾਸਪੋਰਟ ਅਤੇ ਵੀਜ਼ੇ ਦੇ ਮਾਮਲੇ 'ਚ ਭਾਰਤੀ ਕੌਂਸਲਖਾਨਿਆਂ ਵਿਚ ਉਨ੍ਹਾਂ ਨੂੰ ਆ ਰਹੀਆਂ ਮੁਸ਼ਕਿਲਾਂ ਸੁਣ ਕੇ ਉਨ੍ਹਾਂ ਦਾ ਦਿਲ ਬਹੁਤ ਦੁਖੀ ਹੋਇਆ ਹੈ ਅਤੇ ਇਨ੍ਹਾਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਉਹ ਭਾਰਤ ਵਾਪਸ ਜਾ ਕੇ ਹਰ ਹੀਲਾ ਵਰਤਣਗੇ।



*ਕੁਲਦੀਪ ਨਈਅਰ*

ਉਨ੍ਹਾਂ ਕਿਹਾ ਕਿ ਜਦੋਂ ਉਹ ਭਾਰਤ ਤੋਂ ਗਦਰੀ ਬਾਬਿਆਂ ਦੇ ਮੇਲੇ 'ਤੇ ਹੋ ਰਹੀ ਸਾਲਾਨਾ ਕਾਨਫਰੰਸ ਵਿਚ ਭਾਗ ਲੈਣ ਲਈ ਸੈਕਰਾਮੈਂਟੋ (ਅਮਰੀਕਾ) ਲਈ ਚੱਲੇ ਸਨ ਤਾਂ ਉਨ੍ਹਾਂ ਨੂੰ ਇਸ ਗੱਲ ਬਾਰੇ ਉਕਾ ਹੀ ਜਾਣਕਾਰੀ ਨਹੀਂ ਸੀ ਕਿ ਇਥੇ ਵਸਦੇ ਇਕ ਲੱਖ ਤੋਂ ਵਧ ਭਾਰਤੀਆਂ ਜਿਨ੍ਹਾਂ ਵਿਚ ਬਹੁਗਿਣਤੀ ਪੰਜਾਬੀਆਂ ਦੀ ਹੈ, ਨੂੰ ਸਥਾਨਕ ਭਾਰਤੀ ਕੌਂਸਲੇਟ ਸਮੇਤ ਅਨੇਕਾਂ ਹੋਰ ਅੰਬੈਸੀਆਂ ਵਿਚ ਵੀਜ਼ਾ ਤੇ ਪਾਸਪੋਰਟ ਦੀ ਸਮੱਸਿਆ ਨਾਲ ਜੂਝਣਾ ਵੀ ਪੈ ਰਿਹਾ ਹੈ। ਇਸ ਵੇਲੇ ਜਦੋਂ ਉਹ ਵਾਪਸ ਵਤਨ ਪਰਤ ਰਹੇ ਹਨ ਤਾਂ ਉਨ੍ਹਾਂ ਨੂੰ ਖੁਸ਼ੀ ਹੈ ਕਿ ਉਹ ਗਦਰ ਮੈਮੋਰੀਅਲ ਫਾਊਂਡੇਸ਼ਨ ਦੇ ਸੱਦੇ 'ਤੇ ਇਕ ਅਹਿਮ ਕਾਰਜ ਵਿਚ ਭਾਗ ਲੈ ਕੇ ਚੱਲੇ ਹਨ ਪਰ ਦੁੱਖ ਤੇ ਹੌਲ ਇਸ ਗੱਲ ਦਾ ਪੈ ਰਿਹਾ ਹੈ ਕਿ ਕਈਆਂ ਨੂੰ ਆਪਣੇ ਵਤਨ ਦੀ ਮਿੱਟੀ ਨੂੰ ਸਿਜਦਾ ਕਰਨ ਲਈ ਕਈ ਦਹਾਕਿਆਂ ਤੋਂ ਇੰਤਜ਼ਾਰ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਇਸ ਮੁੱਦੇ 'ਤੇ ਬਹੁਤ ਸਾਰੇ ਲੋਕਾਂ ਦੇ ਵਿਚਾਰ ਤੇ ਦੁੱਖ ਵੀ ਜਾਣੇ ਹਨ। ਪਰ ਆਪਣੇ ਮੁਲਕ ਨੂੰ

(ਬਾਕੀ ਸਫਾ 3 'ਤੇ)

# ਕੈਪਟਨ ਅਮਰਿੰਦਰ ਸਿੰਘ ਦੀ ਲੈਫਟ-ਰਾਈਟ

**ਜਸਵੀਰ ਸਿੰਘ**

ਪੰਜਾਬ ਦੇ ਦਰਿਆਈ ਪਾਣੀ ਜਿਹੇ ਗੰਭੀਰ ਮੁੱਦੇ 'ਤੇ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਸਿਰਫ ਇਕ ਮਹੀਨੇ ਵਿਚ ਹੀ ਦੋ ਉਲਟ-ਬਾਜ਼ੀਆਂ ਲਾਈਆਂ ਹਨ। ਪਿਛਲੀ ਕਾਂਗਰਸ ਸਰਕਾਰ ਦੇ ਜਾਣ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਲੀਡਰਸ਼ਿਪ ਦੇ ਮਾਮਲੇ ਵਿਚ ਤਕਰੀਬਨ ਬੇਰੁਜ਼ਗਾਰ ਜਿਹੇ ਹੀ ਘੁੰਮ ਰਹੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਬਣਨ ਦੀ ਉਨ੍ਹਾਂ ਨੂੰ ਇਨ੍ਹਾਂ ਸਾਲਾਂ ਵਿਚ ਆਸ ਵੀ ਰਹੀ ਹੈ ਅਤੇ ਚਾਹਤ ਵੀ। ਪਰ ਪੰਜਾਬ ਦੇ ਪਾਣੀਆਂ ਸਬੰਧੀ 2004 ਵਿਚ ਬਣਾਇਆ ਗਿਆ ਉਹ ਬਿੱਲ ਲਗਾਤਾਰ ਉਨ੍ਹਾਂ ਦੇ ਅਕਸ ਨਾਲ ਸਾਏ ਵਾਂਗ ਲਟਕਿਆ ਰਿਹਾ ਹੈ, ਜਿਸ ਕਾਰਨ ਕੇਂਦਰੀ ਏਜੰਸੀਆਂ ਵੀ, ਕੇਂਦਰ ਸਰਕਾਰ ਅਤੇ ਕਾਂਗਰਸ ਹਾਈਕਮਾਨ ਵੀ ਉਨ੍ਹਾਂ ਨੂੰ ਪੰਜਾਬ ਕਾਂਗਰਸ ਦਾ ਆਗੂ ਬਣਾਉਣ ਤੋਂ ਝਿਜਕਦੀ ਰਹੀ ਹੈ।

ਅਸਲ ਵਿਚ ਅਜਿਹੀ ਝਿਜਕ ਕਾਰਨ ਹੀ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਹਾਰ ਹੋਈ ਸੀ। ਸਿੱਟੇ ਵਜੋਂ ਅਕਾਲੀ-ਭਾਜਪਾ ਸਰਕਾਰ ਬਣਾਉਣ ਵਿਚ ਕਾਮਯਾਬ ਰਹੇ ਸਨ। ਹੁਣ ਹਾਲਤ ਇਹ ਹੈ ਕਿ ਇਕ ਪਾਸੇ ਤਾਂ ਕੈਪਟਨ ਅਮਰਿੰਦਰ ਸਿੰਘ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਹਾਸਲ ਕਰਨ ਲਈ ਆਪਣੇ ਅਤੀਤ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕਰਦੇ ਹਨ ਤੇ ਦੂਜੇ ਹੀ ਹੱਥ ਜਦੋਂ ਇਹ ਵੇਖਦੇ ਹਨ ਕਿ ਅਜਿਹਾ ਕਰਨ ਨਾਲ ਪੰਜਾਬ ਵਿਚ ਅਤੇ ਖਾਸ ਕਰਕੇ ਮਾਲਵੇ ਵਿਚ ਉਨ੍ਹਾਂ ਦਾ ਆਧਾਰ ਹੀ ਖੁੱਸ ਜਾਵੇਗਾ ਤਾਂ ਉਹ ਆਪਣੇ ਅਤੀਤ ਦੇ ਗੌਰਵ ਦੀ ਰੌਸ਼ਨੀ ਵਿਚ ਨਵੀਂ ਬਿਆਨਬਾਜ਼ੀ ਕਰਨ ਲੱਗ ਪਏ ਹਨ।

ਕੁਝ ਦਿਨ ਪਹਿਲਾਂ ਜਦੋਂ ਪੰਜਾਬ ਸਰਕਾਰ, ਖਾਸ ਕਰਕੇ

(ਬਾਕੀ ਸਫਾ 13 'ਤੇ)


ਇੰਡੀਆ ਕਾਲ ਕਰੋ
100 ਘੰਟੇ
ਸਿਰਫ $80
ਬਿਨਾ ਪਿਨ ਤੋਂ ਗੱਲ ਕਰੋ
ਵਧੀਆ ਸਾਫ ਆਵਾਜ਼
Great Rates For
UK, Canada & other countries
ਰੇਟ ਲੋਕਲ ਨੰਬਰ 'ਤੇ ਆਧਾਰਤ ਹਨ
ਹੋਰ ਜਾਣਕਾਰੀ ਲਈ ਕਾਲ ਕਰੋ
1-800-914-1013
WWW.1EZPIN.COM

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Raja Indian Cuisine & Bar
Ph: 510-264-9300
1275 W Winton Ave
Hayward, CA 94545
Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of
Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S. Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਪਰਵਾਸੀ ਪੰਜਾਬੀ ਅਖਬਾਰਾਂ ਨੂੰ ਪੰਜਾਬ ਦਾ ਸਰਕਾਰੀ ਇਸ਼ਤਿਹਾਰ ਮਿਲੇਗਾ-ਸੇਖਵਾਂ

**ਬੇਕਰਜ਼ਫੀਲਡ (ਮਨਦੀਪ ਮਾਨ):** ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਅਤੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਕਿਹਾ ਹੈ ਕਿ ਵਿਦੇਸ਼ਾਂ ਵਿਚ ਛਪਦੇ ਪੰਜਾਬੀ ਅਖਬਾਰਾਂ ਨੂੰ ਵੀ ਰਾਜ ਸਰਕਾਰ ਵਲੋਂ ਕੀਤੇ ਜਾਂਦੇ ਵਿਕਾਸ ਦੇ ਕਾਰਜਾਂ ਬਾਰੇ ਸਰਕਾਰੀ ਇਸ਼ਤਿਹਾਰ ਦਿੱਤੇ ਜਾਇਆ ਕਰਨਗੇ। ਮੰਤਰੀ ਨੇ ਆਖਿਆ ਕਿ ਇਸ ਫੈਸਲੇ ਨਾਲ ਨਾ ਸਿਰਫ ਪੰਜਾਬੀ ਅਖਬਾਰਾਂ ਦੀ ਆਮਦਨ ਵਿਚ ਹੀ ਵਾਧਾ ਹੋਵੇਗਾ ਸਗੋਂ ਰਾਜ ਸਰਕਾਰ ਦੇ ਵੱਖ ਵੱਖ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਵੀ ਪਰਵਾਸੀ ਪੰਜਾਬੀਆਂ ਤੱਕ ਪਹੁੰਚਦੀ ਕੀਤੀ ਜਾ ਸਕੇਗੀ।



ਇਸ ਪੱਤਰਕਾਰ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਜਥੇਦਾਰ ਸੇਖਵਾਂ ਨੇ ਆਖਿਆ ਕਿ ਰਾਜ ਸਰਕਾਰ ਵਿਦੇਸ਼ਾਂ ਵਿਚ ਪ੍ਰਕਾਸ਼ਤ ਹੁੰਦੇ ਪੰਜਾਬੀ ਅਖਬਾਰਾਂ ਨੂੰ ਇਸ਼ਤਿਹਾਰ ਦੇਣ ਬਾਰੇ ਯੋਜਨਾ ਉਤੇ ਇਕ ਲੰਮੇ ਸਮੇਂ ਤੋਂ ਵਿਚਾਰ ਕਰ ਰਹੀ ਸੀ ਪ੍ਰੰਤੂ ਵਿਦੇਸ਼ ਮੰਤਰਾਲੇ ਵਲੋਂ ਪ੍ਰਵਾਨਗੀ ਵਿਚ ਕੀਤੀ ਗਈ ਦੇਰੀ ਕਾਰਨ ਹੁਣ ਤੱਕ ਅਜਿਹਾ ਨਹੀਂ ਸੀ ਹੋ ਸਕਿਆ। ਉਨ੍ਹਾਂ ਹਾਸੇ ਨਾਲ ਆਖਿਆ ਕਿ ਵਿਦੇਸ਼ਾਂ ਵਿਚ ਛਪਦੇ ਪੰਜਾਬੀ ਅਖਬਾਰਾਂ ਨੂੰ ਇਸ ਜ਼ਰੀਏ ਵਧੀ ਆਪਣੀ ਇਸ ਆਮਦਨ ਨੂੰ ਸਕਾਰਥੇ ਲਾਉਣ ਲਈ ਵਿਉਂਤਬੰਦੀ ਅਰੰਭ ਕਰ ਦੇਣੀ ਚਾਹੀਦੀ ਹੈ।

ਮੰਤਰੀ ਨੇ ਆਖਿਆ ਕਿ ਇਹ ਮਾਣ ਵਾਲੀ ਗੱਲ ਹੈ ਕਿ ਵਿਦੇਸ਼ਾਂ ਵਿਚ ਵੱਸੇ ਪੰਜਾਬੀ ਲੰਮਾ ਸਮਾਂ ਬਾਹਰ ਰਹਿਣ ਦੇ ਬਾਵਜੂਦ ਆਪਣੀ ਧਰਤੀ ਨਾਲ ਜੁੜੇ ਹੋਏ ਹਨ ਅਤੇ ਇਸੇ ਕਰਕੇ ਉਥੇ ਬਹੁਤ ਸਾਰੇ ਪੰਜਾਬੀ ਅਖਬਾਰ ਨਿਕਲਦੇ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ਦੇ ਅਮਰੀਕਾ-ਕੈਨੇਡਾ ਦੇ ਦੌਰੇ ਦੌਰਾਨ ਉਨ੍ਹਾਂ ਇਨ੍ਹਾਂ ਮੁਲਕਾਂ ਵਿਚ ਨਿਕਲਦੇ ਪੰਜਾਬੀ ਅਖਬਾਰ ਵੇਖੇ ਜਿਨ੍ਹਾਂ ਕਰਕੇ ਉਨ੍ਹਾਂ ਨੇ ਇਨ੍ਹਾਂ ਅਖਬਾਰਾਂ ਨੂੰ ਸਰਕਾਰੀ ਇਸ਼ਤਿਹਾਰ ਦੇਣ ਦੇ ਫੈਸਲੇ ਦੀ ਪੈਰਵੀ ਕਰਨ ਦਾ ਨਿਰਨਾ ਲਿਆ। ਇਸ ਤੋਂ ਪਹਿਲਾਂ ਮੰਤਰੀ ਨੇ ਐਤਵਾਰ ਨੂੰ ਜਲੰਧਰ ਵਿਚ ਪਰਵਾਸੀ ਪੱਤਰਕਾਰੀ ਬਾਰੇ ਇਕ ਸੈਮੀਨਾਰ ਵਿਚ ਬੋਲਦਿਆਂ ਇਸ ਫੈਸਲੇ ਬਾਰੇ ਜਾਣਕਾਰੀ ਦਿੱਤੀ।

ਇਸ ਪੱਤਰਕਾਰ ਨਾਲ ਗੱਲ ਕਰਦਿਆਂ ਜਥੇਦਾਰ ਸੇਖਵਾਂ ਨੇ ਆਖਿਆ ਕਿ ਵਿਦੇਸ਼ ਵਿਭਾਗ ਨੂੰ ਇਸ ਤਜਵੀਜ਼ ਉਤੇ ਕਈ ਇਤਰਾਜ਼ ਸਨ ਪਰ ਉਨ੍ਹਾਂ ਦੇ ਯਤਨਾਂ ਸਦਕਾ ਕੇਂਦਰ ਨੇ ਆਖਰ ਪ੍ਰਵਾਨਗੀ ਦੇ ਦਿੱਤੀ। ਚੇਤੇ ਰਹੇ, ਜਥੇਦਾਰ ਸੇਖਵਾਂ ਪੰਜਾਬ ਦੇ ਪਹਿਲੇ ਲੋਕ ਸੰਪਰਕ ਮੰਤਰੀ ਹਨ ਜਿਨ੍ਹਾਂ ਦੇ ਕਾਰਜਕਾਲ ਵਿਚ ਪਰਵਾਸੀ ਪੰਜਾਬੀ ਅਖਬਾਰਾਂ ਨੂੰ ਰਾਜ ਸਰਕਾਰ ਦੇ ਸਰਕਾਰੀ ਇਸ਼ਤਿਹਾਰ ਦੇਣ ਬਾਰੇ ਫੈਸਲਾ ਹੋਇਆ ਹੈ।


## ਪਾਕਿਸਤਾਨ 'ਚ ਕਈ ਥਾਈਂ ਧਮਾਕੇ, 18 ਮੌਤਾਂ

**ਲਾਹੌਰ:** ਪਾਕਿਸਤਾਨ 'ਚ ਧਮਾਕਿਆਂ ਦਾ ਸਿਲਸਿਲਾ ਬਾਦਸਤੂਰ ਜਾਰੀ ਹੈ। ਪਿਸ਼ਾਵਰ ਨੇੜੇ ਹੋਏ ਧਮਾਕੇ 'ਚ ਜਿੱਥੇ 17 ਜੁਲਾਈ ਨੂੰ ਸ਼ੀਆ ਭਾਈਚਾਰੇ ਦੇ 18 ਵਿਅਕਤੀ ਮਾਰੇ ਗਏ, ਉਥੇ ਲਾਹੌਰ 'ਚ ਲੜੀਵਾਰ ਦੋ ਧਮਾਕਿਆਂ ਨਾਲ ਭਾਵੇਂ ਕੋਈ ਨੁਕਸਾਨ ਨਹੀਂ ਹੋਇਆ, ਪਰ ਲੋਕ ਜ਼ਰੂਰ ਸਹਿਮ ਗਏ। ਅਸ਼ਾਂਤ ਕਬਾਇਲੀ ਇਲਾਕੇ 'ਚ ਸੁਰੱਖਿਆ ਦਸਤਿਆਂ ਦੀ ਘੇਰਾਬੰਦੀ ਦੇ ਬਾਵਜੂਦ ਇਕ ਵਾਹਨ ਨੂੰ ਨਿਸ਼ਾਨਾ ਬਣਾ ਕੇ ਕੀਤੇ ਹਮਲੇ 'ਚ 18 ਵਿਅਕਤੀ ਮਾਰੇ ਗਏ। ਦਹਿਸ਼ਤਗਰਦਾਂ ਨੇ ਕਬਾਇਲੀ ਜ਼ਿਲ੍ਹੇ ਕੁਰਮ ਦੇ ਪਰਾਚਿਨਾਰ ਸ਼ਹਿਰ ਤੋਂ ਪਿਸ਼ਾਵਰ ਵਲ ਜਾ ਰਹੀਆਂ ਦੋ ਮਿੰਨੀ ਬੱਸਾਂ ਨੂੰ ਰਾਈਫ਼ਲਾਂ ਤੇ ਗਰਨੇਡਾਂ ਰਾਹੀਂ ਨਿਸ਼ਾਨਾ ਬਣਾਇਆ।







# ਭਾਰਤ-ਪਾਕਿ ਗੱਲਬਾਤ ਅੜੀਅਲ ਰਵੱਈਏ ਦੀ ਭੇਟ ਚੜ੍ਹੀ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭਾਰਤ-ਪਾਕਿ ਹੁਕਮਰਾਨਾਂ ਦੇ ਅੜੀਅਲ ਰਵੱਈਏ ਕਾਰਨ ਭਰੋਸਾ ਬਹਾਲੀ ਲਈ ਵਿਦੇਸ਼ ਮੰਤਰੀ ਪੱਧਰ 'ਤੇ ਸ਼ੁਰੂ ਹੋਈ ਗੱਲਬਾਤ ਬਿਨ੍ਹਾਂ ਕਿਸੇ ਸਿੱਟੇ ਤੋਂ ਖ਼ਤਮ ਹੋ ਗਈ ਜਿਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਦੋਸਤੀ ਦੀ ਕਾਮਨਾ ਕਰਨ ਵਾਲੇ ਲੋਕਾਂ ਦੇ ਮਨ ਨੂੰ ਸੱਟ ਵੱਜੀ ਹੈ। ਭਾਵੇਂ ਪਾਕਿਸਤਾਨ ਨੇ ਬਾਅਦ 'ਚ ਗੱਲਬਾਤ ਜਾਰੀ ਰੱਖਣ ਦਾ ਭਰੋਸਾ ਦਵਾਇਆ ਹੈ ਪਰ ਇੱਕ ਵਾਰ ਇਸ ਸ਼ਾਂਤੀ ਵਾਰਤਾ 'ਚ ਅੜਿੱਕਾ ਪੈ ਗਿਆ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਗੱਲਬਾਤ ਤੋਂ ਬਾਅਦ ਸਾਂਝੀ ਪ੍ਰੈਸ ਕਾਨਫਰੰਸ ਵਿਚ ਸ਼ਰੇਆਮ ਦੋਸ਼ ਲਾਇਆ ਕਿ ਗੱਲਬਾਤ ਲਈ ਭਾਰਤੀ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਕੋਲ ਸੀਮਤ ਅਧਿਕਾਰ ਸਨ ਤਾਂ ਹੀ ਉਹ ਗੱਲਬਾਤ ਦੌਰਾਨ ਵਾਰ-ਵਾਰ ਦਿੱਲੀ ਤੋਂ ਆਉਂਦੇ ਫੋਨ ਸੁਣਦੇ ਰਹੇ। ਇਸ ਤੋਂ ਇਲਾਵਾ ਜਨਾਬ ਕੁਰੈਸ਼ੀ ਵਲੋਂ ਭਾਰਤ ਦੇ ਗ੍ਰਹਿ ਸਕੱਤਰ ਜੀ.ਕੇ. ਪਿਲੇ ਦੀ ਜਮਾਤ-ਉਦ-ਦਾਵਾ ਦੇ ਮੁਖੀ ਹਫੀਜ਼ ਸਈਅਦ ਨਾਲ ਤੁਲਨਾ ਕੀਤਾ ਗਈ ਜਿਸ 'ਤੇ ਭਾਰਤ ਨੇ ਸਖ਼ਤ ਇਤਰਾਜ਼ ਪ੍ਰਗਟਾਇਆ। ਜਨਾਬ ਕੁਰੈਸ਼ੀ ਨੇ ਇਹ ਵੀ ਕਿਹਾ ਕਿ ਭਾਰਤ ਨੂੰ ਪਾਕਿਸਤਾਨ ਦੀ ਸਥਿਤੀ ਸਮਝਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਰਤ ਦੇ ਮੁੱਦਿਆਂ 'ਤੇ ਧਿਆਨ ਦੇਈਏ ਤੇ ਆਪਣੇ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰੀਏ ਤਾਂ ਅਜਿਹੀ ਸਥਿਤੀ ਵਿਚ ਗੱਲਬਾਤ ਅੱਗੇ ਨਹੀਂ ਚੱਲ ਸਕਦੀ। ਜਦੋਂ ਤੱਕ ਭਾਰਤ ਪਾਕਿਸਤਾਨ ਦੀਆਂ ਚਿੰਤਾਵਾਂ ਨੂੰ ਨਹੀਂ ਸਮਝਦਾ ਉਦੋਂ ਤੱਕ ਗੱਲਬਾਤ ਸਿਰੇ ਨਹੀਂ ਚੜ੍ਹ ਸਕੇਗੀ। ਜਨਾਬ ਕੁਰੈਸ਼ੀ ਨੇ ਕਿਹਾ ਕਿ ਕੁਝ ਮੁਸ਼ਕਲਾਂ ਹਨ ਤੇ ਉਨ੍ਹਾਂ ਦੇ ਹੱਲ ਲਈ ਸਾਨੂੰ ਰਸਤਾ ਲੱਭਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਲੋਕਾਂ ਤੇ ਕਸ਼ਮੀਰੀਆਂ ਨੂੰ ਜੰਮੂ ਤੇ ਕਸ਼ਮੀਰ ਦੀ ਸਥਿਤੀ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

ਦੂਜੇ ਪਾਸੇ ਭਾਰਤ ਨੇ ਪਾਕਿਸਤਾਨ ਦੇ ਇਸ ਪੱਖ ਨੂੰ ਰੱਦ ਕੀਤਾ ਹੈ ਕਿ ਉਹ ਸਾਰੇ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕਰਨ ਲਈ ਤਿਆਰ ਨਹੀਂ ਤੇ ਜ਼ੋਰ ਦੇ ਕੇ ਕਿਹਾ ਕਿ ਬੇਭਰੋਸਗੀ ਘਟਾਉਣ ਦੇ ਉਦੇਸ਼ ਨਾਲ ਸਾਰੀਆਂ ਮੁੱਖ ਸਮੱਸਿਆਵਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਭਾਰਤ ਦੇ ਵਿਦੇਸ਼ ਮੰਤਰੀ ਸ੍ਰੀ ਕ੍ਰਿਸ਼ਨਾ ਨੇ ਕਿਹਾ ਹੈ ਕਿ ਪਾਕਿਸਤਾਨ ਨਾਲ ਅਗਲੇ ਰਿਸ਼ਤੇ ਇਸ ਗੱਲ 'ਤੇ ਨਿਰਭਰ ਕਰਨਗੇ ਕਿ ਉਹ ਅਤਿਵਾਦ ਖ਼ਿਲਾਫ਼ ਕਿਸ ਤਰ੍ਹਾਂ ਦੀ ਕਾਰਵਾਈ ਕਰਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਨੂੰ ਆਪਣੀ ਵਚਨਬੱਧਤਾ ਪੂਰੀ ਕਰਦੇ ਹੋਏ ਅਤਿਵਾਦ 'ਤੇ ਲਗਾਮ ਕੱਸਣੀ ਚਾਹੀਦੀ ਹੈ।

ਸ੍ਰੀ ਕ੍ਰਿਸ਼ਨਾ ਨੇ ਜਨਾਬ ਕੁਰੈਸ਼ੀ ਦਾ ਇਹ ਦਾਅਵਾ ਰੱਦ ਕੀਤਾ ਕਿ ਭਾਰਤੀ ਵਫਦ ਗੱਲਬਾਤ ਲਈ ਮਾਨਸਿਕ ਤੌਰ 'ਤੇ ਤਿਆਰ ਨਹੀਂ ਸੀ। ਮੁੰਬਈ ਹਮਲਿਆਂ ਦੀ ਜਾਂਚ ਸਬੰਧੀ ਉਨ੍ਹਾਂ ਕਿਹਾ ਕਿ ਭਾਰਤ ਨੇ ਕਿਸੇ ਵੀ ਸਮੇਂ ਦਬਾਅ ਨਹੀਂ ਪਾਇਆ ਪਰ ਪਾਕਿ ਨੂੰ ਸਪੱਸ਼ਟ ਰੂਪ ਵਿਚ ਦੱਸਿਆ ਕਿ ਜਦੋਂ ਤਕ ਅਤਿਵਾਦ ਦਾ ਮੁੱਦਾ ਨਹੀਂ ਸੁਲਝਦਾ

## ਦੋਵਾਂ ਮੁਲਕਾਂ ਨੇ ਇੱਕ-ਦੂਜੇ 'ਤੇ ਦੋਸ਼ ਮੜ੍ਹੇ

ਉਦੋਂ ਤਕ ਸਾਰੇ ਯਤਨ ਬੇਕਾਰ ਸਾਬਤ ਹੋਣਗੇ। ਸ੍ਰੀ ਕ੍ਰਿਸ਼ਨਾ ਨੇ ਜਨਾਬ ਕੁਰੈਸ਼ੀ ਦੇ ਇਸ ਦਾਅਵੇ ਨੂੰ ਵੀ ਰੱਦ ਕਰ ਦਿੱਤਾ ਕਿ ਗੱਲਬਾਤ ਦੌਰਾਨ ਉਹ ਟੈਲੀਫੋਨ ਰਾਹੀਂ ਲਗਾਤਾਰ ਨਵੀਂ ਦਿੱਲੀ ਨਾਲ ਜੁੜੇ ਰਹੇ।

ਪਾਕਿਸਤਾਨ ਦਾ ਰਵੱਈਆ ਉਸ ਵੇਲੇ ਹੀ ਬਦਲ ਗਿਆ ਸੀ ਜਦੋਂ ਸ੍ਰੀ ਕ੍ਰਿਸ਼ਨਾ ਨੇ ਮੰਗ ਕੀਤੀ ਕਿ ਮੁੰਬਈ ਹਮਲੇ ਦੇ ਮਾਮਲੇ ਵਿਚ ਲਸ਼ਕਰ-ਏ-ਤਾਇਬਾ ਦੇ ਮੁਖੀ ਜ਼ਾਕਿਰ ਰਹਿਮਾਨ ਲਖਵੀ ਸਮੇਤ 7 ਦੋਸ਼ੀਆਂ ਵਿਰੁੱਧ ਮੁਕੱਦਮਾ ਸੁਸਤ ਰਫਤਾਰ ਨਾਲ ਚਲ ਰਿਹਾ ਹੈ ਤੇ ਭਾਰਤ ਚਾਹੁੰਦਾ ਹੈ ਕਿ ਇਸ ਵਿਚ ਤੇਜ਼ੀ ਲਿਆਂਦੀ ਜਾਵੇ ਤੇ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ। ਉਨ੍ਹਾਂ ਕਿਹਾ ਇਹ ਹਰ ਕੋਈ ਜਾਣਦਾ ਹੈ ਕਿ ਪਾਕਿਸਤਾਨ ਵਿਚ ਅਤਿਵਾਦੀਆਂ ਨੂੰ ਪਨਾਹ ਮਿਲੀ ਹੋਈ ਹੈ ਤੇ ਪਾਕਿਸਤਾਨ ਅਤਿਵਾਦੀਆਂ ਲਈ ਬਹਿਸ਼ਤ ਹੈ। ਉਨ੍ਹਾਂ ਕਿਹਾ ਕਿ ਅਤਿਵਾਦੀਆਂ ਵਿਰੁੱਧ ਕਾਰਵਾਈ ਨਾ ਕੇਵਲ ਖਿੱਤੇ ਦੇ ਅਮਨ ਤੇ ਸਥਿਰਤਾ ਲਈ ਜਰੂਰੀ ਹੈ ਬਲਕਿ ਇਹ ਖੁਦ ਪਾਕਿਸਤਾਨ ਦੇ ਵੀ ਹਿੱਤ ਵਿਚ ਹੈ। ਵਿਦੇਸ਼ ਮੰਤਰੀ ਨੇ ਹੋਰ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪਾਕਿਸਤਾਨ ਵਿਸ਼ੇਸ਼ ਤੌਰ 'ਤੇ ਅਮਰੀਕਾ ਵਿਚ ਗ੍ਰਿਫ਼ਤਾਰ ਕੀਤੇ ਗਏ ਅਤਿਵਾਦੀ ਡੇਵਿਡ ਹੈਡਲੀ ਤੋਂ ਕੀਤੀ ਗਈ ਪੁੱਛਗਿੱਛ ਦੇ ਆਧਾਰ 'ਤੇ ਭਾਰਤ ਵਿਰੁੱਧ ਸਰਗਰਮ ਅਤਿਵਾਦੀਆਂ ਵਿਰੁੱਧ ਕਾਰਵਾਈ ਕਰੇ।

ਕੁਲ ਮਿਲਾ ਕੇ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਗੱਲਬਾਤ ਤੋਂ ਬਾਅਦ ਸਾਂਝੀ ਪ੍ਰੈਸ ਕਾਨਫ਼ਰੰਸ ਵਿਚ ਜੋ ਗੱਲਾਂ ਕਹੀਆਂ ਹਨ ਉਹ ਦੋਵਾਂ ਦੇਸ਼ਾਂ ਦੇ ਰਿਸ਼ਤੇ ਨੂੰ ਮਜ਼ਬੂਤ ਕਰਨ ਵਾਲੀਆਂ ਨਹੀਂ। ਪਿਛਲੇ ਕਈ ਦਹਾਕਿਆਂ ਤੋਂ ਦੋਵਾਂ ਮੁਲਕਾਂ ਦੇ ਰਿਸ਼ਤੇ ਬਣਦੇ-ਵਿਗੜਦੇ ਆ ਰਹੇ ਹਨ। ਇਨ੍ਹਾਂ ਨੂੰ ਸੁਧਾਰਨ ਦੇ ਵੀ ਯਤਨ ਕੀਤੇ ਜਾਂਦੇ ਰਹੇ ਹਨ ਪਰ ਹਰ ਵਾਰ ਸਥਿਤੀ ਕੁਝ ਅਜਿਹੀ ਬਣਦੀ ਹੈ ਕਿ ਇਨ੍ਹਾਂ ਵਿਚ ਹੋਰ ਵਿਗਾੜ ਪੈਦਾ ਹੋ ਜਾਂਦਾ ਹੈ। ਇਹੀ ਕੁਝ 26 ਨਵੰਬਰ, 2008 ਨੂੰ ਪਾਕਿਸਤਾਨ ਤੋਂ ਆਏ ਅਤਿਵਾਦੀਆਂ ਵਲੋਂ ਮੁੰਬਈ 'ਤੇ ਕੀਤੇ ਹਮਲੇ ਤੋਂ ਬਾਅਦ ਹੋਇਆ। ਇਸ ਹਮਲੇ ਤੋਂ ਪਹਿਲਾਂ ਦੋਵਾਂ ਦੇਸ਼ਾਂ ਵਿਚ ਆਪਸੀ ਭਰੋਸਾ ਪੈਦਾ ਕਰਨ ਲਈ ਵੱਖ-ਵੱਖ ਪੱਧਰਾਂ 'ਤੇ ਵਾਰਤਾ ਦੇ ਚਾਰ ਪੜਾਅ ਪੂਰੇ ਹੋ ਚੁੱਕੇ ਸਨ ਪਰ ਹਮਲਿਆਂ ਤੋਂ ਬਾਅਦ ਵਾਰਤਾ ਦੇ ਪੰਜਵੇਂ ਪੜਾਅ ਨੂੰ ਰੱਦ ਕਰ ਦਿੱਤਾ ਗਿਆ ਤੇ ਗੱਡੀ ਲੀਹੋਂ ਲਹਿ ਗਈ। ਪਰ ਫਿਰ ਵੀ ਬਾਅਦ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪਹਿਲ 'ਤੇ ਇਸ ਨੂੰ ਦੁਬਾਰਾ ਸ਼ੁਰੂ ਕਰਨ ਦਾ ਯਤਨ ਕੀਤਾ ਗਿਆ।

ਡਾ. ਮਨਮੋਹਨ ਸਿੰਘ ਨੂੰ ਇਸ ਲਈ ਬਹੁਤ ਸਾਰੇ ਭਾਰਤੀ ਆਗੂਆਂ ਦੀ ਆਲੋਚਨਾ ਵੀ ਸਹਿਣੀ ਪਈ। ਇਕ ਵਾਰ ਫਿਰ ਜਦੋਂ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀ ਅਪ੍ਰੈਲ 'ਚ ਭੂਟਾਨ ਦੀ ਰਾਜਧਾਨੀ ਥਿੰਫੂ ਵਿਚ ਮਿਲੇ ਸਨ ਤਾਂ ਉਨ੍ਹਾਂ ਨੇ ਵਿਦੇਸ਼ ਸਕੱਤਰਾਂ ਤੇ ਵਿਦੇਸ਼ ਮੰਤਰੀਆਂ ਦੀ ਪੱਧਰ 'ਤੇ ਮੁੜ ਗੱਲਬਾਤ ਸ਼ੁਰੂ ਕਰਨ ਦਾ ਤਹੱਈਆ ਕੀਤਾ। ਇਸੇ ਲੜੀ ਤਹਿਤ ਪਹਿਲਾਂ ਭਾਰਤ ਦੀ ਵਿਦੇਸ਼ ਸਕੱਤਰ ਨਿਰੂਪਮਾ ਰਾਓ ਪਾਕਿਸਤਾਨ ਉਥੋਂ ਦੇ ਵਿਦੇਸ਼ ਸਕੱਤਰ ਨਾਲ ਗੱਲਬਾਤ ਲਈ ਗਈ ਸੀ ਤੇ ਹੁਣ ਵਿਦੇਸ਼ ਮੰਤਰੀ ਐਸ. ਐਮ. ਕ੍ਰਿਸ਼ਨਾ ਇਸਲਾਮਬਾਦ ਦੀ ਮਹੱਤਵਪੂਰਨ ਫੇਰੀ 'ਤੇ ਗਏ ਸਨ। ਇਸ ਤੋਂ ਪਹਿਲਾਂ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਪੀ. ਚਿਦੰਬਰਮ ਵੀ ਸਾਰਕ ਦੇਸ਼ਾਂ ਦੇ ਗ੍ਰਹਿ ਮੰਤਰੀਆਂ ਦੀ ਕਾਨਫ਼ਰੰਸ ਵਿਚ ਸ਼ਿਰਕਤ ਕਰਨ ਲਈ ਇਸਲਾਮਾਬਾਦ ਗਏ ਸਨ ਤੇ ਉਨ੍ਹਾਂ ਨੇ ਪਾਕਿਸਤਾਨ ਦੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਨਾਲ ਦੁਵੱਲੇ ਮਾਮਲਿਆਂ 'ਤੇ ਵੀ ਗੱਲਬਾਤ ਕੀਤੀ ਸੀ। ਪਰ ਏਨੇ ਯਤਨਾਂ ਦੇ ਬਾਵਜੂਦ ਇਨ੍ਹਾਂ ਮੀਟਿੰਗਾਂ ਵਿਚੋਂ ਕੋਈ ਸਾਰਥਿਕ ਸਿੱਟੇ ਸਾਹਮਣੇ ਨਹੀਂ ਆਏ।

**ਗੱਲਬਾਤ ਜਾਰੀ ਰਹੇਗੀ:** ਦੋਵਾਂ ਦੇਸ਼ਾਂ ਵਲੋਂ ਇੱਕ-ਦੂਜੇ 'ਤੇ ਦੋਸ਼ ਮੜ੍ਹਨ ਤੋਂ ਦੂਜੇ ਦਿਨ ਹੀ ਪਾਕਿਸਤਾਨ ਨੇ ਕਿਹਾ ਕਿ ਉਹ ਭਾਰਤ ਨਾਲ ਗੱਲਬਾਤ ਜਾਰੀ ਰੱਖਣਾ ਚਾਹੁੰਦਾ ਹੈ ਤੇ ਉਹ ਦੁਵੱਲੇ ਰਿਸ਼ਤੇ ਆਮ ਵਾਂਗ ਕਰਨ ਲਈ ਗੰਭੀਰ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੇ ਕਿਹਾ ਕਿ ਉਹ ਭਾਰਤ ਨਾਲ ਵਿਚਾਰ-ਵਟਾਂਦਰਾ ਜਾਰੀ ਰੱਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਾਲ ਫੋਨ 'ਤੇ ਗੱਲਬਾਤ ਹੋਈ ਹੈ ਜਿਸ ਦੌਰਾਨ ਉਨ੍ਹਾਂ ਨੇ ਭਰੋਸਾ ਦਿੱਤਾ ਹੈ ਕਿ ਸਾਰੇ ਮੁੱਦਿਆਂ ਉਪਰ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮਨਮੋਹਨ ਸਿੰਘ ਸਨਮਾਨਜਨਕ ਤੇ ਇਮਾਨਦਾਰ ਆਗੂ ਹਨ।

## ਪਾਕਿਸਤਾਨ ਨੂੰ ਜੰਮੂ-ਕਸ਼ਮੀਰ ਦੀ ਚਿੰਤਾ

ਪਾਕਿਸਤਾਨ ਦੇ ਵਿਦੇਸ਼ ਮੰਤਰੀ ਜਨਾਬ ਕੁਰੈਸ਼ੀ ਨੇ ਕਿਹਾ ਹੈ ਪਾਕਿਸਤਾਨ ਦੀ ਚਿੰਤਾ ਜੰਮੂ-ਕਸ਼ਮੀਰ ਵਿਚਲੀ ਸਥਿਤੀ ਹੈ ਜਿਥੇ ਕਰਫ਼ਿਊ ਲਾਗੂ ਹੈ ਤੇ ਕਤਲ ਹੋ ਰਹੇ ਹਨ। ਕੁਰੈਸ਼ੀ ਨੇ ਕਿਹਾ ਕਿ ਭਾਰਤ ਨੇ ਆਪਣੀ ਫਿਕਰਮੰਦੀ ਤਾਂ ਜ਼ਾਹਰ ਕੀਤੀ ਹੈ ਪਰ ਜਦੋਂ ਪਾਕਿਸਤਾਨ ਦੀ ਚਿੰਤਾ ਦਾ ਮੁੱਦਾ ਆਇਆ ਤਾਂ ਉਸ ਨੇ ਚੋਣਵੀਂ ਪਹੁੰਚ ਅਪਨਾ ਲਈ। ਉਨ੍ਹਾਂ ਕਿਹਾ ਕਿ ਜੇਕਰ ਭਾਰਤੀ ਆਗੂ ਅਤਿਵਾਦ ਬਾਰੇ ਆਪਣੇ ਦੇਸ਼ ਦੇ ਲੋਕਾਂ ਪ੍ਰਤੀ ਜਵਾਬਦੇਹ ਹਨ ਤਾਂ ਸਾਡੇ ਦੇਸ਼ ਵਿਚ ਵੀ ਜਮਹੂਰੀਅਤ ਹੈ ਤੇ ਸਾਨੂੰ ਵੀ ਲੋਕਾਂ ਨੂੰ ਸੰਤੁਸ਼ਟ ਕਰਨਾ ਪਵੇਗਾ। ਕੁਰੈਸ਼ੀ ਨੇ ਕਿਹਾ ਕਿ ਕ੍ਰਿਸ਼ਨਾ ਨਾਲ ਗੱਲਬਾਤ ਦੌਰਾਨ ਮੈਂ ਕੋਈ ਵੀ ਅਜਿਹਾ ਮੁੱਦਾ ਨਹੀਂ ਉਠਾਇਆ ਜੋ ਠੋਸ ਗੱਲਬਾਤ ਪ੍ਰਕ੍ਰਿਆ ਦਾ ਹਿੱਸਾ ਨਾ ਹੋਵੇ ਕਿਉਂਕਿ ਪਾਕਿਸਤਾਨ ਨਹੀਂ ਚਾਹੁੰਦਾ ਕਿ ਠੋਸ ਗੱਲਬਾਤ ਪ੍ਰਕ੍ਰਿਆ ਰਾਹੀਂ ਪਿਛਲੇ 4 ਸਾਲ ਤੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਬੇਕਾਰ ਚਲੀਆਂ ਜਾਣ। ਉਨ੍ਹਾਂ ਕਿਹਾ ਕਿ ਉਸ ਨੇ ਭਾਰਤ ਦੇ ਵਿਦੇਸ਼ ਮੰਤਰੀ ਐਸ.ਐਮ ਕ੍ਰਿਸ਼ਨਾ ਵਲੋਂ ਵਾਰ-ਵਾਰ ਨਵੀਂ ਦਿੱਲੀ ਨਾਲ ਫੋਨ 'ਤੇ ਸੰਪਰਕ ਰੱਖਣ ਦੀ ਗੱਲ ਨਹੀਂ ਕਹੀ। ਇਸ ਦੇ ਨਾਲ ਹੀ ਉਨ੍ਹਾਂ ਨੇ ਦਾਅਵਾ ਕੀਤਾ ਕਿ ਗੱਲਬਾਤ ਦੌਰਾਨ ਭਾਰਤੀ ਵਫ਼ਦ ਦੇ ਹੋਰ ਮੈਂਬਰ ਨਵੀਂ ਦਿੱਲੀ ਤੋਂ ਫੋਨ 'ਤੇ ਹਦਾਇਤਾਂ ਲੈਂਦੇ ਰਹੇ ਸਨ। ਕੁਰੈਸ਼ੀ ਨੇ ਕਿਹਾ ਕਿ ਮੈਂ ਇਹ ਨਹੀਂ ਕਿਹਾ ਸੀ ਕਿ ਗੱਲਬਾਤ ਦੌਰਾਨ ਕ੍ਰਿਸ਼ਨਾ ਨੇ ਖੁਦ ਨਵੀਂ ਦਿੱਲੀ ਨੂੰ ਫੋਨ ਕੀਤੇ ਸਨ।

ਪਾਕਿਸਤਾਨ ਦੇ ਦੌਰੇ 'ਤੇ ਗਏ ਬਰਤਾਨੀਆ ਦੇ ਮੰਤਰੀ ਸਈਦਾ ਵਾਰਸੀ ਨਾਲ ਸਾਂਝੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਨ ਤੋਂ ਬਾਅਦ ਕੁਰੈਸ਼ੀ ਨੇ ਕਿਹਾ ਕਿ ਮੈਂ ਛੁੱਟੀ ਮਨਾਉਣ ਲਈ ਭਾਰਤ ਨਹੀਂ ਜਾਵਾਂਗਾ ਤੇ ਮੈਂ ਤਾਂ ਹੀ ਭਾਰਤ ਜਾਵਾਂਗਾ ਜੇਕਰ ਸਿੱਟਾ ਭਰਪੂਰ ਤੇ ਉਸਾਰੂ ਗੱਲਬਾਤ ਲਈ ਮਾਹੌਲ ਤਿਆਰ ਹੁੰਦਾ ਹੈ।

*Visit us on the web:*
***www.punjabtimesusa.com***
***e-mial:***
***punjabtimes1@sbcglobal.net***

# ਕੁਲਦੀਪ ਨਈਅਰ ਵਲੋਂ ਪਾਸਪੋਰਟ ਤੇ ਵੀਜ਼ਾ ਮਸਲੇ ਹੱਲ ਕਰਵਾਉਣ ਦਾ ਭਰੋਸਾ

ਕਮਾਈਆਂ ਕਰਕੇ ਡਾਲਰਾਂ ਨਾਲ ਭਰਨ ਵਾਲੇ ਭਾਰਤੀ ਨਾਗਰਿਕਾਂ ਦੀ ਇਹ ਦੁਰਦਸ਼ਾ ਹੈ ਕਿ ਭਾਰਤ ਸਰਕਾਰ ਤੇ ਖਾਸ ਤੌਰ 'ਤੇ ਗ੍ਰਹਿ ਮੰਤਰਾਲੇ ਦੀਆਂ ਨੀਤੀਆਂ ਕਾਰਨ ਉਨ੍ਹਾਂ ਨੂੰ ਆਪਣਿਆਂ ਨੂੰ ਮਿਲਣ ਤੇ ਦੇਖਣ ਦਾ ਝੋਰਾ ਖਾ ਰਿਹਾ ਹੈ। ਸ੍ਰੀ ਨਈਅਰ ਨੇ ਕਿਹਾ ਕਿ ਇਕ ਪੱਤਰਕਾਰ ਹੋਣ ਦੇ ਨਾਲ-ਨਾਲ ਉਹ ਕਾਫੀ ਸਮਾਂ ਲੰਡਨ ਵਿਚ ਭਾਰਤੀ ਹਾਈ ਕਮਿਸ਼ਨਰ ਵਜੋਂ ਸੇਵਾ ਕਰਨ ਕਰਕੇ ਨਿਰਪੱਖ ਤੌਰ ਤੇ ਮਹਿਸੂਸ ਕਰਦੇ ਹਨ ਕਿ ਰੋਜ਼ੀ-ਰੋਟੀ ਦੀ ਖਾਤਰ ਵਤਨ ਛੱਡ ਕੇ ਪਰਦੇਸੀ ਹੋਣ ਦਾ ਦਰਦ ਕਿੰਨਾ ਹੁੰਦਾ ਹੈ।

ਜਦੋਂ ਕਾਨਫਰੰਸ ਵੇਲੇ ਅਤੇ ਅਗਲੇ ਦਿਨਾਂ ਵਿਚ ਸ੍ਰੀ ਨਈਅਰ ਦੇ ਧਿਆਨ ਵਿਚ ਇਹ ਮੁੱਦਾ ਲਿਆਂਦਾ ਗਿਆ ਤਾਂ ਉਹ ਹੈਰਾਨ ਤੇ ਹੱਕੇ-ਬੱਕੇ ਰਹਿ ਗਏ। ਕਿਉਂਕਿ ਆਪਣੇ ਵਤਨ ਪਰਤਣਾ, ਆਪਣੀਆਂ ਜ਼ਮੀਨਾਂ-ਜਾਇਦਾਦਾਂ ਦੀ ਸੰਭਾਲ ਕਰਨਾ ਭਾਰਤੀ ਲੋਕਾਂ ਦਾ ਜਨਮ ਸਿੱਧ ਅਧਿਕਾਰ ਹੈ ਤੇ ਇਸ ਤੋਂ ਉਨ੍ਹਾਂ ਨੂੰ ਵਾਂਝਿਆ ਕਰਨਾ ਧੱਕਾ ਤੇ ਵਧੀਕੀ ਲਗਦੀ ਹੈ। ਤੀਹ ਚਾਲੀ ਸਾਲਾਂ ਤੋਂ ਰਹਿ ਕੇ ਇਥੋਂ ਦੀ ਨਾਗਰਿਕਤਾ ਹਾਸਲ ਕਰਨ ਵਾਲੇ ਭਾਰਤੀਆਂ ਨੂੰ ਵੀਜ਼ਾ ਲੈਣ ਵੇਲੇ ਪੁਰਾਣੇ ਭਾਰਤੀ ਪਾਸਪੋਰਟਾਂ ਦੀ ਸਪੁਰਦਗੀ ਨੂੰ ਲੈ ਕੇ ਪੇਸ਼ ਆ ਰਹੀਆਂ ਮੁਸ਼ਕਿਲਾਂ ਬਾਰੇ ਉਨ੍ਹਾਂ ਕਿਹਾ ਕਿ ਇਸ ਬਾਰੇ ਉਹ ਗ੍ਰਹਿ ਮੰਤਰੀ, ਵਿਦੇਸ਼ ਮੰਤਰੀ ਤੇ ਇਨ੍ਹਾਂ ਵਿਭਾਗਾਂ ਦੇ ਮੁਖੀਆਂ ਨਾਲ ਮੁਲਾਕਾਤਾਂ ਕਰਨਗੇ।

ਜਦੋਂ ਸ੍ਰੀ ਨਈਅਰ ਨੂੰ ਦੱਸਿਆ ਗਿਆ ਕਿ ਏਜੰਟਾਂ ਦੀ ਲੁੱਟ ਤੋਂ ਪਿੱਛੋਂ ਜਾਂ ਹੋਰ ਤੌਰ ਤਰੀਕਿਆਂ ਨਾਲ ਲੱਖਾਂ ਰੁਪਏ ਖਰਚ ਕੇ ਅਮਰੀਕਾ ਪੁੱਜੇ ਭਾਰਤੀਆਂ ਜਿਨ੍ਹਾਂ ਵਿਚ ਪੰਜਾਬੀ ਵੱਧ ਹਨ, ਨੇ ਪੱਕੇ ਹੋਣ ਲਈ ਹੋਰ ਵਸੀਲਾ ਨਾ ਹੋਣ 'ਤੇ ਜਾਂ ਤਾਂ ਇਥੇ ਵਿਆਹ ਕਰਵਾਉਣ ਦੀ ਪ੍ਰਕਿਰਿਆ ਅਪਨਾਈ ਅਤੇ ਜਾਂ ਫਿਰ ਰਾਜਨੀਤਕ ਸ਼ਰਨ ਲੈ ਲਈ। ਇਨ੍ਹਾਂ ਵਿਚ 90 ਫੀਸਦੀ ਉਹ ਲੋਕ ਹਨ ਜਿਨ੍ਹਾਂ ਦਾ ਆਪਣੇ ਵਤਨ ਵਿਚ ਕੋਈ ਅਪਰਾਧਿਕ

## *ਚਰਨ ਜੱਜ ਦੀ ਅਗਵਾਈ 'ਚ ਵਫਦ ਨਵੰਬਰ ਮਹੀਨੇ ਪ੍ਰਧਾਨ ਮੰਤਰੀ ਨੂੰ ਮਿਲੇਗਾ*

ਮਾਮਲਾ ਤਾਂ ਕੀ, ਇਨ੍ਹਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ, ਸਿਰਫ ਆਰਥਿਕ ਖੁਸ਼ਹਾਲੀ ਲਈ ਉਨ੍ਹਾਂ ਨੇ ਇਹ ਤਰੀਕਾ ਅਪਨਾਇਆ ਹੈ। ਉਨ੍ਹਾਂ ਨੂੰ ਰਾਜਨੀਤਕ ਨਹੀਂ ਸਿਰਫ ਆਰਥਿਕ ਸ਼ਰਨਾਰਥੀ ਹੀ ਕਿਹਾ ਜਾ ਸਕਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਕੁਝ ਲੋਕ ਸਰਕਾਰ ਤੋਂ ਨਹੀਂ, ਖਾੜਕੂਵਾਦ ਦੇ ਦਿਨਾਂ ਵਿਚ ਡਰ ਦੇ ਮਾਰੇ ਵੀ ਇੱਥੇ ਸ਼ਰਨਾਰਥੀ ਬਣ ਗਏ। ਅਜਿਹੇ ਕੇਸਾਂ ਵਿਚ ਤਾਂ ਸਰਕਾਰ ਨੂੰ ਹੋਰ ਵੀ ਹਮਦਰਦੀ ਦਿਖਾਉਣ ਦੀ ਲੋੜ ਹੈ।

ਇਕ ਹੋਰ ਸਵਾਲ ਦੇ ਜੁਆਬ ਵਿਚ ਸ੍ਰੀ ਨਈਅਰ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੇ ਧਿਆਨ ਵਿਚ ਅਜਿਹੇ ਕੇਸ ਲਿਆਂਦੇ ਗਏ ਕਿ ਕਈ ਅਜਿਹੇ ਆਰਥਿਕ ਸ਼ਰਨਾਰਥੀ ਪਹਿਲਾਂ ਗ੍ਰੀਨ ਕਾਰਡ, ਫਿਰ ਨਾਗਰਿਕਤਾ ਹਾਸਲ ਕਰਨ ਦੇ ਚੱਕਰ ਵਿਚ ਜੁਆਨੀ ਤੋਂ ਬੁਢਾਪੇ ਵਿਚ ਵੀ ਦਾਖਿਲ ਹੋ ਗਏ ਤੇ ਪਿੱਛੋਂ ਮਾਂ-ਬਾਪ ਤੇ ਹੋਰ ਸਾਕ-ਸਬੰਧੀ ਤੁਰ ਗਏ ਤੇ ਹੁਣ ਜਦੋਂ ਉਹ ਵੀਜ਼ਾ ਲੈਣ ਲਈ ਭਾਰਤੀ ਕੌਂਸਲੇਟ ਗਏ ਤਾਂ ਉਨ੍ਹਾਂ 'ਤੇ ਸ਼ਰਨਾਰਥੀ ਹੋਣ ਦਾ ਲੇਬਲ ਲਾ ਕੇ ਵੀਜ਼ੇ ਤੋਂ ਇਨਕਾਰ ਕਰ ਦਿੱਤਾ ਗਿਆ, ਤਾਂ ਉਨ੍ਹਾਂ ਦਾ ਮਨ ਬੇਹਦ ਦੁਖੀ ਹੋਇਆ। ਮਾਂ ਬਾਪ ਵੀ ਗਏ ਤੇ ਹੁਣ ਵਤਨ ਜਾਣ ਦਾ ਚਾਅ ਖੁਸਦਾ ਵੇਖ ਕੇ ਕਈਆਂ ਦੀ ਮਾਨਸਿਕਤਾ ਪਾਗਲਪਣ ਦੀ ਹੱਦ ਤੱਕ ਚਲੇ ਗਈ ਹੈ।

ਸ੍ਰੀ ਨਈਅਰ ਨੇ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਸ੍ਰੀਮਤੀ ਸੁਸ਼ਮਿਤਾ ਥਾਮਸ ਨਾਲ ਇਸ ਸਮੱਸਿਆ ਬਾਰੇ ਕੀਤੇ ਵਿਚਾਰ-ਵਟਾਂਦਰੇ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਕੌਂਸਲੇਟ ਭਾਰਤੀ ਤੇ ਪੰਜਾਬੀਆਂ ਦੀਆਂ ਵੀਜ਼ੇ ਤੇ ਪਾਸਪੋਰਟ ਦੇ ਮਾਮਲੇ ਵਿਚ ਆ ਰਹੀਆਂ ਗੁੰਝਲਦਾਰ ਮੁਸ਼ਕਿਲਾਂ ਤੇ ਸਮੱਸਿਆਵਾਂ ਨੂੰ ਸਮਝਦਾ ਹੈ ਪਰ ਉਨ੍ਹਾਂ ਨੂੰ ਭਾਰਤੀ ਗ੍ਰਹਿ ਮੰਤਰਾਲੇ ਦੀ ਪ੍ਰਵਾਨਗੀ ਤੋਂ ਵੀਜ਼ਾ ਜਾਂ ਪਾਸਪੋਰਟ ਨਾ ਦੇਣ ਦੀ ਦਿੱਲੀ ਤੋਂ ਸਖਤ ਹਦਾਇਤ ਹੈ। ਹੈਡਲੀ ਦੇ ਮਾਮਲੇ ਪਿੱਛੋਂ ਇਸ ਨੂੰ ਹੋਰ ਵੀ ਸਖਤ ਬਣਾ ਦਿੱਤਾ ਗਿਆ ਹੈ।

ਸ੍ਰੀ ਨਈਅਰ ਅਨੁਸਾਰ ਸ੍ਰੀਮਤੀ ਥਾਮਸ ਨੇ ਦੱਸਿਆ ਕਿ ਉਹ ਭਾਰਤੀ ਕਮਿਊਨਿਟੀ ਵਿਚ ਵਿਚਰਨਾ ਚਾਹੁੰਦੀ ਹੈ ਪਰ ਕੁਝ ਵੀ ਕਰਨ ਤੋਂ ਅਸਮਰਥ ਹੋਣ ਕਰਕੇ ਹਰ ਕਿਸੇ ਨੂੰ ਮਿਲਣ ਤੋਂ ਗੁਰੇਜ਼ ਕਰਦੀ ਹੈ, ਕਿਉਂਕਿ ਉਨ੍ਹਾਂ ਦੇ ਸਾਹਮਣੇ ਇਹੋ ਗੱਲਾਂ ਹਰ ਥਾਂ ਰੱਖੀਆਂ ਜਾਂਦੀਆਂ ਹਨ। ਜੇ ਦਿੱਲੀ ਨੂੰ ਕਿਸੇ ਜ਼ਰੂਰੀ ਵੀਜ਼ੇ ਜਾਂ ਪਾਸਪੋਰਟ ਦੇਣ ਦੀ ਪ੍ਰਵਾਨਗੀ ਬਾਰੇ ਲਿਖ ਕੇ ਵੀ ਭੇਜਿਆ ਜਾਂਦਾ ਹੈ ਤਾਂ ਇਸਦਾ ਕੋਈ ਜੁਆਬ ਨਹੀਂ ਮਿਲਦਾ। ਇਥੋਂ ਤੱਕ ਕਿ ਮੌਤ ਵਰਗੇ ਕਾਰਨਾਂ ਦੀ ਹਾਲਤ ਵਿਚ ਵੀ ਅਸੀਂ ਕੁਝ ਨਹੀਂ ਕਰ ਸਕਦੇ।

ਸ੍ਰੀਮਤੀ ਥਾਮਸ ਨੇ ਸ੍ਰੀ ਨਈਅਰ ਨੂੰ ਦੱਸਿਆ ਕਿ ਰਾਜਨੀਤਕ ਸ਼ਰਨਾਰਥੀ ਅਸਲ ਵਿਚ ਆਰਥਿਕ ਸ਼ਰਨਾਰਥੀ ਹੀ ਹਨ ਤੇ ਇਸ ਬਾਰੇ ਸਰਕਾਰ ਵੀ ਜਾਣਦੀ ਹੈ ਪਰ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਲੱਭਿਆ ਜਾ ਰਿਹਾ। ਇਸ ਲਈ ਲੋੜ ਲੋਕ ਸਭਾ, ਦਿੱਲੀ, ਦਿੱਲੀ ਦਰਬਾਰ, ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਤੱਕ ਪਹੁੰਚ ਕਰਨ ਦੀ ਹੈ, ਤਦ ਹੀ ਗੱਲ ਕਿਸੇ ਕਿਨਾਰੇ ਲੱਗ ਸਕਦੀ ਹੈ।

ਮਾਮਲਾ ਏਨਾ ਗੰਭੀਰ ਹੁੰਦਾ ਜਾ ਰਿਹਾ ਹੈ ਕਿ ਬਾਪ ਨੇ ਤਾਂ ਰਾਜਨੀਤਕ ਸ਼ਰਨ ਲੈ ਲਈ ਪਰ ਉਸ ਦੇ ਛੋਟੇ-ਛੋਟੇ ਬੱਚੇ ਇਥੇ ਆ ਕੇ ਜੁਆਨ ਹੋਏ ਤੇ ਉਨ੍ਹਾਂ ਨੂੰ ਵੀ ਇਸੇ ਗੁਨਾਹ ਕਰਕੇ ਵੀਜ਼ਾ ਜਾਂ ਪਾਸਪੋਰਟ ਨਹੀਂ ਮਿਲ ਰਿਹਾ ਤਾਂ ਉਹ ਨਿਸ਼ਚੇ ਦੇਸ਼ ਤੇ ਦੇਸ਼ ਪ੍ਰਬੰਧ ਨਾਲ ਨਫਰਤ ਕਰਨਗੇ ਹੀ ਅਤੇ ਇਹ ਗੱਲ ਬੀਬੀ ਥਾਮਸ ਵੀ ਜਾਣਦੀ ਹੈ।

ਸਥਾਨਕ ਤਾਜ ਹੋਟਲ ਵਿਚ ਇਕ ਮੁਲਾਕਾਤ ਦੌਰਾਨ ਸ੍ਰੀ ਨਈਅਰ ਨੇ ਦੱਸਿਆ ਕਿ ਉਹ ਇਸ ਗੰਭੀਰ ਮਸਲੇ ਨੂੰ ਅੰਦਰ ਤੱਕ ਸਮਝ ਗਏ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਪਹਿਲਾਂ ਤਾਂ ਉਹ ਇਸ ਮਾਮਲੇ ਬਾਰੇ ਵਿਸਥਾਰ ਵਿਚ ਗ੍ਰਹਿ ਮੰਤਰੀ ਅਤੇ ਵਿਦੇਸ਼ ਮੰਤਰੀ ਨਾਲ ਗੱਲਬਾਤ ਕਰਨਗੇ ਤੇ ਜੇ ਲੋੜ ਪਈ ਤਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਮਿਲਣਗੇ ਤੇ ਇਥੇ ਹੀ ਨਹੀਂ ਸਗੋਂ ਪਾਰਲੀਮੈਂਟ ਵਿਚ ਵੀ ਇਸ ਮਸਲੇ ਨੂੰ ਉਠਾਉਣਗੇ ਤੇ ਮੀਡੀਏ ਜ਼ਰੀਏ ਸਰਕਾਰ ਦੇ ਕੰਨੀਂ ਪਾਉਣਗੇ।

ਇਥੋਂ ਨਿਊ ਯਾਰਕ ਨੂੰ ਰਵਾਨਾ ਹੁੰਦਿਆਂ ਸ੍ਰੀ ਨਈਅਰ ਨੇ ਕਿਹਾ ਕਿ ਜਿਹੜੀ ਆਸ ਇਨ੍ਹਾਂ ਭਾਰਤੀਆਂ ਤੇ ਉਚੇਚੇ ਤੌਰ 'ਤੇ ਪੰਜਾਬੀਆਂ ਨੇ ਉਨ੍ਹਾਂ ਤੋਂ ਲਗਾਈ ਹੈ, ਉਸ ਨੂੰ ਪੂਰੀ ਕਰਨ ਲਈ ਪੂਰੀ ਵਾਹ ਲਾਉਣਗੇ। ਉਨ੍ਹਾਂ ਦੱਸਿਆ ਕਿ ਜਦੋਂ ਉਹ ਲੰਡਨ ਵਿਚ ਹਾਈ ਕਮਿਸ਼ਨਰ ਸਨ ਤਾਂ ਉਨ੍ਹਾਂ ਕੋਲ ਕੈਬਨਿਟ ਦਾ ਦਰਜਾ ਸੀ ਤੇ ਕਈ ਸਮੱਸਿਆਵਾਂ ਦਾ ਹੱਲ ਉਹ ਆਪਣੇ ਪੱਧਰ 'ਤੇ ਵੀ ਕਰ ਲੈਂਦੇ ਸਨ ਪਰ ਬੀਬੀ ਥਾਮਸ ਨੂੰ ਸਾਰੀ ਟੇਕ ਦਿੱਲੀ 'ਤੇ ਰੱਖਣੀ ਪੈਂਦੀ ਹੈ।

ਸ੍ਰੀ ਨਈਅਰ ਨਾਲ ਇਸ ਮੁਲਾਕਾਤ ਮੌਕੇ ਗਦਰ ਮੈਮੋਰੀਅਲ ਫਾਊਂਡੇਸ਼ਨ ਦੇ ਪ੍ਰਧਾਨ ਚਰਨ ਸਿੰਘ ਜੱਜ ਵੀ ਹਾਜ਼ਰ ਸਨ। ਉਨ੍ਹਾਂ ਸ੍ਰੀ ਨਈਅਰ ਦੀ ਕਾਨਫਰੰਸ ਵਿਚ ਸ਼ਮੂਲੀਅਤ ਅਤੇ ਉਨ੍ਹਾਂ ਦਾ ਇਸ ਅਹਿਮ ਮਸਲੇ 'ਤੇ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਨਵੰਬਰ ਮਹੀਨੇ ਵਿਚ ਇਸੇ ਹੀ ਮਸਲੇ ਦੇ ਸਬੰਧ ਵਿਚ ਉਨ੍ਹਾਂ ਦੀ ਅਗਵਾਈ ਹੇਠ ਇਕ ਵਫਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲਣ ਵਾਸਤੇ ਅਮਰੀਕਾ ਤੋਂ ਵੀ ਜਾਵੇਗਾ।



***ਸ੍ਰੀ ਕੁਲਦੀਪ ਨਈਅਰ (ਐਨ ਸੱਜੇ) ਨਾਲ ਅਸ਼ੋਕ ਭੌਰਾ (ਵਿਚਕਾਰ) ਅਤੇ ਸ਼ਿਆਰਾ ਸਿੰਘ ਢੀਂਡਸਾ***

***ਪੰਜਾਬ ਟਾਈਮਜ਼ ਲਈ ਸ੍ਰੀ ਐਸ. ਅਸ਼ੋਕ ਭੌਰਾ ਵਲੋਂ ਸ੍ਰੀ ਕੁਲਦੀਪ ਨਈਅਰ ਨਾਲ ਕੀਤੀ ਗਈ ਇਕ ਵਿਸਤ੍ਰਿਤ ਮੁਲਾਕਾਤ ਅਗਲੇ ਅੰਕ 'ਚ***

# ਕਰਤਾਰਪੁਰ ਸਾਹਿਬ ਲਾਂਘਾ ਸਾਂਝੀਵਾਲਤਾ ਦਾ ਸੁਨੇਹਾ-ਕੁਲਦੀਪ ਨਈਅਰ

**ਟਰੇਸੀ, ਕੈਲੀਫੋਰਨੀਆ:** ਨਾਮੀ ਪੱਤਰਕਾਰ ਅਤੇ ਇੰਗਲੈਂਡ ਵਿਚ ਰਹੇ ਭਾਰਤ ਦੇ ਹਾਈ ਕਮਿਸ਼ਨਰ ਸ੍ਰੀ ਕੁਲਦੀਪ ਨਈਅਰ ਨੇ ਆਖਿਆ ਹੈ ਕਿ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ ਤੱਕ ਦੇ ਲਾਂਘੇ ਦੀ ਮੁਹਿੰਮ ਦੀ ਉਹ ਖੁਦ ਅੱਗੇ ਲੱਗ ਕੇ ਅਗਵਾਈ ਕਰਨਗੇ, ਕਿਉਂਕਿ ਇਹ ਲਾਂਘਾ ਸਰਬਸਾਂਝੀਵਾਲਤਾ ਦਾ ਲਖਾਇਕ ਹੈ। ਇਹ ਭਰੋਸਾ ਸ੍ਰੀ ਨਈਅਰ ਨੇ ਇਥੇ ਸੰਸਾਰ ਰੈਸਟੋਰੈਂਟ ਵਿਚ ਉਨ੍ਹਾਂ ਦੇ ਮਾਣ ਵਿਚ ਕਰਵਾਏ ਗਏ ਇਕ ਸਮਾਗਮ ਦੌਰਾਨ ਤੇਰੀ ਸਿੱਖੀ ਸੰਸਥਾ ਦੇ ਨੁਮਾਇੰਦਿਆਂ ਨਾਲ ਗੱਲ ਕਰਦਿਆਂ ਦਿੱਤਾ। ਜ਼ਿਕਰਯੋਗ ਹੈ ਕਿ ਤੇਰੀ ਸਿੱਖੀ ਨਾਂ ਦੀ ਇਹ ਸੰਸਥਾ ਪਿਛਲੇ ਇਕ ਅਰਸੇ ਤੋਂ ਕਰਤਾਰਪੁਰ ਸਾਹਿਬ ਜਿਥੇ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀ ਜ਼ਿੰਦਗੀ ਦੇ ਆਖਰੀ 17 ਸਾਲ ਗੁਜ਼ਾਰੇ, ਲਈ ਭਾਰਤ-ਪਾਕਿਸਤਾਨ ਵਿਚਾਲੇ ਲਾਂਘੇ ਦੀ ਮੰਗ ਕਰ ਰਹੀ ਹੈ।

ਤੇਰੀ ਸਿੱਖੀ ਸੰਸਥਾ ਦੀ ਤਰਫੋਂ ਇਸ ਮੌਕੇ ਜਸਪਾਲ ਸਿੰਘ ਸੰਧੂ, ਜਸਪਾਲ ਸਿੰਘ ਸੈਣੀ, ਪਰਮਿੰਦਰ ਸੰਧੂ ਅਤੇ ਹੋਰ ਸਾਥੀ ਹਾਜ਼ਰ ਸਨ। ਇਸ ਮੌਕੇ ਬੋਲਦਿਆਂ ਉਘੇ ਕਵੀ ਅਤੇ ਪੰਜਾਬੀ ਸਾਹਿਤ ਅਕਾਡਮੀ ਦੇ ਪ੍ਰਧਾਨ ਗੁਰਭਜਨ ਗਿੱਲ ਨੇ ਤੇਰੀ ਸਿੱਖੀ ਸੰਸਥਾ ਦੀ ਮੁਹਿੰਮ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਆਖਿਆ ਕਿ ਇੰਨਾ ਵਧੀਆ ਕੰਮ ਸ਼ਾਇਦ ਹੀ ਪਿਛਲੇ 62 ਸਾਲਾਂ ਵਿਚ ਪੰਜਾਬ ਦੀ ਕਿਸੇ ਹੋਰ ਸੰਸਥਾ ਨੇ ਕੀਤਾ ਹੋਵੇ। ਉਨ੍ਹਾਂ ਇਹ ਵੀ ਪੇਸ਼ਕਸ਼ ਕੀਤੀ ਕਿ ਜੇ ਨਵੰਬਰ ਮਹੀਨੇ ਤੇਰੀ ਸਿੱਖੀ ਸੰਸਥਾ ਦੇ ਵਰਕਰ ਪੰਜਾਬ ਆਉਣ ਤਾਂ ਉਹ ਆਪ ਅੱਗੇ ਲੱਗ ਕੇ ਉਨ੍ਹਾਂ ਨਾਲ ਸੁਲਤਾਨਪੁਰ ਤੋਂ ਡੇਰਾ ਬਾਬਾ ਨਾਨਕ ਤੱਕ ਇਸ ਲਾਂਘੇ ਦੀ ਖਾਤਰ ਪੰਜਾਬੀਆਂ ਨੂੰ ਨਾਲ ਲੈ ਕੇ ਮਾਰਚ ਕਰਨਗੇ।

ਨਾਰਥ ਅਮੈਰਿਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਵਲੋਂ ਕਰਵਾਏ ਗਏ ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਸ. ਦੀਦਾਰ ਸਿੰਘ ਬੈਂਸ, ਦਲਵਿੰਦਰ ਸਿੰਘ ਧੂਤ, ਕੁਲਦੀਪ ਧਾਲੀਵਾਲ, ਚਰਨ ਸਿੰਘ ਜੱਜ, ਵਿਨੋਦ ਕੁਮਾਰ ਚੁੰਬਰ, ਪਾਲੀ ਧਨੌਲਾ, ਤਰਨਜੀਤ ਸਿੰਘ ਸੰਧੂ, ਛਿੰਦਾ ਅਟਵਾਲ, ਰਘਵੀਰ ਸਿੰਘ ਸ਼ੇਰਗਿੱਲ, ਸੁਰਿੰਦਰ ਧਨੋਆ, ਕਾਲਾ ਟਰੇਸੀ ਅਤੇ ਮਨਦੀਪ ਥਿਆੜਾ ਵੀ ਹਾਜ਼ਰ ਸਨ। ਇਸ ਸਮਾਗਮ ਵਿਚ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਓਮ ਪ੍ਰਕਾਸ਼ ਚੌਟਾਲਾ ਵੀ ਪਹੁੰਚੇ।

# ਲੱਛਰ ਭਰਾਵਾਂ ਦੇ ਪਿਤਾ ਸੂਬੇਦਾਰ ਸਰਵਣ ਸਿੰਘ ਸੁਰਗਵਾਸ

**ਲਿਵਿੰਗਸਟਨ, ਕੈਲੀਫੋਰਨੀਆ:** ਆਪਣੇ ਕਬੱਡੀ ਪ੍ਰੇਮ ਕਰਕੇ ਨਾ ਸਿਰਫ ਅਮਰੀਕਾ ਸਗੋਂ ਕੈਨੇਡਾ ਅਤੇ ਇੰਡੀਆ ਵਿਚ ਵੀ ਚੰਗੀ ਤਰ੍ਹਾਂ ਜਾਣੇ ਜਾਂਦੇ ਲੱਛਰ ਭਰਾਵਾਂ ਨੂੰ ਉਸ ਸਮੇਂ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪਿਤਾ ਸੂਬੇਦਾਰ ਸਰਵਣ ਸਿੰਘ ਲੱਛਰ ਲੰਘੀ 13 ਜੁਲਾਈ ਨੂੰ ਅਚਾਨਕ ਲਾਸ ਬੈਨੋਸ ਵਿਚ ਚੜ੍ਹਾਈ ਕਰ ਗਏ। ਉਨ੍ਹਾਂ ਦਾ ਜਨਮ 7 ਜੁਲਾਈ 1930 ਨੂੰ



ਜਲੰਧਰ ਜ਼ਿਲੇ ਦੇ ਪਿੰਡ ਕਾਬੁਲਪੁਰ ਵਿਚ ਹੋਇਆ ਸੀ ਅਤੇ ਸਾਰੀ ਉਮਰ ਉਹ ਆਪਣੇ ਅਸੂਲਾਂ ਉਤੇ ਡਟ ਕੇ ਪਹਿਰਾ ਦਿੰਦੇ ਰਹੇ।

ਸੂਬੇਦਾਰ ਸਰਵਣ ਸਿੰਘ ਆਪਣੇ ਪਿਛੇ ਆਪਣੀ ਪਤਨੀ ਬੀਬੀ ਗੁਰਦੀਪ ਕੌਰ ਤੋਂ ਇਲਾਵਾ ਤਿੰਨ ਪੁਤਰ-ਤਰਲੋਚਨ ਸਿੰਘ, ਕੁਲਵੰਤ ਸਿੰਘ ਅਤੇ ਜਸਵਿੰਦਰ ਸਿੰਘ ਲੱਛਰ, ਤਿੰਨ ਧੀਆਂ-ਕਮਲਜੀਤ ਕੌਰ ਮੱਟੂ, ਕੁਲਵਿੰਦਰ ਕੌਰ ਛੀਨਾ ਤੇ ਸੁਰਿੰਦਰ ਕੌਰ ਸਹੋਤਾ, 14 ਪੋਤਰੇ-ਦੋਹਤਰੇ, ਚਾਰ ਭਰਾ ਅਤੇ ਦੋ ਭੈਣਾਂ ਛੱਡ ਗਏ ਹਨ।

ਸੂਬੇਦਾਰ ਸਰਵਣ ਸਿੰਘ ਦਾ ਸਸਕਾਰ 26 ਜੁਲਾਈ 2010 ਨੂੰ ਟਰਲਕ ਵਿਚ ਐਲਨ ਮਾਰਚਰੀ (247 ਨਾਰਥ ਬਰਾਡਵੇਅ, ਟਰਲਕ) ਵਿਖੇ ਦੁਪਹਿਰ 12 ਤੋਂ 2 ਵਜੇ ਤੱਕ ਹੋਵੇਗਾ। ਅੰਤਮ ਸਸਕਾਰ ਉਪਰੰਤ ਅੰਤਮ ਅਰਦਾਸ ਗੁਰਦੁਆਰਾ ਗੁਰੂ ਨਾਨਕ ਸਿੱਖ ਮਿਸ਼ਨ, ਲਿਵਿੰਗਸਟਨ (884 ਬੀ ਸਟਰੀਟ) ਵਿਖੇ ਹੋਵੇਗੀ। ਹੋਰ ਜਾਣਕਾਰੀ ਲਈ ਪਰਿਵਾਰ ਨਾਲ ਫੋਨ 209-827-1139 ਜਾਂ 209-827-0810 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪਾਣੀਆਂ ਦੇ ਮਸਲੇ ਦਾ ਹੱਲ ਸੁਪਰੀਮ ਕੋਰਟ ਦਾ ਫੈਸਲਾ-ਚੌਟਾਲਾ

**ਸੈਕਰਾਮੈਂਟੋ:** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਓਮ ਪ੍ਰਕਾਸ਼ ਚੌਟਾਲਾ ਨੇ ਪੰਜਾਬ ਅਤੇ ਹਰਿਆਣਾ ਵਿਚਕਾਰ ਲੰਮੇ ਅਰਸੇ ਤੋਂ ਚਲੇ ਆ ਰਹੇ ਪਾਣੀਆਂ ਦੇ ਝਗੜੇ ਦੀ ਗੱਲ



ਕਰਦਿਆਂ ਆਖਿਆ ਹੈ ਕਿ ਇਸ ਦਾ ਸਹੀ ਹੱਲ ਸੁਪਰੀਮ ਕੋਰਟ ਦਾ ਫੈਸਲਾ ਹੀ ਕਰੇਗਾ। ਸ੍ਰੀ ਚੌਟਾਲਾ ਇਥੇ ਪਤਵੰਤੇ ਪੰਜਾਬੀਆਂ ਦੇ ਇਕ ਵਫਦ ਨਾਲ ਗੱਲ ਕਰ ਰਹੇ ਸਨ। ਉਹ ਇਨ੍ਹੀਂ ਦਿਨੀਂ ਅਮਰੀਕਾ ਦੇ ਦੌਰੇ 'ਤੇ ਹਨ।

ਸ੍ਰੀ ਚੌਟਾਲਾ ਨੇ ਆਖਿਆ ਕਿ ਕੇਂਦਰ ਸਰਕਾਰ ਦੀ ਅਣਗਹਿਲੀ ਕਾਰਨ ਬਹੁਤ ਸਾਰਾ ਪਾਣੀ ਅਜਾਈਂ ਹੀ ਪਾਕਿਸਤਾਨ ਨੂੰ ਜਾ ਰਿਹਾ ਹੈ। ਜੇ ਇਸ ਪਾਣੀ ਨੂੰ ਰੋਕਣ ਅਤੇ ਇਸ ਦੀ ਸਹੀ ਵਰਤੋਂ ਦੇ ਯਤਨ ਕੀਤੇ ਜਾਣ ਤਾਂ ਹਰਿਆਣਾ ਅਤੇ ਰਾਜਸਥਾਨ ਦੀਆਂ ਲੋੜਾਂ ਵੀ ਸਹਿਜੇ ਹੀ ਪੂਰੀਆਂ ਹੋ ਸਕਦੀਆਂ ਹਨ। ਸੁਪਰੀਮ ਕੋਰਟ ਵਿਚ ਚੱਲ ਰਹੇ ਪਾਣੀਆਂ ਬਾਰੇ ਕੇਸ ਦੀ ਗੱਲ ਕਰਦਿਆਂ ਸ੍ਰੀ ਚੌਟਾਲਾ ਨੇ ਉਮੀਦ ਜਾਹਿਰ ਕੀਤੀ ਕਿ ਸੱਭੇ ਧਿਰਾਂ ਇਸ ਫੈਸਲੇ ਨੂੰ ਖਿੜ੍ਹੇ ਮੱਥੇ ਪ੍ਰਵਾਨ ਕਰਨਗੀਆਂ। ਉਂਜ ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਸਕੇ ਭਰਾਵਾਂ ਵਾਂਗ ਹਨ, ਇਸ ਲਈ ਇਨ੍ਹਾਂ ਦੋਹਾਂ ਰਾਜਾਂ ਨੂੰ ਵੰਡ ਵੰਡਈਏ ਦੇ ਸਾਰੇ ਮਾਮਲੇ ਮਿਲ ਬੈਠ ਕੇ ਹੱਲ ਕਰਨੇ ਚਾਹੀਦੇ ਹਨ।

ਸ੍ਰੀ ਚੌਟਾਲਾ ਨਾਲ ਇਸ ਮੁਲਾਕਾਤ ਸਮੇਂ ਹੋਰਨਾਂ ਤੋਂ ਇਲਾਵਾ ਪੰਜਾਬੀ ਵਿਰਸਾ ਸੰਭਾਲ ਸੁਸਾਇਟੀ ਦੀ ਤਰਫੋਂ ਸ੍ਰੀ ਪਰਗਣ ਸਿੰਘ ਬੈਂਸ, ਸ੍ਰੀ ਅਮਰੀਕ ਸਿੰਘ ਪਰਹਾਰ, ਸਵਰਨ ਸਿੰਘ ਗਿੱਲ, ਬਲਬੀਰ ਸਿੰਘ ਚੰਗਿਆੜਾ, ਨਰਿੰਦਰਪਾਲ ਸਿੰਘ ਹੁੰਦਲ, ਅਵਤਾਰ ਸਿੰਘ ਦੁਸਾਂਝ, ਰੁਲਦਾ ਸਿੰਘ ਸੇਖੋਂ ਅਤੇ ਅਸ਼ੋਕ ਕੁਮਾਰ ਰਾਏ ਮੌਜੂਦ ਸਨ।

## ਦਿੱਲੀ 'ਚ ਇਮਾਰਤ ਡਿੱਗੀ, 6 ਮੌਤਾਂ

**ਨਵੀਂ ਦਿੱਲੀ:** ਉਤਰ-ਪੂਰਬੀ ਦਿੱਲੀ ਦੇ ਬ੍ਰਹਮਪੁਰੀ ਇਲਾਕੇ ਵਿਚ ਇਕ ਇਮਾਰਤ ਡਿੱਗਣ ਨਾਲ ਇਕੋ ਪਰਿਵਾਰ ਦੇ 6 ਜੀਆਂ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਦਿਨੀਂ ਪਏ ਮੀਂਹ ਤੋਂ ਬਾਅਦ ਤਿੰਨ ਮੰਜ਼ਿਲਾ ਇਮਾਰਤ ਦੀ ਹਾਲਤ ਖ਼ਸਤਾ ਹੋ ਗਈ ਸੀ। ਇਹ ਇਮਾਰਤ ਬੀਤੀ 14 ਜੁਲਾਈ ਨੂੰ ਸਵੇਰੇ 4.00 ਵਜੇ ਦੇ ਕਰੀਬ ਡਿੱਗੀ, ਜਦੋਂ ਘਰ ਵਿਚ 6 ਜਣੇ ਸੌਂ ਰਹੇ ਸਨ।

# ਸਿਗਰਟ ਨਾਲ ਸੌਣ ਦੇ ਦੋਸ਼ 'ਚ ਪੰਜਾਬੀ ਗ੍ਰਿਫ਼ਤਾਰ

**ਯੂਬਾ ਸਿਟੀ (ਪੰਜਾਬ ਟਾਈਮਜ਼ ਬਿਊਰੋ):** ਪੁਲਿਸ ਨੇ ਪੰਜਾਬੀ ਮੂਲ ਦੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸ 'ਤੇ ਦੋਸ਼ ਹੈ ਕਿ ਉਹ ਬਲਦੀ ਸਿਗਰਟ ਛੱਡ ਕੇ ਹੀ ਸੌਂ ਗਿਆ ਸੀ ਜਿਸ ਕਰਕੇ ਘਰ 'ਚ ਅੱਗ ਲੱਗ ਗਈ। ਪੁਲਿਸ ਅਨੁਸਾਰ ਮੁਲਜ਼ਮ ਨਸ਼ੇ ਵਿਚ ਸੀ ਤੇ ਰਾਤ ਨੂੰ ਬਲਦੀ ਸਿਗਰਟ ਨਾਲ ਹੀ ਸੌਂ ਗਿਆ ਜਿਸ ਕਰਕੇ ਗੱਦੇ ਨੂੰ ਅੱਗ ਲੱਗ ਗਈ।

ਪੁਲਿਸ ਅਨੁਸਾਰ ਸੰਧੂ ਨੇ ਆਪਣੇ ਨਾਲ-ਨਾਲ 13 ਸਾਲ ਦੇ ਬੱਚੇ ਦੀ ਜਾਨ ਨੂੰ ਵੀ ਖ਼ਤਰੇ 'ਚ ਪਾਇਆ ਜੋ ਉਸ ਵੇਲੇ ਕਮਰੇ 'ਚ ਸੁੱਤਾ ਪਿਆ ਸੀ। ਸੰਧੂ ਨੂੰ ਜਦੋਂ ਪਤਾ ਲੱਗਾ ਤਾਂ ਉਸ ਨੇ ਕੱਪੜੇ ਧੋਣ ਵਾਲੇ ਕਮਰੇ 'ਚੋਂ ਅੱਗ ਬੁਝਾਊ ਯੰਤਰ ਲੈ ਕੇ ਗੱਦੇ ਤੋਂ ਅੱਗ ਬੁਝਾਈ। ਪੁਲਿਸ ਨੇ ਦੱਸਿਆ ਕਿ 43 ਸਾਲਾ ਜਗਦੀਪ ਸਿੰਘ ਸੰਧੂ ਨੂੰ ਹੋਲਕਾਂਬ ਰੋਡ ਦੇ 2400 ਬਲਾਕ ਤੋਂ ਆਈ ਐਮਰਜੈਂਸੀ ਕਾਲ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਸੰਧੂ ਦੇ ਘਰ 'ਚ ਸ਼ਰਾਬ ਤੇ ਹੋਰ ਘਰੇਲੂ ਮਾਮਲਿਆਂ ਨੂੰ ਲੈ ਕੇ ਆਮ ਹੀ ਝਗੜਾ ਰਹਿੰਦਾ ਸੀ ਤੇ ਪੁਲਿਸ ਪਹਿਲਾਂ ਵੀ ਕਈ ਵਾਰ ਉਸ ਦੇ ਘਰ ਜਾ ਚੁੱਕੀ ਹੈ।

## ਈਰਾਨ 'ਚ ਧਮਾਕੇ, 20 ਮੌਤਾਂ

**ਤਹਿਰਾਨ:** ਈਰਾਨ ਦੇ ਦੱਖਣੀ-ਪੂਰਬੀ ਸ਼ਹਿਰ ਜਹਿਦਾਨ 'ਚ ਸ਼ੁੱਕਰਵਾਰ ਨੂੰ ਹੋਏ ਦੋ ਧਮਾਕਿਆਂ 'ਚ 20 ਲੋਕਾਂ ਦੀ ਮੌਤ ਹੋ ਗਈ, ਜਦਕਿ 100 ਤੋਂ ਵਧ ਜ਼ਖਮੀ ਹੋ ਗਏ। ਸਿਸਤਾਨ-ਬਲੋਚਿਸਤਾਨ ਐਮਰਜੈਂਸੀ ਟੀਮ ਦੇ ਮੁਖੀ ਫਾਰੀਬੋਜ ਰਸ਼ੀਦੀ ਨੇ ਦੱਸਿਆ ਕਿ ਪਹਿਲਾ ਧਮਾਕਾ ਬੀਤੀ ਦੇਰ ਰਾਤ ਹੋਇਆ ਤੇ ਕੁਝ ਮਿੰਟਾਂ ਬਾਅਦ ਹੀ ਦੂਜਾ ਧਮਾਕਾ ਹੋ ਗਿਆ।






# ਅਗਲੇ ਬਜਟ ’ਚ ਮਿਲ ਸਕਦੈ ਪੰਜਾਬ ਨੂੰ ਸਨਅਤੀ ਪੈਕੇਜ

**ਜਲੰਧਰ:** ਪੰਜਾਬ ਦੇ ਵਿੱਤ ਮੰਤਰੀ ਸ: ਮਨਪ੍ਰੀਤ ਸਿੰਘ ਬਾਦਲ ਨੂੰ ਆਸ ਹੈ ਕਿ ਦੇਸ਼ ਦੇ ਵਿੱਤ ਮੰਤਰੀ ਸ੍ਰੀ ਪ੍ਰਣਬ ਮੁਖਰਜੀ ਅਗਲੇ ਕੌਮੀ ਬਜਟ ਵਿਚ ਪੰਜਾਬ ਨੂੰ ਸਨਅਤੀ ਪੈਕੇਜ ਦੇਣ ਦਾ ਐਲਾਨ ਕਰ ਸਕਦੇ ਹਨ।



ਬੀਤੀ 18 ਜੁਲਾਈ ਨੂੰ ਦਿੱਲੀ ਵਿਖੇ ਵਿੱਤ ਮੰਤਰੀ ਦਫਤਰ ਵਿਚ ਸ੍ਰੀ ਪ੍ਰਣਬ ਮੁਖਰਜੀ ਨਾਲ ਇਕ ਘੰਟਾ ਮੁਲਾਕਾਤ ਕਰਨ ਮਗਰੋਂ ਗੱਲਬਾਤ ਕਰਦਿਆਂ ਸ. ਮਨਪ੍ਰੀਤ ਸਿੰਘ ਬਾਦਲ ਨੇ ਦੱਸਿਆ ਕਿ ਉਤਰੀ ਜ਼ੋਨ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਲਈ ਚੰਡੀਗੜ੍ਹ ਆਏ ਸ੍ਰੀ ਮੁਖਰਜੀ ਤੋਂ ਪੰਜਾਬ ਦੇ ਕੁਝ ਗੰਭੀਰ ਵਿੱਤੀ ਮਸਲਿਆਂ ਲਈ ਗੱਲਬਾਤ ਵਾਸਤੇ ਸਮਾਂ ਮੰਗਿਆ ਸੀ ਜਿਸ ‘ਤੇ ਸ੍ਰੀ ਮੁਖਰਜੀ ਨੇ ਉਨ੍ਹਾਂ ਨੂੰ ਕੱਲ੍ਹ ਦਿੱਲੀ ਸੱਦਿਆ ਸੀ। ਸ. ਮਨਪ੍ਰੀਤ ਸਿੰਘ ਬਾਦਲ ਨੇ ਦੱਸਿਆ ਕਿ ਉਨ੍ਹਾਂ ਨੇ ਰਾਜ ਨੂੰ ਸਨਅਤੀ ਪੈਕੇਜ ਦਾ ਮੁੱਦਾ ਬੜੇ ਜ਼ੋਰ ਨਾਲ ਸ੍ਰੀ ਮੁਖਰਜੀ ਸਾਹਮਣੇ ਉਠਾਇਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਗੁਆਂਢੀ ਸੂਬਿਆਂ ਕੋਲ ਸਨਅਤੀ ਪੈਕੇਜ ਦਾ ਵਾਧਾ ਹੋਣ ਕਰਕੇ ਪੰਜਾਬ ਵਿਚ ਸਨਅਤਾਂ ਨੂੰ ਵੱਡੀ ਸੱਟ ਵੱਜੀ ਹੈ। ਉਨ੍ਹਾਂ ਨੇ ਕੌਮੀ ਵਿੱਤ ਮੰਤਰੀ ਨੂੰ ਰਾਜ ਵਿਚ ਆਟੋਮੋਬਾਇਲ ਖੇਤਰ ਵਿਚ ਵਾਹਨ ਨਿਰਮਾਣ ਕੰਪਨੀਆਂ ਲਈ 5 ਸਾਲ ਦੇ ਟੈਕਸ ਲਾਭ ਦੇਣ ਦਾ ਪੈਕੇਜ ਐਲਾਨਣ ਦੀ ਗੁਜ਼ਾਰਿਸ਼ ਕੀਤੀ ਹੈ ਕਿਉਂਕਿ ਇਸ ਨਾਲ ਪੰਜਾਬ ਦੇ ਅੰਦਰ ਆਟੋਮੋਬਾਇਲ ਖੇਤਰ ਦੇ ਮੱਧਵਰਗੀ ਅਤੇ ਛੋਟੇ ਸਹਾਇਕ ਉਦਯੋਗ ਪ੍ਰਫੁੱਲਤ ਹੋ ਸਕਣਗੇ ਅਤੇ ਰਾਜ ਦੀ ਆਰਥਿਕਤਾ ਨੂੰ ਹੁਲਾਰਾ ਮਿਲੇਗਾ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਪੰਜ ਸਾਲ ਲਈ ਟੈਕਸ ਰਿਆਇਤਾਂ ਮਿਲਣ ‘ਤੇ ਵੀ ਇਸ ਖੇਤਰ ਦੇ ਨਿਵੇਸ਼ਕ ਆਕਰਸ਼ਿਤ ਕੀਤੇ ਜਾ ਸਕਦੇ ਹਨ। ਵਿੱਤ ਮੰਤਰੀ ਨੇ ਦੱਸਿਆ ਕਿ ਸ੍ਰੀ ਮੁਖਰਜੀ ਨੇ ਉਨ੍ਹਾਂ ਨੂੰ ਆਪ ਇਹ ਆਖਿਆ ਕਿ ਉਹ ਨਿਸ਼ਾਨਦੇਹੀ ਕਰਨ ਕਿ ਕਿਹੜੇ ਵੱਡੇ ਨਿਵੇਸ਼ਕ ਅਗਲੇ ਸਮੇਂ ਵਿਚ ਨਿਵੇਸ਼ ਕਰਨ ਵਾਲੇ ਹਨ ਅਤੇ ਜੇ ਲੋੜ ਪਈ ਤਾਂ ਉਹ ਆਪ ਉਨ੍ਹਾਂ ਕੰਪਨੀਆਂ ਨੂੰ ਪੰਜਾਬ ਵਿਚ ਨਿਵੇਸ਼ ਕਰਨ ਲਈ ਕਹਿਣਗੇ। ਸ: ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਮੁਲਾਕਾਤ ਤੋਂ ਬਾਅਦ ਉਨ੍ਹਾਂ ਦਾ ਅੰਦਾਜ਼ਾ ਹੈ ਕਿ ਸ੍ਰੀ ਮੁਖਰਜੀ ਅਗਲੇ ਬਜਟ ਇਜਲਾਸ ਦੌਰਾਨ ਪੰਜਾਬ ਲਈ ਕਿਸੇ ਸਨਅਤੀ ਪੈਕੇਜ ਦਾ ਐਲਾਨ ਜ਼ਰੂਰ ਕਰਨਗੇ।

ਪੰਜਾਬ ਸਿਰ ਖੜ੍ਹੇ 63500 ਕਰੋੜ ਰੁਪਏ ਦੇ ਕਰਜ਼ੇ ਦਾ ਜ਼ਿਕਰ ਕਰਦਿਆਂ ਸ. ਮਨਪ੍ਰੀਤ ਸਿੰਘ ਬਾਦਲ ਨੇ ਸ੍ਰੀ ਮੁਖਰਜੀ ਨੂੰ ਦਸਿਆ ਕਿ ਚਾਲੂ ਵਿੱਤੀ ਸਾਲ ਦੇ ਅੰਤ ਤਕ ਕਰਜ਼ੇ ਦੀ ਇਹ ਪੰਡ ਵਧ ਕੇ 71 ਹਜ਼ਾਰ ਕਰੋੜ ਰੁਪਏ ਤੱਕ ਪੁੱਜ ਜਾਣੀ ਹੈ ਅਤੇ ਹਾਲਤ ਇਹ ਹੈ ਕਿ ਰਾਜ ਦੀ ਆਮਦਨ ਦਾ ਬਹੁਤ ਵੱਡਾ ਹਿੱਸਾ ਕੇਵਲ ਵਿਆਜ ਅਤੇ ਮੂਲ ਦੀਆਂ ਅਦਾਇਗੀਆਂ ਵਿਚ ਹੀ ਖਰਚ ਹੋ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਹੀ ਰਾਜ ਨੇ 8200 ਕਰੋੜ ਰੁਪਏ ਵਿਆਜ ਅਤੇ ਮੂਲ ਵਜੋਂ ਚੁਕਾਉਣੇ ਹਨ। ਮਨਪ੍ਰੀਤ ਸਿੰਘ ਬਾਦਲ ਨੇ ਸ੍ਰੀ ਮੁਖਰਜੀ ਨੂੰ ਦੱਸਿਆ ਕਿ ਪੰਜਾਬ ਅੰਦਰ ਖਾੜਕੂਵਾਦ ਦੇ 10-15 ਸਾਲਾਂ ਦੌਰਾਨ ਸਮੱਸਿਆ ਨੂੰ ਠੱਲ੍ਹਣ ਲਈ ਕੇਂਦਰੀ ਸਲਾਹਕਾਰਾਂ ਦੀ ਸਲਾਹ ‘ਤੇ ਪੰਜਾਬ ਵਿਚ ਲੋੜੋਂ ਵੱਧ ਖਰਚੇ ਦੀ ਨੀਤੀ ਅਪਨਾਈ ਗਈ ਜਿਸ ਕਰਕੇ ਰਾਜ ਨੂੰ ਕਰਜ਼ੇ ਲੈਣ ਲਈ ਮਜਬੂਰ ਹੋਣਾ ਪਿਆ। ਵਿੱਤ ਮੰਤਰੀ ਨੇ ਕਿਹਾ ਕਿ ਭਾਵੇਂ ਵਿੱਤ ਕਮਿਸ਼ਨ ਨੇ ਸਾਡੀ ਇਸ ਦਲੀਲ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੋਇਆ ਹੈ ਪਰ ਇਸ ਦੇ ਬਾਵਜੂਦ ਸ੍ਰੀ ਮੁਖਰਜੀ ਨੇ ਭਰੋਸਾ ਦੁਆਇਆ ਕਿ ਉਹ ਸਰਕਾਰ ਦੇ ਅੰਦਰ ਕਰਜ਼ੇ ਬਾਰੇ ਮੁੜ ਵਿਚਾਰ ਕਰਨਗੇ। ਸ੍ਰੀ ਮੁਖਰਜੀ ਨੇ ਸ: ਮਨਪ੍ਰੀਤ ਸਿੰਘ ਬਾਦਲ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਨੂੰ ਪਿਛੇ ਨਹੀਂ ਪੈਣ ਦਿੱਤਾ ਜਾਵੇਗਾ ਅਤੇ ਕਰਜ਼ੇ ਦੇ ਮਸਲੇ ਨੂੰ ਹੋਰ ਨਾ ਲਮਕਾਉਂਦੇ ਹੋਏ ਸਾਲਾਂ ਵਿਚ ਨਹੀਂ ਸਗੋਂ ਅਗਲੇ ਕੁਝ ਮਹੀਨਿਆਂ ਵਿਚ ਹੀ ਕੋਈ ਫੈਸਲਾ ਲਿਆ ਜਾਵੇਗਾ। ਪੰਜਾਬ ਦੇ ਵਿੱਤ ਮੰਤਰੀ ਸ: ਮਨਪ੍ਰੀਤ ਸਿੰਘ ਬਾਦਲ ਦੇਸ਼ ਦੇ ਵਿੱਤ ਮੰਤਰੀ ਸ੍ਰੀ ਪ੍ਰਣਬ ਮੁਖਰਜੀ ਨਾਲ ਆਪਣੀ ਵਿਸ਼ੇਸ਼ ਮੁਲਾਕਾਤ ਤੋਂ ਡਾਢੇ ਉਤਸ਼ਾਹਿਤ ਅਤੇ ਆਸਵੰਦ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਕੁੱਲ ਮਿਲਾ ਕੇ ਇਹ ਇਕ ਚੰਗੀ ਮੁਲਾਕਾਤ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਹੋਰ ਵੀ ਖੁਸ਼ੀ ਹੈ ਕਿ ਉਨ੍ਹਾਂ ਨੇ ਰਾਜ ਦੀ ਗੱਲਬਾਤ ਨੂੰ ਸਿਆਸੀ ਚਸ਼ਮੇ ਰਾਹੀਂ ਨਹੀਂ ਦੇਖਿਆ ਸਗੋਂ ਉਨ੍ਹਾਂ ਦਾ ਰਵੱਈਆ ਇਕ ‘ਸਟੇਟਸਮੈਨ’ ਵਾਲਾ ਸੀ। ਸ: ਮਨਪ੍ਰੀਤ ਸਿੰਘ ਬਾਦਲ ਨੇ ਇਸ ਮੁਲਾਕਾਤ ਸੰਬੰਧੀ ਆਪਣੀ ਸੰਤੁਸ਼ਟੀ ਅਤੇ ਖੁਸ਼ੀ ਨੂੰ ਜ਼ਾਹਿਰ ਕਰਦਿਆਂ ਦੱਸਿਆ ਕਿ ‘ਮੈਂ ਇੰਨਾ ਖੁਸ਼ ਸਾਂ ਕਿ ਜਦ ਮੀਟਿੰਗ ਖਤਮ ਹੋਈ ਤਾਂ ਮੈਂ ਸਿੱਧਾ ਗੁਰਦੁਆਰਾ ਬੰਗਲਾ ਸਾਹਿਬ ਗਿਆ ਜਿੱਥੇ ਮੈਂ ਵਾਹਿਗੁਰੂ ਦਾ ਧੰਨਵਾਦ ਕੀਤਾ ਅਤੇ ਦੇਗ ਕਰਾਈ।’

## ਗੁਰਮਤਿ ਗਿਆਨ ਸਕੂਲ ਦੀ ਪਿਕਨਿਕ 24 ਨੂੰ


**ਬੇਕਰਜ਼ਫੀਲਡ:** ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰਮਤਿ ਗਿਆਨ ਸਕੂਲ ਲੰਕਰਸ਼ਿਮ (ਲਾਸ ਏਂਜਲਸ) ਵਲੋਂ ਸਾਲਾਨਾ ਪਿਕਨਿਕ ਪ੍ਰੋਗਰਾਮ 24 ਜੁਲਾਈ ਨੂੰ ਲੇਕ ਬਲਬੋਆ ਪਾਰਕ (6300 ਬਲਬੋਆ ਬੂਲੇਵਾਰਡ) ਵਿਚ ਕੀਤੀ ਜਾ ਰਹੀ ਹੈ। ਇਸ ਪਿਕਨਿਕ ਮੌਕੇ ਬੱਚਿਆਂ ਦੀ ਦਿਲਚਸਪੀ ਨੂੰ ਮੁੱਖ ਰੱਖਦਿਆਂ ਵੱਖ ਵੱਖ ਤਰ੍ਹਾਂ ਦੀਆਂ ਖੇਡਾਂ ਵੀ ਕਰਵਾਈਆਂ ਜਾਣਗੀਆਂ ਅਤੇ ਇਨਾਮ ਵੀ ਕੱਢੇ ਜਾਣਗੇ। ਇਨਾਮਾਂ ਵਿਚ ਆਈ ਫੋਨ, ਆਈ ਪੌਡ, ਡਿਜ਼ੀਟਲ ਕੈਮਰਾ ਆਦਿ ਚੀਜ਼ਾਂ ਹੋਣਗੀਆਂ।

ਇਹ ਜਾਣਕਾਰੀ ਦਿੰਦਿਆਂ ਸ. ਗੁਰਚਰਨ ਸਿੰਘ ਬੈਂਸ ਨੇ ਦੱਸਿਆ ਕਿ ਖਾਣ-ਪੀਣ ਦਾ ਸਾਮਾਨ ਮੁਫਤ ਵਰਤੇਗਾ। ਇਕ ਰੈਫਲ ਵੀ ਕੱਢੀ ਜਾਏਗੀ। ਇਸ ਸਬੰਧੀ ਹੋਰ ਜਾਣਕਾਰੀ ਫੋਨ 661-406-7599 ‘ਤੇ ਹਾਸਲ ਕੀਤੀ ਜਾ ਸਕਦੀ ਹੈ।


ਕੀਮਤ $20

ਪੰਜਾਬੀ ਰੇਡੀਓ

24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ



ਜਲਦ ਆ ਰਿਹਾ ਹੈ

San Francisco - Bay Area ਵਿੱਚ

ਜਿਨ੍ਹਾਂ ਕੋਲ ਚਿਪ ਵਾਲਾ Voice Of Punjab ਰੇਡੀਓ ਹੈ, ਉਹ ਪ੍ਰੋਗਰਾਮ ਹੁਣ ਵੀ ਸੁਣ ਸਕਦੇ ਹਨ।

ਰੇਡੀਓ ਇਨ੍ਹਾਂ ਸਟੋਰਾਂ ਤੋਂ ਪ੍ਰਾਪਤ ਕਰੋ ਜੀ

Sangram's Palace - Union City (510) 441-9330
Royal Fabrics - Union City (510) 429-0122
Siddhartha International - Fremont (510) 792-8500
Singh Video - Santa Clara (408) 746-0758
Deep Emporium - Milpites - (408) 263-8325
India Palace - San Jose (408) 223-9978
Mckee Liquors - San Jose (408) 929-1111
Bhai Khushminder Singh - (408) 406-9135

ਹੋਰ ਜਾਣਕਾਰੀ ਲਈ

Email: punjabiradiousa@yahoo.com

Phone : 408.600.7891

3750 McKee Road, # B, San Jose CA 95127



BIG RIG TIRE & SERVICE

954 Glenwood Ave, Turlock, CA 95380

Ph 209-669-6989, 209-678-6176

ਇਥੇ ਕਾਰਾਂ, ਟਰੱਕ-ਟਰੇਲਰ, ਫਾਰਮ ਟਰੈਕਟਰ ਅਤੇ RV ਦੇ ਟਾਇਰ ਵਧੀਆ ਅਤੇ ਸਸਤੀ ਕੀਮਤ ਉਪਰ ਮਿਲਦੇ ਹਨ।

ਇਸ ਤੋਂ ਇਲਾਵਾ ਅਸੀਂ ਟਰੱਕ ਟਰੇਲਰ ਅਤੇ ਰੀਫਰ ਦੀ ਰਿਪੇਅਰ ਅਤੇ ਸਰਵਿਸ ਦਾ ਕੰਮ ਤਸੱਲੀਬਖਸ਼ ਤਰੀਕੇ ਨਾਲ ਕਰਦੇ ਹਾਂ।



24 Hours Road Service

NEW & USED TIRE
SALE & SERVICE

ਸਪੈਸ਼ਲ : ਅਸੀਂ ਟਰੱਕਾਂ ਦੇ ਹਰ ਤਰਾਂ ਦੇ ਸਾਈਨ ਵੀ ਬਣਾਉਂਦੇ ਹਾਂ

CENTRAL VALLET TRUCK SCHOOL
Re-Opens
SCHOOL @ SAME PLACE



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent ’ਤੇ ਘਰ ਲੈਣਾ ਹੋਵੇ ਜਾਂ
Rent ’ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD
Millennium



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

Gurbans Gill 209-815-1869

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 80 ਡਾਲਰ,
ਪੰਜ ਸਾਲ ਲਈ: 375 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਾਂਗਰਸ ਪ੍ਰਧਾਨਗੀ ਲਈ ਆਖਰੀ ਮਸ਼ਕ ਸ਼ੁਰੂ?

**ਜਲੰਧਰ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਨਵੇਂ ਪ੍ਰਧਾਨ ਦੀ ਚੋਣ ਨੂੰ ਲੈ ਕੇ ਪਹਿਲਾਂ ਹੀ ਪਾਰਟੀ 'ਚ ਤਿੱਖੀ ਧੜੇਬੰਦੀ ਚਲ ਰਹੀ ਹੈ, ਪਰ ਹੁਣ ਪਾਰਟੀ ਦੀਆਂ ਜਥੇਬੰਦਕ ਚੋਣਾਂ ਦੌਰਾਨ ਬਲਾਕ ਅਤੇ ਜ਼ਿਲ੍ਹਾ ਪੱਧਰ ਦੇ ਅਹੁਦੇ ਹਾਸਲ ਕਰਨ ਲਈ ਆਗੂਆਂ ਵਲੋਂ ਦਿਖਾਈ ਜਾ ਰਹੀ ਆਪੋਧਾਪੀ ਨੇ ਜਿਥੇ ਆਪਸੀ ਖਿੱਚੋਤਾਣ ਉਭਾਰੀ ਹੈ, ਉਥੇ ਪਾਰਟੀ ਦੇ ਅੰਦਰ ਹੋ ਰਹੇ ਦਵੰਦ ਨੂੰ ਵੀ ਨੰਗਾ ਕੀਤਾ ਹੈ। ਕਾਂਗਰਸੀਆਂ ਅੰਦਰ ਇਹ ਗੱਲ ਘਰ ਕਰ ਗਈ ਹੈ ਕਿ ਚੋਣਾਂ ਤਾਂ ਸਿਰਫ ਇਕ ਡਰਾਮਾ ਹਨ, ਅਹੁਦੇਦਾਰੀਆਂ ਤਾਂ ਕਾਂਗਰਸ ਹਾਈ ਕਮਾਨ ਨੇ ਵੰਡਣੀਆਂ ਹਨ। ਇਸ ਲਈ ਉਨ੍ਹਾਂ ਨੇ ਪਾਰਟੀ ਦੀ ਕੇਂਦਰੀ ਚੋਣ ਕਮੇਟੀ ਵਲੋਂ ਨਿਯੁਕਤ ਕੀਤੀ ਪ੍ਰਦੇਸ਼ਕ ਰਿਟਰਨਿੰਗ ਅਧਿਕਾਰੀ ਊਸ਼ਾ ਠੱਕਰ ਵਲੋਂ ਨਿਯੁਕਤ ਕੀਤੇ ਜਾ ਰਹੇ ਬਲਾਕ ਪੱਧਰ ਦੇ ਰਿਟਰਨਿੰਗ ਅਫਸਰਾਂ ਦੀਆਂ ਨਿਯੁਕਤੀਆਂ ਨੂੰ ਚੁਣੌਤੀ ਦੇਣੀ ਸ਼ੁਰੂ ਕਰ ਦਿੱਤੀ ਹੈ। ਹੇਠਲੇ ਆਗੂਆਂ ਦੀ ਅਹੁਦੇਦਾਰੀਆਂ ਲਈ ਲਾਲਸਾ ਕਾਰਨ ਕੇਂਦਰੀ ਲੀਡਰਸ਼ਿਪ ਕਸੂਤੀ ਸਥਿਤੀ 'ਚ ਫਸੀ ਹੋਈ ਹੈ ਅਤੇ ਉਸ ਦੀ ਬਲਾਕ ਅਤੇ ਜ਼ਿਲ੍ਹਾ ਪੱਧਰ 'ਤੇ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਕਰਾਏ ਜਾਣ ਦੀ ਅੰਦਰੂਨੀ ਰਣਨੀਤੀ ਖਟਾਈ 'ਚ ਪੈਂਦੀ ਜਾਪ ਰਹੀ ਹੈ।

ਕਾਂਗਰਸ ਦੀਆਂ ਜਥੇਬੰਦਕ ਚੋਣਾਂ ਦੌਰਾਨ ਪਾਰਟੀ ਦੇ ਅੰਦਰੂਨੀ ਕਲੇਸ਼ ਨੂੰ ਹੋਰ ਵਧਣ ਤੋਂ ਰੋਕਣ ਅਤੇ ਧੜੇਬੰਦੀ ਨੂੰ ਖੁੰਢਾ ਕਰਨ ਲਈ ਕੇਂਦਰੀ ਲੀਡਰਸ਼ਿਪ ਨੇ ਵੋਟਾਂ ਦੇ ਝੰਜਟ ਤੋਂ ਬਚਣ ਲਈ ਜਿਹੜੀ ਰਣਨੀਤੀ ਅਪਣਾਈ ਹੈ, ਉਹ ਪੁੱਠੀ ਪੈਂਦੀ ਲਗਦੀ ਹੈ। ਪਾਰਟੀ ਦੇ ਕਈ ਆਗੂਆਂ ਖੁੱਲ੍ਹੇਆਮ ਇਹ ਦੋਸ਼ ਲਾ ਰਹੇ ਹਨ ਕਿ ਜਥੇਬੰਦਕ ਚੋਣਾਂ ਦੌਰਾਨ ਸਾਧਾਰਨ ਆਗੂਆਂ ਨੂੰ ਅੱਖੋਂ ਓਹਲੇ ਕੀਤਾ ਜਾ ਰਿਹਾ ਹੈ। ਇਨ੍ਹਾਂ ਆਗੂਆਂ ਦਾ ਮੰਨਣਾ ਹੈ ਕਿ ਪਾਰਟੀ ਵਿਚ ਪਹਿਲਾਂ ਹੀ ਅਮੀਰ ਅਤੇ ਪ੍ਰਭਾਵੀ ਨੇਤਾਵਾਂ ਦਾ ਬੋਲਬਾਲਾ ਹੈ ਅਤੇ ਉਨ੍ਹਾਂ ਦੇ ਸਾਹਮਣੇ (ਪਾਰਟੀ ਆਗੂਆਂ) ਦੀ ਨਹੀਂ ਪੁੱਗਦੀ, ਭਾਵੇਂ ਕਿ ਉਨ੍ਹਾਂ ਦਾ ਜਨਤਾ 'ਚ ਚੰਗਾ ਆਧਾਰ ਹੈ। ਮੀਡੀਆ ਰਿਪੋਰਟਾਂ ਅਨੁਸਾਰ ਪੰਜਾਬ ਦੇ ਸੀਨੀਅਰ ਆਗੂਆਂ ਵਲੋਂ ਕੀਤੀ ਗਈ ਆਪਸੀ ਗੰਢ-ਤੁਪ ਕਾਰਨ ਹੇਠਲੇ ਪੱਧਰ ਦੇ ਕਾਂਗਰਸੀ ਆਗੂਆਂ ਨੇ ਸਿੱਧੇ ਹੀ ਚੰਡੀਗੜ੍ਹ ਜਾ ਕੇ ਗਰੁੱਪਾਂ ਵਿਚ ਕਾਂਗਰਸ ਚੋਣ ਅਧਿਕਾਰੀ ਨੂੰ ਮਿਲਣਾ ਸ਼ੁਰੂ ਕੀਤਾ ਹੋਇਆ ਹੈ ਜਿਸ ਦੇ ਚਲਦਿਆਂ ਸਨਿਚਰਵਾਰ ਦੇਰ ਰਾਤ ਪਾਰਟੀ ਆਗੂ ਇਸ ਮੁੱਦੇ 'ਤੇ ਰੌਲਾ ਪਾਉਂਦੇ ਰਹੇ ਕਿ ਬਲਾਕ ਅਤੇ ਜ਼ਿਲ੍ਹਾ ਪੱਧਰ 'ਤੇ ਰਿਟਰਨਿੰਗ ਅਫਸਰਾਂ ਦੀਆਂ ਨਿਯੁਕਤੀਆਂ ਉਨ੍ਹਾਂ ਦੀ ਪਸੰਦ ਮੁਤਾਬਕ ਨਹੀਂ ਕੀਤੀਆਂ ਜਾ ਰਹੀਆਂ।




ਇਹ ਗੱਲ ਵੀ ਉਭਰ ਕੇ ਆਈ ਕਿ ਕਈਆਂ ਨੂੰ ਭਰਤੀ ਮੁਤਾਬਕ ਡੈਲੀਗੇਟਾਂ ਦਾ ਹਿੱਸਾ ਨਹੀਂ ਮਿਲ ਰਿਹਾ। ਉਨ੍ਹਾਂ ਰਿਟਰਨਿੰਗ ਅਫਸਰ ਸ੍ਰੀਮਤੀ ਊਸ਼ਾ ਠੱਕਰ 'ਤੇ ਆਪੋ-ਆਪਣੀ ਪਸੰਦ ਦੇ ਚੋਣ ਅਧਿਕਾਰੀ ਨਿਯੁਕਤ ਕਰਨ ਲਈ ਦਬਾਅ ਪਾਇਆ। ਕਈ ਆਗੂਆਂ ਨੇ ਤਾਂ ਕੇਂਦਰੀ ਚੋਣ ਕਮੇਟੀ ਦੇ ਮੁਖੀ ਆਸਕਰ ਫਰਨਾਂਡੇਜ਼, ਪਾਰਟੀ ਦੀ ਪੰਜਾਬ ਮਾਮਲਿਆਂ ਦੀ ਮੁਖੀ ਬੇਗਮ ਮੋਹਸਿਨਾ ਕਿਦਵਈ ਅਤੇ ਕੇਂਦਰੀ ਮੰਤਰੀ ਸ੍ਰੀਮਤੀ ਅੰਬਿਕਾ ਸੋਨੀ ਤੱਕ ਪਹੁੰਚ ਕਰਕੇ ਜਥੇਬੰਦਕ ਚੋਣਾਂ ਦੇ ਅਮਲ ਵਿਚ ਦਖਲ ਦੇਣ ਦੀ ਮੰਗ ਕੀਤੀ ਹੈ।

ਰਿਪੋਰਟਾਂ ਅਨੁਸਾਰ ਮਾਨਸਾ ਜ਼ਿਲ੍ਹੇ ਦੇ ਕਾਂਗਰਸੀ ਆਗੂ ਰਾਮ ਪਾਲ ਢੈਪਈ, ਦੁਆਬੇ 'ਚੋਂ ਮਰਹੂਮ ਕਾਂਗਰਸੀ ਨੇਤਾ ਪੰਡਤ ਕੇਵਲ ਕ੍ਰਿਸ਼ਨ ਦੇ ਪੁੱਤਰ ਅਤੇ ਮਾਝੇ ਵਿਚੋਂ ਫਤਿਹਜੰਗ ਬਾਜਵਾ ਦੇ ਇਲਾਕਿਆਂ ਵਿਚ ਮਨਮਰਜ਼ੀ ਦੇ ਚੋਣ ਅਧਿਕਾਰੀਆਂ ਦੀ ਨਿਯੁਕਤੀ ਨਾ ਹੋਣ 'ਤੇ ਉਨ੍ਹਾਂ ਆਪਣੇ ਇਲਾਕਿਆਂ ਵਿਚ ਚੋਣਾਂ ਕਰਾਉਣ ਦੀ ਮੰਗ ਕਰ ਦਿੱਤੀ। ਕਈ ਆਗੂਆਂ ਨੇ ਇਹ ਵੀ ਦੋਸ਼ ਲਾਏ ਕਿ ਸੀਨੀਅਰ ਆਗੂਆਂ ਦੇ ਕਹਿਣ 'ਤੇ ਰਿਟਰਨਿੰਗ ਅਫਸਰਾਂ ਨੂੰ ਲਗਾਤਾਰ ਬਦਲਿਆ ਜਾ ਰਿਹਾ ਹੈ। ਉਧਰ ਪ੍ਰਦੇਸ਼ ਰਿਟਰਨਿੰਗ ਅਧਿਕਾਰੀ ਸ੍ਰੀਮਤੀ ਊਸ਼ਾ ਠੱਕਰ ਦਾ ਆਖਣਾ ਹੈ ਕਿ ਪਾਰਟੀ ਹਾਈ ਕਮਾਨ ਵਲੋਂ ਉਨ੍ਹਾਂ ਦੀ ਡਿਊਟੀ ਨਿਰਪੱਖ ਅਤੇ ਸਾਫ ਸੁਥਰੇ ਢੰਗ ਨਾਲ ਜਥੇਬੰਦਕ ਚੋਣਾਂ ਕਰਾਉਣ ਲਈ ਲਗਾਈ ਗਈ ਹੈ ਅਤੇ ਕਿਸੇ ਦੇ ਪ੍ਰਭਾਵ ਹੇਠ ਨਹੀਂ ਆਵਾਂਗੀ। ਉਨ੍ਹਾਂ ਕਿਹਾ ਕਿ ਯੋਗ ਵਿਅਕਤੀ ਨੂੰ ਬਲਾਕ ਰਿਟਰਨਿੰਗ ਅਫਸਰ ਦੀ ਡਿਊਟੀ ਸੌਂਪਣਾ ਮੇਰਾ ਅਧਿਕਾਰ ਖੇਤਰ ਹੈ, ਇਸ ਕੰਮ ਲਈ ਮੈਂ ਕਿਸੇ ਦਬਾਅ ਹੇਠ ਨਹੀਂ ਹਾਂ। ਉਨ੍ਹਾਂ ਇਹ ਵੀ ਮੰਨਿਆ ਕਿ ਪਾਰਟੀ ਦੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

ਕਾਂਗਰਸ ਪਾਰਟੀ ਦੇ ਹੇਠਲੇ ਪੱਧਰ ਦੇ ਆਗੂਆਂ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਆਗੂਆਂ ਸ੍ਰੀਮਤੀ ਰਜਿੰਦਰ ਕੌਰ ਭੱਠਲ, ਸਾਬਕਾ ਸੰਸਦ ਮੈਂਬਰ ਰਾਣਾ ਗੁਰਜੀਤ ਸਿੰਘ ਅਤੇ ਲਾਲ ਸਿੰਘ ਆਦਿ ਨੇ ਵੀ ਸ੍ਰੀਮਤੀ ਊਸ਼ਾ ਠੱਕਰ ਨਾਲ ਮੁਲਾਕਾਤ ਕੀਤੀ। ਇਸ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਵੀ ਉਨ੍ਹਾਂ ਨਾਲ ਫੋਨ 'ਤੇ ਗੱਲਬਾਤ ਕਰਨ ਦੀਆਂ ਰਿਪੋਰਟਾਂ ਹਨ। ਪਾਰਟੀ 'ਚ ਹੇਠਲੇ ਪੱਧਰ 'ਤੇ ਆਪਾਧਾਪੀ ਵਧਣ ਦਾ ਇਕ ਕਾਰਨ ਇਹ ਵੀ ਮੰਨਿਆ ਜਾ ਰਿਹਾ ਹੈ ਕਿ ਪ੍ਰਦੇਸ਼ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਮਹਿੰਦਰ ਸਿੰਘ ਕੇਪੀ ਅਤੇ ਕੈਪਟਨ ਅਮਰਿੰਦਰ ਸਿੰਘ ਵਿਚ ਹੋਈ ਗੁਪਤ ਮੀਟਿੰਗ ਕਾਰਨ ਹੇਠਲੇ ਆਗੂ ਸਮਝ ਰਹੇ ਹਨ ਕਿ ਹੁਣ ਉਨ੍ਹਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ, ਇਸ ਲਈ ਉਨ੍ਹਾਂ ਨੇ ਆਪਣੇ ਪੱਧਰ 'ਤੇ ਜ਼ੋਰ ਅਜ਼ਮਾਈ ਸ਼ੁਰੂ ਕੀਤੀ ਹੋਈ ਹੈ। ਸ੍ਰੀ ਕੇਪੀ ਦੇ ਇੰਗਲੈਂਡ ਦੌਰੇ 'ਤੇ ਚਲੇ ਜਾਣ ਨਾਲ ਉਨ੍ਹਾਂ ਦੇ ਹਿਮਾਇਤੀਆਂ ਦੇ ਹੌਂਸਲੇ ਢਹਿ-ਢੇਰੀ ਹੋ ਗਏ ਹਨ। ਇਨ੍ਹਾਂ ਕਾਂਗਰਸੀਆਂ ਦਾ ਮੰਨਣਾ ਹੈ ਕਿ ਜਥੇਬੰਦਕ ਚੋਣਾਂ ਦਾ ਮੈਦਾਨ ਪੂਰੀ ਤਰ੍ਹਾਂ ਪਾਰਟੀ ਵਿਚਲੇ ਵਿਰੋਧੀਆਂ ਦੇ ਹੱਥ ਆ ਜਾਣਾ ਹੈ। ਉਧਰ ਬੀਬੀ ਭੱਠਲ ਵਲੋਂ ਆਪਣੇ ਹਮਾਇਤੀਆਂ ਦਾ ਮਨੋਬਲ ਇਹ ਆਖ ਕੇ ਉਚਾ ਚੁੱਕਣ ਦੇ ਯਤਨ ਕੀਤੇ ਜਾ ਰਹੇ ਹਨ ਕਿ ਜਥੇਬੰਦਕ ਚੋਣਾਂ ਪਾਰਟੀ ਵਲੋਂ ਨਿਯੁਕਤ ਕੀਤੀ ਰਿਟਰਨਿੰਗ ਅਫਸਰ ਨੇ ਹੀ ਕਰਾਉਣੀਆਂ ਹਨ, ਇਸ ਵਿਚ ਪਾਰਟੀ ਦੇ ਸੂਬਾ ਪ੍ਰਧਾਨ ਦੀ ਕੋਈ ਭੂਮਿਕਾ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਜਥੇਬੰਦਕ ਚੋਣਾਂ ਦੌਰਾਨ ਪਾਰਟੀ ਪ੍ਰਧਾਨ ਦੀ ਗੈਰ-ਮੌਜੂਦਗੀ ਕੋਈ ਬਹੁਤ ਵੱਡਾ ਮਸਲਾ ਨਹੀਂ ਹੈ।

ਭਾਵੇਂ ਪਾਰਟੀ ਦੀਆਂ ਜਥੇਬੰਦਕ ਚੋਣਾਂ ਅਜੇ ਸਿਰੇ ਨਹੀਂ ਲੱਗੀਆਂ ਪਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਨਵੇਂ ਪ੍ਰਧਾਨ ਦੀ ਨਿਯੁਕਤੀ ਨੂੰ ਲੈ ਕੇ ਕਾਂਗਰਸੀਆਂ ਨੇ ਸਿਆਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਪੰਜਾਬ ਕਾਂਗਰਸ ਦੇ ਇੰਡਸਟਰੀ ਅਤੇ ਟਰੇਡ ਸੈੱਲ ਦੇ ਜਨਰਲ ਸਕੱਤਰ ਅਤੇ ਸਾਬਕਾ ਮੰਤਰੀ ਅਵਤਾਰ ਹੈਨਰੀ ਦੇ ਪੁੱਤਰ ਗੁਰਜੀਤ ਸਿੰਘ ਸੰਘੇੜਾ ਨੇ ਲੰਘੇ ਸਨਿਚਰਵਾਰ ਕੇਂਦਰੀ ਚੋਣ ਅਧਿਕਾਰੀ ਆਸਕਰ ਫਰਨਾਂਡੀਜ਼, ਪੰਜਾਬ ਕਾਂਗਰਸ ਮਾਮਲਿਆਂ ਦੀ ਇੰਚਾਰਜ ਅਤੇ ਪਾਰਟੀ ਦੀ ਜਨਰਲ ਸਕੱਤਰ ਮੋਹਸਿਨਾ ਕਿਦਵਈ ਅਤੇ ਰਖਿਆ ਮੰਤਰੀ ਏ.ਕੇ. ਐਂਟਨੀ ਨਾਲ ਇਕ ਵੱਡੇ ਵਫਦ ਸਮੇਤ ਮੁਲਾਕਾਤ ਕਰਕੇ ਮੰਗ ਕੀਤੀ ਕਿ ਪੰਜਾਬ ਕਾਂਗਰਸ ਦੀ ਵਾਗਡੋਰ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪੀ ਜਾਵੇ ਕਿਉਂਕਿ ਉਹ ਹੀ ਅਕਾਲੀਆਂ ਨਾਲ ਟੱਕਰ ਲੈਣ ਦੇ ਸਮਰੱਥ ਹਨ।

ਪੰਜਾਬ ਵਿਚ ਵਿਧਾਨ ਸਭਾ ਚੋਣਾਂ 'ਚ ਸਿਰਫ ਡੇਢ ਸਾਲ ਬਾਕੀ ਬਚਿਆ ਹੈ ਅਤੇ ਕੇਂਦਰੀ ਹਾਈ ਕਮਾਨ ਵਲੋਂ ਵੀ ਪੰਜਾਬ 'ਚ ਅਕਾਲੀ-ਭਾਜਪਾ ਸਰਕਾਰ ਨੂੰ ਟੱਕਰ ਦੇ ਸਕਣ ਯੋਗ ਕੱਦਾਵਰ ਨੇਤਾ ਕੈਪਟਨ ਅਮਰਿੰਦਰ ਸਿੰਘ ਤੇ ਗੁਣਾ ਪਾਏ ਜਾਣ ਦੀਆਂ ਰਿਪੋਰਟਾਂ ਹਨ। ਕੈਪਟਨ ਵਲੋਂ ਮਹਿੰਦਰ ਸਿੰਘ ਕੇਪੀ ਨੂੰ ਮਨਾਏ ਜਾਣ ਪਿੱਛੋਂ ਉਨ੍ਹਾਂ ਦੀ ਨਿਯੁਕਤੀ ਲਈ ਰਾਹ ਪੱਧਰਾ ਸਮਝਿਆ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਕਈ ਆਗੂਆਂ ਪ੍ਰਤਾਪ ਸਿੰਘ ਬਾਜਵਾ, ਮਹਿੰਦਰ ਸਿੰਘ ਕੇਪੀ, ਜਗਮੀਤ ਬਰਾੜ, ਰਜਿੰਦਰ ਕੌਰ ਭੱਠਲ ਨੇ ਪ੍ਰਧਾਨਗੀ ਹਾਸਲ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਪਰ ਕੋਈ ਵੀ ਸਫਲ ਨਾ ਹੋ ਸਕਿਆ।

# ਸੋਮਨਾਥ ਨਾਲ ਸਬੰਧਤ ਨਹੀਂ ਦਰਸ਼ਨੀ ਡਿਓਢੀ ਦੇ ਦਰਵਾਜ਼ੇ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਦੇ ਬੇਸ਼ਕੀਮਤੀ ਦਰਵਾਜ਼ਿਆਂ ਦੀ ਹੋਂਦ ਬਾਰੇ ਸ਼੍ਰੋਮਣੀ ਕਮੇਟੀ ਵਲੋਂ ਇਤਿਹਾਸਕ ਪੁਸਤਕਾਂ 'ਚੋਂ ਕੀਤੀ ਗਈ ਖੋਜ ਤੋਂ ਬਾਅਦ ਮੁੜ ਦਾਅਵਾ ਕੀਤਾ ਗਿਆ ਹੈ ਕਿ ਇਹ ਇਤਿਹਾਸਕ ਦਰਵਾਜ਼ੇ ਸਿੱਖ ਭਾਈਚਾਰੇ ਵਲੋਂ ਹੀ ਬਣਵਾਏ ਗਏ ਤੇ ਇਨ੍ਹਾਂ ਦਰਵਾਜ਼ਿਆਂ ਦਾ ਸੋਮਨਾਥ ਦੇ ਮੰਦਿਰ ਨਾਲ ਕੋਈ ਸਬੰਧ ਨਹੀਂ ਹੈ।



ਇਨ੍ਹਾਂ ਦਰਵਾਜ਼ਿਆਂ ਬਾਰੇ ਮੁੜ ਇਹ ਵਿਵਾਦ ਭਖਿਆ ਹੈ ਕਿ ਇਹ ਦਰਵਾਜ਼ੇ ਸੋਮਨਾਥ ਮੰਦਿਰ ਦੇ ਹਨ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵਲੋਂ ਦਾਅਵਾ ਕੀਤਾ ਜਾ ਚੁੱਕਾ ਹੈ ਕਿ ਦਰਵਾਜ਼ਿਆਂ ਦਾ ਸੋਮਨਾਥ ਦੇ ਮੰਦਿਰ ਨਾਲ ਕੋਈ ਸਬੰਧ ਨਹੀਂ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਇਹ ਦਰਵਾਜ਼ੇ ਸੋਮਨਾਥ ਮੰਦਿਰ ਨਾਲ ਸਬੰਧਤ ਹੋਣ ਕਾਰਨ ਵਾਪਸ ਭੇਜੇ ਜਾਣ ਦੀ ਸੰਭਾਵਨਾ ਹੈ।

ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਰੂਪ ਸਿੰਘ ਵਲੋਂ ਇਤਿਹਾਸਕ ਪੁਸਤਕਾਂ ਦੇ ਹਵਾਲਿਆਂ ਦੀ ਖੋਜ ਕਰਨ ਮਗਰੋਂ ਦਾਅਵਾ ਕੀਤਾ ਗਿਆ ਹੈ ਕਿ ਇਹ ਦਰਵਾਜ਼ੇ 1764 ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਨਵ-ਉਸਾਰੀ ਤੋਂ ਬਾਅਦ ਦੁਬਾਰਾ ਬਣਵਾਏ ਗਏ ਸਨ। ਉਨ੍ਹਾਂ ਵਲੋਂ ਕਰਮ ਸਿੰਘ ਹਿਸਟੋਰੀਅਨ ਦੀ ਪੁਸਤਕ 'ਤਵਾਰੀਖ ਅੰਮ੍ਰਿਤਸਰ', ਸਾਬਕਾ ਜਥੇਦਾਰ ਕਿਰਪਾਲ ਸਿੰਘ ਦੀ ਪੁਸਤਕ 'ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ' ਅਤੇ ਲਾਹੌਰ ਤੋਂ ਛਪੀ ਲੇਖਕ ਉਧਮ ਸਿੰਘ ਦੀ ਪੁਸਤਕ 'ਤਾਰੀਖ-ਏ-ਦਰਬਾਰ ਸਾਹਿਬ' ਤੋਂ ਇਲਾਵਾ ਮਹਾਨਕੋਸ਼ ਤੇ ਹੋਰ ਪੁਸਤਕਾਂ ਦੀ ਘੋਖ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਨਵ-ਉਸਾਰੀ ਤੋਂ ਬਾਅਦ ਉਸ ਵੇਲੇ 1803 ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਦਰਵਾਜ਼ਿਆਂ ਲਈ ਵੀ ਸੁਨਹਿਰੀ ਜੋੜੀਆਂ ਤਿਆਰ ਕਰਵਾਈਆਂ ਗਈਆਂ ਸਨ। ਇਨ੍ਹਾਂ ਵਿਚੋਂ ਇਕ ਜੋੜੀ ਮਹਾਰਾਜਾ ਰਣਜੀਤ ਸਿੰਘ, ਦੋ ਸੁਨਹਿਰੀ ਜੋੜੀਆਂ ਮਹਾਰਾਜਾ ਖੜਕ ਸਿੰਘ ਤੇ ਉਨ੍ਹਾਂ ਦੀ ਮਾਤਾ ਅਤੇ ਇਕ ਜੋੜੀ ਮਹਾਰਾਣੀ ਚੰਦ ਕੌਰ ਵਲੋਂ ਤਿਆਰ ਕਰਵਾਈ ਗਈ ਸੀ। ਇਹ ਸਾਰੇ ਦਰਵਾਜ਼ੇ ਗਿਆਨੀ ਸੰਤ ਸਿੰਘ ਵਲੋਂ ਮਿਸਤਰੀ ਮੁਹੰਮਦ ਯਾਰ ਖਾਂ ਦੀ ਦੇਖ-ਰੇਖ ਹੇਠ ਤਿਆਰ ਕੀਤੇ ਗਏ ਸਨ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਮਹਾਰਾਜਾ ਸ਼ੇਰ ਸਿੰਘ ਤੱਕ ਇਸ ਦੀ ਚੁਗਾਠ, ਦਰਸ਼ਨੀ ਦਰਵਾਜ਼ੇ ਅਤੇ ਇਸ ਉਪਰ ਜੜ੍ਹਤ ਦਾ ਕੰਮ ਵੀ ਹੁੰਦਾ ਰਿਹਾ।

ਉਨ੍ਹਾਂ ਦੱਸਿਆ ਕਿ ਸੋਮਨਾਥ ਮੰਦਿਰ ਦੀ ਬਣਾਈ ਗਈ ਵੈਬਸਾਈਟ 'ਤੇ ਇਹ ਗੱਲ ਦਰਜ ਹੈ ਕਿ ਸੋਮਨਾਥ ਦੇ ਮੰਦਿਰ 'ਤੇ ਹਮਲਾਵਰਾਂ ਵਲੋਂ 6 ਵਾਰ ਹਮਲੇ ਕੀਤੇ ਗਏ, ਜਿਨ੍ਹਾਂ ਮਗਰੋਂ ਮੰਦਿਰ ਦੀ ਮੁੜ ਉਸਾਰੀ ਕਰਨੀ ਪਈ। ਆਖਰੀ ਵਾਰ ਇਸ ਨੂੰ 1951 ਵਿਚ ਉਸਾਰਿਆ ਗਿਆ ਅਤੇ ਇਸ ਦੀ ਆਰੰਭਤਾ ਸਮੇਂ ਉਸ ਵੇਲੇ ਦੇ ਰਾਸ਼ਟਰਪਤੀ ਡਾ. ਰਜਿੰਦਰ ਪ੍ਰਸਾਦ ਸ਼ਾਮਲ ਹੋਏ। ਇਥੇ ਦਰਜ ਯੂ.ਕੇ. ਦੇ ਹਾਊਸ ਆਫ ਕਾਮਨਸ ਦੀ ਘੋਸ਼ਣਾ ਨੇ ਇਨ੍ਹਾਂ ਦਰਵਾਜ਼ਿਆਂ ਦੀ ਹੋਂਦ ਬਾਰੇ ਹੋਰ ਵੀ ਸਪੱਸ਼ਟ ਕਰ ਦਿੱਤਾ ਹੈ।

ਸ. ਰੂਪ ਸਿੰਘ ਨੇ ਇਹ ਵੀ ਦਲੀਲ ਦਿੱਤੀ ਹੈ ਕਿ ਕਿਸੇ ਧਾੜਵੀ ਵਲੋਂ ਹਿੰਦੂ ਮੰਦਿਰ ਦੇ ਉਤਾਰੇ ਹੋਏ ਦਰਵਾਜ਼ੇ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਨੂੰ ਕਿਉਂ ਲਾਏ ਜਾਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਦਰਵਾਜ਼ਿਆਂ ਬਾਰੇ ਸ਼ੰਕੇ ਪੈਦਾ ਕਰਨ ਵਾਲੇ ਇਹ ਦੱਸਣ ਕਿ ਕੀ ਦਰਸ਼ਨੀ ਡਿਓਢੀ ਬਣਾਉਣ ਸਮੇਂ ਇਸ ਦੇ ਦਰਵਾਜ਼ੇ ਦੀ ਲੰਬਾਈ, ਚੌੜਾਈ ਅਤੇ ਉਚਾਈ ਸੋਮਨਾਥ ਦੇ ਮੰਦਿਰ ਦੇ ਦਰਵਾਜ਼ਿਆਂ ਦੀ ਗਿਣਤੀ-ਮਿਣਤੀ ਕਰਕੇ ਰੱਖੀ ਗਈ ਸੀ। ਉਨ੍ਹਾਂ ਇਸ ਸਬੰਧੀ ਵਿਵਾਦ ਨੂੰ ਬੇਲੋੜਾ ਕਰਾਰ ਦਿੱਤਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਅਕਾਲੀਆਂ ਦੇ ਨਜਾਇਜ਼ ਕਬਜ਼ਿਆਂ ਦਾ ਸਵਾਲ ਉਠਿਆ

**ਮੋਹਾਲੀ :** ਮੋਹਾਲੀ ਸ਼ਹਿਰ ਅਤੇ ਆਸ-ਪਾਸ ਦੇ ਇਲਾਕੇ ਵਿਚ ਵੱਖ-ਵੱਖ ਥਾਵਾਂ 'ਤੇ ਸਰਕਾਰੀ ਅਤੇ ਪ੍ਰਾਈਵੇਟ ਜ਼ਮੀਨਾਂ 'ਤੇ ਧੜੱਲੇ ਨਾਲ ਕੀਤੇ ਜਾ ਰਹੇ ਨਾਜਾਇਜ਼ ਕਬਜ਼ਿਆਂ ਅਤੇ ਇਨ੍ਹਾਂ ਕਬਜ਼ਿਆਂ ਦੇ ਮਾਮਲਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀ ਸ਼ਮੂਲੀਅਤ ਹੋਣ ਦੇ ਮਾਮਲੇ ਨੇ ਗਰਮੀ ਫੜ ਲਈ ਹੈ, ਉਥੇ ਮੀਡੀਆ ਵਲੋਂ ਇਹ ਮੁਦਾ ਚੁਕੇ ਜਾਣ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁਹਾਲੀ ਦੇ ਐਸ.ਐਸ.ਪੀ. ਗੁਰਪ੍ਰੀਤ ਸਿੰਘ ਭੁੱਲਰ ਨੂੰ ਮਾਮਲੇ ਦੀ ਤੁਰੰਤ ਜਾਂਚ ਕਰਨ ਦੇ ਹੁਕਮ ਜਾਰੀ ਕੀਤੇ ਹਨ।

ਜ਼ਿਕਰਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਬੀਤੀ 19 ਜੁਲਾਈ ਨੂੰ ਮੋਹਾਲੀ ਵਿਖੇ ਹੈਲਥ ਕਾਰਪੋਰੇਸ਼ਨ ਵਲੋਂ ਮੋਬਾਇਲ ਵੈਨਾਂ ਨੂੰ ਹਰੀ ਝੰਡੀ ਦੇਣ ਲਈ ਆਏ ਸਨ। ਇਸ ਸੰਬੰਧੀ ਬੁਲਾਈ ਮਿਲਣੀ ਵਿਚ ਪੱਤਰਕਾਰਾਂ ਵਲੋਂ ਸ੍ਰੀ ਬਾਦਲ ਨੂੰ ਇਕ ਸਵਾਲ ਕੀਤਾ ਕਿ ਮੋਹਾਲੀ ਵਿਖੇ ਅਕਾਲੀ ਆਗੂਆਂ ਵਲੋਂ ਵੱਖ-ਵੱਖ ਥਾਵਾਂ 'ਤੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ ਜਾਂ ਕਬਜ਼ਾ ਕਰਨ ਵਾਲਿਆਂ ਦੀ ਮਦਦ ਕੀਤੀ ਜਾ ਰਹੀ ਹੈ। ਇਸ ਸੰਬੰਧੀ ਮੁੱਖ ਮੰਤਰੀ ਵਲੋਂ ਲਿਖਤੀ ਸ਼ਿਕਾਇਤ ਦੇਣ ਲਈ ਕਿਹਾ ਗਿਆ ਤਾਂ ਉਨ੍ਹਾਂ ਤੁਰੰਤ ਇਕ ਲਿਖਤੀ ਸ਼ਿਕਾਇਤ ਸ. ਬਾਦਲ ਨੂੰ ਦਿੱਤੀ। ਪ੍ਰਾਪਤ ਜਾਣਕਾਰੀ ਅਨੁਸਾਰ ਦਿੱਤੀ ਸ਼ਿਕਾਇਤ ਵਿਚ ਲਿਖਿਆ ਗਿਆ ਹੈ ਕਿ ਲੰਬੀ ਹਲਕੇ ਦੇ ਜਥੇਦਾਰ ਇਕਬਾਲ ਸਿੰਘ ਤਰਮਾਲਾ ਨੇ ਮੋਹਾਲੀ ਦੇ ਫੇਜ਼ 3-ਬੀ-2 ਵਿਖੇ ਕੋਠੀ ਨੰ: 961 'ਤੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ ਅਤੇ ਉਥੇ ਹਥਿਆਰਬੰਦ ਬੰਦੇ ਬਿਠਾਏ ਹੋਏ ਹਨ। ਇਸ ਤਰ੍ਹਾਂ ਫੇਜ਼ 11 ਵਿਚ ਬਿਜਲੀ ਮੁਲਾਜ਼ਮ ਪੀ ਪੀ ਸਿੰਘ ਨੇ ਆਪਣੀ ਜਗ੍ਹਾ ਇਕ ਨੌਜਵਾਨ ਨੂੰ ਕਿਰਾਏ 'ਤੇ ਦਿੱਤੀ ਅਤੇ ਉਹ ਬਾਅਦ ਵਿਚ ਅਕਾਲੀ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਜਗ੍ਹਾ 'ਤੇ ਨਜਾਇਜ਼ ਕਬਜ਼ਾ ਕਰਕੇ ਬੈਠ ਗਿਆ ਅਤੇ ਅਕਾਲੀ ਦਲ ਮੁਹਾਲੀ ਸ਼ਹਿਰੀ ਦਾ ਜਨਰਲ ਸਕੱਤਰ ਰਾਜਾ ਕੰਵਰਜੋਤ ਸਿੰਘ ਉਸ ਦੀ ਮੱਦਦ 'ਤੇ ਆ ਗਿਆ ਅਤੇ ਹੁਣ ਸੰਬੰਧਤ ਜਗ੍ਹਾ ਖਾਲੀ ਕਰਨ ਲਈ ਡੇਢ ਲੱਖ ਰੁਪਏ ਦੀ ਮੰਗ ਕੀਤੀ ਜਾ ਰਹੀ ਹੈ। ਇਸ ਸੰਬੰਧੀ ਡੀ ਐਸ ਪੀ ਟਰੈਫਿਕ ਡੀ ਐਸ ਮਾਨ ਵੀ ਪੜਤਾਲ ਕਰ ਰਹੇ ਹਨ, ਪਰ ਹੁਣ ਤੱਕ ਕਾਰਵਾਈ ਨੂੰ ਅਮਲ ਵਿਚ ਨਹੀਂ ਲਿਆਂਦਾ ਗਿਆ। ਇਸ ਸੰਬੰਧੀ ਸੰਪਰਕ ਕਰਨ 'ਤੇ ਰਾਜਾ ਕੰਵਰਜੋਤ ਸਿੰਘ ਨੇ ਕਿਹਾ ਕਿ ਪਹਿਲਾਂ ਪਹਿਲਾਂ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਆਉਣ 'ਤੇ ਉਸਨੇ ਮਦਦ ਜ਼ਰੂਰ ਕੀਤੀ ਸੀ, ਪਰ ਜਗ੍ਹਾ ਖਾਲੀ ਕਰਨ ਸੰਬੰਧੀ ਪੈਸਿਆਂ ਦੇ ਲੈਣ-ਦੇਣ ਬਾਰੇ ਉਨ੍ਹਾਂ ਨੂੰ ਕੁਝ ਨਹੀਂ ਪਤਾ ਹੈ। ਸ਼ਿਕਾਇਤ ਵਿਚ ਇਹ ਵੀ ਕਿਹਾ ਗਿਆ ਸੀ ਸ਼ਹੀਦ ਉਧਮ ਸਿੰਘ ਕਾਲੋਨੀ ਮੋਹਾਲੀ ਉਦਯੋਗਿਕ ਏਰੀਏ ਵਿਚ ਇਕ ਅਕਾਲੀ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਅਤੇ ਸਥਾਨਕ ਅਕਾਲੀ ਆਗੂ ਉਥੇ ਰਹਿੰਦੇ ਕਿਰਾਏਦਾਰਾਂ ਨੂੰ ਖਦੇੜ ਕੇ ਮੰਤਰੀ ਦੇ ਰਿਸ਼ਤੇਦਾਰਾਂ ਦਾ ਕਬਜ਼ਾ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਪੀੜਤਾਂ ਵਲੋਂ ਡੀ ਸੀ ਮੋਹਾਲੀ ਨੂੰ ਵੀ ਸ਼ਿਕਾਇਤ ਦਿੱਤੀ ਗਈ ਹੈ, ਪਰ ਕੋਈ ਕਾਰਵਾਈ ਨਹੀਂ ਹੋਈ ਹੈ। ਲਿਖਤੀ ਸ਼ਿਕਾਇਤ ਮਿਲਣ 'ਤੇ ਤੁਰੰਤ ਸ. ਬਾਦਲ ਨੇ ਜ਼ਿਲ੍ਹੇ ਦੇ ਪੁਲਸ ਕਪਤਾਨ ਗੁਰਪ੍ਰੀਤ ਸਿੰਘ ਭੁੱਲਰ ਨੂੰ ਬੁਲਾ ਕੇ ਸ਼ਿਕਾਇਤ ਦਿੱਤੀ ਅਤੇ ਆਦੇਸ਼ ਕੀਤੇ ਗਏ ਕਿ ਤੁਰੰਤ ਇਸ ਦੀ ਪੜਤਾਲ ਕਰਕੇ ਯੋਗ ਕਾਰਵਾਈ ਕਰਕੇ ਉਨ੍ਹਾਂ ਨੂੰ ਸੂਚਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਦੇ ਜਾਨ-ਮਾਲ ਦੀ ਰਾਖੀ ਹਰ ਹਾਲਤ ਕੀਤੀ ਜਾਵੇਗੀ। ਕਿਤੇ ਵੀ ਕਿਸੇ ਨਾਲ ਵਧੀਕੀ ਨਹੀਂ ਹੋਵੇਗੀ।

# ਨਕਸਲੀ ਲਹਿਰ ਦੇ ਆਗੂ ਬੈਰਾਗੀ ਨਹੀਂ ਰਹੇ

**ਜੋਧਾਂ ਮਨਸੂਰਾਂ:** ਪੰਜਾਬ ਦੀ ਨਕਸਲੀ ਲਹਿਰ ਦੇ ਮੋਢੀ ਆਗੂਆਂ 'ਚੋਂ ਇਕ ਕਾਮਰੇਡ ਬਾਬੂ ਰਾਮ ਬੈਰਾਗੀ ਉਰਫ ਡਾ. ਰਜਿੰਦਰ ਪਾਲ ਆਸੀ ਦਾ ਬੀਤੀ 19 ਜੁਲਾਈ ਨੂੰ ਉਨ੍ਹਾਂ ਦੇ ਜੱਦੀ ਪਿੰਡ ਆਸੀ ਕਲਾਂ ਵਿਖੇ ਦਿਹਾਂਤ ਹੋ ਗਿਆ। ਉਹ 72 ਸਾਲ ਦੇ ਸਨ ਅਤੇ ਪਿਛਲੇ ਅਰਸੇ ਤੋਂ ਦਿਲ ਦੀ ਬਿਮਾਰੀ ਤੋਂ ਪੀੜਤ ਸਨ। ਉਨ੍ਹਾਂ ਦੀ ਅੰਤਿਮ ਇੱਛਾ ਅਨੁਸਾਰ ਉਨ੍ਹਾਂ ਦਾ ਮ੍ਰਿਤਕ ਸਰੀਰ ਖੋਜ ਕਾਰਜਾਂ ਲਈ ਦਾਨ ਕਰ ਦਿੱਤਾ ਗਿਆ। ਇਸ ਤੋਂ ਪਹਿਲਾਂ ਅੰਤਮ ਦਰਸ਼ਨਾਂ ਲਈ ਉਨ੍ਹਾਂ ਦਾ ਸਰੀਰ ਪਿੰਡ ਦੇ ਗੁਰਦੁਆਰੇ ਵਿਚ ਰੱਖਿਆ ਗਿਆ। ਇਸ ਮੌਕੇ ਨਕਸਲੀ ਆਗੂ ਰਾਜਵਿੰਦਰ ਸਿੰਘ ਰਾਣਾ, ਗੁਰਜੰਟ ਸਿੰਘ ਮਾਨਸਾ, ਡਾ. ਚਰਨ ਸਿੰਘ ਰਾਏਕੋਟ, ਮਾਸਟਰ ਬਲਦੇਵ ਸਿੰਘ, ਜੋਧ ਸਿੰਘ ਗੁੱਜਰਵਾਲ ਅਤੇ ਰਵਿੰਦਰ ਨੰਨੀ ਆਦਿ ਹਾਜ਼ਰ ਸਨ। ਉਨ੍ਹਾਂ ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ 28 ਜੁਲਾਈ ਨੂੰ ਗੁਰਦੁਆਰਾ ਆਸੀ ਕਲਾਂ ਵਿਖੇ ਹੋਵੇਗਾ।

ਸ੍ਰੀ ਆਸੀ ਨੇ ਜਿੱਥੇ 1968-69 'ਚ ਪੰਜਾਬ ਵਿਚ ਨਕਸਲਬਾੜੀ ਲਹਿਰ ਨੂੰ ਜਥੇਬੰਦ ਕਰਨ ਵਿਚ ਪ੍ਰਮੁੱਖ ਭੂਮਿਕਾ ਨਿਭਾਈ, ਉਥੇ ਪੰਜਾਬ ਦੀ ਨਕਸਲੀ ਲਹਿਰ 'ਚ ਹੋਈ ਦੁਫੇੜ-ਦਰ-ਦੁਫੇੜ ਕਾਰਨ ਉਹ ਵਿਵਾਦਾਂ ਵਿਚ ਵੀ ਘਿਰੇ ਰਹੇ। ਉਨ੍ਹਾਂ ਨੇ ਆਪਣਾ ਸਿਆਸੀ ਜੀਵਨ 60ਵਿਆਂ ਵਿਚ ਸਾਂਝੀ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਕੇ ਸ਼ੁਰੂ ਕੀਤਾ ਸੀ। 1964 ਦੀ ਕਮਿਊਨਿਸਟ ਪਾਰਟੀ ਦੀ ਹੋਈ ਦੁਫੇੜ ਮੌਕੇ ਕਾਮਰੇਡ ਬਾਬੂ ਕਮਿਊਨਿਸਟ ਪਾਰਟੀ ਤੋਂ ਟੁੱਟ ਕੇ ਬਣਾਈ ਗਈ ਸੀ.ਪੀ.ਆਈ. (ਐਮ) ਵਿਚ ਸ਼ਾਮਲ ਹੋ ਗਏ। 1967 'ਚ ਬੰਗਾਲ ਦੇ ਨਕਸਲਬਾੜੀ ਪਿੰਡ 'ਚੋਂ ਉਠੀ ਲਹਿਰ ਦੀ ਹਮਾਇਤ ਕਰਨ ਬਦਲੇ ਉਨ੍ਹਾਂ ਨੂੰ ਸੀ.ਪੀ.ਐਮ. ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕਰ ਦਿੱਤਾ ਗਿਆ। ਨਕਸਲੀ ਲਹਿਰ ਵਿਚ ਉਹ 20 ਸਾਲਾ ਤੋਂ ਵਧ ਸਮੇਂ ਤੱਕ ਗੁਪਤਵਾਸ ਰਹੇ। 1988 ਵਿਚ ਉਹ ਨਕਸਲੀ ਲਹਿਰ ਤੋਂ ਕਿਨਾਰਾ ਕਰਕੇ ਆਪਣੇ ਪਿੰਡ ਆਸੀ ਕਲਾਂ ਵਾਪਸ ਆ ਗਏ।

## ਗੀਤਕਾਰ ਪਾਲ ਮੰਦੇ ਹਾਲੀਂ

**ਬਰਿਹਾਮ :** 'ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ, ਗਾਉਣ ਵਾਲੇ ਦਾ ਮੂੰਹ' ਵਰਗੇ ਅਮਰ ਗੀਤਾਂ ਦਾ ਰਚੇਤਾ ਨਾਮਵਰ ਗੀਤਕਾਰ ਪਾਲ ਮਜਾਰੇਵਾਲਾ 31 ਸਾਲ ਤੋਂ ਮੰਜੇ 'ਤੇ ਪਿਆ ਹੈ ਪਰ ਸਰਕਾਰੀ ਜਾਂ ਗ਼ੈਰ-ਸਰਕਾਰੀ ਤੌਰ 'ਤੇ ਕੋਈ ਵੀ ਮਦਦ ਉਸ ਤੱਕ ਨਹੀਂ ਅੱਪੜੀ। ਪੰਜਾਬੀ ਗੀਤਕਾਰੀ ਦੀ ਲੰਬਾ ਅਰਸਾ ਸੇਵਾ ਕਰਨ ਵਾਲੇ ਪਾਲ ਮਜਾਰੇਵਾਲੇ ਨੂੰ 1975 'ਚ ਅਧਰੰਗ ਨੇ ਦਬੋਚ ਲਿਆ ਸੀ। ਸਰੀਰ ਨਕਾਰਾ ਹੋ ਜਾਣ ਕਾਰਨ ਉਹ ਮੰਜੇ ਜੋਗਾ ਰਹਿ ਗਿਆ। ਉਸ ਦੇ ਘਰ ਦੀ ਆਰਥਿਕਤਾ ਵੀ ਹਟਕੋਰੇ ਲੈ ਰਹੀ ਹੈ।

ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਮਜਾਰਾ ਨੌ ਆਬਾਦ ਦੇ ਵਾਸੀ ਇਸ ਗੀਤਕਾਰ ਤੋਂ ਇਕ ਵੱਡਾ ਗੀਤਕਾਰ ਤੇ ਪੱਤਰਕਾਰ ਉਸ ਬਾਰੇ ਕੁਝ ਲਿਖਣ ਦੀ ਗੱਲ ਕਰਕੇ ਉਸ ਦੀਆਂ ਯਾਦਗਾਰੀ ਤਸਵੀਰਾਂ ਵੀ ਲੈ ਗਿਆ, ਉਸ ਨੂੰ ਮੁੜ ਨਾ ਉਹ ਤਸਵੀਰਾਂ ਮਿਲੀਆਂ ਤੇ ਨਾ ਉਸ ਦੇ ਦੁੱਖਾਂ ਦੀ ਦਾਸਤਾਨ ਜੱਗ ਸਾਹਮਣੇ ਆਈ। ਗੀਤਕਾਰ ਪਾਲ ਮਜਾਰੇਵਾਲਾ ਨੇ ਆਪਣੀ ਕਲਮ ਦੇ ਜਾਦੂ ਰਾਹੀਂ ਆਪਣੀ ਪਾਏਦਾਰ ਗੀਤਕਾਰੀ ਦਾ ਲੰਬਾ ਅਰਸਾ ਲੋਹਾ ਮਨਵਾਇਆ।

# ਲੋਕਾਂ ਪ੍ਰਤੀ ਲੋਕ-ਪ੍ਰਤੀਨਿਧਾਂ ਦੀ ਕੋਈ ਵੀ ਜ਼ਿੰਮੇਵਾਰੀ ਤੇ ਜਵਾਬਦੇਹੀ ਨਹੀਂ

**ਜਲੰਧਰ :** ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੀ ਅਮਨ-ਕਾਨੂੰਨ ਅਤੇ ਸ਼ਹਿਰੀ ਸਹੂਲਤਾਂ ਦੇਣ ਦੇ ਮਾਮਲੇ 'ਚ ਨਾ ਤਾਂ ਕੋਈ ਜ਼ਿੰਮੇਵਾਰੀ ਹੈ ਤੇ ਨਾ ਹੀ ਜਵਾਬਦੇਹੀ। ਇਸ ਗੱਲ ਦਾ ਖੁਲਾਸਾ ਆਰ.ਟੀ. ਆਈ. ਐਕਟ ਅਧੀਨ ਆਸ਼ੀਸ਼ ਭੱਟਾਚਾਰਿਆ ਵਲੋਂ ਮੰਗੀ ਗਈ ਸੂਚਨਾ ਅਧੀਨ ਹੋਇਆ ਹੈ। ਭੱਟਾਚਾਰਿਆ ਨੇ ਕੇਂਦਰੀ ਚੋਣ ਕਮਿਸ਼ਨ ਕੋਲ ਆਰ.ਟੀ.ਆਈ. ਐਕਟ ਅਧੀਨ ਅਰਜ਼ੀ ਦੇ ਕੇ ਜਾਣਕਾਰੀ ਮੰਗੀ ਸੀ ਕਿ ਕੀ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੀ ਕੋਈ ਜਵਾਬਦੇਹੀ ਹੈ? ਜੇ ਉਹ ਆਪਣੀ ਜ਼ਿੰਮੇਵਾਰੀ ਨਿਭਾਉਣ 'ਚ ਨਾਕਾਮ ਰਹਿੰਦੇ ਹਨ ਤਾਂ ਉਨ੍ਹਾਂ ਵਿਰੁਧ ਕੀ ਕਾਰਵਾਈ ਕੀਤੀ ਜਾ ਸਕਦੀ ਹੈ। ਤੀਜੇ ਸਵਾਲ 'ਚ ਇਹ ਜਾਣਕਾਰੀ ਮੰਗੀ ਗਈ ਸੀ ਕਿ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਵਲੋਂ ਸਹੁੰ ਚੁੱਕਣ ਦੇ ਕੀ ਕਾਰਨ ਹਨ। ਚੋਣ ਕਮਿਸ਼ਨ ਨੇ ਉਕਤ ਅਰਜ਼ੀ ਸੰਸਦੀ ਮਾਮਲਿਆਂ ਦੇ ਮੰਤਰਾਲਾ ਕੋਲ ਭੇਜੀ। ਲੋਕ ਸਭਾ ਵਲੋਂ ਭੱਟਾਚਾਰਿਆ ਨੂੰ ਭੇਜੇ ਗਏ ਜਵਾਬ 'ਚ ਕਿਹਾ ਗਿਆ ਹੈ ਕਿ ਸੰਵਿਧਾਨ ਜਾਂ ਬਣਾਏ ਗਏ ਨਿਯਮਾਂ 'ਚ ਸੰਸਦ ਮੈਂਬਰਾਂ ਦੀ ਡਿਊਟੀ ਜਾਂ ਜ਼ਿੰਮੇਵਾਰੀ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਸੰਸਦ ਮੈਂਬਰਾਂ ਨੂੰ ਹੁਣ ਕਿਉਂਕਿ ਤਨਖਾਹ, ਭੱਤੇ ਅਤੇ ਪੈਨਸ਼ਨ ਮਿਲਦੀ ਹੈ ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਕੋਈ ਜ਼ਿੰਮੇਵਾਰੀ ਤੈਅ ਨਹੀਂ। ਭੱਟਾਚਾਰਿਆ ਨੇ ਸਵਾਲ ਕੀਤਾ ਕਿ ਜੇ ਚੁਣੇ ਪ੍ਰਤੀਨਿਧੀਆਂ ਨੂੰ ਭ੍ਰਿਸ਼ਟਾਚਾਰ ਰੋਕੂ ਐਕਟ ਅਧੀਨ ਰੱਖਿਆ ਗਿਆ ਹੈ ਤਾਂ ਫਿਰ ਉਨ੍ਹਾਂ ਦੀਆਂ ਡਿਊਟੀਆਂ ਕਿਉਂ ਤੈਅ ਨਹੀਂ ਕੀਤੀਆਂ ਗਈਆਂ। ਭੱਟਾਚਾਰਿਆ ਨੂੰ ਵੱਖ-ਵੱਖ ਸੂਬਿਆਂ ਦੀਆਂ ਵਿਧਾਨ ਸਭਾਵਾਂ ਤੋਂ ਵਿਧਾਇਕਾਂ ਦੀਆਂ ਜ਼ਿੰਮੇਵਾਰੀਆਂ ਅਤੇ ਜਵਾਬਦੇਹੀ ਨੂੰ ਲੈ ਕੇ ਜੋ ਜਵਾਬ ਮਿਲੇ ਹਨ, ਉਹ ਅਤਿਅੰਤ ਹੈਰਾਨੀਜਨਕ ਹਨ। ਪੰਜਾਬ ਵਿਧਾਨ ਸਭਾ ਨੇ ਲਿਖਿਆ ਹੈ ਕਿ ਵਿਧਾਇਕਾਂ ਦੀ ਜ਼ਿੰਮੇਵਾਰੀ ਨੂੰ ਲੈ ਕੇ ਕੋਈ ਵਿਆਖਿਆ ਨਹੀਂ ਕੀਤੀ ਗਈ, ਇਸ ਲਈ ਉਨ੍ਹਾਂ ਦੀ ਜ਼ਿੰਮੇਵਾਰੀ ਤੈਅ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਬਿਹਾਰ ਵਿਧਾਨ ਸਭਾ ਦਾ ਕਹਿਣਾ ਹੈ ਕਿ ਕੋਈ ਵੀ ਕਾਨੂੰਨ ਜਾਂ ਨਿਯਮ ਅਜਿਹਾ ਨਹੀਂ ਹੈ ਜੋ ਵਿਧਾਇਕਾਂ ਦੀ ਜ਼ਿੰਮੇਵਾਰੀ ਨੂੰ ਤੈਅ ਕਰਦਾ ਹੋਵੇ। ਰਾਜਸਥਾਨ ਅਤੇ ਪੱਛਮੀ ਬੰਗਾਲ ਵਿਧਾਨ ਸਭਾਵਾਂ ਨੇ ਕਿਹਾ ਹੈ ਕਿ ਵਿਧਾਇਕਾਂ ਦੀ ਡਿਊਟੀ, ਜ਼ਿੰਮੇਵਾਰੀ ਜਾਂ ਜਵਾਬਦੇਹੀ ਸੰਵਿਧਾਨ ਵਲੋਂ ਤੈਅ ਨਹੀਂ ਕੀਤੀ ਗਈ।

ਹਰਿਆਣਾ ਅਤੇ ਹਿਮਾਚਲ ਨੇ ਜਵਾਬ 'ਚ ਲਿਖਿਆ ਹੈ ਕਿ ਉਨ੍ਹਾਂ ਕੋਲ ਵਿਧਾਇਕਾਂ ਦੀ ਜਵਾਬਦੇਹੀ ਨੂੰ ਲੈ ਕੇ ਕੋਈ ਸੂਚਨਾ ਨਹੀਂ ਹੈ। ਵਿਧਾਨ ਸਭਾਵਾਂ ਦੇ ਜਵਾਬ ਮਿਲਣ ਤੋਂ ਬਾਅਦ ਭੱਟਾਚਾਰਿਆ ਨੇ ਰਾਸ਼ਟਰਪਤੀ ਕੋਲ ਪਟੀਸ਼ਨ ਦਾਇਰ ਕਰਦੇ ਹੋਏ ਕਿਹਾ ਕਿ ਉਹ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਦੀ ਜ਼ਿੰਮੇਵਾਰੀ ਤੇ ਜਵਾਬਦੇਹੀ ਤੈਅ ਕਰਨ ਲਈ ਕਾਨੂੰਨ 'ਚ ਲੋੜੀਂਦੀ ਸੋਧ ਕਰਵਾਉਣ।


# ਬੇ-ਏਰੀਆ ਕਾਲਜ ਆਫ ਨਰਸਿੰਗ

**...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!**

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* ਹੋਰ ਤੇ ਹੋਰ, ਆਉਂਦੀਆਂ ਸਰਦੀਆਂ ਨੂੰ 8 ਮਹੀਨਿਆਂ ਵਿਚ RN ਦਾ ਕੋਰਸ ਵੀ ਕਰੋ।




**28 ਜੁਲਾਈ 2010 ਨੂੰ ਅਗਲੀਆਂ ਕਲਾਸਾਂ ਸ਼ੁਰੂ ਹੋਣੀਆਂ ਹਨ, ਸੀਟਾਂ ਭਰ ਜਾਣ ਤੋਂ ਪਹਿਲਾਂ ਦਾਖਲਾ ਲਓ।**



**ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ**
- ਪਾਲੋ ਆਲਟੋ ਫੋਨ: 650-858-6810
- ਸੈਨ ਹੋਜ਼ੇ ਫੋਨ: 408-280-6888
- ਡੇਲੀ ਸਿਟੀ ਫੋਨ: 650-755-6888

**3 Locations in Bay Area:**
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ ਪਾਲੋ ਆਲਟੋ ਲੋਕੇਸ਼ਨ ਤੇ ਕਮਲਪ੍ਰੀਤ ਟੁਟ ਨੂੰ ਫੋਨ ਕਰੋ ਜੀ।

www.bayareacollege.net



# Real Estate & Loans Under One Roof

***Call:Sam Chahal Tel: 916-612-5773***

*For Buying and Selling Residential, Commercial property and for Loans in Sacramento area*

**Multi-Million Dollars Producer-2007-08**



**Sam (Sohanpreet)Chahal**
CA Lic. 01504071
**Realtor/Notary Public**
e-mail:sam@jassigill.com

**Reo-Bankowned Properties**
**Serving from Bay Area to Sacramento**

## Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

**We Help You Buy/Sell Business & Homes**

**Call Master of Winners in Multiple Offers**

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

# Golden State Realty

**Sacramento Office: 8695 Territorial Way, Elk Grove CA 95624**
**Tel: 916-612-5773 Fax: 916-689-5707**

# ਅਕਾਲ ਤਖ਼ਤ ਵਲੋਂ 84 ਦਾ ਕਤਲੇਆਮ ਸਿੱਖ ਨਸਲਕੁਸ਼ੀ ਕਰਾਰ

**ਨਿਊ ਯਾਰਕ:** ਸ੍ਰੀ ਅਕਾਲ ਤਖ਼ਤ ਤੋਂ ਜਾਰੀ ਇਕ ਹੁਕਮਨਾਮੇ ਵਿਚ ਸਮੂਹ ਸਿੱਖਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਆਖਿਆ ਜਾਵੇ। 14 ਜੁਲਾਈ ਨੂੰ ਜਾਰੀ ਇਸ ਹੁਕਮਨਾਮੇ ਵਿਚ ਕਿਹਾ ਗਿਆ ਹੈ ਕਿ ਜਿਸ ਤਰੀਕੇ ਨਾਲ ਸੋਚੀ ਸਮਝੀ ਸਾਜਿਸ਼ ਤਹਿਤ 18 ਰਾਜਾਂ ਦੇ 110 ਸ਼ਹਿਰਾਂ ਵਿਚ ਹਜ਼ਾਰਾਂ ਹੀ ਬੇਕਸੂਰ ਸਿੱਖਾਂ ਦਾ ਕਤਲ ਕੀਤਾ ਗਿਆ, ਉਹ ਮਨੁੱਖੀ ਅਧਿਕਾਰਾਂ ਦੀ ਸਭ ਤੋਂ ਵੱਡੀ ਉਲੰਘਣਾ ਹੈ ਜਿਸ ਨੂੰ ਸਿੱਖ ਨਸਲਕੁਸ਼ੀ ਕਿਹਾ ਜਾਣਾ ਚਾਹੀਦਾ ਹੈ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਭਾਈ ਮਾਨ ਸਿੰਘ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਹੀ ਗ੍ਰੰਥੀ ਭਾਈ ਰਵੇਲ ਸਿੰਘ ਦੇ ਦਸਤਖਤਾਂ ਹੇਠ ਜਾਰੀ ਇਸ ਆਦੇਸ਼ ਵਿਚ ਆਖਿਆ ਗਿਆ ਹੈ ਕਿ ਹਰ ਥਾਂ 'ਤੇ ਚੁਣ ਚੁਣ ਕੇ ਸਿੱਖਾਂ ਨੂੰ ਮਾਰਨਾ ਸਿੱਖ ਨਸਲਕੁਸ਼ੀ ਨਹੀਂ ਤਾਂ ਹੋਰ ਕੀ ਹੈ? ਸ੍ਰੀ ਅਕਾਲ ਤਖ਼ਤ ਇਸ ਸੱਚਾਈ ਨੂੰ ਪ੍ਰਮਾਣਿਤ ਕਰ ਚੁਕਾ ਹੈ ਅਤੇ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦੇ ਚੁਕਾ ਹੈ।



**ਸੰਸਾਰ ਭਰ ਦੇ ਸਿੱਖ ਹਲਕਿਆਂ ਵਲੋਂ ਫੈਸਲੇ ਦੀ ਸ਼ਲਾਘਾ**

ਇਸ ਆਦੇਸ਼ ਵਿਚ ਇਹ ਵੀ ਕਿਹਾ ਗਿਆ ਹੈ ਕਿ ਅਮਰੀਕਾ ਸਥਿਤ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਤੇ ਇਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਦੇ ਅਣਥਕ ਯਤਨਾਂ ਸਦਕਾ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਬਾਰੇ ਸਹੀ ਅੰਕੜੇ ਅਤੇ ਸਹੀ ਜਾਣਕਾਰੀ ਜੱਗ ਜਾਹਰ ਹੋਈ ਹੈ। ਕੌਮਾਂਤਰੀ ਪੱਧਰ ਉਤੇ ਇਸ ਬਾਰੇ ਲੋਕਾਂ ਵਿਚ ਜਾਗਰੁਕਤਾ ਪੈਦਾ ਹੋਈ ਹੈ। ਇਹ ਵੀ ਕਿਹਾ ਗਿਆ ਹੈ ਕਿ ਸਿੱਖਸ ਫਾਰ ਜਸਟਿਸ ਦੀ ਬਦੌਲਤ ਹੀ ਸਿੱਖ ਕਤਲੇਆਮ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦੇਣ ਲਈ ਕੈਨੇਡਾ ਦੀ ਸੰਸਦ ਵਿਚ ਪਟੀਸ਼ਨ ਪੇਸ਼ ਕੀਤੀ ਜਾ ਸਕੀ ਹੈ ਜੋ ਕਿ ਇਕ ਅਹਿਮ ਪ੍ਰਾਪਤੀ ਹੈ। ਹੋਰ ਕਿਹਾ ਗਿਆ ਹੈ ਕਿ ਸਿੱਖਸ ਫਾਰ ਜਸਟਿਸ ਅਕਾਲ ਤਖ਼ਤ ਵਲੋਂ ਪ੍ਰਮਾਣਿਤ ਸੰਸਥਾ ਹੈ ਅਤੇ ਇਸ ਵਲੋਂ ਕੀਤੀ ਗਈ ਜਦੋਜਹਿਦ ਨੂੰ ਅਕਾਲ ਤਖ਼ਤ ਦਾ ਸਮਰਥਨ ਪ੍ਰਾਪਤ ਹੈ। ਆਦੇਸ਼ ਵਿਚ ਹਰ ਸਿੱਖ ਨੂੰ ਹਦਾਇਤ ਕੀਤੀ ਗਈ ਹੈ ਕਿ ਇਸ ਸੰਸਥਾ ਦਾ ਵੱਧ ਤੋਂ ਵੱਧ ਸਾਥ ਦੇ ਕੇ 1984 ਦੀ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿਵਾਇਆ ਜਾ ਸਕੇ।

## ਦਿੱਲੀ, ਯੂ ਪੀ ਤੇ ਝਾਰਖੰਡ 'ਚ ਸਭ ਤੋਂ ਵਧ ਸਿੱਖ ਕਤਲ ਹੋਏ



**ਚੰਡੀਗੜ੍ਹ :** 1984 'ਚ ਸਿੱਖਾਂ ਦੀ ਹੋਈ ਨਸਲਕੁਸ਼ੀ ਬਾਰੇ ਦੇਸ਼ ਦੇ 10 ਰਾਜਾਂ ਤੋਂ ਪ੍ਰਾਪਤ ਹੋਏ ਸਰਕਾਰੀ ਰਿਕਾਰਡ ਤੋਂ ਸਾਹਮਣੇ ਆਇਆ ਹੈ ਕਿ ਰਾਜਧਾਨੀ ਦਿੱਲੀ ਤੋਂ ਬਾਅਦ ਉਤਰ ਪ੍ਰਦੇਸ਼ ਅਤੇ ਝਾਰਖੰਡ ਵਿਚ ਸਿੱਖਾਂ ਦਾ ਸਭ ਤੋਂ ਜ਼ਿਆਦਾ ਕਤਲੇਆਮ ਹੋਇਆ।

ਮਨੁੱਖੀ ਅਧਿਕਾਰਾਂ ਸਬੰਧੀ ਵਕੀਲਾਂ ਦੀ ਸੰਸਥਾ 'ਲਾਇਰਜ਼ ਫਾਰ ਹਿਊਮਨ ਰਾਈਟਸ ਇੰਟਰਨੈਸ਼ਨਲ' ਦੇ ਐਡਵੋਕੇਟ ਸ. ਨਵਕਿਰਨ ਸਿੰਘ ਵਲੋਂ 2 ਸਾਲਾਂ ਦੀ ਜੱਦੋਜਹਿਦ ਨਾਲ ਦੇਸ਼ ਦੇ 10 ਰਾਜਾਂ ਵਿਚ ਹੋਏ ਸਿੱਖ ਕਤਲੇਆਮ ਦਾ ਸਰਕਾਰੀ ਰਿਕਾਰਡ ਪ੍ਰਾਪਤ ਕੀਤਾ ਗਿਆ। ਇਸ ਸਰਕਾਰੀ ਰਿਕਾਰਡ ਅਨੁਸਾਰ '84 ਵਿਚ ਰਾਜਧਾਨੀ ਦਿੱਲੀ 'ਚ 1605 ਸਿੱਖਾਂ ਦਾ ਕਤਲ ਹੋਇਆ, ਜਦਕਿ ਇਨ੍ਹਾਂ ਕਤਲਾਂ ਅਤੇ ਹਿੰਸਾ ਦੇ ਸਿਰਫ 740 ਕੇਸ ਹੀ ਮੁਕੱਦਮੇ ਲਈ ਭੇਜੇ ਗਏ। ਰਿਕਾਰਡ ਦੱਸਦਾ ਹੈ ਕਿ ਇਨ੍ਹਾਂ 403 ਕੇਸਾਂ ਵਿਚੋਂ 324 ਕੇਸ ਰੱਦ ਕਰ ਦਿੱਤੇ ਗਏ। ਸਰਕਾਰੀ ਰਿਕਾਰਡ ਵਿਚ ਇਹ ਵੀ ਸਪੱਸ਼ਟ ਹੈ ਕਿ ਸਿੱਖ ਕਤਲੇਆਮ ਤੋਂ ਇਲਾਵਾ ਇਕੱਲੀ ਦਿੱਲੀ ਵਿਚ ਹੀ 64 ਗੁਰਦੁਆਰਿਆਂ 'ਤੇ ਹਮਲੇ ਹੋਏ। ਸਿੱਖ ਨਸਲਕੁਸ਼ੀ 'ਚ ਦਿੱਲੀ ਤੋਂ ਬਾਅਦ ਉਤਰ ਪ੍ਰਦੇਸ਼ ਦਾ ਨੰਬਰ ਆਉਂਦਾ ਹੈ। ਸਰਕਾਰੀ ਰਿਕਾਰਡ ਅਨੁਸਾਰ ਉਤਰ ਪ੍ਰਦੇਸ਼ ਵਿਚ 260 ਸਿੱਖ ਕਤਲ ਕੀਤੇ ਗਏ। ਝਾਰਖੰਡ ਅਤੇ ਹਰਿਆਣਾ ਵੀ ਸਿੱਖ ਨਸਲਕੁਸ਼ੀ 'ਚ ਪਿੱਛੇ ਨਹੀਂ ਹਨ। ਰਿਕਾਰਡ ਤੋਂ ਸਾਹਮਣੇ ਆਇਆ ਹੈ ਕਿ ਝਾਰਖੰਡ ਵਿਚ 79 ਸਿੱਖਾਂ ਦਾ ਕਤਲ ਹੋਇਆ ਅਤੇ ਪੁਲਿਸ ਕੋਲ ਕਤਲ ਅਤੇ ਹਿੰਸਾ ਦੇ 460 ਮਾਮਲੇ ਦਰਜ ਹੋਏ, ਜਿਨ੍ਹਾਂ ਵਿਚੋਂ 130 ਮਾਮਲੇ ਅਦਾਲਤ ਟ੍ਰਾਇਲ ਦੌਰਾਨ ਰੱਦ ਕਰ ਦਿੱਤੇ ਗਏ।

ਪੰਜਾਬ ਦੇ ਗੁਆਂਢੀ ਰਾਜ ਹਰਿਆਣਾ ਵਿਚ 51 ਸਿੱਖਾਂ ਦਾ ਕਤਲ ਕੀਤਾ ਗਿਆ ਅਤੇ ਰਾਜ ਵਿਚ 4 ਗੁਰਦੁਆਰਿਆਂ ਉਤੇ ਹਮਲੇ ਹੋਏ। ਜੰਮੂ-ਕਸ਼ਮੀਰ ਵਿਚ ਵੀ 17 ਸਿੱਖਾਂ ਦਾ ਕਤਲ ਹੋਇਆ ਅਤੇ 4 ਗੁਰਦੁਆਰਿਆਂ 'ਤੇ ਹਮਲੇ ਹੋਏ। ਗੁਰਦੁਆਰਿਆਂ ਉਤੇ ਹਮਲਿਆਂ ਵਿਚ ਉਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਵੀ ਸ਼ਾਮਿਲ ਹਨ। ਰਿਕਾਰਡ ਮੁਤਾਬਕ ਉਤਰਾਖੰਡ ਵਿਚ 15 ਗੁਰਦੁਆਰਿਆਂ ਅਤੇ ਹਿਮਾਚਲ ਪ੍ਰਦੇਸ਼ ਵਿਚ 8 ਗੁਰਦੁਆਰਿਆਂ ਉਤੇ ਹਮਲੇ ਹੋਏ।

ਐਡਵੋਕੇਟ ਨਵਕਿਰਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ 13 ਰਾਜਾਂ ਤੋਂ ਸਿੱਖ ਕਤਲੇਆਮ ਦਾ ਸਰਕਾਰੀ ਰਿਕਾਰਡ ਮੰਗਿਆ ਸੀ, ਜਿਨ੍ਹਾਂ ਵਿਚੋਂ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਮਹਾਰਾਸ਼ਟਰ ਨੇ ਰਿਕਾਰਡ ਸੌਂਪਣ ਤੋਂ ਇਨਕਾਰ ਕਰ ਦਿੱਤਾ। ਰਿਕਾਰਡ ਅਨੁਸਾਰ ਉਪਰੋਕਤ ਰਾਜਾਂ ਸਮੇਤ ਉੜੀਸਾ ਅਤੇ ਬਿਹਾਰ ਵਿਚ ਕੁੱਲ 2018 ਸਿੱਖ ਕਤਲ ਕੀਤੇ ਗਏ ਜਦਕਿ ਕੁੱਲ 100 ਗੁਰਦੁਆਰਾ ਸਾਹਿਬਾਨ ਉਤੇ ਹਮਲੇ ਹੋਏ। ਉਨ੍ਹਾਂ ਦੱਸਿਆ ਕਿ ਉਹ 1984 ਤੋਂ 1994 ਤੱਕ ਕਤਲ ਕੀਤੇ ਗਏ ਸਿੱਖਾਂ ਬਾਰੇ ਸਾਰਾ ਸਰਕਾਰੀ ਰਿਕਾਰਡ ਨਿਆਂ ਲਈ ਸੰਘਰਸ਼ ਕਰ ਰਹੀ ਸੰਸਥਾ 'ਸਿੱਖਸ ਫਾਰ ਜਸਟਿਸ' ਨੂੰ ਸੌਂਪਣਗੇ ਅਤੇ ਇਸਦੀ ਵਰਤੋਂ ਸੰਯੁਕਤ ਰਾਸ਼ਟਰ ਵਿਚ ਪਟੀਸ਼ਨ ਦਾਇਰ ਕਰਨ ਲਈ ਕੀਤੀ ਜਾਵੇਗੀ।

## ਚੁਰਾਸੀ ਵਾਲਾ ਕਤਲੇਆਮ ਤੇ ਭਾਰਤੀ ਸਿਆਸਤ ਦਾ ਰੁਖ

**-ਮਨੋਰਮਾ ਦੀਵਾਨ**

ਹੁਣੇ-ਹੁਣੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਟੋਰਾਂਟੋ ਵਿਚ 1984 ਵਿਚ ਹੋਏ ਸਿੱਖ-ਵਿਰੋਧੀ ਦੰਗਿਆਂ ਬਾਰੇ ਜੋ ਬਿਆਨ ਦਿੱਤਾ, ਉਸ ਸੰਬਧੀ ਬਹੁਤ ਸਾਰੇ ਸਿੱਖਾਂ ਦੀ ਪ੍ਰਤੀਕਿਰਿਆ ਬਿਲਕੁਲ ਜਾਇਜ਼ ਹੈ। ਡਾਕਟਰ ਮਨਮੋਹਨ ਸਿੰਘ ਦਾ ਇਹ ਕਹਿਣਾ ਬਹੁਤ ਹੀ ਅਜੀਬ ਜਿਹੀ ਗੱਲ ਸੀ ਕਿ 1984 ਦੇ ਸਿੱਖ-ਵਿਰੋਧੀ ਦੰਗੇ ਨਹੀਂ ਸਨ ਹੋਣੇ ਚਾਹੀਦੇ, ਪਰ ਹੁਣ ਸਿੱਖ ਭਾਈਚਾਰੇ ਨੂੰ ਉਨ੍ਹਾਂ ਨੂੰ ਭੁਲਾ ਕੇ ਅੱਗੇ ਵਧਣਾ ਚਾਹੀਦਾ ਹੈ। ਡਾਕਟਰ ਮਨਮੋਹਨ ਸਿੰਘ ਨੂੰ ਇਕ ਕਾਂਗਰਸੀ ਹੁੰਦੇ ਹੋਏ ਵੀ ਇਹ ਗੱਲ ਚੰਗੀ ਨਹੀਂ ਲਗਦੀ ਹੋਵੇਗੀ ਕਿ ਫਸਾਦਾਂ ਦੇ ਐਨ ਛੱਬੀ ਸਾਲਾਂ ਬਾਅਦ ਜਾਂਚ ਕੀਤੀ ਜਾ ਰਹੀ ਹੈ ਅਤੇ ਅਪਰਾਧੀਆਂ ਨੂੰ ਸਜ਼ਾ ਦੇਣ ਦੇ ਮਾਮਲਿਆਂ ਨੂੰ ਪਬਲੀਸਿਟੀ ਦਿੱਤੀ ਜਾ ਰਹੀ ਹੈ। ਮੈਂ 1984 ਵਿਚ ਦਿੱਲੀ ਵਿਚ ਹੋਏ ਸਿੱਖ-ਵਿਰੋਧੀ ਫਸਾਦਾਂ ਨੂੰ ਬਹੁਤ ਨੇੜਿਓਂ ਦੇਖਿਆ ਅਤੇ ਲੋਕਾਂ ਦੀ ਪੀੜਾ ਨੂੰ ਮਹਿਸੂਸ ਕੀਤਾ, ਇਸ ਲਈ ਮੈਨੂੰ ਸਾਲ 2010 ਵਿਚ ਫਸਾਦਾਂ ਦੀ ਜਾਂਚ ਦਾ ਕੀਤਾ ਜਾਣਾ ਅਤੇ ਮੀਡੀਆ ਦਾ ਉਸ ਨੂੰ ਏਨੀ ਪਬਲੀਸਿਟੀ ਦੇਣਾ ਬਹੁਤ ਅਜੀਬ ਲੱਗਿਆ। ਮੈਂ 1984 ਵਿਚ ਆਪਣੇ ਇਲਾਕੇ ਤੇ ਦਿੱਲੀ ਦੇ ਹੋਰਨਾਂ ਬਹੁਤ ਸਾਰੇ ਹਿੱਸਿਆਂ ਵਿਚ ਘੁੰਮ ਕੇ ਦੇਖਿਆ ਅਤੇ ਉਨ੍ਹਾਂ ਲੋਕਾਂ ਨਾਲ ਗੱਲਬਾਤ ਕੀਤੀ ਸੀ, ਜਿਨ੍ਹਾਂ ਨੇ ਇਨ੍ਹਾਂ ਫਸਾਦਾਂ ਦੀ ਪੀੜਾ ਸਹਾਰੀ ਹੈ। ਉਹਨੀਂ ਦਿਨੀਂ ਅਨੇਕਾਂ ਅਜਿਹੇ ਪਰਵਾਰ ਸਨ, ਜੋ ਤਿਲਕ ਨਗਰ, ਕੀਰਤੀ ਨਗਰ ਅਤੇ ਗੌਤਮ ਨਗਰ ਦੇ ਇਲਾਕਿਆਂ 'ਚ ਰਹਿੰਦੇ ਸਨ ਤੇ ਉਨ੍ਹਾਂ ਨੇ ਇਨ੍ਹਾਂ ਫਸਾਦਾਂ ਵਿਚ ਪਰਵਾਰ ਦੇ ਕਈਆਂ ਮੈਂਬਰਾਂ ਨੂੰ ਗਵਾ ਲਿਆ ਸੀ। ਉਨ੍ਹਾਂ ਦੇ ਘਰ ਅਤੇ ਦੁਕਾਨਾਂ ਸਾੜ ਦਿੱਤੀਆਂ ਗਈਆਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਕੰਮ ਕੁਝ ਨੇਤਾਵਾਂ ਦੇ ਆਦੇਸ਼ ਨਾਲ ਹੀ ਨਹੀਂ, ਬਲਕਿ ਬਾਕਾਇਦਾ ਉਨ੍ਹਾਂ ਦੀ ਨਿਗਰਾਨੀ ਵਿਚ ਕੀਤਾ ਗਿਆ ਸੀ। ਇਨ੍ਹਾਂ ਦਾ ਸੰਬੰਧ ਸੱਤਾਧਾਰੀ ਪਾਰਟੀ ਕਾਂਗਰਸ ਅਤੇ ਦੂਸਰੀਆਂ ਕਈ ਪਾਰਟੀਆਂ ਨਾਲ ਸੀ। ਇਨ੍ਹਾਂ ਫਸਾਦਾਂ ਨੇ ਬਹੁਤ ਸਾਰੇ ਲੋਕਾਂ ਦੀ ਵਿਚਾਰਧਾਰਾ ਨੂੰ ਸਪੱਸ਼ਟ ਕਰ ਦਿੱਤਾ ਸੀ ਕਿ ਅਸੀਂ ਲੋਕ ਗੱਲਾਂ ਤਾਂ ਸੈਕੂਲਰਿਜ਼ਮ ਅਤੇ ਧਾਰਮਿਕ ਸਹਿਨਸ਼ੀਲਤਾ ਦੀਆਂ ਕਰਦੇ ਹਾਂ, ਪਰ ਉਨ੍ਹਾਂ ਨੂੰ ਅਮਲੀ ਜਾਮਾ ਬਹੁਤ ਘੱਟ ਪਵਾਉਂਦੇ ਹਾਂ।

ਮੇਰੀ ਜਨਰਲ ਜਗਜੀਤ ਸਿੰਘ ਅਰੋੜਾ ਨਾਲ ਕਈ ਵਾਰ ਮੁਲਾਕਾਤ ਹੋਈ। ਉਹ ਬਹੁਤ ਮਾਯੂਸ ਅਤੇ ਪ੍ਰੇਸ਼ਾਨ ਸਨ। ਉਹ ਸਰਕਾਰ ਦੀ ਸਿੱਖ-ਵਿਰੋਧੀ ਫਸਾਦਾਂ ਨਾਲ ਸੰਬੰਧਿਤ ਜਾਂਚ ਨੀਤੀ ਦੇ ਸਖਤ ਆਲੋਚਕ ਰਹੇ। ਜੂਨ 1984 ਵਿਚ ਦਰਬਾਰ ਸਾਹਿਬ 'ਚ ਹੋਏ ਅਪਰੇਸ਼ਨ ਬਲਿਊ ਸਟਾਰ ਨੇ ਮੇਰੇ ਪਤੀ ਨੂੰ ਪਰੇਸ਼ਾਨ ਕਰ ਦਿੱਤਾ ਸੀ ਅਤੇ ਉਨ੍ਹਾਂ ਦੀ ਵਿਚਾਰਧਾਰਾ ਹੀ ਬਦਲ ਗਈ ਸੀ। ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਨੇ ਦੀਵਾਨ ਬੀਰੇਂਦਰ ਨਾਥ ਨੂੰ ਇਸ ਹੱਦ ਤੱਕ ਪ੍ਰੇਸ਼ਾਨ ਕਰ ਦਿੱਤਾ ਸੀ ਅਤੇ ਭਾਰਤੀ ਮੀਡੀਏ ਦੇ ਦ੍ਰਿਸ਼ਟੀਕੋਣ ਤੋਂ ਉਹ ਏਨੇ ਨਿਰਾਸ਼ ਹੋਏ ਸਨ ਕਿ ਉਨ੍ਹਾਂ ਨੇ ਸਰਗਰਮ ਪੱਤਰਕਾਰੀ ਛੱਡ ਕੇ ਸਾਹਿਤ ਵਲ ਰੁਖ ਕਰ ਲਿਆ ਸੀ। ਪੰਜਾਬ ਦੇ ਹਾਲਾਤਾਂ ਤੋਂ ਦੁਖੀ ਹੋ ਕੇ ਉਨ੍ਹਾਂ ਦੀਆਂ ਲਿਖੀਆਂ ਕਹਾਣੀਆਂ ਬਹੁਤ ਪ੍ਰਸਿੱਧ ਹੋਈਆਂ। 'ਭਾਭੋ ਭਾਗਾਂਵਾਲੀ', 'ਬਾਬਾ ਸੀਟੀਆਂ ਵਾਲਾ' ਅਤੇ 'ਦਹਿਸ਼ਤ' ਵਰਗੀਆਂ ਕਹਾਣੀਆਂ 'ਦਹਿਸ਼ਤ' ਨਾਂ ਦੇ ਸੰਗ੍ਰਹਿ ਵਿਚ ਪ੍ਰਕਾਸ਼ਤ ਹੋਈਆਂ। ਮੈਂ ਆਪਣੇ ਪਰਵਾਰ ਦੇ ਨਿੱਜੀ ਅਨੁਭਵਾਂ ਦਾ ਜ਼ਿਕਰ ਕਰਨ ਦੀ ਹਿੰਮਤ ਇਸ ਕਰਕੇ ਕੀਤੀ ਹੈ ਕਿਉਂਕਿ ਮੈਂ 1984 ਦੇ ਸਿੱਖ-ਵਿਰੋਧੀ ਦੰਗਿਆਂ ਨਾਲ ਸੰਬੰਧਿਤ ਲੰਮੀ ਜਾਂਚ ਅਤੇ ਏਨੇ ਸਾਲਾਂ ਬਾਅਦ ਕੇਂਦਰ ਸਰਕਾਰ ਵਲੋਂ 764 ਕਰੋੜ ਰੁਪਏ ਦੰਗਾ-ਪੀੜਤਾਂ ਨੂੰ ਰਾਹਤ ਦੇ ਤੌਰ ਉਤੇ ਦਿੱਤੇ ਜਾਣ ਦੀ ਆਲੋਚਨਾ ਕਰ ਚੁੱਕੀ ਹਾਂ।

## ਨਾਮ ਚਰਚਾ ਨੂੰ ਲੈ ਕੇ ਪੁਲਿਸ ਤੇ ਸਿੱਖਾਂ ਵਿਚਾਲੇ ਟਕਰਾਅ

**ਬਰਨਾਲਾ :** ਬੀਤੀ 17 ਜੁਲਾਈ ਨੂੰ ਇਥੋਂ ਨੇੜਲੇ ਪਿੰਡ ਠੀਕਰੀਵਾਲਾ ਵਿਖੇ ਡੇਰਾ ਸਿਰਸਾ ਪ੍ਰੇਮੀਆਂ ਵਲੋਂ ਕੀਤੀ ਗਈ ਬਲਾਕ ਪੱਧਰੀ ਨਾਮ ਚਰਚਾ ਰੋਕਣ ਲਈ ਸਿੱਖ ਜਥੇਬੰਦੀਆਂ ਤੇ ਪੁਲੀਸ ਵਿਚਕਾਰ ਟਕਰਾਅ ਹੋਇਆ ਜਿਥੇ ਲੋਕਾਂ ਨੇ ਪੁਲੀਸ 'ਤੇ ਪਥਰਾਅ ਕੀਤਾ, ਉਥੇ ਪੁਲੀਸ ਵਲੋਂ ਲਾਠੀਚਾਰਜ ਕੀਤਾ ਗਿਆ ਤੇ ਮਾਰੂ ਹਥਿਆਰ ਲੈ ਕੇ ਚੱਲਣ ਵਾਲੇ ਅੱਠ ਵਿਅਕਤੀਆਂ ਸਮੇਤ 20-25 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਠੀਕਰੀਵਾਲਾ ਵਿਚ ਡੇਰਾ ਸਿਰਸਾ ਪ੍ਰੇਮੀਆਂ ਵਲੋਂ ਰਾਇਸਰ ਰੋਡ 'ਤੇ ਸਥਿਤ ਪ੍ਰੇਮੀ ਪ੍ਰਭੂ ਸਿੰਘ ਦੇ ਖੇਤ ਵਿਚ ਮਹਿਲ ਕਲਾਂ ਬਲਾਕ ਦੀ ਨਾਮ ਚਰਚਾ ਕੀਤੀ ਗਈ ਸੀ। ਜਦੋਂ ਇਸ ਬਾਰੇ ਸਿੱਖ ਸੰਗਠਨਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਵਲੋਂ ਨਾਮ ਚਰਚਾ ਰੋਕਣ ਲਈ ਸੈਂਕੜਿਆਂ ਦੀ ਗਿਣਤੀ ਵਿਚ ਚਾਲੇ ਪਾ ਦਿੱਤੇ। ਜਦੋਂ ਇਸ ਬਾਰੇ ਪੁਲੀਸ ਨੂੰ ਪਤਾ ਲੱਗਾ ਤਾਂ ਐਸ.ਪੀ. (ਓਪਰੇਸ਼ਨ) ਖੁਸ਼ੀ ਮੁਹੰਮਦ, ਡੀ.ਐਸ.ਪੀ. ਰੁਪਿੰਦਰ ਭਾਰਦਵਾਜ ਤੇ ਡੀ.ਐਸ.ਪੀ. (ਡੀ.) ਸਵਰਨ ਸਿੰਘ ਖੰਨਾ ਦੀ ਅਗਵਾਈ ਵਿਚ ਪੁਲੀਸ ਫੋਰਸ ਪਿੰਡ ਠੀਕਰੀਵਾਲਾ ਵਿਖੇ ਪਹੁੰਚ ਗਈ ਤੇ ਪੁਲੀਸ ਵਲੋਂ ਸਿੱਖ ਆਗੂਆਂ ਨੂੰ ਨਾਮ ਚਰਚਾ ਵਾਲੀ ਥਾਂ ਤੋਂ ਕਰੀਬ 400 ਗਜ਼ ਦੀ ਦੂਰੀ 'ਤੇ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਪਰ ਗੁੱਸੇ ਵਿਚ ਆਏ ਸਿੱਖ ਸਮਰਥਕਾਂ ਵਲੋਂ ਪੁਲੀਸ ਕਰਮੀਆਂ 'ਤੇ ਪਥਰਾਅ ਕਰਨਾ ਸ਼ੁਰੂ ਕਰ ਦਿੱਤਾ ਗਿਆ ਜਿਸ ਕਾਰਨ ਕਈ ਪੁਲੀਸ ਮੁਲਾਜ਼ਮ ਫੱਟੜ ਹੋ ਗਏ। ਇਸ ਮੌਕੇ ਪੁਲੀਸ ਨੇ ਵੀ ਲਾਠੀਚਾਰਜ ਕੀਤਾ ਤੇ ਕਈ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਸਿੱਖ ਸਮਰਥਕਾਂ ਦੀ ਬਿਨ੍ਹਾਂ ਸ਼ਰਤ ਰਿਹਾਈ ਲਈ ਦੇਰ ਸ਼ਾਮ ਠੀਕਰੀਵਾਲਾ ਚੌਕ ਬਰਨਾਲਾ ਵਿਖੇ ਸਿੱਖ ਸੈਂਕੜੇ ਸਿੱਖ ਸੰਗਤਾਂ ਨੇ ਧਰਨਾ ਦਿੱਤਾ।


NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖ਼ੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH



Realtor & Mortgage Specialist
Bay Area & Central Valley
ਚੰਗੀ ਜੁਗਤਤ-ਚਿੰਤਾ ਮੁਕਤਤ
ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।
Doing Short Sale is much better than Forclosure home.
RAJ SINGH
Cell:510-452-7370
RAJ SINGH
M.A., M.Ed Retd. Principal
Realtor & Financial Adviser
Lic#01776459 & OG22467
3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ
MISSIONPEAK
46560 Fremont Blvd.,
Suite #111 Fremont, CA 94538
singhrajpaul@yahoo.com



Wraich Transport LLC
North American Truck Stop
14320 Slover Ave., Fontana, CA 92337
ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +
ਤੁਰਤ ਕਾਲ ਕਰੋ:800-746-6201, 909-350-3310

# ਪ੍ਰਧਾਨ ਮੰਤਰੀ ਦੇ 'ਸਲਾਹਕਾਰ' ਨੇ ਪੁਲਿਸ ਪੱਬਾਂ ਭਾਰ ਕੀਤੀ

**ਮੁਹਾਲੀ :** ਇੱਥੇ ਆਪਣੇ ਆਪ ਨੂੰ ਪ੍ਰਧਾਨ ਮੰਤਰੀ ਦਾ ਸਿਆਸੀ ਸਲਾਹਕਾਰ ਦੱਸ ਕੇ ਕਾਂਗਰਸ ਲੀਡਰਸ਼ਿਪ ਅਤੇ ਪੰਜਾਬ ਪੁਲੀਸ ਕੋਲੋਂ ਸਰਕਾਰੀ ਮਹਿਮਾਨਨਿਵਾਜ਼ੀ ਕਰਵਾਉਣ ਵਾਲੇ ਮਨਮੋਹਨ ਸਿੰਘ ਨਾਂਅ ਦੇ ਵਿਅਕਤੀ ਨੂੰ ਇਸ ਤੋਂ ਅਗਲੇ ਦਿਨ ਜੰਮੂ-ਕਸ਼ਮੀਰ ਪੁਲੀਸ ਨੇ ਕਾਬੂ ਕਰਕੇ ਉਸ ਦੀ ਜਾਅਲਸਾਜ਼ੀ ਦਾ ਪਰਦਾਫਾਸ਼ ਕੀਤਾ ਹੈ। ਇਸ ਤਰ੍ਹਾਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦਾ ਖੁਫ਼ੀਆ ਤੰਤਰ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਇਆ ਹੈ।

ਜਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਦਾ ਨਕਲੀ ਸਿਆਸੀ ਸਲਾਹਕਾਰ ਬੀਤੀ 11 ਜੁਲਾਈ ਨੂੰ ਇਥੋਂ ਦੇ ਫੇਜ਼-3ਬੀ 2 ਦੀ ਮਾਰਕੀਟ ਵਿਚ ਸਥਿਤ ਭੈਣਾਂ ਦੀ ਹੱਟੀ (ਕੱਪੜੇ ਦੇ ਵਪਾਰੀ) ਦੇ ਸ਼ੋਅ ਰੂਮ ਵਿਚ ਆਇਆ ਸੀ। ਜਿਥੇ ਪਹਿਲਾਂ ਹੀ ਉਨ੍ਹਾਂ ਦੇ ਸਵਾਗਤ ਲਈ ਹਲਕਾ ਵਿਧਾਇਕ ਬਲਬੀਰ ਸਿੰਘ ਸਿੱਧੂ ਕਾਂਗਰਸੀ ਵਰਕਰਾਂ ਨਾਲ ਤਿਆਰੀ ਕਰਕੇ ਖੜ੍ਹੇ ਹੋਏ ਸੀ, ਉਥੇ ਮੁਹਾਲੀ ਜ਼ਿਲ੍ਹਾ ਪੁਲੀਸ ਪ੍ਰਸ਼ਾਸਨ ਵਲੋਂ ਵੀ ਸਖ਼ਤ ਸੁਰੱਖਿਆ ਇਤਜ਼ਾਮ ਕੀਤੇ ਗਏ ਸਨ ਅਤੇ ਬਾਕਾਇਦਾ ਤੌਰ 'ਤੇ ਟਰੈਫਿਕ ਰੂਟ ਬਣਾਇਆ ਗਿਆ ਸੀ ਅਤੇ ਪੁਲੀਸ ਦੀ ਜਿਪਸੀ ਮਨਮੋਹਨ ਸਿੰਘ ਨੂੰ ਐਸਕਾਰਟ ਕਰਕੇ ਸ਼ੋਅ ਰੂਮ ਤੱਕ ਲੈ ਕੇ ਆਈ ਸੀ ਅਤੇ ਉਨ੍ਹਾਂ ਦੇ ਕਾਫਲੇ ਨਾਲ ਚਲ ਰਹੀਆਂ ਗੱਡੀਆਂ 'ਤੇ ਵੀ.ਵੀ.ਆਈ.ਪੀ. ਹੂਟਰ ਲੱਗੇ ਹੋਏ ਸਨ। ਇਸ ਵਿਅਕਤੀ ਵਲੋਂ ਮੁਹਾਲੀ ਦੇ ਪੱਤਰਕਾਰਾਂ ਨਾਲ ਪ੍ਰੈਸ ਕਾਨਫਰੰਸ ਵੀ ਕੀਤੀ ਗਈ ਅਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਸੋਹਲੇ ਗਾਏ ਗਏ ਅਤੇ ਕੇਂਦਰ ਸਰਕਾਰ ਦੀਆਂ ਭਵਿੱਖ ਦੀਆਂ ਵਿਕਾਸ ਕਾਰਜਾਂ ਸਬੰਧੀ ਯੋਜਨਾਵਾਂ ਦਾ ਖੁਲਾਸਾ ਵੀ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਦੇ ਇਸ ਨਕਲੀ ਸਿਆਸੀ ਸਲਾਹਕਾਰ ਦੇ ਕਾਫਲੇ ਦੀ ਅਗਵਾਈ ਪੁਲੀਸ ਦੀ ਪਾਇਲਟ ਜਿਪਸੀ ਕਰ ਰਹੀ ਸੀ ਅਤੇ ਇਸ ਸਬੰਧੀ ਮਾਰਕੀਟ ਵਿਚ ਵੱਡੀ ਗਿਣਤੀ ਵਿਚ ਪੁਲੀਸ ਫੋਰਸ ਵੀ ਤਾਇਨਾਤ ਕੀਤੀ ਗਈ ਸੀ।

ਦੁਕਾਨਦਾਰ ਰਮੇਸ਼ ਗੋਇਲ ਦਾ ਕਹਿਣਾ ਹੈ ਕਿ ਕੁਝ ਸਮਾਂ ਪਹਿਲਾਂ ਉਨ੍ਹਾਂ ਦੇ ਘਰ ਵਿਚ ਹਰਪ੍ਰੀਤ ਭੰਵਰਾ ਨਾਮ ਦਾ ਇਕ ਕਿਰਾਏਦਾਰ ਰਹਿੰਦਾ ਸੀ ਜੋ ਕਿ ਮੁਹਾਲੀ ਸਥਿਤ ਡੈੱਲ ਕੰਪਨੀ ਵਿਚ ਨੌਕਰੀ ਕਰਦਾ ਹੈ। ਉਸ ਦਾ ਸਾਢੂ ਨਰਿੰਦਰ ਸ਼ਰਮਾ ਦਿੱਲੀ ਵਿਚ ਰਹਿੰਦਾ ਹੈ ਅਤੇ ਕਿਰਾਏਦਾਰ ਕੋਲ ਆਉਣ ਜਾਣ ਕਾਰਨ ਉਨ੍ਹਾਂ ਦੀ ਵੀ ਨਰਿੰਦਰ ਨਾਲ ਵੀ ਜਾਣ ਪਛਾਣ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਬੀਤੀ 10 ਜੁਲਾਈ ਨੂੰ ਉਨ੍ਹਾਂ ਨੂੰ ਦਿੱਲੀ ਤੋਂ ਨਰਿੰਦਰ ਸ਼ਰਮਾ, ਜਿਸ ਨੇ ਖੁਦ ਨੂੰ ਸਿਆਸੀ ਸਲਾਹਕਾਰ ਦਾ ਨਿੱਜੀ ਸਕੱਤਰ ਦੱਸਿਆ ਸੀ, ਦਾ ਫੋਨ ਆਇਆ ਸੀ ਕਿ 11 ਜੁਲਾਈ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਸਿਆਸੀ ਸਲਾਹਕਾਰ ਮਨਮੋਹਨ ਸਿੰਘ ਪੰਜਾਬ ਅਤੇ ਜੰਮੂ ਕਸ਼ਮੀਰ ਦੇ ਦੌਰੇ 'ਤੇ ਜਾ ਰਹੇ ਹਨ ਅਤੇ ਪੰਜਾਬ ਵਿਚ ਪ੍ਰਵੇਸ਼ ਕਰਨ ਸਮੇਂ ਉਹ ਕੁਝ ਸਮੇਂ ਲਈ ਉਨ੍ਹਾਂ ਕੋਲ ਰੁਕ ਸਕਦੇ ਹਨ। ਇਸ ਕਾਰਨ ਉਨ੍ਹਾਂ ਹਾਮੀ ਭਰ ਦਿੱਤੀ ਸੀ।

ਸ੍ਰੀ ਗੋਇਲ ਅਨੁਸਾਰ 10 ਜੁਲਾਈ ਨੂੰ ਹੀ ਸ਼ਾਮ ਵੇਲੇ ਉਨ੍ਹਾਂ ਕੋਲ ਮੁਹਾਲੀ ਦੇ ਸੈਕਟਰ-70 ਮਟੌਰ ਪੁਲੀਸ ਥਾਣੇ ਤੋਂ ਐਡੀਸ਼ਨਲ ਐਸ.ਐਚ.ਓ ਫਤਿਹ ਫਕੀਰ ਸਿੰਘ ਵੀ ਆਇਆ ਸੀ ਅਤੇ ਕਹਿਣ ਲੱਗਾ ਕਿ ਉਨ੍ਹਾਂ ਕੋਲ ਵੀ.ਆਈ.ਪੀ ਪ੍ਰਧਾਨ ਮੰਤਰੀ ਦੇ ਸਿਆਸੀ ਸਲਾਹਕਾਰ ਨੇ ਆਉਣਾ ਹੈ। ਇਸ ਸਬੰਧੀ ਸੁਰੱਖਿਆ ਪ੍ਰਬੰਧ ਕੀਤੇ ਜਾਣੇ ਹਨ। ਇਸ ਤੋਂ ਬਾਅਦ ਉਨ੍ਹਾਂ (ਗੋਇਲ) ਵਲੋਂ ਹਲਕਾ ਵਿਧਾਇਕ ਬਲਬੀਰ ਸਿੰਘ ਸਿੱਧੂ ਨੂੰ ਵੀ ਇਤਲਾਹ ਦੇ ਕੇ ਮੌਕੇ 'ਤੇ ਬੁਲਾਇਆ ਗਿਆ ਸੀ ਜਿਨ੍ਹਾਂ ਵਲੋਂ ਉਨ੍ਹਾਂ ਦੀ ਦੁਕਾਨ 'ਤੇ ਆਏ ਇਨ੍ਹਾਂ ਸਾਰਿਆਂ ਦਾ ਸੁਆਗਤ ਕੀਤਾ ਗਿਆ ਸੀ। ਆਪਣੇ ਆਪ ਨੂੰ ਪ੍ਰਧਾਨ ਮੰਤਰੀ ਦਾ ਸਲਾਹਕਾਰ ਦੱਸਣ ਵਾਲੇ ਵਿਅਕਤੀ ਦੇ ਨਾਲ 10-12 ਵਿਅਕਤੀ ਹੋਰ ਸਨ ਜਿਨ੍ਹਾਂ ਵਿਚ ਇਕ ਵਿਅਕਤੀ ਸਾਧੂ ਦੇ ਭੇਸ ਵਿਚ ਸੀ ਜਿਸ ਨੂੰ ਉਹ ਸੁਆਮੀ ਦੱਸ ਰਹੇ ਸਨ।ਦੂਜੇ ਪਾਸੇ ਇਸ ਸਬੰਧੀ ਸੰਪਰਕ ਕਰਨ 'ਤੇ ਜ਼ਿਲ੍ਹਾ ਪੁਲੀਸ ਮੁਖੀ ਗੁਰਪ੍ਰੀਤ ਸਿੰਘ ਭੁੱਲਰ ਦਾ ਕਹਿਣਾ ਹੈ ਕਿ ਇਸ ਸਬੰਧੀ ਪੰਜਾਬ ਦੇ ਏ.ਡੀ.ਜੀ.ਪੀ. (ਸੁਰੱਖਿਆ) ਵਲੋਂ ਜ਼ਿਲ੍ਹਾ ਪੁਲੀਸ ਨੂੰ ਫੈਕਸ ਭੇਜ ਕੇ ਵੀ.ਆਈ.ਪੀ. ਮਨਮੋਹਨ ਸਿੰਘ ਦੀ ਸੁਰੱਖਿਆ ਸਬੰਧੀ ਸੁਰੱਖਿਆ ਇੰਤਜ਼ਾਮ ਕਰਨ ਦੀ ਹਦਾਇਤ ਕੀਤੀ ਗਈ ਸੀ ਅਤੇ ਰੁਟੀਨ ਵਿਚ ਜਦੋਂ ਵੀ ਅਜਿਹੇ ਹੁਕਮ ਆਉਂਦੇ ਹਨ ਉਸ ਅਨੁਸਾਰ ਸੁਰੱਖਿਆ ਪ੍ਰਬੰਧ ਕਰਨੇ ਪੁਲੀਸ ਦੀ ਡਿਊਟੀ ਬਣ ਜਾਂਦੀ ਹੈ। ਇਸ ਵਾਰ ਵੀ ਅਜਿਹਾ ਹੀ ਹੋਇਆ ਸੀ।

ਵਿਧਾਇਕ ਬਲਬੀਰ ਸਿੰਘ ਸਿੱਧੂ ਨੇ ਸੰਪਰਕ ਕਰਨ 'ਤੇ ਕਿਹਾ ਕਿ ਇਸ ਵਿਅਕਤੀ ਦੀ ਅਸਲੀਅਤ ਬਾਰੇ ਤਾਜ਼ਾ ਜਾਣਕਾਰੀ ਮਿਲਣ ਤੋਂ ਉਹ ਖ਼ੁਦ ਵੀ ਹੈਰਾਨ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਤਾਂ ਰਮੇਸ਼ ਗੋਇਲ ਨੇ ਇਤਲਾਹ ਦੇ ਕੇ ਮੌਕੇ 'ਤੇ ਸੱਦਿਆ ਸੀ ਤੇ ਜਦੋਂ ਉਹ ਮੌਕੇ 'ਤੇ ਪਹੁੰਚੇ ਅਤੇ ਉਥੇ ਜਿਸ ਤਰ੍ਹਾਂ ਪੁਲੀਸ ਦੇ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ ਅਤੇ ਜਿਸ ਠਾਠ ਨਾਲ ਉਸ ਵਿਅਕਤੀ ਦਾ ਕਾਫਲਾ ਇਥੇ ਪਹੁੰਚਿਆ ਸੀ, ਉਸ ਨਾਲ ਸ਼ੱਕ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿੰਦੀ ਸੀ।

ਇਸ ਘਟਨਾ ਨੇ ਪੰਜਾਬ ਦੀਆਂ ਖੁਫੀਆ ਏਜੰਸੀਆਂ ਦੀ ਕਾਰਗੁਜ਼ਾਰੀ 'ਤੇ ਵੀ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਸੂਤਰਾਂ ਮੁਤਾਬਕ ਸੀ.ਆਈ.ਡੀ. ਪੰਜਾਬ ਦੇ ਸੀਨੀਅਰ ਅਧਿਕਾਰੀਆਂ ਨੇ ਮੁਹਾਲੀ ਦੇ ਸੀ.ਆਈ.ਡੀ. ਨਾਲ ਸਬੰਧਤ ਅਧਿਕਾਰੀਆਂ ਨੂੰ ਝਿੜਕਾਂ ਤਾਂ ਮਾਰੀਆਂ ਪਰ ਉਨ੍ਹਾਂ ਨੂੰ ਖ਼ੁਦ ਨਹੀਂ ਸੁੱਝ ਰਿਹਾ ਕਿ ਅਣਗਹਿਲੀ ਕਿੱਥੇ ਹੋ ਗਈ।

## ਡਿਵੈਲਪਮੈਂਟ ਚਾਰਜਿਜ਼ ਵਿਚ ਛੋਟ ਦਾ ਫਾਇਦਾ ਕਲੋਨਾਈਜ਼ਰਾਂ ਤੇ ਬਿਲਡਰਾਂ ਨੂੰ ਹੀ

**ਜਲੰਧਰ:** ਸਰਕਾਰ ਨੇ ਐਕਸਟਰਨਲ ਡਿਵੈਲਪਮੈਂਟ ਚਾਰਜ਼ਿਜ਼ ਅਤੇ ਲਾਇਸੰਸ ਫੀਸ ਵਿਚ 10 ਤੋਂ 40 ਫੀਸਦੀ ਤੱਕ ਕਟੌਤੀ ਕੀਤੀ ਹੈ। ਆਮ ਖਰੀਦਦਾਰ ਨੂੰ ਰਾਹਤ ਅਤੇ ਨਜਾਇਜ਼ ਕਾਲੋਨੀਆਂ ਦਾ ਨਿਰਮਾਣ ਰੋਕਣ ਦੇ ਲਈ ਕੀਤੀ ਗਈ ਇਸ ਕਟੌਤੀ ਦਾ ਫਾਇਦਾ ਵੱਡੇ ਬਿਲਡਰਾਂ ਤੇ ਕਲੋਨਾਈਜ਼ਰਾਂ ਨੂੰ ਹੀ ਮਿਲਦਾ ਦਿਸਦਾ ਹੈ। ਆਮ ਆਦਮੀ ਨੂੰ ਇਸ ਤੋਂ ਹੋਣ ਵਾਲਾ ਲਾਭ ਕੋਈ ਜ਼ਿਆਦਾ ਨਹੀਂ। ਮੱਧ ਵਰਤੀ ਅਤੇ ਨੀਵੇਂ ਪ੍ਰੋਟੈਂਸ਼ੀਅਲ ਜ਼ੋਨ ਵਿਚ ਈ ਡੀ ਪੀ ਦੀਆਂ ਅਲੱਗ ਅਲੱਗ ਦਰਾਂ ਨਿਰਧਾਰਤ ਕੀਤੀਆਂ ਗਈਆਂ ਹਨ। ਸਰਕਾਰ ਨੇ ਸੁਪਨਾ ਵੱਡੇ ਫਾਇਦੇ ਦਾ ਦਿਖਾਇਆ ਹੈ ਜੋ ਕਿ ਹਕੀਕਤ ਵਿਚ ਨਹੀਂ ਹਨ। ਪ੍ਰੋਟੈਸ਼ੀਅਲ ਜ਼ੋਨ ਹਾਈ ਵਨ ਵਿਚ ਈ ਡੀ ਪੀ ਦੀ ਨਵੀਂ ਦਰ 24 ਲੱਖ ਰੁਪਏ ਪ੍ਰਤੀ ਏਕੜ ਨਿਰਧਾਰਤ ਕੀਤੀ ਗਈ ਹੈ। ਪਹਿਲਾਂ ਇਹ ਦਰ 26.78 ਲੱਖ ਰੁਪਏ ਪ੍ਰਤੀ ਏਕੜ ਸੀ। ਦਰਾਂ ਘੱਟ ਹੋਣ ਨਾਲ ਪ੍ਰਤੀ ਏਕੜ (4840 ਵਰਗ ਗਜ਼) ਪਿੱਛੇ 2.78 ਲੱਖ ਰੁਪਏ ਦਾ ਫਾਇਦਾ ਹੋਵੇਗਾ। ਇਸ ਨੂੰ ਜੇ ਅਸੀਂ ਪ੍ਰਤੀ ਵਰਗ ਗਜ਼ ਦੇ ਹਿਸਾਬ ਨਾਲ ਦੇਖੀਏ ਤਾਂ ਇਹ 57 ਰੁਪਏ 43 ਪੈਸੇ ਪ੍ਰਤੀ ਵਰਗ ਗਜ਼ ਹੋਵੇਗਾ। ਇਸ ਤਰ੍ਹਾਂ ਸੌ ਵਰਗ ਗਜ਼ ਦਾ ਪਲਾਟ ਖਰੀਦਣ 'ਤੇ ਫਾਇਦਾ 5743 ਰੁਪਏ ਹੀ ਹੋਵੇਗਾ। ਇਹ ਵੀ ਬਿਲਡਰ ਦੀ ਮਰਜ਼ੀ 'ਤੇ ਨਿਰਭਰ ਕਰੇਗਾ ਕਿ ਉਹ ਇਹ ਖਰੀਦਦਾਰ ਨੂੰ ਦਿੰਦਾ ਹੈ ਜਾਂ ਨਹੀਂ। ਕਮਰਸ਼ੀਅਲ ਪ੍ਰਾਪਰਟੀ ਦੀ ਖਰੀਦ 'ਤੇ ਇਹ ਫਾਇਦਾ ਜ਼ਿਆਦਾ ਹੋ ਸਕਦਾ ਹੈ। ਪਹਿਲਾਂ ਹਾਈ ਜ਼ੋਨ ਵਨ ਵਿਚ ਇਹ ਈ ਡੀ ਪੀ ਦੀ ਦਰ 93.95 ਲੱਖ ਰੁਪਏ ਪ੍ਰਤੀ ਏਕੜ ਸੀ। ਜਿਸ ਨੂੰ ਹੁਣ 45 ਲੱਖ ਰੁਪਏ ਪ੍ਰਤੀ ਏਕੜ ਕਰ ਦਿੱਤਾ ਗਿਆ ਹੈ। ਇਸ ਵਿਚ 100 ਵਰਗ ਗਜ਼ ਖਰੀਦਣ ਵਾਲੇ ਨੂੰ ਜ਼ਰੂਰ ਹੀ ਲਗਪਗ 1 ਲੱਖ ਰੁਪਏ ਦਾ ਫਾਇਦਾ ਹੋਵੇਗਾ। ਸ਼ਰਤ ਇਥੇ ਵੀ ਇਹੀ ਹੈ ਕਿ ਡਿਵੈਲਪਰ ਉਨ੍ਹਾਂ ਨੂੰ ਕਿੰਨਾ ਫਾਇਦਾ ਦਿੰਦਾ ਹੈ। ਮੀਡੀਅਮ ਜ਼ੋਨ ਵਿਚ ਇਹ ਫਾਇਦਾ ਥੋੜ੍ਹਾ ਜ਼ਿਆਦਾ ਹੋਵੇਗਾ। ਪਿਛਲੀਆਂ ਦਰਾਂ ਦੇ ਮੁਤਾਬਕ 20 ਲੱਖ ਰੁਪਏ ਪ੍ਰਤੀ ਏਕੜ ਦੀ ਤੁਲਨਾ ਵਿਚ ਇਹ ਦਰਾਂ 12 ਲੱਖ ਪ੍ਰਤੀ ਏਕੜ ਕਰ ਦਿੱਤੀਆਂ ਗਈਆਂ ਹਨ। ਇਸ ਤਰ੍ਹਾਂ ਇਸ ਵਰਗ ਵਿਚ 100 ਵਰਗ ਗਜ਼ ਦਾ ਪਲਾਟ ਖਰੀਦਣ ਵਾਲੇ ਨੂੰ 16528 ਰੁਪਏ ਦਾ ਫਾਇਦਾ ਹੋਵੇਗਾ, ਉਹ ਵੀ ਤਾਂ ਜੇ ਬਿਲਡਰ ਉਸ ਨੂੰ ਦਿੰਦਾ ਹੈ।

ਨੋਟੀਫਿਕੇਸ਼ਨ ਵਿਚ ਸਰਕਾਰ ਨੇ ਆਰਥਿਕ ਰੂਪ ਵਿਚ ਪਛੜੇ ਵਰਗ ਨੂੰ ਫਾਇਦਾ ਦੇਣ ਦਾ ਮਕਸਦ ਵੀ ਰੱਖਿਆ ਹੈ ਪਰ ਮਾਨੀਟਰਿੰਗ ਦੀ ਘਾਟ ਕਾਰਨ ਇਹ ਵੀ ਮਹਿਜ਼ ਧੋਖਾ ਹੀ ਸਾਬਤ ਹੋਵੇਗਾ। ਕਾਲੋਨੀ ਕੱਟਣ 'ਤੇ ਕਲੋਨਾਈਜ਼ਰ ਨੂੰ ਕਮਜ਼ੋਰ ਵਰਗਾਂ ਲਈ ਘਰ ਬਣਾਉਣ ਲਈ ਜਗ੍ਹਾ ਰੱਖਣੀ ਹੋਵੇਗਾ। ਕਮਜ਼ੋਰ ਵਰਗ ਦੇ ਲਈ ਜਗ੍ਹਾ ਕਿੰਨੀ ਛੱਡੀ ਜਾਣੀ ਹੈ ਇਹ ਪ੍ਰੰਪਰਾ ਕਾਨੂੰਨ ਦੀਆਂ ਸ਼ਰਤਾਂ 'ਤੇ ਨਿਯਮਾਂ 'ਤੇ ਨਿਰਭਰ ਕਰੇਗੀ। ਇਸ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਵੀ ਸਰਕਾਰ ਨੂੰ ਖਾਸੀ ਮਿਹਨਤ ਕਰਨੀ ਪਵੇਗੀ।

## ਕੀ ਸਿੱਖ ਕਤਲੇਆਮ ਸਮੇਂ ਜੰਗਲ ਰਾਜ ਨਹੀਂ ਸੀ?

**ਲਖਨਊ:** ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਨੇ ਸੂਬੇ ਦੇ ਮੰਤਰੀ ਨੰਦ ਕੁਮਾਰ ਗੁਪਤਾ ਉਪਰ ਬੀਤੇ ਦਿਨੀਂ ਹੋਏ ਹਮਲੇ ਮਗਰੋਂ ਸਮਾਜਵਾਦੀ ਪਾਰਟੀ ਅਤੇ ਕਾਂਗਰਸ ਸਣੇ ਹੋਰਨਾਂ ਵਿਰੋਧੀ ਪਾਰਟੀਆਂ ਵਲੋਂ ਕਾਨੂੰਨ ਅਤੇ ਵਿਵਸਥਾ ਦੀ ਮਾੜੀ ਹਾਲਤ ਦੇ ਪਾਏ ਜਾ ਰਹੇ ਰੌਲੇ-ਰੱਪੇ ਦਰਮਿਆਨ ਬੀਤੀ 17 ਜੁਲਾਈ ਨੂੰ ਸਵਾਲ ਕੀਤਾ ਕਿ ਕੀ ਉਸ ਸਮੇਂ ਦੇਸ਼ ਵਿਚ ਜੰਗਲ ਰਾਜ ਨਹੀਂ ਸੀ ਜਦੋਂ 1984 'ਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ? ਉਨ੍ਹਾਂ ਕਿਹਾ ਕਿ 1991 ਤੋਂ 2005 ਦਰਮਿਆਨ ਉੱਤਰ ਪ੍ਰਦੇਸ਼ ਵਿਚ ਇਕ ਸੰਸਦ ਮੈਂਬਰ, 18 ਵਿਧਾਇਕਾਂ ਅਤੇ 38 ਅਹੁਦੇਦਾਰਾਂ ਦੇ ਕਤਲ ਕੀਤੇ ਗਏ। ਇਸ ਦੇ ਨਾਲ ਹੀ ਸਮਾਜਵਾਦੀ ਪਾਰਟੀ ਦੇ ਕਾਰਜਕਾਲ ਦੌਰਾਨ 2003 ਤੋਂ 2007 ਦਰਮਿਆਨ ਇਕ ਸੰਸਦ ਮੈਂਬਰ, ਤਿੰਨ ਵਿਧਾਇਕਾਂ, ਇਕ ਸਾਬਕਾ ਵਿਧਾਇਕ ਅਤੇ 13 ਅਹੁਦੇਦਾਰਾਂ ਦੀ ਹੱਤਿਆ ਕੀਤੀ ਗਈ ਪਰ ਉਸ ਸਮੇਂ ਸੂਬੇ ਦੀ ਕਾਨੂੰਨ ਵਿਵਸਥਾ 'ਤੇ ਸਵਾਲ ਨਹੀਂ ਉਠਾਇਆ ਗਿਆ।

## Matrimonials

**Companionship Sought**

76 years old widower Punjabi healthy, handsome, retired doctor seeks companionship with a widow lady with attraction at or near 70. Even paying guest accommodation is welcome. Call Sharma at 315-383-2008

**Bridegroom Wanted**

Wanted suitable boy US Citizen/Green Card/HIB Holder for jatt sikh girl 5'7", 27.5, M Tech. Comp. sci, pursuing Masters in Analytics, contact 704-930-1734
sandhu3200@gmail.com

*107-26-4*

**ਵਰ ਦੀ ਲੋੜ**

ਰਾਮਗੜੀਆ ਸਿੱਖ, 30 ਸਾਲ, ਇੰਗਲੈਂਡ ਵਿਚ ਪੜ੍ਹਦੀ ਲੜਕੀ ਲਈ ਸਿੱਖੀ ਸਰੂਪ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਵਡੀ ਭੈਣ ਕੈਲੀਫੋਰਨੀਆ ਵਸਦੀ ਹੈ। ਕੈਲੀਫੋਰਨੀਆ ਦੇ ਲੜਕੇ ਨੂੰ ਤਰਜੀਹ। ਸੰਪਰਕ ਕਰੋ: 209-470-3732

*106-22-4*

**Bride Wanted**

Ramgariah Family from Chicago area seeking suitable well educated Ramgariah match for their son, Doctor of Podiatric Medicine, 29, 5' 8". Send photo/ Biodata to angelhavok@aol.com

*105-25-4*

*www.punjabtimesusa.com*


MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Asiana Airlines  Emirates  KOREAN AIR  SINGAPORE AIRLINES  CATHAY PACIFIC  Lufthansa  CHINA AIRLINES
We Also Offer Notary Service

100% NCLEX-PN Pass Rate! SSF Campus January 2010 – March 2010, Hayward Campus January 2008 – March 2008
Job Placement Assistance!  Affordable Payment Plans!
NCP Career College & College of Nursing
Training students since 1993!

12 Month LVN Program
20 Day CNA Program
Full Time
Part Time
Days, Evenings & Weekends
Choose which one is right for you…Your career is a call away. Call today!
800.339.5145
LVN Vocational Nursing Program
CNA Nursing Assistant Training
CNA Acute Care Training
IV Therapy & Blood Withdrawal Certification Course
NCLEX-PN Review Classes
Countinuing Education for RNs, LVNs & CNAs
CPR
www.ncpcareercollege.com
www.ncpcollegeofnursing.com
South San Francisco Campus, 257 Longford Drive #5, So. San Francisco, CA 94080, 800.339.5145, 650.871.0701
Hayward Campus, 21615 Hesperian Blvd. Ste. A, Hayward, CA 94541, 800.611.4054, 510.785.0454

FARMERS INSURANCE GROUP – Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲਬਧ ਹੈ ਜਿਸਦੀ ਦਫਤਰ ਵੱਲੋਂ ਮਨਜ਼ੂਰੀ ਹੈ।

# ਕੈਪਟਨ ਵਲੋਂ ਹਾਂਸੀ-ਬੁਟਾਣਾ ਨਹਿਰ ਹੜ੍ਹਾਂ ਲਈ ਜ਼ਿੰਮੇਵਾਰ ਕਰਾਰ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਜ ਵਿਚ ਹੜ੍ਹਾਂ ਲਈ ਜਿੱਥੇ ਰਾਜ ਸਰਕਾਰ ਦੀ ਅਲਗਰਜ਼ੀ ਨੂੰ ਦੋਸ਼ੀ ਠਹਿਰਾਇਆ, ਉਥੇ ਸਾਰਾ ਠੀਕਰਾ ਹਰਿਆਣਾ ਸਿਰ ਵੀ ਭੰਨਿਆ ਹੈ। ਸਾਬਕਾ ਮੁੱਖ ਮੰਤਰੀ ਨੇ ਬੀਤੀ 14 ਜੁਲਾਈ ਨੂੰ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਹਰਿਆਣਾ ਵਲੋਂ ਹਾਂਸੀ- ਬੁਟਾਣਾ ਨਹਿਰ ਦੀ ਗੈਰ-ਕਾਨੂੰਨੀ ਉਸਾਰੀ ਕਾਰਨ ਤਿੰਨ ਨਦੀਆਂ ਟਾਂਗਰੀ, ਘੱਗਰ ਅਤੇ ਮਾਰਕੰਡਾ ਵਿਚ ਹੜ੍ਹ ਆਇਆ। ਇਨ੍ਹਾਂ ਨਦੀਆਂ ਦੇ ਪਾਣੀ ਨੇ ਹੀ ਪਟਿਆਲਾ, ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆਂ ਵਿਚ ਤਬਾਹੀ ਮਚਾਈ। ਕੈਪਟਨ ਨੇ ਕਿਹਾ ਕਿ ਹਰਿਆਣਾ ਵਲੋਂ ਕੀਤੀ ਗਈ ਇਹ ਗੈਰ-ਕਾਨੂੰਨੀ ਕਾਰਵਾਈ ਪੰਜਾਬ ਲਈ ਭਵਿੱਖ ਵਿਚ ਵੀ ਤਬਾਹਕੁੰਨ ਸਾਬਤ ਹੋਵੇਗੀ ਕਿਉਂਕਿ ਮਾਮੂਲੀ ਬਾਰਿਸ਼ ਆਉਣ 'ਤੇ ਵੀ ਇਨ੍ਹਾਂ ਤਿੰਨ ਨਦੀਆਂ ਵਿਚ ਹੜ੍ਹ ਆਵੇਗਾ ਅਤੇ ਪਾਣੀ ਦਾ ਕੁਦਰਤੀ ਨਿਕਾਸ ਹਾਂਸੀ-ਬੁਟਾਣਾ ਨਹਿਰ ਕਾਰਨ ਬੰਦ ਹੋਣ ਕਰਕੇ ਪਾਣੀ ਪੰਜਾਬ ਵਾਲੇ ਪਾਸੇ ਫੈਲੇਗਾ।

ਸਾਬਕਾ ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਪੰਜਾਬ ਕੋਲ ਇਕ ਬੂੰਦ ਵੀ ਫਾਲਤੂ ਪਾਣੀ ਨਹੀਂ ਹੈ, ਇਸ ਲਈ ਗੁਆਂਢੀ ਸੂਬੇ ਨੂੰ ਕਿਸੇ ਵੀ ਕੀਮਤ 'ਤੇ ਹਾਂਸੀ-ਬੁਟਾਣਾ ਅਤੇ ਸਤਲੁਜ ਯਮੁਨਾ ਲਿੰਕ ਨਹਿਰਾਂ ਲਈ ਪਾਣੀ ਨਹੀਂ ਦਿੱਤਾ ਜਾਵੇਗਾ। ਸਾਬਕਾ ਮੁੱਖ ਮੰਤਰੀ ਨੇ ਕੇਂਦਰੀ ਜਲ ਕਮਿਸ਼ਨ ਦੇ ਮੁੱਖ ਇੰਜੀਨੀਅਰ ਦੀ ਇਕ ਰਿਪੋਰਟ ਦੇ ਹਵਾਲੇ ਨਾਲ ਕਿਹਾ ਕਿ ਹਰਿਆਣਾ ਦੇ ਜਿਸ ਖੇਤਰ ਵਿਚ ਬਾਰਿਸ਼ ਦਾ ਪਾਣੀ ਜਮ੍ਹਾਂ ਹੋਇਆ ਹੈ, ਉਸ ਖੇਤਰ ਵਿਚ ਬਾਰਸ਼ ਦੇ ਪਾਣੀ ਨੂੰ ਕੁਦਰਤੀ ਲਾਂਘਾ ਦੇਣ ਲਈ ਨਹਿਰ ਦੇ ਹੇਠਾਂ 44 ਸਾਈਫਨ ਬਣਾਉਣੇ ਜ਼ਰੂਰੀ ਸਨ। ਇਸ ਦੇ ਉਲਟ ਕੇਵਲ ਇੱਕੋ ਸਾਈਫਨ ਬਣਾਇਆ ਗਿਆ ਜਿਸ ਕਾਰਨ ਪਾਣੀ ਦੀ ਨਿਕਾਸੀ ਨਹੀਂ ਹੋ ਸਕੀ ਤੇ ਮੀਂਹ ਦਾ ਪਾਣੀ ਨਦੀਆਂ ਤੇ ਘੱਗਰ ਵਿਚ ਆ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਦਬਾਅ ਪਾ ਕੇ ਨਹਿਰ ਦੇ ਹੇਠਾਂ ਸਾਈਫਨ ਆਦਿ ਬਣਾਉਣ ਲਈ ਹਰਿਆਣਾ ਨੂੰ ਮਜਬੂਰ ਕਰਨਾ ਚਾਹੀਦਾ ਹੈ ਤਾਂ ਜੋ ਪੰਜਾਬ ਨੂੰ ਭਵਿੱਖ ਵਿਚ ਹੋਣ ਵਾਲੀ ਤਬਾਹੀ ਤੋਂ ਬਚਾਇਆ ਜਾ ਸਕੇ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਦੀ ਹਕੂਮਤ ਦੌਰਾਨ ਜਦੋਂ ਹਰਿਆਣਾ ਨੇ ਹਾਂਸੀ-ਬੁਟਾਣਾ ਨਹਿਰ ਦੀ ਉਸਾਰੀ ਸ਼ੁਰੂ ਕੀਤੀ ਸੀ ਤਾਂ ਪੰਜਾਬ ਸਰਕਾਰ ਵਲੋਂ ਇਸ ਦਾ ਜ਼ਬਰਦਸਤ ਵਿਰੋਧ ਕੀਤਾ ਗਿਆ ਸੀ।

ਕੈਪਟਨ ਨੇ ਅਕਾਲੀ-ਭਾਜਪਾ ਸਰਕਾਰ 'ਤੇ ਹੜ੍ਹਾਂ ਦੀ ਸਥਿਤੀ ਨਾਲ ਨਿਪਟਣ ਵਿਚ ਨਾਕਾਮ




ਹੜ੍ਹਾਂ ਲਈ ਸਰਕਾਰ ਤੇ ਪ੍ਰਸ਼ਾਸਨ ਜ਼ਿੰਮੇਵਾਰ – ਰਣਇੰਦਰ ਸਿੰਘ

ਰਹਿਣ ਦੇ ਦੋਸ਼ ਲਾਉਂਦਿਆਂ ਕਿਹਾ ਕਿ ਮੌਨਸੂਨ ਦੀ ਪਹਿਲੀ ਹੀ ਬਾਰਸ਼ ਨਾਲ ਸੂਬੇ ਦੇ ਹਜ਼ਾਰਾਂ ਪਿੰਡਾਂ ਦੇ ਹੜ੍ਹ ਦੀ ਲਪੇਟ ਵਿਚ ਆ ਜਾਣਾ ਸਾਬਤ ਕਰਦਾ ਹੈ ਕਿ ਸਰਕਾਰ ਨੇ ਲੋਕਾਂ ਨੂੰ ਹੜ੍ਹਾਂ ਦੇ ਸੰਭਾਵੀ ਖਤਰੇ ਤੋਂ ਬਚਾਉਣ ਲਈ ਕੁਝ ਨਹੀਂ ਕੀਤਾ। ਉਨ੍ਹਾਂ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ ਕਿ ਅਕਾਲੀਆਂ ਵਲੋਂ ਲੋਕਾਂ ਦੀ ਤਰਾਸਦੀ 'ਤੇ ਰਾਜਨੀਤੀ ਖੇਡੀ ਜਾ ਰਹੀ ਹੈ। ਅਮਰਿੰਦਰ ਸਿੰਘ ਨੇ ਰਾਜ ਸਰਕਾਰ 'ਤੇ ਘੱਗਰ ਪ੍ਰੋਜੈਕਟ ਦੇ ਫੇਜ਼ ਦੋ ਨੂੰ ਮੁਕੰਮਲ ਕਰਨ ਵਿਚ ਦਿਲਚਸਪੀ ਨਾ ਲੈਣ ਦੇ ਦੋਸ਼ ਵੀ ਲਾਏ। ਉਨ੍ਹਾਂ ਕਿਹਾ ਕਿ ਜੇਕਰ ਇਹ ਪ੍ਰੋਜੈਕਟ ਸਿਰੇ ਚੜ੍ਹ ਜਾਂਦਾ ਤਾਂ ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆਂ ਦੇ ਸੈਂਕੜੇ ਪਿੰਡਾਂ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਇਆ ਜਾ ਸਕਦਾ ਸੀ।


ਸਾਬਕਾ ਮੰਤਰੀ ਤੇ ਵਿਧਾਇਕ ਲਾਲ ਸਿੰਘ ਨੇ ਇਸ ਮੌਕੇ ਕਿਹਾ ਕਿ ਕਾਂਗਰਸ ਇਸ ਆਫਤ ਦੇ ਮੌਕੇ 'ਤੇ ਰਾਜਨੀਤੀ ਨਹੀਂ ਕਰਨਾ ਚਾਹੁੰਦੀ ਪਰ ਇਹ ਜ਼ਰੂਰੀ ਹੈ ਕਿ ਅਸਲੀਅਤ ਲੋਕਾਂ ਦੇ ਸਾਹਮਣੇ ਰੱਖੀ ਜਾਵੇ। ਉਨ੍ਹਾਂ ਕਿਹਾ ਕਿ ਹੜ੍ਹ ਮਾਰੇ ਲੋਕਾਂ ਨਾਲ ਸਰਕਾਰ ਵਲੋਂ ਮਜ਼ਾਕ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਮਾਨਸਾ ਜ਼ਿਲ੍ਹੇ ਦੇ ਦੌਰੇ ਦੌਰਾਨ ਹੜ੍ਹਾਂ ਦੀ ਤਬਾਹੀ ਲਈ ਰਾਜ ਸਰਕਾਰ ਅਤੇ ਪ੍ਰਸ਼ਾਸਨਿਕ ਮਸ਼ੀਨਰੀ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਰਣਇੰਦਰ ਸਿੰਘ ਨੇ ਗਰੀਬ ਤਬਕੇ ਨੂੰ ਰਾਹਤ ਪਹੁੰਚਾਉਣ ਲਈ ਵਿਸ਼ੇਸ਼ ਮੁਆਵਜ਼ਾ ਦੇਣ 'ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਆਪਣੀ ਫ਼ਸਲ ਦੀ ਤਬਾਹੀ ਦਾ ਮੰਜ਼ਰ ਦੇਖ ਕੇ ਪਿੰਡ ਕਾਹਨੇਵਾਲ ਦੇ ਇੱਕ ਕਿਸਾਨ ਨੇਤ ਰਾਮ ਦੀ ਬੀਤੀ 14 ਜੁਲਾਈ ਨੂੰ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਇਸੇ ਤਰ੍ਹਾਂ ਪਿੰਡ ਸਾਧੂ ਵਾਲਾ ਜੋ ਬਾਕੀ ਦੇਸ਼ ਨਾਲੋਂ ਅਜੇ ਵੀ ਕੱਟਿਆ ਹੋਇਆ ਹੈ, ਦੀ ਬਾਜ਼ੀਗਰ ਬਰਾਦਰੀ ਨਾਲ ਸਬੰਧਤ ਧਨੀਆ ਰਾਣੀ ਨਾਂ ਦੀ ਔਰਤ ਦੀ ਇਸ ਲਈ ਮੌਤ ਹੋ ਗਈ, ਕਿਉਂਕਿ ਸਮੇਂ ਸਿਰ ਉਸਨੂੰ ਦਵਾਈ ਨਸੀਬ ਨਾ ਹੋਈ। ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ ਉਪਰੰਤ ਸਰਦੂਲਗੜ੍ਹ ਦੇ ਵਿਧਾਇਕ ਅਜੀਤ ਇੰਦਰ ਸਿੰਘ ਮੋਫਰ ਦੀ ਰਿਹਾਇਸ਼ 'ਤੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਰਣਇੰਦਰ ਸਿੰਘ ਨੇ ਬੀਤੀ 16 ਜੁਲਾਈ ਨੂੰ ਦੱਸਿਆ ਕਿ ਇਸ ਆਫ਼ਤ ਦਾ ਸਭ ਤੋਂ ਵਧ ਨੁਕਸਾਨ ਗਰੀਬ ਤਬਕੇ ਨੂੰ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਦੀਆਂ ਬਾਹਰਲੀਆਂ ਅਬਾਦੀਆਂ ਵਿਚ ਬਹੁਤਾਤ ਗਰੀਬਾਂ ਦੀ ਹੈ, ਇਸ ਲਈ ਪਾਣੀ ਦੀ ਮਾਰ ਨੇ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਹੀ ਨਿਸ਼ਾਨਾ ਬਣਾਇਆ ਹੈ।

**ਹੜ੍ਹ ਪੀੜਤਾਂ ਨੂੰ ਰਾਹਤ ਦੇਣ ਦੇ ਸਰਕਾਰ ਦੇ ਦਾਅਵੇ ਖੋਖਲੇ :** ਹੜ੍ਹ ਮਾਰੇ ਇਲਾਕਿਆਂ ਵਿਚ ਦੁਬਾਰਾ ਝੋਨੇ ਦੀ ਲੁਆਈ ਲਈ, ਕਿਸਾਨਾਂ ਨੂੰ ਪਨੀਰੀ ਦੇਣ ਦੇ ਸਰਕਾਰ ਦੇ ਦਾਅਵੇ ਖੋਖਲੇ ਸਾਬਤ ਹੋਏ ਹਨ। ਕਿਸੇ ਵੀ ਜ਼ਿਲ੍ਹੇ ਵਿਚ ਸਰਕਾਰ ਨੇ ਕਿਸਾਨਾਂ ਨੂੰ ਝੋਨੇ ਦੀ ਪਨੀਰੀ ਮੁਹੱਈਆ ਨਹੀਂ ਕਰਾਈ ਅਤੇ ਕਿਸਾਨਾਂ ਨੇ ਖੁਦ ਹੀ ਹਿੰਮਤ ਕਰ ਕੇ ਪੰਜਾਬ ਤੇ ਹਰਿਆਣਾ ਦੇ ਵੱਖ-ਵੱਖ ਇਲਾਕਿਆਂ ਵਿਚੋਂ ਝੋਨੇ ਦੀ ਪਨੀਰੀ ਲਿਆ ਕੇ ਦੁਬਾਰਾ ਲਾਉਣੀ ਅਰੰਭ ਦਿਤੀ ਹੈ। ਸਰਕਾਰੀ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਜ਼ਿਲ੍ਹਾ ਪਟਿਆਲਾ ਦੇ ਖੇਤਾਂ ਵਿਚੋਂ 80 ਫ਼ੀ ਸਦੀ ਹੜ੍ਹ ਦਾ ਪਾਣੀ ਨਿਕਲ ਚੁੱਕਾ ਹੈ। ਕਿਸਾਨਾਂ ਨੇ ਥੋੜੇ ਬਹੁਤ ਖੜੇ ਪਾਣੀ ਵਿਚ ਹੀ ਟਰੈਕਟਰ ਫੇਰ ਕੇ ਝੋਨੇ ਦੀ ਪਨੀਰੀ ਦੀ ਲੁਆਈ ਅਰੰਭ ਦਿਤੀ ਹੈ। ਹੜ੍ਹ ਮਾਰੇ ਇਲਾਕਿਆਂ ਵਿਚ ਟਿਊਬਵੈਲ ਨਕਾਰਾ ਹੋ ਚੁੱਕੇ ਹਨ ਪਰ ਸਰਕਾਰ ਨੇ ਇਸ ਸਬੰਧੀ ਕਿਸਾਨਾਂ ਨੂੰ ਰਾਹਤ ਦੇਣ ਦਾ ਅਜੇ ਕੋਈ ਫੈਸਲਾ ਨਹੀਂ ਲਿਆ। ਖੇਤਾਂ ਵਿਚੋਂ ਪਾਣੀ ਸੁੱਕਣ ਉਪਰੰਤ ਅਗਲੀ ਫ਼ਸਲ ਦੀ ਬਿਜਾਈ ਟਿਊਬਵੈਲਾਂ ਤੋਂ ਬਿਨਾਂ ਸੰਭਵ ਨਹੀਂ ਹੋ ਸਕੇਗੀ। ਪੰਜਾਬ ਸਰਕਾਰ ਵਲੋਂ ਜਾਰੀ ਸੂਚਨਾ ਅਨੁਸਾਰ ਰਾਜ ਦੇ 7 ਜ਼ਿਲ੍ਹਿਆਂ ਵਿਚ ਹੜ੍ਹਾਂ ਨਾਲ 3.25 ਲੱਖ ਏਕੜ ਰਕਬਾ ਪ੍ਰਭਾਵਤ ਹੋਇਆ ਹੈ। ਹੁਣ ਤਕ ਹੜ੍ਹਾਂ ਨਾਲ ਪ੍ਰਭਾਵਤ 1116 ਪਿੰਡਾਂ ਵਿਚ 25 ਬੰਦਿਆਂ ਦੀ ਮੌਤ ਹੋ ਚੁੱਕੀ ਹੈ। 800 ਤੋਂ ਵਧ ਘਰਾਂ ਦਾ ਨੁਕਸਾਨ ਹੋਇਆ ਹੈ।

ਡਿਪਟੀ ਮੁੱਖ ਮੰਤਰੀ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਪਟਿਆਲਾ ਅਤੇ ਸੰਗਰੂਰ 'ਚ ਹੜ੍ਹਾਂ ਨਾਲ ਪ੍ਰਭਾਵਤ ਪਿੰਡਾਂ ਵਿਚ ਦਿਤੀ ਜਾ ਰਹੀ ਰਾਹਤ ਦਾ ਜਾਇਜ਼ਾ ਲੈਣ ਲਈ ਬੀਤੀ 16 ਜੁਲਾਈ ਨੂੰ ਦੁਪਹਿਰ ਬਾਅਦ ਮੁੱਖ ਸਕੱਤਰ ਐਸ.ਸੀ. ਅਗਰਵਾਲ ਪਟਿਆਲਾ ਪੁੱਜੇ, ਜਿਥੇ ਉਨ੍ਹਾਂ ਨੇ ਅਧਿਕਾਰੀਆਂ ਨਾਲ ਰਾਹਤ ਦੇ ਮੁੱਦੇ 'ਤੇ ਗੱਲਬਾਤ ਕੀਤੀ। ਸਰਕਾਰ ਵਲੋਂ ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਹੜ੍ਹਾਂ ਨਾਲ ਪ੍ਰਭਾਵਤ ਜ਼ਿਲ੍ਹਿਆਂ ਨੂੰ ਰਾਹਤ ਦੇਣ ਲਈ ਹੁਣ ਤਕ 72 ਕਰੋੜ ਰੁਪਏ ਦੀ ਰਕਮ ਭੇਜੀ ਜਾ ਚੁੱਕੀ ਹੈ।

**ਕਿਸੇ ਮੰਤਰੀ ਦੀ ਵੁੱਕਤ ਨਹੀਂ :** ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਵਿਚ ਬਾਦਲ ਪਿਓ-ਪੁੱਤ ਤੋਂ ਬਿਨਾਂ ਕਿਸੇ ਮੰਤਰੀ ਦਾ ਕੌਡੀ ਮੁੱਲ ਨਹੀਂ। ਜਨਮੇਜਾ ਸਿੰਘ ਸੇਖੋਂ ਦੇ ਬਿਆਨ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ "ਸਿੰਜਾਈ ਮੰਤਰੀ ਤਾਂ 10 ਪੈਸੇ ਕਿਸੇ ਨੂੰ ਦੇ ਨਹੀਂ ਸਕਦਾ। ਇੱਥੇ ਤਾਂ ਮੁੱਖ ਮੰਤਰੀ, ਉਪ ਮੁੱਖ ਮੰਤਰੀ ਜੋ ਚਾਹੁਣ ਹੁੰਦਾ ਹੈ। ਇਸ ਤੋਂ ਬਾਅਦ ਜੇਕਰ ਮਾੜੀ ਮੋਟੀ ਕਿਸੇ ਦੀ ਚਲਦੀ ਹੈ ਤਾਂ ਉਹ ਆਦੇਸ਼ ਪ੍ਰਤਾਪ ਕੈਰੋਂ ਅਤੇ ਮਨਪ੍ਰੀਤ ਸਿੰਘ ਬਾਦਲ ਹੀ ਹਨ।"

## ਹਾਂਸੀ-ਬੁਟਾਣਾ ਨੇ ਹੀ ਕਹਿਰ ਢਾਹਿਆ- ਅਜੈ



ਚੰਡੀਗੜ੍ਹ : 'ਹਾਂਸੀ-ਬੁਟਾਣਾ ਨਹਿਰ ਬਣਾਉਣ ਦੀ ਲੋੜ ਨਹੀਂ ਸੀ। ਕਾਂਗਰਸ ਸਰਕਾਰ ਨੇ ਇਸ ਨਹਿਰ ਦੀ ਉਸਾਰੀ 'ਤੇ ਲੋਕਾਂ ਦੇ ਚਾਰ ਸੌ ਕਰੋੜ ਰੁਪਏ ਬਰਬਾਦ ਕਰ ਦਿੱਤੇ ਹਨ। ਇਹ ਨਹਿਰ ਲੋਕਾਂ ਨੂੰ ਡੋਬਣ ਦਾ ਕੰਮ ਕਰ ਰਹੀ ਹੈ। ਇਸ ਨਹਿਰ ਦੀ ਉਸਾਰੀ ਕਰਨ ਤੋਂ ਪਹਿਲਾਂ ਨਾ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.), ਨਾ ਰਾਜਸਥਾਨ ਸਰਕਾਰ ਅਤੇ ਨਾ ਹੀ ਕੇਂਦਰੀ ਵਾਟਰ ਕਮਿਸ਼ਨ ਕੋਲੋਂ ਪ੍ਰਵਾਨਗੀ ਲਈ ਗਈ।'

ਇਹ ਵਿਚਾਰ ਬੀਤੀ 14 ਜੁਲਾਈ ਨੂੰ ਇਥੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਸਕੱਤਰ ਜਨਰਲ ਤੇ ਵਿਧਾਇਕ ਅਜੈ ਚੌਟਾਲਾ ਨੇ ਪੇਸ਼ ਕਰਦਿਆਂ ਕਿਹਾ ਕਿ ਇਨੈਲੋ ਦਾ ਸ਼ੁਰੂ ਤੋਂ ਹੀ ਇਹ ਸਟੈਂਡ ਰਿਹਾ ਹੈ ਕਿ ਹਾਂਸੀ-ਬੁਟਾਣਾ ਨਹਿਰ ਨੂੰ ਬਣਾਉਣ ਦੀ ਲੋੜ ਨਹੀਂ ਹੈ। ਹਾਂਸੀ-ਬੁਟਾਣਾ ਨਹਿਰ ਹੜ੍ਹਾਂ ਦਾ ਕਾਰਨ ਬਣ ਰਹੀ ਹੈ ਤੇ ਇਸ ਕਾਰਨ ਹੀ ਕਾਫੀ ਨੁਕਸਾਨ ਹੋਇਆ ਹੈ। ਇਸ ਨਹਿਰ ਦੇ ਹੇਠ ਦੀ ਪਾਣੀ ਨਿਕਲਣ ਲਈ ਜਿੰਨੇ ਸਾਈਫਨ ਬਣਨੇ ਚਾਹੀਦੇ ਸਨ, ਉਹ ਬਣਾਏ ਨਹੀਂ ਗਏ। ਇਸ ਕਾਰਨ ਹੀ ਪਾਣੀ ਨਹੀਂ ਨਿਕਲਿਆ। ਪੰਜਾਬ ਸਰਕਾਰ ਪਹਿਲਾਂ ਹੀ ਇਸ ਨਹਿਰ ਨੂੰ ਪੰਜਾਬ ਵਿਚ ਹੜ੍ਹਾਂ ਲਈ ਜ਼ਿੰਮੇਵਾਰ ਠਹਿਰਾ ਰਹੀ ਹੈ ਤੇ ਇਹ ਨਹਿਰ ਨੂੰ ਢਾਹੁਣ ਲਈ ਹਰਿਆਣਾ ਸਰਕਾਰ ਨੂੰ ਕਹਿ ਚੁੱਕੀ ਹੈ। ਪਿਛਲੀ ਦਿਨੀਂ ਪੰਜਾਬ ਦੇ ਮੁੱਖ ਸਕੱਤਰ ਐਸ.ਸੀ. ਅਗਰਵਾਲ ਨੇ ਹਰਿਆਣਾ ਦੀ ਮੁੱਖ ਸਕੱਤਰ ਉਰਵਸ਼ੀ ਗੁਲਾਟੀ ਨੂੰ ਪੱਤਰ ਲਿਖਿਆ ਸੀ ਜਿਸ ਵਿਚ ਕਿਹਾ ਸੀ ਕਿ ਇਸ ਨਹਿਰ ਨੂੰ ਢਾਹ (ਡਿਸਮੈਂਟਲ) ਦਿੱਤਾ ਜਾਵੇ। ਰਾਜ ਦੀ ਵਿਰੋਧੀ ਧਿਰ ਦੇ ਅਹਿਮ ਆਗੂ ਅਜੈ ਚੌਟਾਲਾ ਦਾ ਕਹਿਣਾ ਕਿ ਇਸ ਨਹਿਰ ਦੀ ਲੋੜ ਨਹੀਂ ਸੀ, ਹਰਿਆਣਾ ਸਰਕਾਰ ਲਈ ਨਵੀਂ ਸਿਰਦਰਦੀ ਪੈਦਾ ਕਰੇਗੀ।

## ਹਾਂਸੀ-ਬੁਟਾਣਾ ਨਹਿਰ ਕੇਸ ਦੀ ਸੁਣਵਾਈ ਅਗੇ ਪਈ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਪੰਜਾਬ ਵਲੋਂ ਹਾਂਸੀ-ਬੁਟਾਣਾ ਨਹਿਰ ਬਾਰੇ ਪਾਈ ਰਿੱਟ 'ਤੇ ਸੁਣਵਾਈ 22 ਨਵੰਬਰ 'ਤੇ ਪਾ ਦਿੱਤੀ ਹੈ। ਪੰਜਾਬ ਨੇ 2007 ਵਿਚ ਹਰਿਆਣਾ ਵਲੋਂ ਬਣਾਈ ਗਈ 109 ਕਿਲੋਮੀਟਰ ਲੰਮੀ ਹਾਂਸੀ-ਬੁਟਾਣਾ ਨਹਿਰ ਵਿਰੁਧ ਸੁਪਰੀਮ ਕੋਰਟ ਵਿਚ ਰਿੱਟ ਦਾਇਰ ਕਰਕੇ ਇਸ ਨੂੰ ਬੰਦ ਕਰਵਾਉਣ ਦੀ ਅਪੀਲ ਕੀਤੀ ਸੀ। ਸੁਪਰੀਮ ਕੋਰਟ ਦੇ ਜਸਟਿਸ ਜੇ.ਐਮ. ਪੰਚਾਲ ਅਤੇ ਜਸਟਿਸ ਏ.ਕੇ. ਪਟਨਾਇਕ 'ਤੇ ਆਧਾਰਤ ਇਕ ਡਵੀਜ਼ਨ ਬੈਂਚ ਨੇ ਬੀਤੀ 16 ਜੁਲਾਈ ਨੂੰ ਕੇਸ 'ਤੇ ਸੁਣਵਾਈ ਕਰਦਿਆਂ ਇਕ ਆਦੇਸ਼ ਪਾਸ ਕੀਤਾ ਕਿ ਤੀਜੀ ਧਿਰ ਰਾਜਸਥਾਨ ਵਲੋਂ ਅਜੇ ਸਬੂਤ ਨਹੀਂ ਦਿੱਤੇ ਗਏ। ਰਾਜਸਥਾਨ ਨੇ ਵੀ ਇਸ ਨਹਿਰ ਦਾ ਵਿਰੋਧ ਕੀਤਾ ਹੈ।

ਪੰਜਾਬ ਵਲੋਂ ਸੁਪਰੀਮ ਕੋਰਟ ਵਿਚ ਪਾਏ ਗਏ ਕੇਸ ਵਿਚ ਕਿਹਾ ਗਿਆ ਹੈ ਕਿ ਹਰਿਆਣਾ ਨੇ ਇਸ ਨਹਿਰ ਦੀ ਉਸਾਰੀ ਵੇਲੇ ਉਸ ਦੀ ਰਾਇ ਨਹੀਂ ਲਈ। ਰਾਜਸਥਾਨ ਨੇ ਕਿਹਾ ਕਿ ਨਵੀਂ ਬਣਾਈ ਨਹਿਰ ਨਾਲ ਮੁੱਖ ਨਹਿਰ ਵਿਚ ਪਾਣੀ ਘਟ ਜਾਵੇਗਾ ਅਤੇ ਉਸ 'ਤੇ ਅਸਰ ਪਏਗਾ। ਦੂਜੇ ਪਾਸੇ ਹਰਿਆਣਾ ਦਾ ਇਹ ਕਹਿਣਾ ਹੈ ਕਿ ਉਸ ਨੇ ਵਾਧੂ ਪਾਣੀ ਨਹੀਂ ਮੰਗਿਆ। ਉਹ ਤਾਂ ਉਚੀ ਥਾਂ ਤੋਂ ਪਾਣੀ ਲੈਣਾ ਚਾਹੁੰਦਾ ਹੈ ਤਾਂ ਕਿ ਰਾਜ ਦੇ ਸੋਕਾਗ੍ਰਸਤ ਖੇਤਰ ਨੂੰ ਦਿੱਤਾ ਜਾ ਸਕੇ।

# ਹੜ੍ਹ ਮਾਰੇ ਖੇਤਰਾਂ ਦੇ ਦੌਰੇ ਦੌਰਾਨ ਬਾਦਲ ਵਲੋਂ ਵਕਤ ਟਪਾਉਣ ਦੀ ਕੋਸ਼ਿਸ਼



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬੀਤੀ 18 ਜੁਲਾਈ ਨੂੰ ਪੰਜਾਬ ਦੇ ਹੜ੍ਹ ਮਾਰੇ ਖੇਤਰਾਂ ਦਾ ਦੌਰਾ ਕੀਤਾ ਅਤੇ ਪੀੜਤ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਉਨ੍ਹਾਂ ਨੇ ਇਸ ਮੌਕੇ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਕਿ ਤੁਰੰਤ ਪੀੜਤਾਂ ਨੂੰ ਰਾਹਤ ਮੁਹੱਈਆ ਕਰਵਾਈ ਜਾਵੇ ਅਤੇ ਹੋਏ ਨੁਕਸਾਨ ਦੀ ਰਿਪੋਰਟ ਬਣਾ ਕੇ ਭੇਜੀ ਜਾਵੇ। ਮੁੱਖ ਮੰਤਰੀ ਨੇ ਇਸ ਮੌਕੇ ਕਿਹਾ ਕਿ ਕੇਂਦਰ ਨੂੰ ਹਰ ਸਾਲ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਤਬਾਹੀ ਦਾ ਕਾਰਨ ਬਣਦੇ ਘੱਗਰ ਦਰਿਆ ਦੇ ਪੱਕੇ ਹੱਲ ਲਈ ਤਿੰਨੇ ਸੂਬਿਆਂ ਨੂੰ ਭਰੋਸੇ ਵਿਚ ਲੈ ਕੇ ਇਸ ਨੂੰ ਕੇਂਦਰੀ ਪ੍ਰਾਜੈਕਟ ਤਹਿਤ ਆਪਣੇ ਹੱਥਾਂ ਵਿਚ ਲੈਣਾ ਚਾਹੀਦਾ ਹੈ ਤਾਂ ਕਿ ਸੂਬਿਆਂ ਦੇ ਆਪਸੀ ਝਗੜਿਆਂ ਕਾਰਨ ਲੋਕਾਂ ਦਾ ਨੁਕਸਾਨ ਨਾ ਹੋਵੇ।

ਸ੍ਰੀ ਬਾਦਲ ਨੇ ਕਿਹਾ ਕਿ ਉਹ ਘੱਗਰ ਦੇ ਹੱਲ ਲਈ ਇਸ ਨੂੰ ਕੌਮੀ ਪ੍ਰਾਜੈਕਟ ਕਰਾਰ ਦੇਣ ਅਤੇ ਕੁਦਰਤੀ ਆਫ਼ਤਾਂ ਸਬੰਧੀ ਫੰਡ ਵਿਚੋਂ ਹੜ੍ਹ-ਪੀੜਤਾਂ ਲਈ ਮੁਆਵਜ਼ਾ ਵਧਾਉਣ ਦੀ ਮੰਗ ਨੂੰ ਲੈ ਕੇ ਛੇਤੀ ਹੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਕਰਨਗੇ। ਉਨ੍ਹਾਂ ਨਾਲ ਹੀ ਕਿਹਾ ਕਿ ਘੱਗਰ ਤੋਂ ਇਲਾਵਾ ਹਰਿਆਣਾ ਵਲੋਂ ਗਲਤ ਢੰਗ ਨਾਲ ਉਸਾਰੀ ਗਈ ਹਾਂਸੀ-ਬੁਟਾਣਾ ਨਹਿਰ ਵੀ ਹੜ੍ਹਾਂ ਦਾ ਕਾਰਨ ਬਣੀ ਹੈ ਜਿਸ ਨੇ ਪੰਜਾਬ ਦਾ ਭਾਰੀ ਨੁਕਸਾਨ ਕੀਤਾ ਹੈ।

ਦੌਰੇ ਦੌਰਾਨ ਮੂਨਕ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਬਾਦਲ ਨੇ ਕਿਹਾ ਕਿ ਸੰਗਰੂਰ ਦੇ ਡਿਪਟੀ ਕਮਿਸ਼ਨਰ ਵਲੋਂ ਭੇਜੀ ਰਿਪੋਰਟ ਦੇ ਆਧਾਰ 'ਤੇ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਦੇਣ ਲਈ 1500 ਕਰੋੜ ਰੁਪਏ ਮੂਨਕ ਭੇਜ ਦਿੱਤੇ ਹਨ ਤੇ ਟਿਊਬਵੈਲਾਂ, ਘਰਾਂ ਦੇ ਨੁਕਸਾਨ ਬਾਰੇ ਵੀ ਸਰਵੇ ਕਰਨ ਦੀ ਹਦਾਇਤ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤ ਇਲਾਕੇ ਅੰਦਰ ਬਿਜਲੀ ਤੇ ਨਹਿਰੀ ਪਾਣੀ ਦੇ ਬਿੱਲਾਂ ਤੋਂ ਇਲਾਵਾ ਸਹਿਕਾਰੀ ਬੈਂਕਾਂ ਦੇ ਕਰਜ਼ੇ ਦੀ ਅਦਾਇਗੀ ਅੱਗੇ ਪਾ ਦਿੱਤੀ ਹੈ ਤੇ ਇਸ ਸਮੇਂ ਦਾ ਕੋਈ ਵਿਆਜ ਨਹੀਂ ਲਿਆ ਜਾਵੇਗਾ। ਉਨ੍ਹਾਂ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਉਣ ਵਾਲੀਆਂ ਪੰਚਾਇਤਾਂ, ਕਲੱਬਾਂ, ਸੰਸਥਾਵਾਂ ਨੂੰ ਵਿਸ਼ੇਸ਼ ਗਰਾਂਟ ਦੇਣ ਦਾ ਵੀ ਐਲਾਨ ਕੀਤਾ।

ਇਸ ਤੋਂ ਇਲਾਵਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਰਦੂਲਗੜ੍ਹ ਇਲਾਕੇ ਦੇ ਵੱਖ-ਵੱਖ ਪਿੰਡਾਂ ਭੂੰਦੜ, ਕਾਹਨੇਵਾਲਾ, ਸਾਧੂਵਾਲਾ ਅਤੇ ਫੂਸ ਮੰਡੀ ਆਦਿ ਵਿਚ ਹੜ੍ਹਾਂ ਨਾਲ ਹੋਏ ਨੁਕਸਾਨ ਨੂੰ ਦੇਖਿਆ। ਹੜ੍ਹ ਕਾਰਨ ਤਬਾਹ ਹੋਏ ਪਿੰਡਾਂ ਨੂੰ ਦੇਖਣ ਤੋਂ ਬਾਅਦ ਉਨ੍ਹਾਂ ਨੇ ਸਰਦੂਲਗੜ੍ਹ ਵਿਖੇ ਪੀੜਤ ਲੋਕਾਂ ਦੇ ਇਕੱਠ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਕਿਸਾਨਾਂ ਅਤੇ ਆਮ ਲੋਕਾਂ ਦਾ ਵੱਡਾ ਨੁਕਸਾਨ ਹੋਇਆ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਮਾਨਸਾ ਨੂੰ ਹਦਾਇਤ ਕੀਤੀ ਕਿ ਉਹ ਇਕ ਹਫ਼ਤੇ ਦੇ ਅੰਦਰ-ਅੰਦਰ ਮਰੀਆਂ ਫਸਲਾਂ ਅਤੇ ਤਬਾਹ ਹੋਏ ਮਕਾਨਾਂ ਦੀ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਰਿਪੋਰਟ ਦੇਣ ਤਾਂ ਜੋ ਲੋਕਾਂ ਨੂੰ ਤੁਰੰਤ ਬਣਦਾ ਮੁਆਵਜ਼ਾ ਦਿੱਤਾ ਜਾ ਸਕੇ। ਉਨ੍ਹਾਂ ਐਲਾਨ ਕੀਤਾ ਕਿ ਆਪਣੀਆਂ ਫਸਲਾਂ ਗਵਾ ਬੈਠੇ ਕਿਸਾਨਾਂ ਨੂੰ ਪਛੇਤੀਆਂ ਫਸਲਾਂ ਦੇ ਬੀਜ ਮੁਹੱਈਆ ਕਰਵਾਏ ਜਾਣਗੇ। ਜਿਨ੍ਹਾਂ ਲੋਕਾਂ ਨੇ ਆਪਣੇ ਕੋਲੋਂ ਡੀਜ਼ਲ ਖਰਚ ਕੇ ਬੰਨ੍ਹ ਤਕੜੇ ਕੀਤੇ ਅਤੇ ਹੜ੍ਹਾਂ ਨੂੰ ਰੋਕਣ 'ਚ ਮਿਹਨਤ ਕੀਤੀ ਉਨ੍ਹਾਂ ਨੂੰ ਡੀਜ਼ਲ ਖਰਚ ਮੁਹੱਈਆ ਕਰਵਾਉਣ ਦੀ ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ। ਇਸ ਮੌਕੇ ਸ. ਬਲਵਿੰਦਰ ਸਿੰਘ ਭੂੰਦੜ ਵੀ ਹਾਜ਼ਰ ਸਨ।

ਇਸੇ ਦੌਰਾਨ ਮੁੱਖ ਮੰਤਰੀ ਨੇ ਦੇਵੀਗੜ੍ਹ ਇਲਾਕੇ ਵਿਚ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਪਿੰਡਾਂ ਬੁੱਧਮੋਰ, ਜੋਧਪੁਰ, ਰੋਹੜ ਜਗੀਰ, ਬਿੰਜਲ, ਅਹਿਰੂ ਕਲਾਂ, ਓਝਾਂ ਆਦਿ ਦਾ ਵੀ ਦੌਰਾ ਕੀਤਾ ਤੇ ਪਿੰਡਾਂ ਦੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਮੌਕੇ ਪੱਤਰਕਾਰਾਂ ਵਲੋਂ ਪ੍ਰਧਾਨ ਮੰਤਰੀ ਨੂੰ ਮਿਲਣ ਮੌਕੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨਾਲ ਲੈ ਕੇ ਜਾਣ ਸਬੰਧੀ ਪੁੱਛੇ ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਦੇ ਹਿੱਤਾਂ ਲਈ ਕਿਤੇ ਵੀ ਨੰਗੇ ਪੈਰ ਜਾਣ ਲਈ ਤਿਆਰ ਹਨ ਅਤੇ ਉਨ੍ਹਾਂ ਨਾਲ ਕੋਈ ਵੀ ਜਾਵੇ, ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

ਉਨ੍ਹਾਂ ਕਿਹਾ ਕਿ ਕੇਂਦਰ ਕੁਦਰਤੀ ਆਫਤਾਂ ਫੰਡ ਵਿਚੋਂ ਫਸਲਾਂ ਦੇ ਨੁਕਸਾਨ ਲਈ ਮੁਆਵਜ਼ੇ ਨੂੰ 10 ਹਜ਼ਾਰ ਰੁਪਏ ਪ੍ਰਤੀ ਏਕੜ ਕਰਨ ਦੀ ਮੰਗ ਨੂੰ ਲੈ ਕੇ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲਣਗੇ। ਉਨ੍ਹਾਂ ਪ੍ਰਭਾਵਿਤ ਇਲਾਕਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਇਹ ਵੀ ਆਦੇਸ਼ ਦਿੱਤੇ ਕਿ ਉਹ ਹਰੇਕ ਪ੍ਰਭਾਵਿਤ ਪਿੰਡ ਦਾ ਖੁਦ ਦੌਰਾ ਕਰਨ ਅਤੇ ਬਰਸਾਤ ਦਾ ਮੌਸਮ ਸਿਰ 'ਤੇ ਹੋਣ ਕਾਰਨ ਰਾਹਤ ਟੀਮਾਂ ਨੂੰ ਵੀ ਪੂਰੀ ਤਰ੍ਹਾਂ ਚੌਕਸ ਰੱਖਿਆ ਜਾਵੇ ਤਾਂ ਕਿ ਲੋੜ ਪੈਣ 'ਤੇ ਕਿਸੇ ਵੀ ਤਰ੍ਹਾਂ ਦੇ ਸੰਕਟ ਦਾ ਸਾਹਮਣਾ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਪੰਜਾਬ ਰਾਜ ਬਿਜਲੀ ਨਿਗਮ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਕਿ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਬਿਜਲੀ ਢਾਂਚੇ ਨੂੰ ਠੀਕ ਕਰਕੇ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮੁਹੱਈਆ ਕਰਵਾਈ ਜਾਵੇ। ਮੁੱਖ ਮੰਤਰੀ ਨੇ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਨੂੰ ਪੀਣ ਲਈ ਸਾਫ ਸੁਥਰਾ ਪਾਣੀ ਮੁਹੱਈਆ ਕਰਵਾਉਣ ਦੇ ਆਦੇਸ਼ ਵੀ ਦਿੱਤੇ। ਇਸ ਸੰਕਟ ਦੀ ਘੜੀ ਵਿਚ ਪਿੰਡਾਂ ਦੇ ਲੋਕਾਂ ਵੱਲੋਂ ਵਿਖਾਏ ਹੌਸਲੇ ਦੀ ਸ਼ਲਾਘਾ ਕੀਤੀ ਅਤੇ ਰਾਜ ਦੇ ਲੋਕਾਂ ਵਲੋਂ ਰਾਹਤ ਕਾਰਜਾਂ ਵਿਚ ਸਹਿਯੋਗ ਦੇਣ ਲਈ ਉਨ੍ਹਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਸ. ਹਰਮੇਲ ਸਿੰਘ ਟੌਹੜਾ, ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸੁਰਜੀਤ ਸਿੰਘ ਰੱਖੜਾ ਅਤੇ ਜ਼ਿਲ੍ਹੇ ਦੇ ਅਧਿਕਾਰੀ ਹਾਜ਼ਰ ਸਨ।

## ਚੱਕੀ ਦਾ ਆਰਜ਼ੀ ਪੁਲ ਰੁੜ੍ਹਿਆ, ਘੱਗਰ ਨੇ ਚਿੰਤਾ 'ਚ ਪਾਏ ਲੋਕ

**ਚੰਡੀਗੜ੍ਹ:** ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਨੂੰ ਆਪਸ ਵਿਚ ਜੋੜਨ ਵਾਲਾ ਚੱਕੀ ਪਤਾਅ ਆਰਜ਼ੀ ਪੁਲ ਬੀਤੀ 17 ਜੁਲਾਈ ਨੂੰ ਚੱਕੀ ਦਰਿਆ ਵਿਚ ਜ਼ਿਆਦਾ ਪਾਣੀ ਆ ਜਾਣ ਕਾਰਨ ਰੁੜ੍ਹ ਗਿਆ। ਇਸ ਕਾਰਨ ਯਾਤਰੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਹੁਣ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਨੂੰ ਆਪਸ ਵਿਚ ਜੋੜਨ ਲਈ ਯਾਤਰੀਆਂ ਨੂੰ 20 ਕਿਲੋਮੀਟਰ ਦੇ ਕਰੀਬ ਰਸਤਾ ਵਧ ਤੈਅ ਕਰਕੇ ਜਾਣਾ ਪੈ ਰਿਹਾ ਹੈ। ਚੱਕੀ ਦਰਿਆ ਉਪਰ ਪੰਜਾਬ-ਹਿਮਾਚਲ ਪ੍ਰਦੇਸ਼ ਨੂੰ ਲਿੰਕ ਕਰਨ ਵਾਲੇ ਕੌਮੀ ਸ਼ਾਹਰਾਹ-20 ਉਪਰ ਬਣੇ ਆਰਜ਼ੀ ਪੁਲ (ਕਾਜ਼-ਵੇਅ) ਦੇ ਹੜ੍ਹ ਦੇ ਪਾਣੀ ਵਿਚ ਰੁੜ੍ਹ ਜਾਣ ਕਾਰਨ ਪਠਾਨਕੋਟ-ਨੂਰਪੁਰ ਰੂਟ ਟੁੱਟ ਗਿਆ ਅਤੇ ਸਾਰਾ ਟਰੈਫਿਕ ਵਾਇਆ ਲੋਧਵਾਂ ਹੋ ਕੇ ਜਾਣਾ ਸ਼ੁਰੂ ਹੋ ਗਿਆ। ਦੂਸਰੇ ਪਾਸੇ ਰਣਜੀਤ ਸਾਗਰ ਡੈਮ ਦੇ ਪਾਣੀ ਦਾ ਪੱਧਰ ਵਧ ਕੇ 502.13 ਮੀਟਰ ਤੱਕ ਪੁੱਜ ਗਿਆ ਹੈ। ਮਾਹਿਰਾਂ ਅਨੁਸਾਰ ਰਣਜੀਤ ਸਾਗਰ ਡੈਮ ਦੀ ਝੀਲ ਵਿਚ ਅਜੇ ਵੀ ਪਾਣੀ ਦਾ ਪੱਧਰ 25 ਮੀਟਰ ਘੱਟ ਹੋਣ ਕਾਰਨ ਰਾਵੀ ਦਰਿਆ ਤੋਂ ਹੜ੍ਹ ਦਾ ਕੋਈ ਖਤਰਾ ਨਹੀਂ ਹੈ।

ਦੱਸਣਯੋਗ ਹੈ ਕਿ ਇਹ ਪੁਲ ਪਹਿਲਾਂ ਵੀ 9 ਅਗਸਤ, 2007 ਨੂੰ ਟੁੱਟ ਗਿਆ ਸੀ ਅਤੇ ਇਸ ਤੋਂ ਬਾਅਦ ਇਹ ਆਰਜ਼ੀ ਪੁਲ ਬਣਾਇਆ ਗਿਆ ਸੀ। ਇਸ ਪੁਲ ਦੇ ਨਾਲ ਹੀ ਤਿਆਰ ਹੋ ਰਹੇ ਨਵੇਂ ਪੁਲ ਜਿਸ ਦੀ ਕਿ ਦਸੰਬਰ ਮਹੀਨੇ ਪੂਰਾ ਹੋਣ ਦੀ ਉਮੀਦ ਹੈ, ਦੀ ਉਸਾਰੀ ਵੀ ਕੁਝ ਦਿਨਾਂ ਲਈ ਠੱਪ ਹੋਣ ਦੀ ਸੰਭਾਵਨਾ ਹੈ।

ਇਸ ਦੇ ਨਾਲ ਹੀ ਹਿਮਾਚਲ ਪ੍ਰਦੇਸ਼ ਵਿਚ ਭਾਰੀ ਮੀਂਹ ਪੈਣ ਅਤੇ ਘੱਗਰ ਦਰਿਆ ਵਿਚ ਪਾਣੀ ਮੁੜ ਚੜ੍ਹ ਜਾਣ ਕਾਰਨ ਲੋਕ ਹੜ੍ਹਾਂ ਨੂੰ ਲੈ ਕੇ ਡੂੰਘੀ ਚਿੰਤਾ ਵਿਚ ਡੁੱਬੇ ਹੋਏ ਹਨ ਅਤੇ ਆਪਣੇ ਬਚਾਅ ਲਈ ਓਹੜ-ਪੋਹੜ ਕਰ ਰਹੇ ਹਨ।

## ਕਾਂਗਰਸ ਲਈ ਉਮੀਦਵਾਰ ਐਮੀ ਬੈਰਾ ਵਾਸਤੇ ਫੰਡਰੇਜ਼ਰ

**ਸੈਕਰਾਮੈਂਟੋ:** ਅਮਰੀਕੀ ਕਾਂਗਰਸ ਲਈ ਚੋਣ ਲੜ ਰਹੇ ਇੰਡੀਅਨ-ਅਮਰੀਕਨ ਐਮੀ ਬੈਰਾ ਲਈ ਪਿਛਲੇ ਦਿਨੀਂ ਇਥੇ ਸ਼ੈਲਡਨ/ਐਲਕ ਗਰੂਵ ਕਮਿਊਨਿਟੀ ਵਲੋਂ ਫੰਡਰੇਜ਼ ਕੀਤਾ ਗਿਆ। ਇਥੇ ਜ਼ਿਕਰਯੋਗ ਹੈ ਕਿ ਸ੍ਰੀ ਐਮੀ ਬੈਰਾ ਦਾ ਨਾਂ ਖੁਦ ਰਾਸ਼ਟਰਪਤੀ ਸ੍ਰੀ ਓਬਾਮਾ ਨੇ ਚੁਣਿਆ ਹੈ।

ਇਸ ਮੌਕੇ ਹਾਜ਼ਰ ਵੋਟਰਾਂ ਵਲੋਂ ਪੁਛੇ ਗਏ ਸਵਾਲਾਂ ਦਾ ਸ੍ਰੀ ਬੈਰਾ ਨੇ ਬੜੇ ਤਸੱਲੀਬਖ਼ਸ਼ ਢੰਗ ਨਾਲ ਜਵਾਬ ਦਿੱਤਾ ਅਤੇ ਕਿਹਾ ਕਿ ਉਹ ਆਪਣੇ ਇਲਾਕੇ ਅਤੇ ਸੂਬੇ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਖਾਸ ਖਿਆਲ ਰੱਖਣਗੇ। ਆਪਣੇ ਵਿਰੋਧੀ ਉਮੀਦਵਾਰ ਮਿਸਟਰ ਲੰਗਰਨ ਬਾਰੇ ਉਨ੍ਹਾਂ ਕਿਹਾ ਕਿ ਲੰਗਰਨ ਫੈਡਰਲ ਤਾਕਤ ਨੂੰ ਤਰਜ਼ੀਹ ਦਿੰਦਾ ਹੈ ਅਤੇ ਮੈਂ ਆਪਣੇ ਲੋਕਾਂ ਦੀ ਤਾਕਤ ਨੂੰ। ਇਸ ਮੌਕੇ ਹਾਜ਼ਰ ਲੋਕਾਂ ਵਿਚ ਸਥਾਨਕ ਗੋਰਿਆਂ ਤੋਂ ਇਲਾਵਾ ਬਹੁਤ ਸਾਰੇ ਭਾਰਤੀ ਲੋਕ ਵੀ ਸ਼ਾਮਲ ਸਨ ਜਿਨ੍ਹਾਂ ਵਿਚ ਰਛਪਾਲ ਸਿੰਘ ਬੱਗਾ, ਧਿਆਨ ਸਿੰਘ, ਬੀਬੀ ਸੁਰਜੀਤ ਕੌਰ, ਕੇਹਰ ਸਿੰਘ, ਪਰਮਜੀਤ ਭੁੱਟਾ, ਤਵਿੰਦਰ ਕਾਜਲਾ, ਕਮਲ ਬੰਗਾ, ਹੰਸ ਰਾਜ ਕਾਜਲਾ, ਕੇਵਲ ਬੋਲੀਨਾ, ਸੁਖ ਰਾਜ, ਬਲਦੇਵ ਬੋਲੀਨਾ ਸ਼ਾਮਲ ਸਨ।

# ਪਰਵਾਸੀ ਨੇ ਭਰਾ ਨੂੰ ਮਰਵਾਉਣ ਲਈ ਦਿੱਤੀ ਸੁਪਾਰੀ

**ਫਤਿਹਗੜ੍ਹ ਸਾਹਿਬ:** ਇਸ ਗੱਲ ਨੂੰ ਕਲਜੁਗ ਦਾ ਵਰਤਾਰਾ ਹੀ ਕਿਹਾ ਜਾਏਗਾ ਕਿ ਇਸ ਜ਼ਿਲ੍ਹੇ ਦੇ ਪਿੰਡ ਚਨਾਰਥਲ ਕਲਾਂ ਦੇ ਇਕ ਪਰਵਾਸੀ ਪੰਜਾਬੀ ਨੇ ਆਪਣੇ ਹੀ ਸਕੇ ਭਰਾ ਨੂੰ ਮਰਵਾਉਣ ਲਈ ਸੁਪਾਰੀ ਦਿੱਤੀ। ਇਹ ਖੁਲਾਸਾ ਉਦੋਂ ਹੋਇਆ ਜਦੋਂ ਜਲੰਧਰ ਜ਼ਿਲ੍ਹੇ ਦੀ ਕਰਤਾਰਪੁਰ ਪੁਲਿਸ ਵਲੋਂ ਫੜੇ ਗਏ ਇਕ ਗੈਂਗ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਨ੍ਹਾਂ ਨੂੰ ਚਨਾਰਥਲ ਕਲਾਂ ਪਿੰਡ ਦੇ ਤੇ ਹੁਣ ਕੈਨੇਡਾ ਰਹਿੰਦੇ ਹਰਜਿੰਦਰ ਸਿੰਘ ਨੇ ਕੈਲੀਫੋਰਨੀਆ ਤੋਂ ਕੁਝ ਸਮਾਂ ਪਹਿਲਾਂ ਡਿਪੋਰਟ ਹੋ ਕੇ ਪੰਜਾਬ ਆਏ ਆਪਣੇ ਭਰਾ ਮਹਿੰਦਰ ਸਿੰਘ ਨੂੰ ਮਾਰਨ ਲਈ ਸੁਪਾਰੀ ਦਿੱਤੀ ਸੀ।

ਜਿਕਰਯੋਗ ਹੈ ਕਿ ਡਿਪੋਰਟ ਹੋਣ ਤੋਂ ਬਾਅਦ ਮਹਿੰਦਰ ਸਿੰਘ ਆਪਣੇ ਪਿੰਡ ਚਨਾਰਥਲ ਆਇਆ ਅਤੇ ਇਸ ਤੋਂ ਬਾਅਦ ਆਪਣੇ ਸਹੁਰੇ ਪਿੰਡ ਹਸਨਪੁਰ (ਪਟਿਆਲਾ) ਚਲਾ ਗਿਆ। ਉਸ ਦੇ ਦੋ ਬੱਚੇ ਪੜ੍ਹਾਈ ਲਈ ਆਸਟਰੇਲੀਆ ਗਏ ਹੋਏ ਹਨ। ਮਹਿੰਦਰ ਸਿੰਘ ਨੇ ਆਪਣੇ ਭਰਾ ਖਿਲਾਫ ਪਹਿਲਾਂ ਹੀ ਫਤਹਿਗੜ੍ਹ ਸਾਹਿਬ ਦੇ ਐਸ.ਐਸ.ਪੀ. ਨੂੰ ਸ਼ਿਕਾਇਤ ਕੀਤੀ ਹੋਈ ਸੀ, ਜਿਸ ਵਿਚ ਖਦਸ਼ਾ ਪ੍ਰਗਟ ਕੀਤਾ ਗਿਆ ਸੀ ਕਿ ਉਸ ਦਾ ਭਰਾ ਉਸ ਨੂੰ ਮਾਰਨਾ ਚਾਹੁੰਦਾ ਹੈ। ਮਹਿੰਦਰ ਸਿੰਘ ਨੇ ਬੀਤੀ 18 ਜੁਲਾਈ ਨੂੰ ਦੱਸਿਆ ਕਿ ਉਹ 1994 ਵਿਚ ਕੈਲੀਫੋਰਨੀਆ ਗਿਆ, ਜਿੱਥੇ ਜਾ ਕੇ ਉਸ ਨੇ ਰਾਜਸੀ ਸ਼ਰਨ ਲਈ ਅਤੇ ਟਰੱਕ ਚਲਾਉਣ ਦਾ ਕੰਮ ਸ਼ੁਰੂ ਕੀਤਾ। ਉਸਨੇ ਦੱਸਿਆ ਕਿ ਉਸਦਾ ਭਰਾ ਹਰਜਿੰਦਰ ਸਿੰਘ ਜਿਸ ਕੋਲ ਕੈਨੇਡੀਅਨ ਸਿਟੀਜ਼ਨਸ਼ਿਪ ਹੈ, ਪਹਿਲਾਂ ਹੀ ਅਮਰੀਕਾ ਵਿਚ ਟਰਾਂਸਪੋਰਟ ਦਾ ਕੰਮ ਕਰਦਾ ਸੀ ਅਤੇ ਉਹ ਉਥੇ ਜਾ ਕੇ ਆਪਣੇ ਭਰਾ ਦੇ ਹੀ ਟਰੱਕ ਚਲਾਉਣ ਲੱਗਾ। 2004 ਵਿਚ ਦੋਵਾਂ ਭਰਾਵਾਂ ਦੇ ਰਿਸ਼ਤਿਆਂ ਵਿਚ ਪੈਸੇ ਕਾਰਨ ਦਰਾੜ ਆ ਗਈ। ਇਸ ਕਾਰਨ ਉਸ ਨੂੰ ਅਦਾਲਤ ਵਿਚ ਵੀ ਜਾਣਾ ਪਿਆ, ਜਿੱਥੇ ਉਨ੍ਹਾਂ ਦਾ ਕੁਝ ਰਿਸ਼ਤੇਦਾਰਾਂ ਨੇ ਵਿਚ ਪੈ ਕੇ ਸਮਝੌਤਾ ਕਰਵਾ ਦਿੱਤਾ। ਉਨ੍ਹਾਂ ਆਪਣੇ ਸਮਝੌਤੇ ਬਾਰੇ ਅਦਾਲਤ ਨੂੰ ਵੀ ਲਿਖ ਕੇ ਦੇ ਦਿੱਤਾ, ਪ੍ਰੰਤੂ ਬਾਅਦ ਵਿਚ ਉਸ ਦੇ ਭਰਾ ਨੇ ਉਸ ਨੂੰ ਕੁਝ ਵੀ ਨਾ ਦਿੱਤਾ। ਉਸਨੇ ਦੱਸਿਆ ਕਿ ਉਸਨੇ ਆਪਣੇ ਭਰਾ ਪਾਸੋਂ ਸਾਢੇ ਤਿੰਨ ਕਰੋੜ ਰੁਪਏ ਦੇ ਕਰੀਬ ਪੈਸਾ ਲੈਣਾ ਹੈ।

ਮਹਿੰਦਰ ਸਿਘ ਨੇ ਦੱਸਿਆ ਕਿ ਉਹ ਰਾਜਸੀ ਸ਼ਰਨ ਲੈਣ ਦਾ ਕੇਸ 2004 ਵਿਚ ਹਾਰ ਗਿਆ, ਪ੍ਰੰਤੂ ਉਹ 25 ਦਸੰਬਰ, 2009 ਤੱਕ ਅਮਰੀਕਾ ਹੀ ਰਿਹਾ। ਜਦੋਂ ਉਸ ਦੇ ਭਰਾ ਨੇ ਪੁਲਿਸ ਨੂੰ ਸੂਚਿਤ ਕਰ ਦਿੱਤਾ ਤਾਂ ਪੁਲਿਸ ਨੇ ਤੁਰੰਤ ਉਸ ਨੂੰ ਫੜ ਕੇ ਭਾਰਤ ਡਿਪੋਰਟ ਕਰ ਦਿੱਤਾ। ਜਦੋਂ ਉਸ ਨੂੰ ਪਤਾ ਲੱਗਾ ਕਿ ਉਸ ਦੇ ਭਰਾ ਨੇ ਉਸ ਦੇ ਕਤਲ ਦੀ ਸੁਪਾਰੀ ਦਿੱਤੀ ਹੈ ਤਾਂ ਉਹ ਪੁਲਿਸ ਨੂੰ ਮਿਲਿਆ, ਜਿਸ ਨੇ ਖੁਲਾਸਾ ਕੀਤਾ ਕਿ ਗੈਂਗ ਦੇ ਮੈਂਬਰ ਉਸ ਨੂੰ ਮਾਰਨ ਲਈ ਇਕ ਦੋ ਦਿਨ ਪਿੰਡ ਚਰਨਾਥਲ ਗਏ, ਪ੍ਰੰਤੂ ਜਦੋਂ ਉਹ ਨਾ ਮਿਲਿਆ ਤਾਂ ਉਹ ਮੁੜ ਗਏ। ਉਸ ਨੂੰ ਮਾਰਨ ਲਈ 3 ਲੱਖ ਰੁਪਏ ਵਿਚ ਸੌਦਾ ਤੈਅ ਕੀਤਾ ਗਿਆ ਸੀ। ਮਹਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਭਰਾ ਨੇ ਪਿੰਡ ਵਿਚ ਵੀ ਧੋਖਾ ਕਰਕੇ ਉਸ ਨੂੰ ਗੈਰ ਉਪਜਾਊ ਜ਼ਮੀਨ ਦਿੱਤੀ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

## 'ਏਕ ਓਂਕਾਰ' ਦੇ ਸਿਧਾਂਤ ਆਸਰੇ ਅਗੇ ਵਧੇ

**ਚੰਡੀਗੜ੍ਹ :** ਸਿੱਖ ਗੁਰੂਆਂ ਵਲੋਂ ਪ੍ਰਚਾਰੇ 'ਏਕ ਓਂਕਾਰ' ਦੇ ਸਿਧਾਂਤ 'ਤੇ ਚੱਲ ਕੇ ਇਕ ਸਿੱਖ ਸ਼ਰਧਾਲੂ ਨੇ ਨਾ ਕੇਵਲ ਅਮਰੀਕਾ ਵਿਚ ਕਰੋੜਾਂ ਡਾਲਰ ਦਾ ਕਾਰੋਬਾਰ ਖੜ੍ਹਾ ਕੀਤਾ ਸਗੋਂ ਉਹ ਇਕ ਪ੍ਰੇਰਨਾਮਈ ਵਕਤਾ ਵੀ ਬਣ ਗਿਆ ਹੈ ਅਤੇ ਅੱਜ-ਕੱਲ੍ਹ ਲੋਕ ਉਸ ਨੂੰ 'ਸ੍ਰੀਮਾਨ ਤਣਾਅ ਮੁਕਤੀਦਾਤਾ' ਕਹਿ ਕੇ ਬੁਲਾਉਂਦੇ ਹਨ। ਸੱਤਰ ਸਾਲਾ ਸ. ਰਤਨਜੀਤ ਸਿੰਘ ਇਸ ਵੇਲੇ ਅਮਰੀਕਾ 'ਚ ਓਹਾਇਓ ਦੇ ਕਲੀਵਲੈਂਡ ਲਾਗੇ ਅਰੋਰਾ ਕਸਬੇ ਵਿਚ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਪੱਛਮੀ ਦੇਸ਼ਾਂ 'ਚ ਇਕ ਸਫਲ ਉਦਮੀ ਬਣਨ ਲਈ ਸਿੱਖ ਅਸੂਲਾਂ, ਖਾਸ ਕਰਕੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਦੀ ਵਰਤੋਂ ਕੀਤੀ ਸੀ। ਇਕ ਮੁਲਾਕਾਤ ਵਿਚ ਸ. ਰਤਨਜੀਤ ਸਿੰਘ ਨੇ ਕਿਹਾ, "ਬੁਨਿਆਦੀ ਤੌਰ 'ਤੇ ਸਫਲਤਾ ਹਰ ਇਕ ਚੀਜ਼ ਅਤੇ ਹਰ ਇਕ ਸ਼ਖ਼ਸ ਵਿਚੋਂ ਚੰਗਿਆਈ ਲੱਭਣ ਅਤੇ ਉਸ ਨੂੰ ਪ੍ਰਫੁੱਲਤ ਕਰਨ ਵਿਚੋਂ ਉਗਮਦੀ ਹੈ, ਪਰ ਜੇ ਮਹਿਜ਼ ਨਿੱਜੀ ਗਰਜ਼ ਪੂਰੀ ਕਰਨ ਦੇ ਮਨੋਰਥ ਨਾਲ ਕੀਤਾ ਜਾਵੇਗਾ ਤਾਂ ਇਹ ਉਲਟਾ ਪਵੇਗਾ।" ਉਨ੍ਹਾਂ ਦੀ ਇਹ ਫਿਲਾਸਫੀ ਰੂਪਾ ਐਂਡ ਕੰਪਨੀ ਵਲੋਂ ਛਾਪੀ ਗਈ ਉਨ੍ਹਾਂ ਦੀ ਜੀਵਨੀ 'ਮੈਂਡਿੰਗ ਸੋਲਜ਼' ਵਿਚ ਖੋਲ੍ਹ ਕੇ ਦੱਸੀ ਗਈ ਹੈ ਅਤੇ ਇਹ ਕਿਤਾਬ ਚੰਡੀਗੜ੍ਹ ਵਾਸੀ ਖੁਸ਼ਵੰਤ ਸਿੰਘ ਨੇ ਲਿਖੀ ਹੈ। ਲੇਖਕ ਨੇ ਅਮਰੀਕਾ ਵਿਚ ਕਈ ਮਹੀਨੇ ਸ. ਰਤਨਜੀਤ ਸਿੰਘ ਨਾਲ ਬਿਤਾਏ ਸਨ।


SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR,
JET AIRWAYS
DELTA, AIR INDIA,

For Emergency
Call anytime at
India $545
EARLY BIRD SALE!!!!



B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm

CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere



ਆਪਣਾ ਕਰੈਡਿਟ ਬਚਾਓ / FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE

Manjit Gill
President
CA Lic#0B23990
- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE
EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



ਇੰਡੀਆ ਵਿਚ ਜਾਇਦਾਦ ਖਰੀਦਣੀ/ਵੇਚਣੀ ਹੈ?
ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ ਅਤੇ ਰਾਜਸਥਾਨ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ:
ਰਵੀ ਗੋਂਡਲ
ਫੋਨ: 916-812-1044
ਮਨੀ ਗੋਂਡਲ
ਫੋਨ: 775-224-6076
ਅਸੀਂ ਅਮਰੀਕਾ ਵਿਚ ਵੀ ਜਾਇਦਾਦ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਵਿਚ ਮਦਦ ਕਰ ਸਕਦੇ ਹਾਂ।

## ਨਜਾਇਜ਼ ਖਾਨਾਂ ਦੀ ਖੁਦਾਈ ਦਾ ਮਾਮਲਾ

# ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਦੀਆਂ ਕਰਤੂਤਾਂ ਫਿਰ ਬੇਪਰਦ

**ਕੰਵਰਜੀਤ ਸਿੰਘ**

ਭ੍ਰਿਸ਼ਟਾਚਾਰ ਨੇ ਸਭ ਸਿਆਸੀ ਪਾਰਟੀਆਂ ਨੂੰ ਆਪਣੀ ਗ੍ਰਿਫ਼ਤ ਵਿਚ ਲਿਆ ਹੋਇਆ ਹੈ। ਕਿਸੇ ਵੀ ਪਾਸੇ ਨਜ਼ਰ ਘੁਮਾ ਕੇ ਦੇਖੋ ਇਸ ਹਮਾਮ ਵਿਚ ਸਾਰੇ ਹੀ ਨੰਗੇ ਨਜ਼ਰ ਆਉਂਦੇ ਹਨ। ਤਾਜ਼ਾ ਮਸਲਾ ਕਰਨਾਟਕ ਅਤੇ ਆਂਧਰਾ ਪ੍ਰਦੇਸ਼ ਵਿਚ ਲੋਹੇ ਦੀਆਂ ਖਾਨਾਂ ਦੀ ਨਜਾਇਜ਼ ਖੁਦਾਈ ਦਾ ਹੈ ਜਿਸ ਵਿਚ ਦੇਸ਼ ਦੀਆਂ ਦੋਵੇਂ ਮੁੱਖ ਸਿਆਸੀ ਪਾਰਟੀਆਂ ਹੀ ਬਰਾਬਰ ਦੀਆਂ ਜ਼ਿੰਮੇਵਾਰ ਨਜ਼ਰ ਆ ਰਹੀਆਂ ਹਨ। ਕਰਨਾਟਕ 'ਚ ਬੇਲਾਰੀ ਦੀਆਂ ਲੋਹੇ ਦੀਆਂ ਖਾਨਾਂ 'ਚ ਕੀਤੀ ਜਾ ਰਹੀ ਨਾਜਾਇਜ਼ ਖੁਦਾਈ ਨੇ ਕਰਨਾਟਕ ਤੇ ਆਂਧਰਾ ਪ੍ਰਦੇਸ਼ 'ਚ ਅਜਿਹੇ ਸਿਆਸੀ ਤੂਫਾਨ ਖੜ੍ਹੇ ਕਰ ਦਿੱਤੇ ਹਨ, ਜੋ ਰੁਕਣ 'ਚ ਨਹੀਂ ਆ ਰਹੇ।

ਕਰਨਾਟਕ ਲੋਕਪਾਲ ਦੇ ਇਕ ਅਧਿਕਾਰੀ ਨੂੰ, ਜਿਸ ਨੇ ਲੋਹੇ ਦੀ ਨਜਾਇਜ਼ ਖੁਦਾਈ ਅਤੇ ਉਸ ਨੂੰ ਗੈਰ-ਕਾਨੂੰਨੀ ਤੌਰ 'ਤੇ ਚੀਨ ਨੂੰ ਸਮਗਲ ਕੀਤੇ ਜਾਣ ਦਾ ਸਕੈਂਡਲ ਫੜਿਆ ਸੀ, ਮੁਅੱਤਲ ਕੀਤੇ ਜਾਣ ਨਾਲ ਇਹ ਮਾਮਲਾ ਤੂਲ ਫੜ ਗਿਆ। ਜਦਕਿ ਕਰੋੜਾਂ ਰੁਪਏ ਦੇ ਇਸ ਲੋਹ ਖਣਿਜ ਬਾਰੇ ਕਿਹਾ ਗਿਆ ਸੀ ਕਿ ਉਹ ਭਾਰੀ ਮੀਂਹ ਕਾਰਨ ਰੁੜ੍ਹ ਗਿਆ। ਇਸ 'ਤੇ ਕਰਨਾਟਕ ਦੇ ਲੋਕਪਾਲ ਜਸਟਿਸ ਸੰਤੋਸ਼ ਹੈਗੜੇ ਨੇ ਨਾਰਾਜ਼ ਹੋ ਕੇ ਅਸਤੀਫਾ ਰਾਜਪਾਲ ਸ੍ਰੀ ਭਾਰਦਵਾਜ ਨੂੰ ਭੇਜ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਜਦ ਮੈਂ ਆਪਣੇ ਜਾਂਚ ਅਧਿਕਾਰੀਆਂ ਨੂੰ ਨਹੀਂ ਬਚਾ ਸਕਦਾ ਤਾਂ ਫਿਰ ਮੈਂ ਉਨ੍ਹਾਂ ਨੂੰ ਭ੍ਰਿਸ਼ਟ ਤੱਤਾਂ ਦੀ ਜਾਂਚ ਲਈ ਕਿਵੇਂ ਕਹਿ ਸਕਦਾ ਹਾਂ। ਸ੍ਰੀ ਅਡਵਾਨੀ ਦੀ ਬੇਨਤੀ 'ਤੇ ਸ੍ਰੀ ਹੈਗੜੇ ਨੇ ਅਸਤੀਫਾ ਵਾਪਸ ਲੈ ਲਿਆ ਅਤੇ ਮੁੱਖ ਮੰਤਰੀ ਸ੍ਰੀ ਯੇਦੀਯੁਰੱਪਾ ਨੂੰ ਉਨ੍ਹਾਂ ਦੀਆਂ ਮੰਗਾਂ ਮੰਨਦਿਆਂ ਲੋਕਪਾਲ ਦੇ ਅਧਿਕਾਰ ਵਧਾਉਣ ਦਾ ਬਿੱਲ ਲਿਆਉਣਾ ਪਿਆ।

ਇਸ ਦਰਮਿਆਨ ਕਰਨਾਟਕ 'ਚ ਵਿਰੋਧੀ ਧਿਰ ਕਾਂਗਰਸ ਤੇ ਜਨਤਾ ਦਲ (ਐਸ) ਦੇ ਵਿਧਾਇਕਾਂ ਨੇ ਨਾਜਾਇਜ਼ ਖੁਦਾਈ ਦੀ ਸੀ.ਬੀ.ਆਈ. ਜਾਂਚ ਕਰਵਾਉਣ ਅਤੇ ਰਾਜ ਮੰਤਰੀ ਮੰਡਲ 'ਚ ਸ਼ਾਮਿਲ 'ਮਾਈਨਿੰਗ ਬੈਰਨ' ਕਹੇ ਜਾਣ ਵਾਲੇ ਰੈਡੀ ਭਰਾਵਾਂ-ਕਰੁਣਾਕਰ ਰੈਡੀ ਅਤੇ ਜੀ. ਜਨਾਰਦਨ ਰੈਡੀ ਨੂੰ ਹਟਾਏ ਜਾਣ ਦੀ ਮੰਗ ਨੂੰ ਲੈ ਕੇ ਵਿਧਾਨ ਸਭਾ ਅੰਦਰ ਧਰਨਾ ਤੇ ਹੰਗਾਮਾ ਸ਼ੁਰੂ ਕਰ ਦਿੱਤਾ। ਇਥੋਂ ਤਕ ਕਿ ਰਾਜਪਾਲ ਸ੍ਰੀ ਹੰਸਰਾਜ ਭਾਰਦਵਾਜ ਨੇ ਦਿੱਲੀ ਜਾ ਕੇ ਸੂਬੇ 'ਚ ਪੈਦਾ ਹੋਈ ਸਥਿਤੀ ਬਾਰੇ ਗ੍ਰਹਿ ਮੰਤਰੀ ਚਿਦੰਬਰਮ ਨਾਲ ਗੱਲ ਕੀਤੀ। ਉਨ੍ਹਾਂ ਨੇ ਉਥੇ ਇਕ ਪ੍ਰੈਸ ਕਾਨਫਰੰਸ 'ਚ ਕਿਹਾ ਕਿ ਮੁੱਖ ਮੰਤਰੀ ਨੂੰ ਰੈਡੀ ਭਰਾਵਾਂ ਨੂੰ ਮੰਤਰੀ ਮੰਡਲ ਤੋਂ ਬਰਖਾਸਤ ਕਰ ਦੇਣਾ ਚਾਹੀਦਾ ਹੈ।

ਯੇਦੀਯੁਰੱਪਾ ਨੇ ਨਾਜਾਇਜ਼ ਖੁਦਾਈ ਦੀ ਸੀ.ਬੀ.ਆਈ. ਜਾਂਚ ਕਰਵਾਉਣ ਦੀ ਮੰਗ ਨੂੰ ਠੁਕਰਾਉਂਦਿਆਂ ਕਿਹਾ ਕਿ ਮਾਮਲੇ ਦੀ ਲੋਕਪਾਲ ਵਲੋਂ ਪਹਿਲਾਂ ਹੀ ਜਾਂਚ ਕੀਤੀ ਜਾ ਰਹੀ ਹੈ। ਅਜਿਹੀ ਸਥਿਤੀ 'ਚ ਇਸ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਉਣ ਦੀ ਕੋਈ ਲੋੜ ਨਹੀਂ। ਉਨ੍ਹਾਂ ਨੇ ਇਹ ਵੀ ਕਿਹਾ ਕਿ ਰੈਡੀ ਭਰਾਵਾਂ ਖਿਲਾਫ ਕੋਈ ਸ਼ਿਕਾਇਤ ਨਹੀਂ ਹੈ ਅਤੇ ਉਹ ਉਨ੍ਹਾਂ ਨੂੰ ਆਪਣੇ ਮੰਤਰੀ ਮੰਡਲ ਵਿਚੋਂ ਨਹੀਂ ਕੱਢਣਗੇ। ਉਨ੍ਹਾਂ ਨੇ ਇਥੋਂ ਤਕ ਕਹਿ ਦਿੱਤਾ ਕਿ ਕਾਂਗਰਸੀ ਨਾਜਾਇਜ਼ ਖੁਦਾਈ ਦੇ ਮਾਮਲੇ 'ਚ ਹੰਗਾਮਾ ਕਰ ਰਹੇ ਹਨ ਪਰ ਹਕੀਕਤ ਵਿਚ ਉਹ ਖੁਦ ਵੀ ਅਜਿਹੀ ਨਾਜਾਇਜ਼ ਖੁਦਾਈ ਦੇ ਮਾਮਲਿਆਂ 'ਚ ਸ਼ਾਮਿਲ ਹਨ। ਦੱਸਣਾ ਬਣਦਾ ਹੈ ਕਿ ਬੇਲਾਰੀ ਦੀਆਂ ਖਾਨਾਂ ਦੇਸ਼ 'ਚ ਲੋਹ ਖਣਿਜ ਦੀਆਂ ਸਭ ਤੋਂ ਵੱਡੀਆਂ ਖਾਨਾਂ ਮੰਨੀਆਂ ਜਾਂਦੀਆਂ ਹਨ। ਇਹ ਕਰਨਾਟਕ ਤੋਂ ਸ਼ੁਰੂ ਹੋ ਕੇ ਆਂਧਰਾ ਪ੍ਰਦੇਸ਼ ਤੱਕ ਚਲੀਆਂ ਜਾਂਦੀਆਂ ਹਨ।

ਇਸ ਖਾਨ ਉਦਯੋਗ 'ਚ ਕਰੁਣਾਕਰ ਰੈਡੀ ਤੇ ਜਨਾਰਦਨ ਰੈਡੀ ਦਾ ਦਬਦਬਾ ਹੈ ਅਤੇ ਭਾਜਪਾ ਦੇ ਸੀਨੀਅਰ ਨੇਤਾਵਾਂ ਨਾਲ ਨੇੜਲੇ ਸੰਪਰਕ ਹੋਣ ਕਰਕੇ ਉਨ੍ਹਾਂ ਨੂੰ ਮੰਤਰੀ ਮੰਡਲ 'ਚ ਲਿਆ ਗਿਆ ਹੈ। ਉਨ੍ਹਾਂ ਦਾ ਪ੍ਰਭਾਵ ਇੰਨਾ ਹੈ ਕਿ ਉਨ੍ਹਾਂ ਦੇ ਦਬਾਅ ਹੇਠ ਮੁੱਖ ਮੰਤਰੀ ਨੂੰ ਕੁਝ ਸਮਾਂ ਪਹਿਲਾਂ ਆਪਣੀ ਨੇੜਲੀ ਮਹਿਲਾ ਮੰਤਰੀ ਨੂੰ ਮੰਤਰੀ ਮੰਡਲ 'ਚੋਂ ਹਟਾਉਣਾ ਪਿਆ ਸੀ। ਅਜਿਹੇ ਚਰਚੇ ਵੀ ਹਨ ਕਿ ਸੂਬੇ ਦੇ ਕਈ ਵਿਧਾਇਕ ਰੈਡੀ ਭਰਾਵਾਂ ਦੇ ਪ੍ਰਭਾਵ ਹੇਠ ਹਨ, ਇਸ ਲਈ ਉਹ ਕਦੇ ਵੀ ਸਰਕਾਰ ਨੂੰ ਡੇਗ ਸਕਦੇ ਹਨ। ਇਹ ਵੀ ਸੁਣਨ ਵਿਚ ਆਇਆ ਹੈ ਕਿ ਰੈਡੀ ਭਰਾਵਾਂ ਵਲੋਂ ਆਂਧਰਾ ਪ੍ਰਦੇਸ਼ ਵਿਚ ਵੀ ਨਾਜਾਇਜ਼ ਤੌਰ 'ਤੇ ਖੁਦਾਈ ਕੀਤੀ ਜਾਂਦੀ ਰਹੀ ਹੈ ਤੇ ਆਂਧਰਾ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਸਵਰਗੀ ਵਾਈ. ਐਸ. ਰਾਜਸ਼ੇਖਰ ਰੈਡੀ ਦੇ ਬੇਟੇ ਜਗਨਮੋਹਨ ਨਾਲ ਉਨ੍ਹਾਂ ਦੇ ਗੂੜ੍ਹੇ ਸੰਬੰਧ ਹਨ।

ਹੁਣੇ-ਹੁਣੇ ਆਂਧਰਾ ਪ੍ਰਦੇਸ਼ ਵਿਧਾਨ ਸਭਾ 'ਚ ਵੀ ਕਮਿਊਨਿਸਟ ਤੇ ਤੇਲਗੂ ਦੇਸਮ ਪਾਰਟੀ ਦੇ ਮੈਂਬਰਾਂ ਨੇ ਦੋਸ਼ ਲਾਇਆ ਸੀ ਕਿ ਆਂਧਰਾ ਪ੍ਰਦੇਸ਼ ਵਿਚ ਖਮਾਮ 'ਚ ਸਥਿਤ ਇਕ ਸਟੀਲ ਕੰਪਨੀ ਦੀ ਓਬੁਲਾਪੁਰਮ ਮਾਈਨਿੰਗ ਕੰਪਨੀ ਨਾਜਾਇਜ਼ ਤੌਰ 'ਤੇ ਸੂਬੇ ਦੀਆਂ ਖਾਨਾਂ 'ਚ ਖੁਦਾਈ ਕਰ ਰਹੀ ਹੈ। ਵਿਰੋਧੀ ਧਿਰ ਦੇ ਵਿਧਾਇਕਾਂ ਦਾ ਕਹਿਣਾ ਹੈ ਕਿ ਇਸ ਨਾਜਾਇਜ਼ ਖੁਟਾਈ 'ਚ ਸਵਰਗੀ ਵਾਈ.ਐਸ.ਆਰ. ਦੇ ਜਵਾਈ ਅਨਿਲ ਕੁਮਾਰ ਤੇ ਸਾਲਾ ਰਵਿੰਦਰਨਾਥ ਰੈਡੀ ਵੀ ਸ਼ਾਮਿਲ ਹਨ। ਇਹ ਵੀ ਦੋਸ਼ ਹਨ ਕਿ ਵਾਈ. ਐਸ. ਆਰ. ਰੈਡੀ ਦੇ ਸਮੇਂ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਤੇਲੰਗਾਨਾ 'ਚ 1.30 ਲੱਖ ਏਕੜ ਜ਼ਮੀਨ 'ਚ ਖਾਨਾਂ ਅਲਾਟ ਕੀਤੀਆਂ ਗਈਆਂ ਸਨ। ਆਂਧਰਾ ਪ੍ਰਦੇਸ਼ ਮਿਨਰਲ ਡਿਵੈਲਪਮੈਂਟ ਕਾਰਪੋਰੇਸ਼ਨ ਵਲੋਂ ਇਕ ਨਵ-ਸਥਾਪਿਤ ਕੰਪਨੀ ਰਕਸ਼ਣਾ ਸਟੀਲਜ਼ ਨੂੰ ਸਕਿਓਰਿਟੀ ਲਏ ਬਿਨਾਂ ਕ੍ਰਿਸ਼ਣਾ ਜ਼ਿਲ੍ਹੇ 'ਚ ਸਟੀਲ ਪਲਾਂਟ ਲਗਾਉਣ ਦੀ ਇਜਾਜ਼ਤ ਦੇ ਦਿੱਤੀ ਗਈ ਸੀ। ਦੱਸਿਆ ਜਾਂਦਾ ਹੈ ਕਿ ਇਹ ਕੰਪਨੀ ਵਾਈ. ਐਸ. ਆਰ. ਰੈਡੀ ਦੇ ਕਿਸੇ ਨੇੜਲੇ ਵਿਅਕਤੀ ਦੀ ਹੈ, ਜਿਸ ਨੂੰ ਸਟੀਲ ਉਦਯੋਗ ਦਾ ਪਹਿਲਾਂ ਕੋਈ ਤਜਰਬਾ ਹੀ ਨਹੀਂ ਹੈ।

ਖਾਨਾਂ ਦੀ ਨਾਜਾਇਜ਼ ਖੁਦਾਈ ਦੇ ਮਾਮਲਿਆਂ ਨੂੰ ਕਰਨਾਟਕ ਤੇ ਆਂਧਰਾ ਵਿਧਾਨ ਸਭਾ 'ਚ ਉਠਾਏ ਜਾਣ ਤੋਂ ਬਾਅਦ ਇੰਡੀਅਨ ਬਿਊਰੋ ਆਫ ਮਾਈਨਜ਼ (ਆਈ.ਬੀ.ਐਮ.) ਨੇ ਕਰਨਾਟਕ ਵਿਚ ਨਿਯਮਾਂ ਦੀ ਉਲੰਘਣਾ ਕਰਕੇ ਨਾਜਾਇਜ਼ ਖੁਦਾਈ ਕਰਨ ਵਾਲੀਆਂ 18 ਖਾਨਾਂ 'ਤੇ ਫਿਲਹਾਲ ਕੰਮ ਰੁਕਵਾ ਦਿੱਤਾ ਹੈ। ਇਸ ਤਰ੍ਹਾਂ ਖਾਨਾਂ ਦੀ ਨਾਜਾਇਜ਼ ਖੁਦਾਈ 'ਚ ਜਿੱਥੇ ਭਾਜਪਾ ਦੇ ਰੈਡੀ ਭਰਾ ਤੇ ਉਨ੍ਹਾਂ ਦੇ ਸਹਿਯੋਗੀ ਸ਼ਾਮਿਲ ਹਨ, ਉਥੇ ਹੀ ਕਾਂਗਰਸੀ ਵੀ ਇਸ ਮਾਮਲੇ 'ਚ ਪਿੱਛੇ ਨਹੀਂ ਹਨ। ਦੋਹਾਂ ਸੂਬਿਆਂ 'ਚ ਹੋ ਰਹੀ ਨਾਜਾਇਜ਼ ਖੁਦਾਈ ਦੇ ਮਾਮਲੇ 'ਚ ਦੋਵੇਂ ਹੀ ਦਲ ਬਰਾਬਰ ਦੇ ਦੋਸ਼ੀ ਲੱਗ ਰਹੇ ਹਨ।

# ਪਾਰਲੀਮਾਨੀ ਸੱਕਤਰ ਸ. ਧੁੱਗਾ ਬਾਰੇ ਬਿਆਨ ਮੰਦਭਾਗਾ:ਅਬਲੋਵਾਲ

**ਯੂਨੀਅਨ ਸਿਟੀ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਅਮਰੀਕਾ ਦੇ ਸੀਨੀਅਰ ਆਗੂ ਸ. ਸੁਖਵਿੰਦਰ ਸਿੰਘ ਅਬਲੋਵਾਲ ਨੇ ਨਿਊ ਯਾਰਕ ਤੋਂ ਪਿਛਲੇ ਦਿਨੀਂ ਅਖਬਾਰਾਂ ਵਿਚ ਪੰਜਾਬ ਦੇ ਸੰਸਦੀ ਸਕੱਤਰ ਸ੍ਰੀ ਦੇਸ ਰਾਜ ਧੁੱਗਾ ਬਾਰੇ ਹੋਈ ਬਿਆਨਬਾਜ਼ੀ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਹੈ ਕਿ ਅਕਾਲੀ ਦਲ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ, ਇਸ ਨੂੰ ਸਥਾਨਕ ਧੜੇਬੰਦੀ ਵਿਚ ਪੈ ਕੇ ਢਾਹ ਨਾ ਲਾਈ ਜਾਵੇ।

ਇਥੇ ਜਾਰੀ ਇਕ ਬਿਆਨ ਵਿਚ ਸ੍ਰੀ ਅਬਲੋਵਾਲ ਨੇ ਕਿਹਾ ਕਿ ਸ. ਧੁੱਗਾ ਦੇ ਬਿਆਨ ਵਿਚ ਅਜਿਹੀ ਕੋਈ ਗੱਲ ਨਹੀਂ ਸੀ ਜਿਸ ਕਰਕੇ ਇੰਨੇ ਨੀਵੇਂ ਪੱਧਰ ਦੀ ਬਿਆਨਬਾਜ਼ੀ ਕੀਤੀ ਜਾਂਦੀ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਕੁਝ ਇਨ੍ਹਾਂ ਜ਼ਿੰਮੇਵਾਰ ਆਗੂਆਂ ਵਲੋਂ ਕਾਹਲੀ ਨਾਲ ਇਸ ਤਰ੍ਹਾਂ ਦੀਆਂ ਗੱਲਾਂ ਅਖਬਾਰਾਂ ਵਿਚ ਉਛਾਲੀਆਂ ਗਈਆਂ ਹਨ। ਯਾਦ ਰਹੇ ਕਿ ਪਿਛਲੇ ਦਿਨੀ ਨਿਊ ਯਾਰਕ ਦੀਆਂ ਅਖਬਾਰਾਂ ਵਿਚ ਸ. ਧੁੱਗਾ ਬਾਰੇ ਕਾਫੀ ਨੀਵੇਂ ਪੱਧਰ ਦੀ ਬਿਆਨਬਾਜ਼ੀ ਅਕਾਲੀ ਦਲ ਦੇ ਹੀ ਜ਼ਿੰਮੇਵਾਰ ਅਹੁਦੇਦਾਰਾਂ ਨੇ ਕੀਤੀ ਸੀ। ਇਸੇ ਤਰ੍ਹਾਂ ਜਦੋਂ ਪਿਛਲੇ ਦਿਨੀ ਐਨ ਆਰ ਆਈ ਮੰਤਰੀ ਸ. ਸੇਵਾ ਸਿੰਘ ਸੇਖਵਾਂ ਨਿਊ ਯਾਰਕ ਆਏ, ਤਾਂ ਉਨ੍ਹਾਂ ਵਲੋਂ ਕੁਝ ਆਗੂਆਂ ਵੱਲ ਜ਼ਿਆਦਾ ਧਿਆਨ ਨਾ ਦਿਤੇ ਜਾਣ 'ਤੇ ਖਿਝ ਕੇ ਕੁਝ ਆਗੂਆਂ ਨੇ ਇਸ ਤਰ੍ਹਾਂ ਦੀਆ ਗੱਲਾਂ ਫੈਲਾਈਆਂ ਕਿ ਅਸੀਂ ਇਨ੍ਹਾਂ ਨੂੰ ਲਿਫਾਫਾ ਨਹੀਂ ਦਿਤਾ ਇਸ ਕਰਕੇ ਸਾਡੀ ਕੋਈ ਖਾਸ ਗੱਲਬਾਤ ਨਹੀਂ ਸੁਣੀ। ਸ੍ਰੀ ਅਬਲੋਵਾਲ ਨੇ ਆਖਿਆ ਕਿ ਇਨ੍ਹਾਂ ਆਗੂਆਂ ਨੂੰ ਸਮਝਣਾ ਚਾਹੀਦਾ ਹੈ ਕਿ ਲਿਫਾਫੇ ਦੀ ਗੱਲ ਕਰਨੀ ਉਨ੍ਹਾਂ ਦੀ ਆਪਣੀ ਪਾਰਟੀ ਅਕਾਲੀ ਦਲ ਦੇ ਮਾਣਮੱਤੇ ਇਤਿਹਾਸ ਨੂੰ ਤਾਂ ਢਾਹ ਲਾਉਂਦੀ ਹੀ ਹੈ ਖੁਦ ਉਨ੍ਹਾਂ ਦੇ ਕਿਰਦਾਰ ਨੂੰ ਵੀ ਨੀਵਾਂ ਕਰਦੀ ਹੈ। ਸ੍ਰੀ ਅਬਲੋਵਾਲ ਨੇ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਅਤੇ ਐਨ ਆਰ ਆਈ ਵਿੰਗ ਦੇ ਪ੍ਰਧਾਨ ਸ. ਸੁਰਜੀਤ ਸਿੰਘ ਰੱਖੜਾ ਨੂੰ ਅਪੀਲ ਕੀਤੀ ਕਿ ਇਸ ਤਰ੍ਹਾਂ ਦੀਆ ਘਟਨਾਵਾਂ ਰੋਕਣ ਲਈ ਜਾਬਤਾ ਕਮੇਟੀ ਦਾ ਗਠਨ ਜਲਦੀ ਤੋਂ ਜਲਦੀ ਕੀਤਾ ਜਾਵੇ।



ਮਿਸ ਯੂ ਐਸ ਏ ਪੰਜਾਬਣ ਕਰਮਪਾਲ ਕੌਰ ਮੰਡ, ਦੂਜੇ ਅਤੇ ਤੀਜੇ ਥਾਂ ਰਹੀਆਂ ਨਵਰੀਤ ਕੌਰ ਤੇ ਮਨਵੀਰ ਕੌਰ ਅਤੇ ਹੋਰ ਲੜਕੀਆਂ ਮੁਕਾਬਲੇ ਦੇ ਪ੍ਰਬੰਧਕਾਂ ਨਾਲ

# ਕਰਮਪਾਲ ਮੰਡ ਬਣੀ ਮਿਸ ਯੂ.ਐਸ. ਪੰਜਾਬਣ

**ਬੇਕਰਜ਼ਫੀਲਡ (ਪੰਜਾਬ ਟਾਈਮਜ਼ ਬਿਊਰੋ):** ਇਥੇ ਕਰਵਾਏ ਗਏ ਮਿਸ ਯੂ.ਐਸ.ਏ. ਪੰਜਾਬਣ ਮੁਕਾਬਲੇ ਦਾ ਖਿਤਾਬ ਓਹਾਇਓ ਸਟੇਟ ਦੇ ਸ਼ਹਿਰ ਕਲੀਵਲੈਂਡ ਦੀ ਵਸਨੀਕ ਕਰਮਪਾਲ ਮੰਡ ਨੇ ਜਿੱਤਿਆ। ਪੰਜਾਬੀ ਹੈਰੀਟੇਜ ਆਰਗੇਨਾਈਜ਼ੇਸ਼ਨ, ਕੈਲੀਫੋਰਨੀਆ ਵਲੋਂ ਪੰਜਾਬੀ ਸਭਿਆਚਾਰਕ ਸੱਥ ਪੰਜਾਬ ਦੀ ਅਗਵਾਈ ਹੇਠ ਕਰਵਾਏ ਗਏ ਇਸ ਦੂਜੇ 'ਮਿਸ ਯੂ.ਐਸ.ਏ. ਪੰਜਾਬਣ 2010' ਮੁਕਾਬਲੇ ਵਿਚ ਇਹ ਮੁਟਿਆਰ ਦਸੰਬਰ ਮਹੀਨੇ ਵਿਚ ਪੰਜਾਬ ਵਿਚ ਹੋਣ ਵਾਲੇ ਮਿਸ ਵਰਲਡ ਪੰਜਾਬਣ-2010 ਮੁਕਾਬਲੇ ਵਿਚ ਅਮਰੀਕਾ ਦੀ ਪ੍ਰਤੀਨਿਧਤਾ ਕਰੇਗੀ। ਕਰਮਪਾਲ ਮੰਡ ਨੂੰ ਪਹਿਲੇ ਸਥਾਨ 'ਤੇ ਰਹਿਣ ਕਰਕੇ ਇਕ ਹਜ਼ਾਰ ਡਾਲਰ ਦੇ ਇਨਾਮ ਤੋਂ ਇਲਾਵਾ ਭਾਰਤ ਵਿਚ ਹੋਣ ਵਾਲੇ ਫਾਈਨਲ ਮੁਕਾਬਲੇ ਵਿਚ ਸ਼ਾਮਲ ਹੋਣ ਲਈ ਆਉਣ-ਜਾਣ ਦੇ ਹਵਾਈ ਸਫਰ ਦਾ ਖਰਚਾ ਵੀ ਦਿੱਤਾ ਜਾਵੇਗਾ। ਦੂਜਾ ਸਥਾਨ ਐਰੀਜ਼ੋਨਾ ਸਟੇਟ ਦੇ ਸ਼ਹਿਰ ਟੂਸਾਨ ਦੀ ਨਵਪ੍ਰੀਤ ਕੌਰ ਸੰਧੂ ਨੇ ਜਿੱਤਿਆ ਜਦਕਿ ਵਾਸ਼ਿੰਗਟਨ ਸੂਬੇ ਦੇ ਸਿਆਟਲ ਨੇੜਲੇ ਸ਼ਹਿਰ ਕੈਂਟ ਦੀ ਮਨਵੀਰ ਕੌਰ ਤੀਜੇ ਸਥਾਨ 'ਤੇ ਰਹੀ। ਲੁਧਿਆਣਾ ਦੇ ਨੀਲੀਬਾਰ ਸਿਲਕ ਸਟੋਰ ਵਲੋਂ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੀਆਂ ਜੇਤੂ ਮੁਟਿਆਰਾਂ ਨੂੰ ਫੁਲਕਾਰੀਆਂ ਤੇ ਸੂਟ ਤੋਹਫੇ ਵਜੋਂ ਦਿੱਤੇ ਗਏ।

ਪਿਛਲੇ ਵਰ੍ਹੇ ਦੀ ਮਿਸ ਯੂ.ਐਸ.ਏ. ਪੰਜਾਬਣ ਤੇ ਮਿਸ ਵਰਲਡ ਪੰਜਾਬਣ 2008 ਦੀ ਸੈਕਿੰਡ ਰਨਰਅੱਪ ਮਿਸ ਸੁਪ੍ਰੀਤ ਮੱਲ੍ਹੀ ਨੇ ਇਸ ਸਾਲ ਦੀ ਜੇਤੂ ਮਿਸ ਕਰਮਪਾਲ ਮੰਡ ਨੂੰ ਸੱਗੀ ਫੁੱਲ ਪਹਿਨਾ ਕੇ ਸਨਮਾਨਤ ਕੀਤਾ। ਇਸ ਮੌਕੇ ਸੱਭਿਆਚਾਰ ਸੱਥ ਪੰਜਾਬ ਦੇ ਚੇਅਰਮੈਨ ਜਸਮੇਰ ਸਿੰਘ ਢੱਟ ਨੇ ਆਖਿਆ ਕਿ ਸੰਸਥਾ ਨੇ 1993 ਵਿਚ ਨੰਗੇਜ਼ਵਾਦ ਦੇ ਖਿਲਾਫ ਨਿੱਕੀ ਜਿਹੀ ਲੜਾਈ ਸ਼ੁਰੂ ਕੀਤੀ ਸੀ ਪਰ 17 ਸਾਲ ਬਾਅਦ ਇਸ ਨੂੰ ਪੰਜਾਬੀ ਇੰਨੀ ਮੁਹੱਬਤ ਨਾਲ ਅਪਨਾਉਣਗੇ, ਇਸ ਬਾਰੇ ਕਦੇ ਨਹੀਂ ਸੀ ਸੋਚਿਆ। ਇਨ੍ਹਾਂ ਮੁਕਾਬਲਿਆਂ 'ਚ ਢਾਈ ਸਾਲ ਦੇ ਬੱਚਿਆਂ ਤੋਂ ਲੈ ਕੇ 22 ਸਾਲ ਦੀਆਂ ਮੁਟਿਆਰਾਂ ਵੱਲੋਂ ਭੰਗੜੇ ਤੇ ਗਿੱਧਾ ਪੇਸ਼ ਕੀਤਾ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਅਤੇ ਸਭਿਆਚਾਰਕ ਸੱਥ ਦੇ ਸਰਪ੍ਰਸਤ ਗੁਰਭਜਨ ਸਿੰਘ ਗਿੱਲ ਨੇ ਪੰਜਾਬੀਆਂ ਵਲੋਂ ਅਮਰੀਕਾ ਵਿਚ ਗੱਡੇ ਕਾਮਯਾਬੀ ਦੇ ਝੰਡਿਆਂ ਦੀ ਤਾਰੀਫ ਕੀਤੀ।

ਇਨ੍ਹਾਂ ਮੁਕਾਬਲਿਆਂ ਵਿਚ ਜੱਜਾਂ ਦੀ ਭੂਮਿਕਾ ਭਾਰਤ ਤੋਂ ਆਏ ਉਘੇ ਭੰਗੜਾ ਕਲਾਕਾਰ ਹੀਰਾ ਸਿੰਘ ਹੀਰਾ ਗਰੁਪ, ਹਾਲੀਵੁੱਡ ਫਿਲਮਾਂ ਦੀ ਸਹਾਇਕ ਨਿਰਦੇਸ਼ਕਾ ਮਿਸ ਉਜ਼ਮਾ ਕੰਗ, ਵਾਸ਼ਿੰਗਟਨ ਡੀ.ਸੀ. ਤੋਂ ਰਵਿੰਦਰ ਕੌਰ ਮੱਲ੍ਹੀ ਤੇ ਕੈਲੀਫੋਰਨੀਆ ਦੀ ਪ੍ਰਸਿੱਧ ਗਿੱਧਾ ਨਿਰਦੇਸ਼ਕ ਸੋਨੀਆ ਢਿੱਲੋਂ ਨੇ ਨਿਭਾਈ। ਮੰਚ ਸੰਚਾਲਨ ਸ੍ਰੀਮਤੀ ਆਸ਼ਾ ਸ਼ਰਮਾ ਨੇ ਕੀਤਾ।

ਪ੍ਰਬੰਧਕਾਂ ਦੀ ਟੀਮ ਵਿਚ ਅਜੀਤ ਸਿੰਘ ਭੱਠਲ, ਬੱਕ ਢੇਸੀ, ਸ੍ਰੀਮਤੀ ਮੀਨਾ ਸੰਘੇੜਾ, ਬੱਬੂ ਗੁਰਪਾਲ, ਜਤਿੰਦਰ ਗਿੱਲ, ਪਲਵਿੰਦਰ ਸ਼ੇਰਗਿੱਲ, ਤਨਜੀਤ ਸਿੰਘ ਤੇ ਮਨਮੀਤ ਸਿੰਘ, ਜਸਕਰਨ ਸਿੰਘ ਭੱਠਲ, ਮਿਨਹਾਸ ਸਿੰਘ ਭੱਠਲ, ਇੰਦਰਜੀਤ ਸਿੰਘ ਭੱਠਲ ਸੈਕਰਾਮੈਂਟੋ ਨੇ ਸਖ਼ਤ ਮਿਹਨਤ ਕੀਤੀ। ਇਸ ਮੌਕੇ ਦੋ ਸਾਲ ਪਹਿਲਾਂ ਹੋਏ ਮਿਸ ਯੂ.ਐਸ. ਪੰਜਾਬਣ ਦੀ ਵੀਡੀਓ ਸੀ.ਡੀ. ਵੀ ਦਰਸ਼ਕਾਂ ਨੂੰ ਵੰਡੀ ਗਈ।

# ਸਿੱਖ ਸਪੋਰਟਸ ਐਸੋਸੀਏਸ਼ਨ ਨੇ ਕਰਾਇਆ ਗੌਲਫ ਟੂਰਨਾਮੈਂਟ

ਫਰੀਮਾਂਟ: ਸਿੱਖ ਸਪੋਰਟਸ ਐਸੋਸੀਏਸ਼ਨ ਵਲੋਂ 17 ਜੁਲਾਈ ਨੂੰ ਸਮਿਟ ਪੁਆਇੰਟ ਗੌਲਫ ਕੋਰਸ ਮਿਲਪੀਟਸ ਵਿਚ ਕਰਵਾਏ ਗਏ ਦੂਸਰੇ ਸਾਲਾਨਾ ਗੌਲਫ ਟੂਰਨਾਮੈਂਟ ਵਿਚ ਖਿਡਾਰੀਆਂ ਦੀ ਗਿਣਤੀ ਪਿਛਲੇ ਸਾਲ ਨਾਲੋਂ ਤਕਰੀਬਨ ਦੁਗਣੀ ਸੀ ਅਤੇ ਪ੍ਰਬੰਧ ਵੀ ਵਧੀਆ ਸੀ। ਟੂਰਨਾਮੈਂਟ ਦੁਪਹਿਰ 1 ਵਜੇ ਸ਼ੁਰੂ ਹੋਇਆ ਅਤੇ ਸ਼ਾਮ 6:30 ਵਜੇ ਤਕ ਚਲਦਾ ਰਿਹਾ। ਉਪਰੰਤ ਸਾਰੇ ਖਿਡਾਰੀਆਂ ਅਤੇ ਪ੍ਰਬੰਧਕਾਂ ਨੇ ਮਿਲ ਕੇ ਸ਼ਾਮ ਦਾ ਖਾਣਾ ਖਾਧਾ ਜਿਸ ਦੌਰਾਨ ਜੇਤੂਆਂ ਨੂੰ ਇਨਾਮ ਵੰਡੇ ਗਏ।

ਗੌਲਫ ਦੀ ਖੇਡ ਦੇ ਕੁਝ ਜੇਤੂਆਂ ਦੇ ਨਾਮ ਇਸ ਪ੍ਰਕਾਰ ਹਨ: ਸੰਨੀ ਸਿੱਧੂ, ਕੁਲਦੀਪ ਸਿੱਧੂ ਅਤੇ ਸਤਿੰਦਰ ਸਿੰਘ (ਪਹਿਲਾ ਸਥਾਨ)। ਇਨ੍ਹਾਂ ਤੋਂ ਬਿਨਾ ਯੰਗ ਬਿਦੇਸ਼ਾ, ਕਿਰਨ ਚੌਧਰੀ, ਮਨਰਾਜ ਨੱਤ, ਹਰਜੀਤ ਗਿੱਲ, ਜਤਿੰਦਰ ਨੱਤ, ਤੋਚੀ ਮਠਾੜੂ, ਸੁੱਖ ਸਿੰਘ, ਕੇਵਲ ਮਿਨਹਾਸ, ਲੱਕੀ ਨੱਤ, ਕੁਲਦੀਪ ਸਿੱਧੂ, ਸੁਖਵੰਤ ਸਿੰਘ, ਜਸਪਾਲ ਰਾਣਾ, ਅਜੀਤਪਾਲ ਸਿੰਘ ਨਾਹਲ, ਜਤਿੰਦਰ ਮਾਨ, ਹਰਦੀਪ ਸਿੰਘ ਔਲਖ, ਅਮਨ ਮਾਂਗਟ, ਭਾਂਤੀ ਮਾਂਗਟ, ਅਲੀ, ਜੋ ਲੰਪਕਿਨ, ਹਾਰੂਕੀ ਤਾਕੀਮੋਟੋ, ਦਿਲਾਵਰ ਚਾਹਲ, ਸੁਰਜੀਤ ਟੁਟ, ਅਤੇ ਲਛਮਣ ਮਾਂਗਟ ਨੇ ਵੀ ਖੂਬ ਜੌਹਰ ਦਿਖਾਏ। ਕੁਝ ਸੀਨੀਅਰ ਸਿੱਖ ਖਿਡਾਰੀਆਂ ਡਾ: ਜਸਵੰਤ ਸਿੰਘ ਭੱਟੀ, ਕਰਨਲ ਸਾਹਿਬ ਅਤੇ ਸੰਤੋਖ ਸਿੰਘ ਕਾਹਲੋਂ ਨੇ ਵੀ ਖੂਬ ਜੌਹਰ ਦਿਖਾਏ। ਸਿੱਖ ਸਪੋਰਟਸ ਐਸੋਸੀਏਸ਼ਨ ਦੇ ਗੌਲਫ ਡਾਇਰੈਕਟਰ ਲਛਮਣ ਸਿੰਘ ਮਾਂਗਟ ਨੇ ਦੱਸਿਆ ਕਿ ਸਾਡਾ ਨਿਸ਼ਾਨਾ ਕਮਿਊਨਿਟੀ ਦੇ ਹਰ ਵਰਗ ਨੂੰ ਖੇਡਾਂ ਵਿਚ ਭਾਗ ਲੈਣ ਲਈ ਉਤਸ਼ਾਹਿਤ ਕਰਨ ਦਾ ਹੈ ਅਤੇ ਅਸੀਂ ਇਸ ਵਿਚ ਕਾਫੀ ਸਫਲ ਹੋ ਰਹੇ ਹਾਂ। ਉਨ੍ਹਾਂ ਸਮੂਹ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪ ਅਤੇ ਆਪਣੇ ਬੱਚਿਆਂ ਸਮੇਤ 4 ਅਤੇ 5 ਸਤੰਬਰ ਨੂੰ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਚ ਹੋ ਰਹੇ ਸਾਲਾਨਾ ਖੇਡ ਮੇਲੇ ਵਿਚ ਭਾਗ ਲੈ ਕੇ ਇਸਦੀਆਂ ਰੌਣਕਾਂ ਵਧਾਉਣ। ਟੂਰਨਾਮੈਂਟ ਵਿਚ ਪਿਛਲੇ ਸਾਲ ਦੀ ਤਰ੍ਹਾਂ ਪਰਿਵਾਰਕ ਮਾਹੌਲ ਹੋਵੇਗਾ।

ਸਿੱਖ ਸਪੋਰਟਸ ਐਸੋਸੀਏਸ਼ਨ 2006 ਵਿਚ ਹੋਂਦ ਵਿਚ ਆਈ ਸੀ ਤੇ ਹੁਣ ਤਕ ਤਿੰਨ ਟੂਰਨਾਮੈਂਟ, ਤਿੰਨ ਗੁਰੂ ਨਾਨਕ ਮੈਰਾਥਨ ਅਤੇ ਦੋ ਗੌਲਫ ਮੁਕਾਬਲੇ ਕਰਵਾ ਚੁੱਕੀ ਹੈ।

## ਸੰਪਾਦਕ ਦੀ ਡਾਕ

### ਸਰਤਾਜ ਬਾਰੇ ਵਿਵਾਦ

ਸੰਪਾਦਕ ਜੀ,

ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ 'ਚ ਸਤਿੰਦਰ ਸਰਤਾਜ ਬਾਰੇ ਇਕ ਪਿਛੋਂ ਇਕ ਕਈ ਲੇਖ ਛਪੇ। ਜੇ ਇਕ ਲੇਖ ਵਿਚ ਉਸ ਦੇ ਆਲੋਚਕਾਂ ਨੇ ਉਸ ਨੂੰ ਜ਼ੀਰੋ ਬਣਾਇਆ ਹੁੰਦਾ ਤਾਂ ਅਗਲੇ ਲੇਖ ਵਿਚ ਉਸ ਦੇ ਪ੍ਰਸ਼ੰਸਕਾਂ ਨੇ ਉਸ ਨੂੰ ਹੀਰੋ ਬਣਾਇਆ ਹੁੰਦਾ। ਇਹ ਸਿਲਸਿਲਾ ਕਦ ਤੱਕ ਚੱਲੇਗਾ? ਜੇ ਇਹ ਸਿਲਸਿਲਾ ਲੰਮਾ ਚਲਣਾ ਹੈ ਤਾਂ ਇਸ ਦਾ ਲੜੀਵਾਰ ਕਾਲਮ ਬਣਾ ਦਿੱਤਾ ਜਾਵੇ ਅਤੇ ਕਾਲਮ ਦਾ ਨਾਂ ਰੱਖ ਦਿੱਤਾ ਜਾਵੇ 'ਸਰਤਾਜ ਦੀ ਚੀਰਫਾੜ'। ਕਦੇ ਸੁਰਿੰਦਰ ਸੋਹਲ ਅਤੇ ਹਰਪਾਲ ਭਿੰਡਰ ਲਿਖਦੇ ਹਨ ਅਤੇ ਕਦੇ ਹਨੀ ਸਿੰਘ ਸ਼ੇਰਗਿੱਲ, ਫਿਰ ਬੀਬੀ ਗੁਰਜੀਤ ਕੌਰ ਅਤੇ ਅਖੀਰ ਵਿਚ ਇਸ ਜੰਗ ਦੇ ਮੈਦਾਨ ਵਿਚ ਕਾਲਮ ਦਾ ਜਰਨੈਲ ਅਸ਼ੋਕ ਭੌਰਾ ਵੀ ਕੁੱਦਿਆ। ਪਰ ਕੀ ਇਹ ਸਰਤਾਜ ਨਾਲ ਇਨਸਾਫ ਹੈ? ਪੰਜਾਬ ਟਾਈਮਜ਼ ਵਿਚੋਂ ਕਈ ਪਾਠਕ ਪੰਜਾਬੀ ਟ੍ਰਿਬਿਊਨ ਦੀ ਝਲਕ ਵੇਖਦੇ ਹਨ ਪਰ ਸਰਤਾਜ ਦੇ ਮਾਮਲੇ 'ਚ ਪੰਜਾਬ ਟਾਈਮਜ਼ ਨੇ ਸਹੀ ਰੋਲ ਅਦਾ ਨਹੀਂ ਕੀਤਾ। ਉਹੋ ਹੀ ਘਸੀਆਂ-ਪਿਟੀਆਂ ਗੱਲਾਂ ਹਰ ਲੇਖ ਵਿਚ ਹੁੰਦੀਆਂ ਹਨ ਜਿਨ੍ਹਾਂ ਤੋਂ ਪਾਠਕ ਅੱਕ ਚੁੱਕੇ ਹਨ। ਸੋ ਇਹ ਸਿਲਸਿਲਾ ਬੰਦ ਕਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਇਸ ਦੀ ਥਾਂ ਕੋਈ ਹੋਰ ਪਾਏਦਾਰ ਸਮੱਗਰੀ ਛਾਪੀ ਜਾਵੇ।

**-ਰਾਜਵਿੰਦਰ ਕੌਰ,**
**ਬੇਕਰਜ਼ਫੀਲਡ।**

## ਨਕਸਲੀ ਹਿੰਸਾ-ਚਾਰ ਰਾਜ ਸਾਂਝੀ ਕਮਾਨ ਲਈ ਸਹਿਮਤ

(ਸਫਾ ਇਕ ਦੀ ਬਾਕੀ)

ਅਤੇ ਖੁਫੀਆ ਏਜੰਸੀਆਂ ਵਿਚਾਲੇ ਵਧੀਆ ਤਾਲਮੇਲ ਬਣਿਆ ਰਹੇਗਾ। ਇਸ ਤੋਂ ਇਲਾਵਾ ਸਾਂਝੀ ਕਮਾਨ ਵਿਚ ਫੌਜ ਦੇ ਇਕ ਸੇਵਾਮੁਕਤ ਮੇਜਰ ਜਨਰਲ ਨੂੰ ਮੈਂਬਰ ਵਜੋਂ ਲਿਆ ਜਾਵੇਗਾ। ਬਿਹਾਰ, ਆਂਧਰਾ ਪ੍ਰਦੇਸ਼ ਅਤੇ ਮਹਾਰਾਸ਼ਟਰ ਵਿਚ ਸਾਂਝੀ ਕਮਾਨ ਨੂੰ ਫਿਲਹਾਲ ਜ਼ਰੂਰੀ ਨਹੀਂ ਸਮਝਿਆ ਗਿਆ।

ਕੇਂਦਰ ਸਰਕਾਰ ਦਾ ਮੰਨਣਾ ਹੈ ਕਿ ਉੜੀਸਾ, ਆਂਧਰਾ ਪ੍ਰਦੇਸ਼, ਛੱਤੀਸਗੜ੍ਹ, ਝਾਰਖੰਡ, ਪੱਛਮੀ ਬੰਗਾਲ, ਬਿਹਾਰ ਅਤੇ ਮਹਾਰਾਸ਼ਟਰ ਵਿਚ ਮਾਓਵਾਦੀਆਂ ਦਾ ਅਸਰ ਦਰਜ ਕੀਤਾ ਗਿਆ ਹੈ। ਪਿਛਲੇ ਸਾਲ ਦੇ ਮੁਕਾਬਲੇ ਮਾਓਵਾਦੀਆਂ ਨੇ ਆਪਣੇ ਪੁਰਾਣੇ ਗੜ੍ਹਾਂ ਨੂੰ ਮਜ਼ਬੂਤ ਕੀਤਾ ਹੈ ਅਤੇ ਇਲਾਕੇ ਦਾ ਘੇਰਾ ਵਧਾਇਆ ਹੈ। ਇਸ ਵੇਲੇ ਸਮੁੱਚੇ ਦੇਸ਼ ਦੇ 158 ਜ਼ਿਲ੍ਹਿਆਂ ਵਿਚ ਮਾਓਵਾਦੀਆਂ ਦੀ ਸਰਗਰਮੀ ਦਰਜ ਕੀਤੀ ਗਈ ਹੈ ਜਦੋਂ ਕਿ ਪਿਛਲੇ ਸਾਲ ਅਜਿਹੇ ਜ਼ਿਲ੍ਹਿਆਂ ਦੀ ਗਿਣਤੀ 133 ਸੀ। ਇਸ ਸਮੇਂ ਦੌਰਾਨ ਮਾਓਵਾਦੀਆਂ ਨੇ ਨੀਮ ਫ਼ੌਜੀ ਦਸਤਿਆਂ ਅਤੇ ਪੁਲੀਸ ਉਤੇ ਘਾਤਕ ਹਮਲੇ ਕਰਕੇ ਵੱਡੀ ਗਿਣਤੀ ਵਿਚ ਜਾਨੀ ਨੁਕਸਾਨ ਕੀਤਾ ਹੈ। ਮਾਓਵਾਦੀਆਂ ਦੇ ਹਰ ਹਮਲੇ ਤੋਂ ਬਾਅਦ ਸੂਬਾ ਪੁਲੀਸ ਅਤੇ ਨੀਮ ਫ਼ੌਜੀ ਦਸਤਿਆਂ ਵਿਚ ਤਾਲਮੇਲ ਦੀ ਘਾਟ ਨਜ਼ਰ ਆਈ ਹੈ। ਇਸ ਹਾਲਾਤ ਵਿਚ ਕੇਂਦਰ ਸਰਕਾਰ ਨੇ ਦਖ਼ਲਅੰਦਾਜ਼ੀ ਕਰ ਕੇ ਤਾਲਮੇਲ ਦੀ ਅਹਿਮੀਅਤ ਉਤੇ ਜ਼ੋਰ ਦਿੱਤਾ ਹੈ। ਹੁਣ ਮਾਓਵਾਦ ਦੇ ਅਸਰ ਹੇਠਲੇ ਸੂਬਿਆਂ ਵਿਚ ਬਿਹਤਰ ਤਾਲਮੇਲ ਲਈ ਸਾਂਝੀ ਕਮਾਨ ਬਣਾਈ ਜਾਵੇਗੀ। ਆਂਧਰਾ ਪ੍ਰਦੇਸ਼, ਬਿਹਾਰ ਅਤੇ ਮਹਾਰਾਸ਼ਟਰ ਦੀਆਂ ਸੂਬਾ ਸਰਕਾਰਾਂ ਨੇ ਸਾਂਝੀ ਕਮਾਨ ਦੀ ਤਜਵੀਜ਼ ਵਿਚੋਂ ਆਪਣਾ ਹੱਥ ਇਸ ਆਧਾਰ ਉਤੇ ਖਿੱਚ ਲਿਆ ਹੈ ਕਿ ਇਨ੍ਹਾਂ ਸੂਬਿਆਂ ਵਿਚ ਮਾਓਵਾਦੀ ਹਿੰਸਾ ਦਾ ਅਸਰ ਘੱਟ ਹੈ। ਬਿਹਾਰ ਵਲੋਂ ਅਜਿਹਾ ਕਰਨ ਦਾ ਕਾਰਨ ਤਿੰਨ ਮਹੀਨਿਆਂ ਤੱਕ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ।

ਉੜੀਸਾ, ਛੱਤੀਸਗੜ੍ਹ, ਝਾਰਖੰਡ, ਅਤੇ ਪੱਛਮੀ ਬੰਗਾਲ ਵਿਚ ਮਾਓਵਾਦ ਖ਼ਿਲਾਫ਼ ਸਾਂਝੀ ਕਮਾਨ ਬਣਾਈ ਜਾਵੇਗੀ। ਇਸ ਤਰ੍ਹਾਂ ਸੂਬਾਈ ਪੁਲੀਸ, ਨੀਮ ਫ਼ੌਜੀ ਦਸਤਿਆਂ ਅਤੇ ਫ਼ੌਜ ਵਿਚਲੇ ਤਾਲਮੇਲ ਨੂੰ ਮਜ਼ਬੂਤ ਕੀਤਾ ਜਾਵੇਗਾ। ਇਹ ਸੂਬੇ ਨਕਸਲ ਵਿਰੋਧੀ ਕਾਰਵਾਈ ਦੀ ਅਗਵਾਈ ਲਈ ਸੂਬਾਈ ਪੁਲੀਸ ਵਿਚੋਂ ਇੰਸਪੈਕਟਰ ਜਰਨਲ ਦੇ ਅਹੁਦੇ ਦੇ ਅਫ਼ਸਰ ਨੂੰ ਮੁਖਤਿਆਰ ਬਣਾਉਣਗੇ। ਸੀ.ਆਰ.ਪੀ.ਐਫ਼. ਵਿਚੋਂ ਇਸੇ ਪੱਧਰ ਦੇ ਅਫ਼ਸਰ ਨੂੰ ਆਈ.ਜੀ. (ਓਪਰੇਸ਼ਨ) ਬਣਾਇਆ ਜਾਵੇਗਾ। ਇਸ ਤੋਂ ਪਹਿਲਾਂ ਜੰਮੂ-ਕਸ਼ਮੀਰ ਅਤੇ ਆਸਾਮ ਵਿਚ ਸਾਂਝੀ ਕਮਾਨ ਥੱਲੇ ਕਾਰਵਾਈਆਂ ਕੀਤੀਆਂ ਗਈਆਂ ਸਨ ਤਾਂ ਅਗਵਾਈ ਮੁੱਖ-ਮੰਤਰੀਆਂ ਦੇ ਹੱਥ ਵਿਚ ਸੀ। ਮਾਓਵਾਦ ਦੇ ਅਸਰ ਹੇਠਲੇ ਇਲਾਕਿਆਂ ਵਿੱਚ 400 ਥਾਣੇ ਬਣਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸੇ ਤਰ੍ਹਾਂ 16000 ਕੱਚੇ ਪੁਲੀਸ ਮੁਲਾਜ਼ਮਾਂ ਦੀ ਭਰਤੀ ਕੀਤੀ ਜਾਵੇਗੀ ਜਿਸ ਨਾਲ ਇਹ ਗਿਣਤੀ 30000 ਹੋ ਜਾਵੇਗੀ।

ਯੋਜਨਾ ਕਮਿਸ਼ਨ ਨੇ ਇਨ੍ਹਾਂ ਇਲਾਕਿਆਂ ਵਿਚ ਸੜਕਾਂ ਦੀ ਪਹੁੰਚ ਬਿਹਤਰ ਕਰਨ ਦੇ ਨਾਲ ਸਿਹਤ ਤੇ ਸਿੱਖਿਆ ਸਹੂਲਤਾਂ ਸੁਧਾਰਨ ਉਤੇ ਜ਼ੋਰ ਦਿੱਤਾ ਹੈ। ਇਸ ਤੋਂ ਲੱਗਦਾ ਹੈ ਕਿ ਸਰਕਾਰ ਲੰਮੀ ਲੜਾਈ ਦੀ ਤਿਆਰੀ ਕਰ ਰਹੀ ਹੈ। ਉਧਰ ਨਕਸਲੀ ਧਿਰਾਂ ਨੇ ਵੀ ਸੁਰੱਖਿਆ ਬਲਾਂ ਨੂੰ ਸਖਤ ਚੁਣੌਤੀ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਹੁਣ ਉਹ ਛਾਪਾਮਾਰ ਜੰਗ ਤੋਂ ਇਲਾਵਾ ਸੁਰੱਖਿਆ ਬਲਾਂ ਨੂੰ ਕਈ ਮੋਰਚਿਆਂ 'ਤੇ ਉਲਝਾਉਣ ਦੀ ਹਾਲਤ ਵਿਚ ਹਨ, ਜਦਕਿ ਸਰਕਾਰ ਦੀ ਜੰਗੀ ਮਸ਼ੀਨਰੀ ਹਿਫਾਜ਼ਤੀ ਰੁਖ ਅਪਣਾ ਕੇ ਚਲ ਰਹੀ ਹੈ। ਮਾਓਵਾਦੀ 4-5 ਹਜ਼ਾਰ ਛਾਪਾਮਾਰਾਂ ਦੀ ਕਮਾਂਡੋ ਬਰਗੇਡ ਤਿਆਰ ਕਰ ਰਹੇ ਹਨ ਤਾਂ ਕਿ ਸੁਰੱਖਿਆ ਬਲਾਂ ਨੂੰ ਬਸਤਰ ਵਿਚ ਸਿੱਧੀ ਟੱਕਰ ਦਿੱਤੀ ਜਾ ਸਕੇ।

# ਕੈਪਟਨ ਅਮਰਿੰਦਰ ਸਿੰਘ ਦੀ ਲੈਫਟ-ਰਾਈਟ

(ਸਫਾ ਇਕ ਦੀ ਬਾਕੀ)

ਪੰਜਾਬ ਦੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਨੇ ਗੁਆਂਢੀ ਰਾਜਾਂ ਨੂੰ ਦਿੱਤੇ ਜਾ ਰਹੇ ਦਰਿਆਈ ਪਾਣੀ 'ਤੇ ਰਾਇਲਟੀ ਦਿੱਤੇ ਜਾਣ ਦੀ ਮੰਗ ਕੀਤੀ ਸੀ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਰਾਜ ਸਰਕਾਰ ਦੀ ਅਜਿਹੀ ਮੰਗ ਬਿਲਕੁਲ ਬੇਤੁਕੀ ਹੈ ਕਿਉਂਕਿ ਜੇ ਪੰਜਾਬ, ਹਰਿਆਣਾ ਤੇ ਰਾਜਸਥਾਨ ਤੋਂ ਪਾਣੀ ਦੀ ਰਾਇਲਟੀ ਮੰਗਦਾ ਹੈ ਤਾਂ ਹਿਮਾਚਲ ਪੰਜਾਬ ਤੋਂ ਵੀ ਅਜਿਹੀ ਰਾਇਲਟੀ ਦੀ ਮੰਗ ਕਰ ਸਕਦਾ ਹੈ ਪਰ ਅਕਾਲੀ ਆਗੂਆਂ ਵਲੋਂ ਇਸ ਬਿਆਨ ਦੀ ਤਿੱਖੀ ਆਲੋਚਨਾ ਕੀਤੀ ਗਈ ਸੀ। ਇਥੋਂ ਤੱਕ ਕਿ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਤਾਂ ਕੈਪਟਨ ਦੇ ਇਸ ਬਿਆਨ ਨੂੰ ਪੰਜਾਬ ਨਾਲ ਗੱਦਾਰੀ ਤੱਕ ਕਰਾਰ ਦੇ ਦਿੱਤਾ ਸੀ। ਇਸ ਦੌਰਾਨ ਕੈਪਟਨ ਨੂੰ ਹੋਰ ਰਗੜਾ ਲਾਉਣ ਲਈ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਵੀ ਆਖ ਦਿੱਤਾ ਸੀ ਕਿ ਪੰਜਾਬ ਨੇ ਪਾਣੀਆਂ ਦੀ ਰਾਇਲਟੀ ਮੰਗ ਕੇ ਕੋਈ ਗੁਨਾਹ ਨਹੀਂ ਕੀਤਾ, ਸਗੋਂ ਇਹ ਪੰਜਾਬ ਦਾ ਹੱਕ ਬਣਦਾ ਹੈ।

ਉਧਰ ਕੈਪਟਨ ਅਮਰਿੰਦਰ ਸਿੰਘ ਦੇ ਉਪਰੋਕਤ ਬਿਆਨ ਨੂੰ ਪੜ੍ਹਨ ਪਿੱਛੋਂ ਪੰਜਾਬ ਦੇ ਰਾਜਨੀਤਕ ਹਲਕੇ ਹੱਕੇ-ਬੱਕੇ ਰਹਿ ਗਏ ਸਨ। ਕੈਪਟਨ ਦੇ ਬਿਆਨ ਨੇ ਲੋਕਾਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਸੀ ਕਿ ਇਹ ਉਹੀ ਕੈਪਟਨ ਹੈ ਜਿਸ ਨੇ ਗੁਆਂਢੀ ਰਾਜਾਂ ਨਾਲ ਪੰਜਾਬ ਦੇ ਪਾਣੀਆਂ ਦੀ ਵੰਡ ਸਬੰਧੀ ਸਾਰੇ ਸਮਝੌਤੇ ਰੱਦ ਕਰਨ ਵਾਲਾ ਕਾਨੂੰਨ ਬਣਵਾਇਆ ਸੀ? ਸ਼ਾਇਦ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਕਿਧਰੇ ਅੰਦਰੋ-ਅੰਦਰ ਇਹ ਗੱਲ ਲਗਾਤਾਰ ਮਹਿਸੂਸ ਹੁੰਦੀ ਰਹੀ ਹੋਵੇਗੀ ਕਿ ਉਪਰੋਕਤ ਬਿਆਨ ਦੇ ਸਿੱਟੇ ਵਜੋਂ ਪੰਜਾਬ ਵਿਚੋਂ ਉਨ੍ਹਾਂ ਦਾ ਰਾਜਨੀਤਕ ਆਧਾਰ ਸਿਮਟ ਸਕਦਾ ਹੈ।

ਅਜਿਹੀ ਸੋਚ ਵਿਚਾਰ ਤੋਂ ਪਿੱਛੋਂ ਹੀ ਕੈਪਟਨ ਅਮਰਿੰਦਰ ਸਿੰਘ ਦਾ ਬੀਤੀ 14 ਜੁਲਾਈ ਨੂੰ ਦੂਜਾ ਬਿਆਨ ਆਇਆ ਜਿਸ ਵਿਚ ਉਨ੍ਹਾਂ ਨੇ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਆਏ ਹੜ੍ਹਾਂ ਲਈ ਹਾਂਸੀ-ਬੁਟਾਣਾ ਨਹਿਰ ਅਤੇ ਹਰਿਆਣਾ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ ਪਿਛਲੇ 35 ਸਾਲਾਂ ਦੇ ਸਮੇਂ 'ਚ ਪੰਜਾਬ ਵਿਚ ਕਦੇ ਵੀ ਏਨੇ ਭਿਆਨਕ ਹੜ੍ਹ ਨਹੀਂ ਆਏ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਆਏ ਹੜ੍ਹਾਂ ਲਈ ਹਾਂਸੀ-ਬੁਟਾਣਾ ਨਹਿਰ ਪ੍ਰਮੁੱਖ ਤੌਰ 'ਤੇ ਜ਼ਿੰਮੇਵਾਰ ਹੈ ਅਤੇ ਜੇ ਇਹ ਨਹਿਰ ਅਗਲੇ ਸਾਲਾਂ ਵਿਚ ਵੀ ਕਾਇਮ ਰਹਿੰਦੀ ਹੈ ਤਾਂ ਪੰਜਾਬ ਵਿਚ ਇਸ ਤਰ੍ਹਾਂ ਦੇ ਭਿਆਨਕ ਹੜ੍ਹ ਹਰ ਸਾਲ ਮਾਮੂਲੀ ਜਿਹੇ ਮੀਂਹ ਨਾਲ ਵੀ ਆਇਆ ਕਰਨਗੇ। ਉਧਰ ਪੰਜਾਬ ਦੇ ਮੁੱਖ ਸਕੱਤਰ ਨੇ ਵੀ ਹਰਿਆਣਾ ਸਰਕਾਰ ਨੂੰ ਇਕ ਪੱਤਰ ਲਿਖ ਕੇ ਕਿਹਾ ਹੈ ਕਿ ਹਾਂਸੀ-ਬੁਟਾਣਾ ਨਹਿਰ ਦੀ ਉਸਾਰੀ ਗੈਰ-ਕਾਨੂੰਨੀ ਤੇ ਮੁਜ਼ਰਮਾਨਾ ਮਾਮਲਾ ਹੈ, ਇਸ ਨੂੰ ਤੋੜ ਦੇਣਾ ਚਾਹੀਦਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਭਾਵੇਂ ਰਾਇਲਟੀ ਅਤੇ ਹਾਂਸੀ-ਬੁਟਾਣਾ ਨਹਿਰ ਨੂੰ ਤੋੜਨ ਦੇ ਮੁੱਦੇ 'ਤੇ ਕੁਝ ਨਹੀਂ ਕਿਹਾ ਅਤੇ ਜਵਾਬ ਦਿੱਤਾ ਕਿ ਕਿਉਂਕਿ ਇਹ ਮਾਮਲਾ ਸੁਪਰੀਮ ਕੋਰਟ ਵਿਚ ਹੈ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ, ਪਰ ਉਨ੍ਹਾਂ ਨੇ ਇਸ ਬਿਆਨ ਰਾਹੀਂ ਇਸੇ ਮਹੀਨੇ ਵਿਚ ਪਹਿਲਾਂ ਦਿੱਤੇ ਬਿਆਨ ਨੂੰ ਸੋਧਣ ਦੀ ਜ਼ਰੂਰ ਕੋਸ਼ਿਸ਼ ਕੀਤੀ। ਉਨ੍ਹਾਂ ਦੇ ਭਾਸ਼ਣ ਤੋਂ ਵੀ ਇਹ ਜ਼ਰੂਰ ਲੱਗਦਾ ਸੀ ਕਿ ਉਹ ਪੁਰਾਣੇ ਬਿਆਨ ਦੇ ਜ਼ਰੀਏ ਆਪਣੇ ਆਧਾਰ ਦੇ ਖੁਸਣ ਤੋਂ ਚਿੰਤਤ ਹਨ।

ਉਂਜ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਕੈਪਟਨ ਅਮਰਿੰਦਰ ਸਿੰਘ ਤੇ ਸ. ਪ੍ਰਕਾਸ਼ ਸਿੰਘ ਬਾਦਲ ਦੇ ਬਿਆਨਾਂ ਉਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦਾ ਸਾਇਆ ਵੀ ਦਿਖਾਈ ਦਿੱਤਾ। ਯਾਦ ਰਹੇ ਕਾਂਗਰਸੀ ਪਾਰਟੀ ਰਸਮੀ ਤੌਰ 'ਤੇ ਭਾਵੇਂ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਵਿਚ ਹਿੱਸਾ ਨਾ ਲੈਣ ਬਾਰੇ ਵਾਰ-ਵਾਰ ਆਖ ਰਹੀ ਹੈ ਪਰ ਕੈਪਟਨ ਅਮਰਿੰਦਰ ਸਿੰਘ ਜਨਤਕ ਤੌਰ 'ਤੇ ਆਖ ਰਹੇ ਹਨ ਕਿ ਉਹ ਆਪਣੇ ਹਮਾਇਤੀਆਂ ਨੂੰ ਨਿੱਜੀ ਰੂਪ ਵਿਚ ਇਨ੍ਹਾਂ ਚੋਣਾਂ 'ਚ ਹਿੱਸਾ ਲੈਣ ਲਈ ਜ਼ਰੂਰ ਆਖਣਗੇ। ਅਜਿਹੀ ਹਾਲਤ ਵਿਚ ਬਾਦਲ ਵਿਰੋਧੀ ਸਿੱਖ ਧਿਰਾਂ ਨੂੰ ਆਸ ਹੈ ਕਿ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੇ ਪੱਖ ਵਿਚ ਉਤਰਨਗੇ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੇ ਕੈਪਟਨ ਨਾਲ ਗਹਿਰੇ ਸੰਬੰਧ ਹਨ। ਇਸ ਸੰਦਰਭ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਪੰਜਾਬ-ਹਰਿਆਣਾ 'ਚ ਆਏ ਹੜ੍ਹਾਂ ਸਮੇਤ ਕਈ ਹੋਰ ਮਾਮਲਿਆਂ ਵਿਚ ਵਾਰ-ਵਾਰ ਕੇਂਦਰ ਸਰਕਾਰ ਨੂੰ ਦਖਲ ਦੇ ਕੇ ਹੱਲ ਕਰਨ ਲਈ ਕਹਿਣਾ ਵੀ ਇਹ ਸਪੱਸ਼ਟ ਕਰਦਾ ਹੈ ਕਿ ਬਾਦਲ, ਸ਼੍ਰੋਮਣੀ ਕਮੇਟੀ ਚੋਣਾਂ ਜਿੱਤਣ ਲਈ ਕੇਂਦਰ ਨਾਲ ਭਾਈਵਾਲੀ ਕਰਨ ਤੱਕ ਵੀ ਜਾ ਸਕਦਾ ਹੈ।

ਕੈਪਟਨ ਵਲੋਂ ਹਾਂਸੀ-ਬੁਟਾਣਾ ਨਹਿਰ ਦੇ ਮਾਮਲੇ ਵਿਚ ਦਿੱਤੇ ਗਏ ਬਿਆਨ ਤੋਂ ਅਗਲੇ ਦਿਨ ਹੀ ਸ. ਬਾਦਲ ਨੇ ਆਖਿਆ ਕਿ ਕੇਂਦਰ ਘੱਗਰ ਦਰਿਆ ਨੂੰ ਕੌਮੀ ਪ੍ਰਾਜੈਕਟ ਐਲਾਨ ਕਰੇ ਅਤੇ ਪੰਜਾਬ, ਹਰਿਆਣਾ ਤੇ ਰਾਜਸਥਾਨ ਵਿਚ ਹਰ ਵਰ੍ਹੇ ਘੱਗਰ ਨਦੀ ਕਾਰਨ ਆਉਂਦੇ ਹੜ੍ਹਾਂ ਨੂੰ ਰੋਕਣ ਦਾ ਪ੍ਰਬੰਧ ਕਰੇ। ਉਨ੍ਹਾਂ ਸਪੱਸ਼ਟ ਕਿਹਾ ਕਿ ਪੰਜਾਬ ਸਰਕਾਰ ਇਸ ਮਾਮਲੇ ਵਿਚ ਕੇਂਦਰ ਨਾਲ ਮਿਲ ਕੇ ਚਲੇਗੀ।

ਅਸਲ ਵਿਚ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦਾ ਮੁੱਖ ਮੰਤਰੀ ਹਰ ਮੁੱਦੇ ਨੂੰ ਲੈ ਕੇ ਕੇਂਦਰ ਸਰਕਾਰ ਦੀ ਚਾਪਲੂਸੀ ਕਰਨ ਵਿਚ ਰੁੱਝਾ ਹੋਇਆ ਹੈ। ਇਹ ਸਪੱਸ਼ਟ ਜਾਪਦਾ ਹੈ ਕਿ ਅਜਿਹਾ ਵਰਤਾਅ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਕੇਂਦਰ ਦੀ ਸਰਪ੍ਰਸਤੀ ਹਾਸਲ ਕਰਨ ਲਈ ਕੀਤਾ ਜਾ ਰਿਹਾ ਹੈ। ਉਂਜ ਵੀ ਰਾਜਨੀਤਕ ਵਿਸ਼ਲੇਸ਼ਕ ਇਹ ਨੋਟ ਕਰ ਰਹੇ ਹਨ ਕਿ ਕੇਂਦਰ ਸਰਕਾਰ ਬਾਦਲ ਦਲ ਨੂੰ ਹੀ ਪੰਜਾਬ ਦੇ ਗੁਰਦੁਆਰਿਆਂ ਵਿਚ ਕਾਬਜ਼ ਰੱਖਣਾ ਚਾਹੁੰਦੀ ਹੈ ਅਤੇ ਵਿਰੋਧੀਆਂ ਨੂੰ ਗੁਰਦੁਆਰਿਆਂ ਦੀ ਕਮਾਨ ਸੰਭਾਲ ਕੇ ਕੋਈ ਸਿਆਸੀ ਖਤਰਾ ਮੁੱਲ ਲੈਣ ਦੇ ਹੱਕ ਵਿਚ ਨਹੀਂ ਹੈ।

## ਝਾਰਖੰਡ 'ਚ ਨਕਸਲੀ ਹਮਲਾ, 5 ਜਵਾਨ ਸ਼ਹੀਦ

**ਲਾਤੇਹਾਰ:** ਝਾਰਖੰਡ ਦੇ ਲਾਤੇਹਾਰ ਜ਼ਿਲ੍ਹੇ 'ਚ ਬਰਵਾਡੀਹ ਥਾਣੇ ਅਧੀਨ ਪੈਂਦੇ ਖੇਤਰ 'ਚ ਨਕਸਲੀਆਂ ਵੱਲੋਂ ਘਾਤ ਲਗਾ ਕੇ ਕੀਤੇ ਗਏ ਹਮਲੇ 'ਚ 5 ਜਵਾਨ ਸ਼ਹੀਦ ਤੇ 8 ਜ਼ਖ਼ਮੀ ਹੋ ਗਏ। ਇਹ ਹਮਲਾ ਉਦੋਂ ਕੀਤਾ ਗਿਆ, ਜਦੋਂ ਨਕਸਲੀਆਂ ਖ਼ਿਲਾਫ਼ ਮੁਹਿੰਮ ਚਲਾ ਰਹੇ ਕੇਂਦਰੀ ਦਸਤਿਆਂ ਦੀ ਇਕ ਟੁਕੜੀ ਦਾ ਬਰਵਾਡੀਹ ਖੇਤਰ 'ਚ ਨਕਸਲੀਆਂ ਨਾਲ ਮੁਕਾਬਲਾ ਹੋ ਗਿਆ।

ਇਲਾਕੇ ਦੀ ਪੜਤਾਲ ਕਰਨ ਮਗਰੋਂ ਵਾਪਸ ਆ ਰਹੀ ਸੀ ਆਰ ਪੀ ਐਫ ਦੀ ਟੀਮ ਦੇ ਰਾਹ 'ਚ ਪੈਂਦੇ ਪੁਲ ਨੂੰ ਨਕਸਲੀਆਂ ਨੇ ਉਡਾ ਦਿੱਤਾ। ਇਸੇ ਦੌਰਾਨ ਸੀ ਆਰ ਪੀ ਐਫ ਦੀ ਟੀਮ ਨੇ ਪੁਜੀਸ਼ਨ ਸੰਭਾਲ ਲਈ ਅਤੇ ਉਸ ਦਾ ਨਕਸਲੀਆਂ ਨਾਲ ਮੁਕਾਬਲਾ ਹੋਣ ਲੱਗਿਆ। ਇਸ ਟੁਕੜੀ ਨੇ ਆਪਣੀ ਮਦਦ ਲਈ ਤੁਰੰਤ ਸਥਾਨਕ ਪੁਲਿਸ ਨੂੰ ਵੀ ਸੂਚਨਾ ਦੇ ਦਿੱਤੀ। ਸੂਚਨਾ ਮਿਲਣ 'ਤੇ ਜਦੋਂ ਲਾਤੇਹਾਰ ਦੇ ਐਸ ਪੀ ਕੁਲਦੀਪ ਤ੍ਰਿਵੇਦੀ ਦੀ ਅਗਵਾਈ 'ਚ ਪੁਲਿਸ ਮੁਲਾਜ਼ਮ ਮੌਕੇ 'ਤੇ ਪਹੁੰਚ ਰਹੇ ਸਨ ਤਾਂ ਨਕਸਲੀਆਂ ਨੇ ਸ੍ਰੀ ਤ੍ਰਿਵੇਦੀ ਤੋਂ ਅਗਲੀ ਗੱਡੀ ਨੂੰ ਬਾਰੂਦੀ ਸੁਰੰਗ ਰਾਹੀਂ ਕੀਤੇ ਧਮਾਕੇ ਨਾਲ ਉਡਾ ਦਿੱਤਾ। ਇਸ ਧਮਾਕੇ 'ਚ 5 ਪੁਲਿਸ ਮੁਲਾਜ਼ਮ ਸ਼ਹੀਦ ਹੋ ਗਏ, ਜਦਕਿ ਸ੍ਰੀ ਤ੍ਰਿਵੇਦੀ ਖੁਦ ਵਾਲ-ਵਾਲ ਬਚੇ।

ਸੀਨੀਅਰ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸ਼ਹੀਦ ਹੋਏ ਸਾਰੇ ਪੁਲਿਸ ਮੁਲਾਜ਼ਮ ਝਾਰਖੰਡ ਪੁਲਿਸ ਦੀ ਵਿਸ਼ੇਸ਼ ਸ਼ਾਖਾ ਝਾਰਖੰਡ ਜਗੂਆਰ ਦੇ ਸਨ।

## ਯੂਥ ਅਕਾਲੀ ਦਲ ਦੀ ਕੋਰ ਕਮੇਟੀ ਕਾਇਮ ਹੋਵੇਗੀ

**ਬੇਕਰਜ਼ਫੀਲਡ (ਮਨਦੀਪ ਮਾਨ):** ਯੂਥ ਅਕਾਲੀ ਦਲ (ਬਾਦਲ) ਅਮਰੀਕਾ ਇਕਾਈ ਦੀ ਇਕ ਮੀਟਿੰਗ ਸ. ਅਰਵਿੰਦਰ ਸਿੰਘ ਲਾਖਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਵਖ ਵਖ ਸਿਆਸੀ ਮੁਦਿਆਂ ਤੇ ਵਿਚਾਰਾਂ ਹੋਈਆਂ। ਯੂਥ ਵਿੰਗ ਵਿਚ ਨੌਜਵਾਨਾਂ ਦੀ ਭਰਤੀ ਨੂੰ ਉਤਸ਼ਾਹਤ ਕਰਨ ਲਈ ਮੁਹਿੰਮ ਵਿਢਣ ਬਾਰੇ ਵੀ ਵਿਚਾਰ ਹੋਈ।

ਮੀਟਿੰਗ ਤੋਂ ਬਾਅਦ ਜਾਰੀ ਇਕ ਬਿਆਨ ਵਿਚ ਸ੍ਰੀ ਲਾਖਨ ਨੇ ਕਿਹਾ ਕਿ ਉਹ ਛੇਤੀ ਹੀ ਇਕ ਕੋਰ ਕਮੇਟੀ ਦਾ ਗਠਨ ਕਰਨਗੇ। ਜੋ ਨੌਜਵਾਨ ਇਸ ਕਮੇਟੀ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ ਉਹ ਉਨ੍ਹਾਂ ਨਾਲ ਫੋਨ 559-310-4386 ਜਾਂ 661-808-7181 ਤੇ ਸੰਪਰਕ ਕਰ ਸਕਦੇ ਹਨ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ


Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440






ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਾਲਿਟੀ ਅਤੇ ਸਸਤੀਆਂ ਦਰਾਂ ਤੇ

ਮੈਡੀਕਲ ਇੰਸ਼ੋਰੈਂਸ

ਅਤੇ ਲਾਈਫ ਇੰਸ਼ੋਰੈਂਸ


ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ

ਮੇਜਰ ਸਿੰਘ ਚੌਹਾਨ

Sacramento Office
2377 Gold Meadow Way,
Suite 157, Gold River CA 95670

Bakersfield Office
PO Box 40728
Bakersfield CA 93384

Fremont Office
39650 Liberty St. #200
Fremont CA 94538



Cell:916-337-1683
Off :661-369-4865
Off :916-983-4890
Fax:916-984-0110
Fax:888-327-6115

Major Singh Chauhan
AGENT
CA Ins. Lic #0D36632
New York Life Insurance Company


mc101048@gmail.com

THE COMPANY YOU KEEP

# ਬਜ਼ੁਰਗ ਸਾਹਿਤਕਾਰਾਂ ਦੇ ਸਿਹਤ ਬੀਮੇ ਲਈ ਪ੍ਰਵਾਸੀ ਸਹਿਯੋਗ ਦੇਣ-ਪ੍ਰੋ. ਗਿੱਲ

**ਫਰਿਜ਼ਨੋ (ਐਸ. ਅਸ਼ੋਕ ਭੌਰਾ):** ਘੱਗਰੇ, ਫੁਲਕਾਰੀਆਂ, ਚਰਖੇ, ਮਧਾਣੀਆਂ ਨੂੰ ਜੇ ਅਸੀਂ ਸਭਿਆਚਾਰ ਮੰਨਦੇ ਰਹੇ ਤਾਂ ਇਹ ਕਿੱਡਾ ਭੁਲੇਖਾ ਹੈ ਕਿ ਇਨ੍ਹਾਂ ਨੂੰ ਬਚਾ ਕੇ ਰੱਖ ਲਵਾਂਗੇ। ਇਹ ਸਾਡਾ ਸਭਿਆਚਾਰ ਵੀ ਨਹੀਂ, ਇਹ ਸਿਰਫ ਵਕਤ ਦੇ ਔਜ਼ਾਰ ਹੀ ਮੰਨੇ ਜਾ ਸਕਦੇ ਹਨ। ਜੇ ਆਪਣੀ ਬੋਲੀ ਨੂੰ ਬਚਾ ਕੇ ਰੱਖਣਾ ਹੈ ਤਾਂ ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਇਹਦੇ ਨਾਲ ਜੋੜ ਕੇ ਰੱਖਣਾ ਪਵੇਗਾ। ਕਿਰਦਾਰ ਜਿਉਂਦਾ ਰੱਖਣਾ ਪਵੇਗਾ। ਪੰਜਾਬੀ ਜ਼ੁਬਾਨ ਵਲ ਧਿਆਨ ਦਿਓ। ਇਸ ਨੂੰ ਕੁਦੇਸਣ ਨਾ ਬਣਨ ਦਿਓ ਜਿਸ ਦੇ ਨਾ ਪੇਕੇ ਹੁੰਦੇ ਨੇ ਤੇ ਨਾ ਸਹੁਰੇ। 'ਮਾਣ ਭਰਾਵਾਂ 'ਤੇ ਮੈਂ ਕੱਲੀ ਖੇਤ ਨੂੰ ਜਾਵਾਂ...' ਵਾਲਾ ਇਖਲਾਕੀ ਪੰਜਾਬ ਜਿਊਂਦਾ ਰੱਖਣ ਲਈ ਚੇਤੰਨ, ਸੂਝ ਅਤੇ ਚੰਗੇ ਸਾਹਿਤ ਵਲ ਆਪਣੇ ਬੱਚਿਆਂ ਨੂੰ ਮੋੜ ਕੇ ਲਿਆਉਣ ਦੀ ਲੋੜ ਹੈ ਤੇ ਇਹ ਫਰਜ਼ ਹਰ ਪੰਜਾਬੀ ਨੂੰ ਜ਼ਿੰਮੇਵਾਰੀ ਨਾਲ ਨਿਭਾਉਣਾ ਵੀ ਚਾਹੀਦੈ।

ਇਹ ਵਿਚਾਰ ਇਥੇ ਅਸ਼ੋਕਾ ਰੈਸਟੋਰੈਂਟ ਵਿਚ ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ ਦੇ ਸੱਦੇ 'ਤੇ ਇਕੱਤਰ ਹੋਏ ਸਾਹਿਤ ਪ੍ਰੇਮੀਆਂ ਅਤੇ ਉਘੀਆਂ ਹਸਤੀਆਂ ਦੀ ਹਾਜ਼ਰੀ ਵਿਚ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਪ੍ਰੋ. ਗੁਰਭਜਨ ਗਿੱਲ ਨੇ ਬੋਲਦਿਆਂ ਆਖੇ। ਇਕ ਜ਼ਿੰਮੇਵਾਰ ਲੇਖਕ ਸਮਾਜ ਤੇ ਜ਼ਿੰਮੇਵਾਰੀ ਨਿਭਾਉਣ ਵਾਲੀ ਸੰਸਥਾ ਦੇ ਜ਼ਿੰਮੇਵਾਰ ਬਣਨ ਪਿੱਛੋਂ ਪ੍ਰੋ. ਗਿੱਲ ਦੀ ਇਹ ਪਹਿਲੀ ਅਮਰੀਕਾ ਫੇਰੀ ਸੀ। ਉਨ੍ਹਾਂ ਦੀ ਹੀ ਆਓ ਭਗਤ ਅਤੇ ਸਨਮਾਨ ਵਿਚ ਰੱਖੇ ਗਏ ਇਸ ਯਾਦਗਾਰੀ ਸਮਾਰੋਹ ਤੇ ਬੋਲਦਿਆਂ ਪ੍ਰੋ. ਗਿੱਲ ਨੇ ਹੋਰ ਕਿਹਾ ਕਿ ਕਿੱਡੀ ਦੁੱਖ ਦੀ ਗੱਲ ਹੈ ਕਿ ਗਦਰੀ ਬਾਬੇ ਤਾਂ 'ਕੱਠੇ ਫਾਹੇ ਲੱਗ ਸਕਦੇ ਹਨ ਪਰ ਅਸੀਂ ਉਨ੍ਹਾਂ ਦੀ ਯਾਦ ਵਿਚ 'ਕੱਠੇ ਹੋ ਕੇ ਮੇਲੇ ਨਹੀਂ ਲਗਾ ਸਕਦੇ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਸੰਤੋਖ ਸਿੰਘ ਧੀਰ ਵਰਗੇ ਕਹਾਣੀਕਾਰਾਂ ਤੇ ਇੰਦਰਜੀਤ ਹਸਨਪੁਰੀ ਵਰਗੇ ਗੀਤਕਾਰਾਂ ਦੇ ਤੁਰ ਜਾਣ ਨਾਲ ਬੜਾ ਘਾਟਾ ਪਿਆ ਹੈ ਪਰ ਬੁਢਾਪੇ ਵਿਚ ਸਰੀਰਕ ਬਿਮਾਰੀਆਂ ਦੀ ਅਸੁਰੱਖਿਆ ਨੇ ਸਾਨੂੰ ਲੇਖਕਾਂ ਪ੍ਰਤੀ ਸਤਿਕਾਰ ਦੇ ਨਾਲ ਬਣਦੇ ਫਰਜ਼ ਪ੍ਰਤੀ ਵੀ ਜਾਗਰੂਕ ਕੀਤਾ ਹੈ। ਅਕਾਦਮੀ ਨੇ 60ਵਿਆਂ ਤੋਂ ਲੰਘੇ ਗੀਤਕਾਰਾਂ ਦੇ ਸਿਹਤ ਬੀਮੇ ਦੀ ਯੋਜਨਾ ਨੂੰ ਲਾਗੂ ਕਰਨ ਦਾ ਹੌਂਸਲਾ ਕੀਤਾ ਹੈ। ਉਨ੍ਹਾਂ ਸੁਹਿਰਦ ਪਰਵਾਸੀ ਪੰਜਾਬੀਆਂ ਵਲ ਉਂਗਲ ਕਰਦਿਆਂ ਕਿਹਾ ਕਿ 60 ਹਜ਼ਾਰ ਡਾਲਰ ਨਾਲ ਨੱਚਣ-ਟੱਪਣ ਦਾ ਇਕ ਸ਼ੋਅ ਕਰਵਾਉਣ ਵਾਲੇ ਜੇ ਗੌਰ ਕਰਨ ਤਾਂ ਏਨੀ ਕੁ ਰਕਮ ਨਾਲ ਲੋੜਵੰਦ ਲੇਖਕਾਂ, ਕਵੀਆਂ, ਸਾਹਿਤਕਾਰਾਂ ਤੇ ਕਲਾਕਾਰਾਂ ਦੀ ਜੀਵਨ ਸੁਰੱਖਿਆ ਲਈ ਬੀਮੇ ਕੀਤੇ ਜਾ ਸਕਦੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਅਗਲੇ ਸਮੇਂ ਵਿਚ ਅਕਾਦਮੀ ਦੇ ਮਿੱਥੇ ਏਜੰਡੇ ਨੂੰ ਪੂਰਾ ਕਰਨ ਲਈ ਦੇਸ਼ਾਂ-ਵਿਦੇਸ਼ਾਂ ਵਿਚ ਬੈਠਾ ਪੰਜਾਬੀ ਉਨ੍ਹਾਂ ਨਾਲ ਮੋਢਾ ਜੋੜੇਗਾ।




ਲੇਖਕਾਂ, ਕਵੀਆਂ ਅਤੇ ਸਰੋਤਿਆਂ ਨਾਲ ਖਚਾਖਚ ਭਰੇ ਹਾਲ ਵਿਚ ਵਿਚਾਰ-ਵਟਾਂਦਰੇ ਵੀ ਹੋਏ ਪਰ ਮੂਲ ਪਾਠ ਫਿਰ ਕਵੀ ਦਰਬਾਰ ਵਿਚ ਹੀ ਬਦਲ ਗਿਆ। ਸ਼ੁਰੂਆਤ ਸਾਧੂ ਸਿੰਘ ਸੰਘਾ ਨੇ ਕੀਤੀ ਤੇ ਡੇਢ ਕੁ ਘੰਟਾ ਕਵਿਤਾ ਦਾ ਨਿਰੰਤਰ ਵਹਿਣ ਚਲਦਾ ਰਿਹਾ। ਰਣਜੀਤ ਢਿੱਲੋਂ ਨੇ ਕਿਹਾ:

ਦੁਨੀਆਂ ਇਹ ਜਗਤ ਤਮਾਸ਼ਾ ਏ
ਬੰਦੇ ਦਾ ਵੈਰੀ ਰੱਬ ਨਹੀਂ
ਬੰਦੇ ਦਾ ਵੈਰੀ ਬੰਦਾ ਏ...।

ਅਸ਼ਰਫ ਗਿੱਲ ਨੇ ਵਿਅੰਗਮਈ ਟਕੋਰ ਕੀਤੀ:

ਮਾੜੇ ਨੂੰ ਤਕੜਾ ਆਖੋ ਤਾਂ ਗਲ ਪੈਂਦਾ ਏ
ਤਕੜੇ ਨੂੰ ਮਾੜਾ ਆਖੋ ਤਾਂ ਗ਼ਲ ਪੈਂਦਾ ਏ,
ਏਥੇ ਹਰ ਇਕ ਬੰਦਾ ਏ ਬਰੂਦ ਦਾ ਭਰਿਆ
ਤੀਲੀ ਲਾਉਣ ਤੋਂ ਪਹਿਲਾਂ ਹੀ ਚਲ ਪੈਂਦਾ ਏ...

ਪਾਲ ਧਾਲੀਵਾਲ ਨੇ ਜ਼ਿੰਦਗੀ ਦੇ ਸੌ ਸਾਲ ਤੇ ਸੁੱਖੀ ਧਾਲੀਵਾਲ ਨੇ ਕਿਆ ਕਮਾਲ ਕਿ :

ਲਿਖਣੀ ਹੈ ਤਾਂ ਲਿਖ ਫਿਰ
ਕੋਈ ਤਾਰੇ ਵਰਗੀ ਕਵਿਤਾ
ਚਾਰ ਦਿਨਾਂ 'ਚ ਮਰ ਜਾਂਦੀ ਹੈ
ਨਾਅਰੇ ਵਰਗੀ ਕਵਿਤਾ

ਮਨਮੋਹਨ ਸਿੰਘ ਗਰੇਵਾਲ ਦੀ 'ਤੂੰ ਬੜੀ ਚੰਗੀ ਏਂ...' ਤੋਂ ਪਿੱਛੋਂ ਮਹਿੰਦਰ ਸਿੰਘ ਗਰੇਵਾਲ ਤੇ ਫਿਰ ਪਿਸ਼ੌਰਾ ਸਿੰਘ ਢਿੱਲੋਂ ਦੇ ਤਰੰਨਮ 'ਚ ਆਖੇ ਬੋਲ:

ਗਦਰੀ ਬਾਬਿਓ ਪਰਤ ਕੇ ਵੇਖਿਓ
ਵਾਰਿਸ ਤੁਸਾਂ ਦੇ ਕਿਹੜੇ ਮੁਕਾਮ ਪਹੁੰਚੇ

ਤੇ ਉਪਰੰਤ ਲੋਕ ਗਾਇਕ ਸੁਖਵਿੰਦਰ ਪੰਛੀ ਨੇ 'ਤੂੰ ਚਾਹੁੰਦਾ ਰਹਿ ਦਿਲਦਾਰ ਕੋਈ ਚਾਹਵੇ ਨਾ ਚਾਹਵੇ' ਗੀਤ ਨਾਲ ਮਹਿਫਲ ਨੂੰ ਸਿਖਰ ਦਿੱਤੀ। ਹਰਜਿੰਦਰ ਕੰਗ ਆਪਣੇ ਸਦਾ ਬਹਾਰ ਅੰਦਾਜ਼ ਵਿਚ ਸੀ:

ਮੈਨੂੰ ਦੁੱਖ ਸੁੱਖ ਪੁੱਛਦਾ ਦਸਦਾ ਹੈ,
ਪਿੰਡ ਰੋਂਦਾ ਹੈ ਪਿੰਡ ਹਸਦਾ ਹੈ,
ਮੇਰੇ ਸੁਪਨਿਆਂ ਵਿਚ ਪਿੰਡ ਵਸਦਾ ਹੈ...

ਇਸ ਮੌਕੇ 'ਤੇ ਹੋਰ ਅਹਿਮ ਹਸਤੀਆਂ ਵਿਚ ਚਰਨਜੀਤ ਸਿੰਘ ਬਾਠ, ਹੈਰੀ ਗਿੱਲ, ਅਜੀਤ ਸਿੰਘ ਭੱਠਲ, ਪਰਮਜੀਤ ਦੁਸਾਂਝ, ਪੱਪੀ ਭਦੌੜ ਵਾਲਾ, ਨਿਰਮਲ ਸਿੰਘ ਸਹੋਤਾ, ਨਰਿੰਦਰ ਸਹੋਤਾ, ਲਖਵਿੰਦਰ ਸੰਧੂ, ਪ੍ਰਿੰਸੀਪਲ ਪ੍ਰੀਤਮ ਸਿੰਘ ਨਾਹਲ ਅਤੇ ਸ਼ਿਆਰਾ ਢੀਂਡਸਾ ਹਾਜ਼ਰ ਸਨ। ਸ਼ਾਇਰਾਨਾ ਅੰਦਾਜ਼ ਵਿਚ ਕਵੀ ਸੰਤੋਖ ਸਿੰਘ ਮਿਨਹਾਸ ਦਾ ਮੰਚ ਸੰਚਾਲਨ ਕਾਬਲੇ ਤਾਰੀਫ ਸੀ। ਸਮਾਗਮ ਨੂੰ ਸਭਿਆਚਾਰ ਸੱਥ ਦੇ ਮੁਖੀ ਕਸ਼ਮੀਰ ਢੱਟ ਨੇ ਵੀ ਸੰਬੋਧਨ ਕੀਤਾ। ਪ੍ਰੋ. ਗਿੱਲ ਨੇ ਕਿਹਾ ਕਿ ਮੱਤ ਕੱਟੜਵਾਦੀ ਬਣੋ ਕਿ ਸਾਡੇ ਕੋਲ ਗੁਰੂ ਗ੍ਰੰਥ ਸਾਹਿਬ ਹੈ ਤਾਂ ਬੋਲੀ ਨੂੰ ਕੁਝ ਨਹੀਂ ਹੋਵੇਗਾ। ਪੰਜਾਬੀ ਜਬਾਨ ਤੇ ਸੰਸਕ੍ਰਿਤ ਪੰਜ ਸੌ ਸਾਲ ਪਹਿਲਾਂ ਵੀ ਸੀ। ਹਿੰਦੂ ਧਰਮ ਦੇ ਬਹੁਤ ਗ੍ਰੰਥ ਸੰਸਕ੍ਰਿਤ 'ਚ ਹਨ ਤੇ ਆਪੇ ਸੋਚੋ ਸੰਸਕ੍ਰਿਤ ਕਿਥੇ ਹੈ?



*ਗੁਰਦੁਆਰਾ ਫੇਅਰਫੀਲਡ ਵਿਚ ਲਾਏ ਗਏ ਗੁਰਮਤਿ ਕੈਂਪ ਦੇ ਬੱਚੇ ਭਾਈ ਜਤਿੰਦਰਪਾਲ ਸਿੰਘ ਨਾਲ*

# ਬੇ-ਏਰੀਆ ਸਪੋਰਟਸ ਕਲੱਬ ਦੀ ਕਬੱਡੀ ਟੀਮ ਦੀ ਬੱਲੇ ਬੱਲੇ

**ਸਿਆਟਲ:** ਬੇ-ਏਰੀਆ ਸਪੋਰਟਸ ਕਲੱਬ ਦੀ ਕਬੱਡੀ ਟੀਮ ਨੇ ਇਥੇ 18 ਜੁਲਾਈ ਨੂੰ ਕਰਵਾਏ ਗਏ ਕਬੱਡੀ ਕੱਪ ਵਿਚ ਵੀ ਹੂੰਝਾਫੇਰੂ ਜਿੱਤ ਹਾਸਲ ਕੀਤੀ। ਕਬੱਡੀ ਓਪਨ ਵਿਚ ਬੇ-ਏਰੀਆ ਸਪੋਰਟਸ ਕਲੱਬ ਦੀ ਟੀਮ ਨੇ 4 ਮੈਚ ਜਿੱਤੇ ਅਤੇ ਫਾਈਨਲ ਵਿਚ ਵੈਨਕੂਵਰ, ਕੈਨੇਡਾ ਦੀ ਟੀਮ ਨੂੰ ਹਰਾ ਕੇ ਕਬੱਡੀ ਕੱਪ ਉਤੇ ਕਬਜ਼ਾ ਕਰ ਲਿਆ। ਇਸ ਟੀਮ ਵਲੋਂ ਇਸ ਸਾਲ ਜਿੱਤਿਆ ਗਿਆ ਇਹ ਪੰਜਵਾਂ ਕੱਪ ਸੀ। ਕਲੱਬ ਦੀ ਟੀਮ ਨੇ ਇਸ ਸਾਲ 6 ਕਬੱਡੀ ਟੂਰਨਾਮੈਂਟਾਂ ਵਿਚ ਹਿੱਸਾ ਲਿਆ ਅਤੇ ਛੇਆਂ ਵਿਚ ਹੀ ਇਹ ਫਾਈਨਲ ਵਿਚ ਪਹੁੰਚੀ। 5 ਮੈਚ ਇਸ ਨੇ ਜਿੱਤੇ ਅਤੇ ਛੇਵੇਂ ਵਿਚ ਦੂਜੇ ਥਾਂ ਰਹੀ।





ਜ਼ਿਕਰਯੋਗ ਹੈ ਪਿਛਲੇ 3 ਸਾਲ ਵਿਚ ਬੇ-ਏਰੀਆ ਸਪੋਰਟਸ ਕਲੱਬ ਦਾ ਇਹ 17ਵਾਂ ਕੱਪ ਸੀ। ਇਸ ਕਲੱਬ ਦੀ ਅੰਡਰ 21 ਟੀਮ ਜਿਸ ਵਿਚ ਬਹੁਤੇ ਖਿਡਾਰੀ ਸੰਧੂ ਭਰਾਵਾਂ ਦੇ ਆਪਣੇ ਹੀ ਪੁਤਰ ਹਨ, ਪਿਛਲੇ 3 ਟੂਰਨਾਮੈਂਟ ਖੇਡ ਕੇ ਤਿੰਨਾਂ ਦੇ ਹੀ ਫਾਈਨਲ ਵਿਚ ਪਹੁੰਚੀ ਅਤੇ 2 ਵਿਚ ਜੇਤੂ ਰਹੀ ਜਦੋਂਕਿ ਇਕ ਵਿਚ ਦੂਜੇ ਨੰਬਰ 'ਤੇ ਰਹੀ। ਬੇ-ਏਰੀਆ ਸਪੋਰਟਸ ਕਲੱਬ ਦੀਆਂ ਜਿੱਤਾਂ ਦਾ ਸਿਹਰਾ ਕਲੱਬ ਦੇ ਕੈਪਟਨ ਤੀਰਥ ਗਾਖਲ ਅਤੇ ਤਗੜੇ ਖਿਡਾਰੀ ਕੈਵਿਨ ਸੰਧੂ ਦੇ ਸਿਰ ਜਾਂਦਾ ਹੈ।

ਇਸ ਟੀਮ ਨੂੰ ਸਿਆਟਲ ਲੈ ਕੇ ਗਿਆ ਕਲੱਬ ਦਾ ਚੇਅਰਮੈਨ ਬਲਜੀਤ ਸਿੰਘ ਸੰਧੂ ਕਲੱਬ ਦੀਆਂ ਜਿੱਤਾਂ ਤੋਂ ਫੁਲਿਆ ਨਹੀਂ ਸੀ ਸਮਾਉਂਦਾ। ਟੀਮ ਦੇ ਨਾਲ ਕਲੱਬ ਦੀ ਤਰਫੋਂ ਚਰਨਜੀਤ ਸਿੰਘ ਸੰਧੂ, ਸੁਰਜੀਤ ਸਿੰਘ ਸੰਧੂ, ਦਿਲਬਾਗ ਸਿੰਘ ਸੰਧੂ, ਗੁਰਦਿਆਲ ਸਿੰਘ ਢਿੱਲੋਂ, ਬਲਜੋਗ ਸਿੰਘ ਸੰਧੂ, ਕਾਲਾ ਟਰੇਸੀ, ਮੰਗਲ ਸਿੰਘ ਢਿੱਲੋਂ, ਕੁਲਬੀਰ ਦੁਸਾਂਝ, ਕੁਲਵਿੰਦਰ ਸਪਰਾ, ਬਲਬੀਰ ਰਾਣਾ, ਰਣਬੀਰ ਰਾਣਾ, ਮਹਿੰਦਰ ਸਿੰਘ ਨਿੱਜਰ, ਲਖਬੀਰ ਸਿੰਘ ਸੰਘਾ, ਅਮਰੀਕ ਸਿੰਘ ਰੰਧਾਵਾ (ਸਿਆਟਲ) ਅਤੇ ਸੁਰਿੰਦਰ ਸਿੰਘ ਉਪਲ ਵੀ ਪਹੁੰਚੇ ਹੋਏ ਸਨ। ਜ਼ਿਕਰਯੋਗ ਹੈ ਕਿ ਅਮਰੀਕ ਸਿੰਘ ਰੰਧਾਵਾ (ਸਿਆਟਲ) ਨੇ ਕਬੱਡੀ ਟੀਮ ਦੀ ਖੇਡ ਤੋਂ ਖੁਸ਼ ਹੋ ਕੇ ਕਲੱਬ ਨੂੰ 1500 ਡਾਲਰ ਵੀ ਦਿੱਤੇ।

ਟੂਰਨਾਮੈਂਟ ਦੇ ਬੈਸਟ ਸਟਾਪਰ ਅਰਸ਼ੀ, ਪ੍ਰੀਤਮ ਸੰਧੂ ਤੇ ਜੱਸਾ ਕਾਲਾ ਸੰਘਿਆਂ ਰਹੇ। ਮੌਲਾ ਬੇ-ਏਰੀਆ ਦਾ ਬੈਸਟ ਰੇਡਰ ਰਿਹਾ। ਟੀਮ ਦੀਆਂ ਜਿੱਤਾਂ 'ਤੇ ਰਾਜ ਭਨੋਟ, ਚੰਨਾ ਭਰਾ, ਸੈਂਟਾ ਰੋਜਾ ਭਰਾ, ਰਾਜਾ ਸਵੀਟਸ ਵਾਲੇ ਮੱਖਣ ਬੈਂਸ ਅਤੇ ਸੰਧੂ ਭਰਾ ਰੁੜਕਾ ਕਲਾਂ ਖੁਸ਼ੀ ਵਿਚ ਬਾਗੋ ਬਾਗ ਹਨ।

## ਗੁਰਦੁਆਰਾ ਫੇਅਰਫੀਲਡ ਵਿਚ ਗੁਰਮਤਿ ਕੈਂਪ

**ਫੇਅਰਫੀਲਡ:** ਸਥਾਨਕ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਵਿਖੇ ਕੁਐਸਟ ਫਾਰ ਨਾਲੇਜ ਫਾਊਂਡੇਸ਼ਨ ਦੇ ਸਹਿਯੋਗ ਨਾਲ ਲਾਇਆ ਗਿਆ ਬੱਚਿਆਂ ਦਾ ਗੁਰਮਤਿ ਕੈਂਪ ਪੂਰੇ ਜ਼ੋਰ ਸ਼ੋਰ ਨਾਲ ਚੱਲ ਰਿਹਾ ਹੈ ਅਤੇ ਇਹ 23 ਜੁਲਾਈ ਤੱਕ ਚੱਲੇਗਾ। ਪ੍ਰਬੰਧਕ ਬੱਚਿਆਂ ਦੇ ਮਾਪਿਆਂ ਦੇ ਸਹਿਯੋਗ ਨਾਲ ਕੈਂਪ ਨੂੰ ਪੂਰੀ ਕਾਮਯਾਬੀ ਦੇਣ ਵਿਚ ਰੁਝੇ ਹੋਏ ਹਨ।

ਬੱਚਿਆਂ ਦੀ ਰੁਚੀ ਨੂੰ ਮੁੱਖ ਰੱਖਦਿਆਂ ਸੰਗਤਾਂ ਵਲੋਂ ਉਨ੍ਹਾਂ ਵਾਸਤੇ ਭਿੰਨ ਭਿੰਨ ਤਰ੍ਹਾਂ ਦੇ ਸਨੈਕਸ ਅਤੇ ਪਕਵਾਨ, ਪੀਜ਼ੇ ਅਤੇ ਮੈਕਸੀਕਨ ਖਾਣੇ ਨਾਲ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ। ਕੈਂਪ ਵਿਚ ਗੁਰਬਾਣੀ, ਸਿੱਖ ਇਤਿਹਾਸ ਅਤੇ ਗੁਰਮਤਿ ਜੀਵਨ ਦੀ ਸਿੱਖਿਆ ਦਿਤੀ ਜਾ ਰਹੀ ਹੈ। 22 ਜੁਲਾਈ ਨੂੰ ਬੱਚਿਆਂ ਨੂੰ ਸਟਾਕਟਨ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ।

## ਐਸ ਰਿਸ਼ੀ ਦੀ ਨਵੀਂ ਐਲਬਮ ਅਗਲੇ ਮਹੀਨੇ

**ਸ਼ਿਕਾਗੋ:** ਬੁਲੰਦ ਆਵਾਜ਼ ਅਤੇ ਸੁਰਮਈ ਗਾਇਕ ਐਸ ਰਿਸ਼ੀ ਦੀ ਨਵੀਂ ਐਲਬਮ 'ਜਸਟ ਫਰੈਂਡ' ਬਹੁਤ ਜਲਦੀ ਮਾਰਕਿਟ ਵਿਚ ਆ ਰਹੀ ਹੈ। ਸਤਿੰਦਰ ਸੁਸਾਣਾ ਦੀ ਇਸ ਪੇਸ਼ਕਸ਼ ਵਿਚ ਦਲਜੀਤ ਸਿੰਘ ਦੇ ਮਧੁਰ ਸੰਗੀਤ ਵਿਚ ਲਾਡੀ ਸੂਸਾਂਵਾਲਾ, ਦਾਰਾ ਸਿੰਘ ਸੁਸਾਣਾ (ਰੇਡੀਓ ਦੇਸੀ ਜੰਕਸ਼ਨ), ਹਰੀ ਮੋਹਨ ਲੜੋਈ, ਸਾਬੀ ਸੈਣੀ, ਅਮਨਦੀਪ ਸਿੰਘ ਕਾਲਕਟ (ਜਰਮਨੀ) ਅਤੇ ਸ੍ਰੀ ਵਾਓ ਤਰਨਤਾਰਨ ਦੇ ਲਿਖੇ ਗੀਤ ਸ਼ਾਮਲ ਹੋਣਗੇ।

ਸ੍ਰੀ ਸਤਿੰਦਰ ਸੁਸਾਣਾ ਨੇ ਪੰਜਾਬ ਟਾਈਮਜ਼ ਨੂੰ ਭੇਜੇ ਇਕ ਬਿਆਨ ਵਿਚ ਦੱਸਿਆ ਕਿ ਵੀਡੀਓ ਡਾਇਰੈਕਟਰ ਜਤਿਨ ਕੁਮਾਰ ਵਲੋਂ ਕਸੌਲੀ ਦੀਆਂ ਸੁੰਦਰ ਪਹਾੜੀਆਂ ਅਤੇ ਲਾਂਡਰਾਂ ਕਾਲਜ ਵਿਚ ਟਾਈਟਲ ਗੀਤ ਦਾ ਫਿਲਮਾਂਕਣ ਕੀਤਾ ਗਿਆ ਹੈ।

# ਕਾਲੀ ਸੂਚੀ ਵਾਲੇ 169 ਪਰਵਾਸੀਆਂ ਦੀ ਪੂਰੀ ਲਿਸਟ ਬਾਹਰ ਆਈ

## ਪੰਜਾਬ ਸਰਕਾਰ ਵਲੋਂ 46 ਵਿਅਕਤੀਆਂ ਨੂੰ ਲਿਸਟ 'ਚੋਂ ਕੱਢਣ ਦੀ ਸਿਫਾਰਸ਼

**ਅੰਮ੍ਰਿਤਸਰ :** ਕਾਲੀਆਂ ਸੂਚੀਆਂ ਨੂੰ ਲੈ ਕੇ ਹਮੇਸ਼ਾ ਕੇਂਦਰ ਸਰਕਾਰ ਨੂੰ ਕਟਹਿਰੇ 'ਚ ਖੜੀ ਕਰਨ ਵਾਲੀ ਪੰਜਾਬ ਦੀ ਪੰਥਕ ਸਰਕਾਰ ਖੁਦ ਕਟਹਿਰੇ 'ਚ ਖੜ੍ਹੀ ਹੋ ਗਈ ਹੈ। ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਨੂੰ ਭੇਜੀ 169 ਸਿੱਖਾਂ ਦੀ ਸੂਚੀ 'ਚੋਂ ਸਿਰਫ 46 ਸਿੱਖਾਂ ਦੇ ਨਾਵਾਂ ਨੂੰ ਕੱਢਣ ਦੀ ਸਿਫਾਰਸ਼ ਕੀਤੀ ਹੈ। ਪੰਜਾਬ ਸਰਕਾਰ ਵਲੋਂ ਭੇਜੀ ਇਹ ਸੂਚੀ ਸਾਹਮਣੇ ਆਉਣ ਨਾਲ ਸਰਕਾਰ ਦੀ ਤਿੱਖੀ ਆਲੋਚਨਾ ਸ਼ੁਰੂ ਹੋ ਗਈ ਹੈ ਕਿ ਉਸ ਨੂੰ ਕੇਂਦਰੀ ਗ੍ਰਹਿ ਮੰਤਰੀ ਪੀ ਚਿਦਾਂਬਰਮ ਦੇ ਕਹਿਣ ਅਨੁਸਾਰ ਕੋਈ ਨੀਤੀ ਬਣਾ ਕੇ ਭੇਜਣੀ ਚਾਹੀਦੀ ਸੀ। ਕਸ਼ਮੀਰ ਨੀਤੀ ਦੇ ਤਹਿਤ ਪੰਜਾਬ ਸੰਬੰਧੀ ਨੀਤੀ ਦਾ ਮਾਮਲਾ ਉਠਣ 'ਤੇ ਕੇਂਦਰੀ ਗ੍ਰਹਿ ਮੰਤਰੀ ਨੇ ਆਪਣੀ ਅੰਮ੍ਰਿਤਸਰ ਫੇਰੀ ਦੌਰਾਨ ਬਿਆਨ ਦਿੱਤਾ ਸੀ ਕਿ ਪੰਜਾਬ ਸਰਕਾਰ ਇਸ ਲਈ ਅੱਗੇ ਆਵੇ। ਪੰਜਾਬ ਸਰਕਾਰ ਵਲੋਂ ਭੇਜੀ ਗਈ ਸੂਚੀ ਨੂੰ ਚਾਰ ਹਿੱਸਿਆਂ 'ਚ ਵੰਡ ਕੇ ਕਿਹਾ ਗਿਆ ਹੈ ਕਿ 46 ਸਿੱਖਾਂ ਦੇ ਵਿਰੁਧ ਕੋਈ ਵੀ ਕੇਸ ਨਹੀਂ ਹੈ, ਉਨ੍ਹਾਂ ਨੂੰ ਲਿਸਟ 'ਚੋਂ ਬਾਹਰ ਕੱਢ ਦੇਣਾ ਚਾਹੀਦਾ ਹੈ, ਜਦੋਂਕਿ 84 ਸਿੱਖ ਨੌਜਵਾਨਾਂ ਦੇ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ ਕਿ ਉਹ ਕੌਣ ਹਨ। 28 ਸਿੱਖਾਂ ਵਿਰੁਧ ਫੌਜਦਾਰੀ ਕੇਸ ਦਰਜ ਹਨ। ਸੂਚੀ 'ਚ ਸ਼ਾਮਲ 11 ਵਿਅਕਤੀ ਅਜਿਹੇ ਹਨ, ਜਿਨ੍ਹਾਂ ਦਾ ਪੰਜਾਬ ਨਾਲ ਕੋਈ ਸੰਬੰਧ ਨਹੀਂ ਹੈ। ਉਨ੍ਹਾਂ ਦਾ ਸੰਬੰਧ ਚੰਡੀਗੜ੍ਹ, ਹਰਿਆਣਾ, ਦਿੱਲੀ, ਜੰਮੂ ਆਦਿ ਨਾਲ ਹੈ। ਜਿਨ੍ਹਾਂ ਸਿੱਖਾਂ ਦੇ ਨਾਂਅ ਲਿਸਟ 'ਚੋਂ ਕੱਢਣ ਦੀ ਸਿਫਾਰਸ਼ ਕੀਤੀ ਗਈ ਹੈ, ਉਨ੍ਹਾਂ ਵਿਚੋਂ 7 ਪੰਜਾਬ 'ਚ ਰਹਿ ਰਹੇ ਹਨ, ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਕੁਲਬੀਰ ਸਿੰਘ ਬੜਾ ਪਿੰਡ, ਗੁਰਦੇਵ ਸਿੰਘ ਪੱਪੀ, ਹਰਪਾਲ ਸਿੰਘ ਚੀਮਾ, ਪਰਮਜੀਤ ਸਿੰਘ ਢਾਡੀ, ਜਸਬੀਰ ਸਿੰਘ,ਜਗਦੀਪ ਸਿੰਘ ਅਤੇ ਮੁਖਤਿਆਰ ਸਿੰਘ ਸ਼ਾਮਲ ਹਨ। ਬਾਕੀ 39 ਸਿੱਖ ਨੌਜਵਾਨ ਹੋਰ ਹਨ ਜਿਨ੍ਹਾਂ 'ਤੇ ਕੋਈ ਵੀ ਕੇਸ ਦਰਜ ਨਹੀਂ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਅਤੇ ਸ਼੍ਰੋਮਣੀ ਸਿੱਖ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ ਉਨ੍ਹਾਂ ਵਲੋਂ ਸਮੇਂ-ਸਮੇਂ ਇਹ ਕਿਹਾ ਜਾਂਦਾ ਰਿਹਾ ਸੀ ਕਿ ਇਹ ਲਿਸਟ ਪੰਜਾਬ ਸਰਕਾਰ ਦੇ ਕੋਲ ਹੈ ਅਤੇ ਪੰਥ ਨੂੰ ਜਾਣ-ਬੁੱਝ ਕੇ ਭੁਲੇਖਾ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਸਿੱਖਾਂ ਦੇ ਬਾਰੇ ਕੋਈ ਵੀ ਜਾਣਕਾਰੀ ਨਾ ਹੋਣ ਦੀ ਗੱਲ ਕੀਤੀ ਗਈ ਹੈ, ਉਹ ਬਿਲਕੁਲ ਹੀ ਹਨ੍ਹੇਰੇ 'ਚ ਰੱਖਣ ਵਾਲੀ ਗੱਲ ਹੈ। ਜਦੋਂਕਿ ਉਨ੍ਹਾਂ ਕੋਲ ਇਨ੍ਹਾਂ 84 ਸਿੱਖਾਂ ਦੀ ਪੂਰੀ ਜਾਣਕਾਰੀ ਹੈ। ਜੇ ਪੰਜਾਬ ਸਰਕਾਰ ਕੋਲ ਨਹੀਂ ਹੈ ਤਾਂ ਉਹ ਉਨ੍ਹਾਂ ਕੋਲੋਂ ਲੈ ਸਕਦੇ ਹਨ। ਸ. ਕਲਕੱਤਾ ਨੇ ਦੋਸ਼ ਲਾਇਆ ਕਿ ਇਹ ਸਰਕਾਰ ਦੀ ਬਦਨੀਅਤੀ ਹੈ। ਇਸ ਤੋਂ ਪਹਿਲਾਂ ਵੀ ਜਦੋਂ ਵਾਜਪਈ ਦੀ ਸਰਕਾਰ ਸਮੇਂ ਕਾਲੀਆਂ ਸੂਚੀਆਂ ਬਾਰੇ ਗੱਲ ਚੱਲੀ ਸੀ ਤਾਂ ਸ. ਬਾਦਲ ਵਲੋਂ ਹੀ ਇਸ ਨੂੰ ਅੱਗੇ ਨਹੀਂ ਸੀ ਵਧਣ ਦਿੱਤਾ ਗਿਆ। ਸ. ਬਾਦਲ ਨੂੰ ਵਹਿਮ ਸੀ ਕਿ ਜੇਕਰ ਇਹ ਸੂਚੀ ਖਤਮ ਕਰ ਦਿੱਤੀ ਗਈ ਤਾਂ ਇਹ ਵਿਅਕਤੀ ਉਨ੍ਹਾਂ ਲਈ ਹੀ ਸਮੱਸਿਆ ਪੈਦਾ ਕਰਨਗੇ। ਉਨ੍ਹਾਂ ਕਿਹਾ ਕਿ ਸ. ਸਰਨਾ ਦੀਆਂ ਕੇਂਦਰੀ ਗ੍ਰਹਿ ਵਿਭਾਗ ਨਾਲ ਹੋਈਆਂ ਹੁਣ ਤੱਕ ਦੀਆਂ ਮੁਲਾਕਾਤਾਂ ਦੇ ਅਨੁਸਾਰ ਉਹ 130 ਸਿੱਖਾਂ ਨੂੰ ਕਾਲੀ ਸੂਚੀ 'ਚੋਂ ਕੱਢਣ ਦੇ ਲਈ ਤਿਆਰ ਹਨ। ਸ. ਕਲਕੱਤਾ ਨੇ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਿਰ 'ਤੇ ਹੋਣ ਕਰਕੇ ਹੀ ਦਰਿਆਈ ਪਾਣੀਆਂ, 84 ਦੇ ਦੰਗਿਆਂ ਨੂੰ ਸਿੱਖ ਨਸਲਕੁਸ਼ੀ ਅਤੇ ਹੁਣ ਕਾਲੀਆਂ ਸੂਚੀਆਂ ਵਰਗੇ ਪੰਥਕ ਮਸਲਿਆਂ ਨੂੰ ਉਭਾਰਿਆ ਜਾ ਰਿਹਾ ਹੈ।

***ਭਾਰਤ ਦੇ ਕੇਂਦਰੀ ਗ੍ਰਹਿ ਮੰਤਰਾਲੇ ਦੀ ਕਾਲੀ ਸੂਚੀ ਵਿਚ ਦਰਜ 169 ਵਿਅਕਤੀਆਂ ਦੀ ਮੁਕੰਮਲ ਲਿਸਟ :***

ਪੰਜਾਬ ਵਿਚ ਰਹਿ ਰਹੇ 7 ਵਿਅਕਤੀ ਜਿਨ੍ਹਾਂ ਦੇ ਨਾਂ ਕਾਲੀ ਸੂਚੀ 'ਚੋਂ ਹਟਾਉਣ ਦੀ ਸਿਫਾਰਸ਼ ਕੀਤੀ ਗਈ ਹੈ : ਕੁਲਬੀਰ ਸਿੰਘ ਬੜਾਪਿੰਡ, ਗੁਰਦੇਵ ਸਿੰਘ ਪੱਪੀ, ਹਰਪਾਲ ਸਿੰਘ ਚੀਮਾ, ਪਰਮਜੀਤ ਸਿੰਘ ਢਾਡੀ ਪੰਮਾ, ਜਸਬੀਰ ਸਿੰਘ ਉਰਫ ਪ੍ਰਗਟ ਸਿੰਘ, ਮੁਖਤਿਆਰ ਸਿੰਘ ਬ੍ਰਹਮਪੁਰਾ, ਜਗਦੀਪ ਸਿੰਘ ਭੀਲੀ, ਸੁਨਾਮ।

***39 ਵਿਅਕਤੀਆਂ ਦੇ ਨਾਂ, ਜਿਨ੍ਹਾਂ ਖਿਲਾਫ ਕੋਈ ਫੌਜਦਾਰੀ ਕੇਸ ਨਹੀਂ ਅਤੇ ਇਨ੍ਹਾਂ ਨੂੰ ਵੀ ਕਾਲੀ ਸੂਚੀ 'ਚੋਂ ਖਾਰਜ ਕਰਨ ਦੀ ਸਿਫਾਰਸ਼ ਕੀਤੀ ਗਈ:*** ਤੇਜਿੰਦਰ ਸਿੰਘ ਕਲੋਏ ਪਿੰਡ ਰਾਇਪੁਰ (ਹੁਸ਼ਿਆਰਪੁਰ), ਅਜਾਇਬ ਸਿੰਘ ਬਾਗੜੀ ਉਰਫ ਅਜੀਤ ਉਰਫ ਏ.ਐਸ. ਖਾਲਸਾ, ਗੁਰਮੇਜ ਸਿੰਘ ਗਿੱਲ 'ਗੇਜਾ', ਸਰਦੂਲ ਸਿੰਘ ਪਿੰਡ ਧੀਰਪੁਰ (ਜਲੰਧਰ), ਦੇਵਿੰਦਰ ਸਿੰਘ ਨਾਹਲ ਪਿੰਡ ਗੁੜੇ (ਜਲੰਧਰ), ਰਣਧੀਰ ਸਿੰਘ ਪਿੰਡ ਬੀਰਮਪੁਰ (ਜਲੰਧਰ), ਸਤਵਿੰਦਰ ਸਿੰਘ ਗਿੱਲ ਉਰਫ ਜੌਹਨ ਗਿੱਲ ਪਿੰਡ ਬਹਿਰਾਮ (ਨਵਾਂਸ਼ਹਿਰ), ਬਲਬੀਰ ਸਿੰਘ ਪਿੰਡ ਪੱਦੀ (ਹੁਸ਼ਿਆਰਪੁਰ), ਬਲਕਾਰ ਸਿੰਘ ਕੈਨੇਡੀਅਨ ਪਿੰਡ ਹੇਅਰ (ਅੰਮ੍ਰਿਤਸਰ), ਪਰਸ਼ਮ ਸਿੰਘ ਪਿੰਡ ਮਿਆਣੀ (ਹੁਸ਼ਿਆਰਪੁਰ), ਜਤਿੰਦਰ ਵੀਰ ਸਿੰਘ ਪਿੰਡ ਪਧਿਆਣਾ (ਜਲੰਧਰ), ਅਵਤਾਰ ਸਿੰਘ ਸੰਘੇੜਾ ਪਿੰਡ ਸ਼ਰੀਂਹ, ਨੇੜੇ ਨਕੋਦਰ (ਜਲੰਧਰ), ਸਤਨਾਮ ਸਿੰਘ ਬੱਬਰ ਪਿੰਡ ਗਿੱਲ (ਜਲੰਧਰ), ਧੰਨਾ ਸਿੰਘ ਉਰਫ ਬਲਬੀਰ ਸਿੰਘ ਪਿੰਡ ਖਹਿਰਾ ਮੱਝਾ (ਜਲੰਧਰ), ਗੁਰਜੀਤ ਸਿੰਘ ਕਾਕਾ ਪਿੰਡ ਸਮਰਾ (ਜਲੰਧਰ), ਰਘਬੀਰ ਸਿੰਘ ਪਿੰਡ ਪਰਾਗਪੁਰ/ਸਲੇਮਪੁਰ (ਜਲੰਧਰ), ਹਰਦਵਿੰਦਰ ਸਿੰਘ ਉਰਫ ਤਰਵਿੰਦਰ ਸਿੰਘ ਪਿੰਡ ਮਾਨਮਾ (ਕਪੂਰਥਲਾ), ਸਤਪਾਲ ਸਿੰਘ ਖਿੰਡਾ ਪਿੰਡ ਲੱਖਣ-ਕੇ-ਪੱਡੇ (ਕਪੂਰਥਲਾ), ਅਵਤਾਰ ਸਿੰਘ ਤਾਰੀ ਰਾਮਗੜ੍ਹ ਭੁੱਲਰ (ਲੁਧਿਆਣਾ), ਮਲਕੀਤ ਸਿੰਘ, ਪਿੰਡ ਚਹੇੜੂ (ਕਪੂਰਥਲਾ), ਬਲਵਿੰਦਰ ਸਿੰਘ ਪਿੰਡ ਚਹੇੜੂ, (ਕਪੂਰਥਲਾ), ਸਤਿੰਦਰਪਾਲ ਸਿੰਘ ਗਿੱਲ ਜਥੇਦਾਰ ਪਿੰਡ ਬੱਧਨੀ ਕਲਾਂ (ਮੋਗਾ), ਗੁਰਿੰਦਰ ਸਿੰਘ ਮਾਨਾ(ਪਟਿਆਲਾ), ਪਰਮਿੰਦਰ ਸਿੰਘ ਹਰਫਨਮੌਲਾ ਉਰਫ ਹਾਈਜੈਕਰ (ਚੰਡੀਗੜ੍ਹ), ਜੋਗਾ ਸਿੰਘ ਉਰਫ ਦਰਸ਼ਨ ਸਿੰਘ ਪਿੰਡ ਸੰਧੂਆਂ (ਰੋਪੜ), ਅਮਰਜੀਤ ਸਿੰਘ ਚਾਹਲ, 'ਲਾਲੀ' ਉਰਫ ਕੰਵਰਜੀਤ, ਪਿੰਡ ਜੌਲੀ (ਰੋਪੜ), ਮਨਪ੍ਰੀਤ ਸਿੰਘ ਗਰੇਵਾਲ, ਭਵਾਨੀਗੜ੍ਹ (ਸੰਗਰੂਰ), ਕਸ਼ਮੀਰ ਸਿੰਘ ਪਿੰਡ ਗੋਸਲਾਂ (ਨਵਾਂਸ਼ਹਿਰ), ਸ੍ਰਿੰਗਾਰਾ ਸਿੰਘ ਮਾਨ ਉਰਫ ਅੰਬੈਸਡਰ ਪਿੰਡ ਮੰਢਾਲੀ (ਨਵਾਂਸ਼ਹਿਰ), ਸੰਤੋਖ ਸਿੰਘ ਖੇਲਾ ਸਹੂੰਗੜਾ (ਹੁਸ਼ਿਆਰਪੁਰ), ਗੁਰਿੰਦਰ ਸਿੰਘ (ਮੋਗਾ), ਸੋਢੀ ਸਿੰਘ ਸੋਢੀ ਪਿੰਡ ਕਿਸ਼ਨਪੁਰਾ (ਜਲੰਧਰ), ਗੰਗਾ ਸਿੰਘ ਢਿੱਲੋਂ, ਗੁਰਮੀਤ ਸਿੰਘ ਔਲਖ, ਸੇਵਾ ਸਿੰਘ ਲਾਲੀ, ਪਿੰਡ ਕੋਟ ਫਤੂਹੀ (ਹੁਸ਼ਿਆਰਪੁਰ), ਮੱਸਾ ਸਿੰਘ ਉਰਫ ਮੇਜਰ ਸਿੰਘ, ਪਿੰਡ ਰਸੂਲਪੁਰ (ਜਲੰਧਰ), ਰੇਸ਼ਮ ਸਿੰਘ ਪਿੰਡ ਸੰਧੂ ਚੱਠਾ (ਕਪੂਰਥਲਾ), ਗੁਰਮੀਤ ਸਿੰਘ ਅਮਲੋਹ ਪਿੰਡ ਖਾਨੀਆਂ (ਫਤਿਗੜ੍ਹ ਸਾਹਿਬ), ਜਗਤਾਰ ਸਿੰਘ ਉਰਫ ਅਵਤਾਰ ਸਿੰਘ ਪਿੰਡ ਕਾਲੇਕੇ (ਮੋਗਾ)।

***84 ਵਿਅਕਤੀ ਜਿਨ੍ਹਾਂ ਦੇ ਪਤੇ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹਨ:*** ਪ੍ਰਵਕਾਰ ਸਿੰਘ ਧੁਲੀ ਉਰਫ ਪੈਰੀ ਪੁੱਤਰ ਮਸਤਾਨ ਸਿੰਘ ਧੁਲੀ, ਹਰਚੰਦ ਸਿੰਘ ਗਿੱਲ, ਕੇਵਲ ਸਿਘ ਨਾਗਰਾ ਅਤੇ ਉਸਦੀ ਪਤਨੀ ਲਖਵੀਰ ਕੌਰ, ਸਤਵੰਤ ਸਿੰਘ ਸੰਧੂ, ਭੁਪਿੰਦਰ ਸਿੰਘ ਜੌਹਲ ਪੁੱਤਰ ਬੰਤਾ ਸਿੰਘ ਜੌਹਲ, ਅਨਿਲਜੀਤ ਸਿੰਘ ਉੱਪਲ, ਜਰਨੈਲ ਸਿੰਘ ਹੀਰ, ਰਮਿੰਦਰ ਸਿੰਘ ਪੰਧੇਰ, ਹਰਜੀਤ ਸਿੰਘ ਅਟਵਾਲ ਪੁੱਤਰ ਸੋਹਨ ਸਿੰਘ ਅਟਵਾਲ, ਜੇਠਇੰਦਰ ਸਿੰਘ ਨਰਵਾਲ ਪੁੱਤਰ ਅਵਤਾਰ ਸਿੰਘ ਨਰਵਾਲ, ਜਸਵਿੰਦਰ ਪਰਮਾਰ ਸਪੁੱਤਰ ਤਲਵਿੰਦਰ ਸਿੰਘ ਪਰਮਾਰ, ਨਰਿੰਦਰ ਪਰਮਾਰ ਸਪੁੱਤਰ ਤਲਵਿੰਦਰ ਸਿੰਘ ਪਰਮਾਰ, ਰਾਜਿੰਦਰ ਕੌਰ ਪਰਮਾਰ ਸਪੁੱਤਰੀ ਤਲਵਿੰਦਰ ਸਿੰਘ ਪਰਮਾਰ, ਸੁਰਿੰਦਰ ਕੌਰ ਪਰਮਾਰ ਸਪੁੱਤਰੀ ਤਲਵਿੰਦਰ ਸਿੰਘ ਪਰਮਾਰ, ਸੁਖਪ੍ਰੀਤ ਸਿੰਘ ਹੇਅਰ, ਪਰਮਜੀਤ ਸਿੰਘ ਜੌਹਲ, ਹਰਕੀਰਤ ਸਿੰਘ ਕੁਲਾਰ, ਮੋਹਕਮ ਸਿੰਘ ਬਾਗੜੀ ਸਪੁੱਤਰ ਅਜੈਬ ਸਿੰਘ ਬਾਗੜੀ, ਜਤਿੰਦਰ ਸਿੰਘ ਗਿੱਲ, ਗੁਰਪਾਲ ਸਿੰਘ ਉਰਫ ਮਨਦੀਪ ਸਿੰਘ ਉਰਫ ਹਰਦੀਪ ਉਰਫ ਸੁਰਜੀਤ ਸਿੰਘ ਬਿੱਟੂ, ਆਸਿਫ ਸੌਜਾਂ, ਗਿਆਨ ਸਿੰਘ ਚਿੱਟੀ ਪੁੱਤਰ ਦੀਦਾਰ ਸਿੰਘ ਚਿੱਟੀ, ਅਵਤਾਰ ਸਿੰਘ ਕੂਨਰ ਪੁੱਤਰ ਗੁਰਬਖਸ਼ ਸਿੰਘ ਕੂਨਰ, ਦਲਜੀਤ ਸਿੰਘ ਸੇਖੋਂ ਪੁੱਤਰ ਗੁਰਦੀਪ ਸਿੰਘ, ਗਿਆਨ ਸਿੰਘ ਸੰਧੂ, ਇੰਦਰਜੀਤ ਸਿੰਘ ਰਿਆਤ, ਜਸਵਿੰਦਰ ਸਿੰਘ ਗਰਚਾ ਪੁੱਤਰ ਮੂਲਖਾ ਸਿੰਘ, ਕੁਲਦੀਪ ਸਿੰਘ ਸੋਢੀ, ਸੁਰਮੁਖ ਸਿੰਘ ਲਖਾਨੀਆ, ਜੈਦੀਪ ਸਿੰਘ ਪੁੱਤਰ ਕੇਹਰ ਸਿੰਘ, ਬਲਕਾਰ ਸਿੰਘ ਨਿੱਝਰ, ਮੋਹਨ ਸਿੰਘ ਜੱਜ, ਰਣਜੀਤ ਸਿੰਘ ਸੰਧੂ, ਸੁਰਦੇਵ ਸਿੰਘ, ਸੁਦਾਗਰ ਸਿੰਘ ਸੰਧੂ, ਹਾਕਮ ਸਿੰਘ ਭਿੰਡਾ, ਕੁਲਦੀਪ ਬਰਾੜ, ਪਿਆਰਾ ਸਿੰਘ ਪਨੇਸਰ, ਸੁਰਿੰਦਰ ਸਿੰਘ ਗਿੱਲ, ਸਤਨਾਮ ਸਿੰਘ ਜੌਹਲ ਪੁੱਤਰ ਸੁਰਮੇਜ ਸਿੰਘ ਜੌਹਲ, ਸਤਨਾਮ ਸਿੰਘ ਖੁਣਖੁਣ, ਬਲਕਰਨਜੀਤ ਸਿੰਘ ਗਿੱਲ ਉਰਫ ਬਲਕਰਨ, ਜਸਪਾਲ ਸਿੰਘ ਜੱਸਾ, ਪਰਮਿੰਦਰ ਸਿੰਘ ਬਾਜਵਾ ਉਰਫ ਬਿੱਟੂ ਪੁੱਤਰ ਮਹਿੰਦਰ ਸਿੰਘ ਬਾਜਵਾ, ਚਤਰ ਸਿੰਘ ਪੁੱਤਰ ਮੰਨਾ ਸਿੰਘ, ਦਯਾ ਸਿੰਘ ਪੁੱਤਰ ਈਸ਼ਰ ਸਿੰਘ, ਗੁਲਾਬ ਸਿੰਘ ਪੁੱਤਰ ਮੰਨਾ ਸਿੰਘ, ਨਾਮ ਸਿੰਘ ਪੁੱਤਰ ਈਸ਼ਰ ਸਿੰਘ, ਪ੍ਰੋਫੈਸਰ ਉਦੈ ਸਿੰਘ ਪੁੱਤਰ ਜਸਵੰਤ ਸਿੰਘ, ਕਰਮਜੀਤ ਸਿੰਘ ਚਾਹਲ ਉਰਫ ਭਾਊ, ਮਨਮੋਹਨ ਸਿੰਘ ਉਰਫ ਗੁਰਪ੍ਰੀਤ ਸਿੰਘ ਬਜਾਜ, ਭੁਪਿੰਦਰ ਸਿੰਘ ਭਿੰਦਾ, ਚਰਨ ਸਿੰਘ ਪੰਛੀ, ਭਾਈ ਜੋਗਿੰਦਰ ਸਿੰਘ, ਭਾਈ ਜੋਗਾ ਸਿੰਘ, ਅਜੀਤ ਸਿੰਘ ਖਹਿਰਾ, ਅਮਰੀਕ ਸਿੰਘ ਉਰਫ ਮਲਕੀਤ ਸਿੰਘ, ਬਲਬੀਰ ਸਿੰਘ ਅਟਵਾਲ, ਮਨਮੋਹਨ ਸਿੰਘ ਬਜਾਜ ਉਰਫ ਗੁਰਰੀਤ ਸਿੰਘ ਬਜਾਜ, ਨਿਰਮਲ ਸਿੰਘ, ਪਰਮਿੰਦਰ ਸਿੰਘ ਬੱਲ, ਰਘਬੀਰ ਸਿੰਘ ਜੌਹਲ (ਸੰਪਾਦਕ ਆਵਾਜ਼-ਏ-ਕੌਮ), ਪਰਮਜੀਤ ਸਿੰਘ ਸਿੱਧੂ ਪੁੱਤਰ ਗੁਰਦੇਵ ਸਿੰਘ ਸਿੱਧੂ, ਅਰਜਿੰਦਰ ਪਾਲ ਸਿੰਘ ਸੇਖੋਂ, ਗੁਰਦੀਪ ਸਿੰਘ ਸੋਹਲ ਪੁੱਤਰ ਲੁਹਾਰ ਸਿੰਘ, ਹਰਭਜਨ ਸਿੰਘ ਗਿੱਲ ਪੁੱਤਰ ਪ੍ਰਤਾਪ ਸਿੰਘ, ਗੁਰਪਾਲ ਸਿੰਘ ਪਾਲਾ, ਟਹਿਲ ਸਿੰਘ, ਗੁਰਬਖਸ਼ ਸਿੰਘ, ਕੁਲਦੀਪ ਸਿੰਘ, ਪ੍ਰਿਤਪਾਲ ਸਿੰਘ ਹਨੀ, ਰਾਜਿੰਦਰ ਸਿੰਘ ਮੋਨਾ, ਅਜੀਤ ਸਿੰਘ ਬੈਨੀਵਾਲ ਪੁੱਤਰ ਤਾਰਾ ਸਿੰਘ, ਨਿਰਮਲ ਸਿੰਘ ਨਿੰਮਾ, ਪਰਮਜੀਤ ਸਿੰਘ ਅਜਰਾਵਤ, ਸਤਬੀਰ ਸਿੰਘ ਭੁੱਲਰ ਉਰਫ ਸੱਤਾ, ਹਰਭਜਨ ਸਿੰਘ ਭਿੰਡਰ ਉਰਫ ਚੌਧਰੀ (ਅੰਮ੍ਰਿਤਸਰ), ਸੁਰਿੰਦਰ ਸਿੰਘ ਭਿੰਡਰ, ਪਿੰਡ ਰਈਆ (ਅੰਮ੍ਰਿਤਸਰ), ਦਲਜੀਤ ਸਿੰਘ ਉਰਫ ਸੇਖੋਂ (ਫਰੀਦਕੋਟ), ਅਮਰੀਕ ਸਿੰਘ ਗਿੱਲ ਪੁੱਤਰ ਰੇਸ਼ਮ ਸਿੰਘ, ਪਿੰਡ ਪੱਤੜ ਕਲਾਂ (ਜਲੰਧਰ), ਨਰਿੰਦਰਜੀਤ ਸਿੰਘ ਥਾਂਦੀ ਪੁੱਤਰ ਬਚਨ ਸਿੰਘ ਥਾਂਦੀ, ਪਿੰਡ ਦੌਲਤਪੁਰ (ਜਲੰਧਰ), ਤਰਸੇਮ ਸਿੰਘ ਮਹਿਲ, ਪਿੰਡ ਮਹਿਲ, ਬੰਗਾ (ਜਲੰਧਰ), ਸੁਰਿੰਦਰ ਸਿੰਘ ਭਾਊ, ਪਿੰਡ ਕਾਲਕੇ (ਅੰਮ੍ਰਿਤਸਰ)।

***28 ਵਿਅਕਤੀ ਜਿਹੜੇ ਫੌਜਦਾਰੀ ਕੇਸਾਂ ਵਿਚ ਲੋੜੀਂਦੇ ਹਨ:*** ਹਰਮੀਤ ਸਿੰਘ ਭਕਨਾ ਪਿੰਡ ਭਕਨਾ ਕਲਾਂ (ਅੰਮ੍ਰਿਤਸਰ), ਰਛਪਾਲ ਸਿੰਘ ਪਿੰਡ ਵੇਰਕਾ (ਅੰਮ੍ਰਿਤਸਰ), ਗੁਰਪ੍ਰਤਾਪ ਸਿੰਘ ਬੱਟੂ ਪਿੰਡ ਰੰਗੜ ਨੰਗਲ, (ਬਟਾਲਾ), ਗੁਰਜੰਟ ਸਿੰਘ ਬੰਟੀ ਪਿੰਡ ਜੰਗਲਾ (ਬਟਾਲਾ), ਸਤਵਿੰਦਰ ਸਿੰਘ ਭੋਲਾ ਉਰਫ ਗਿੱਲ (ਬਠਿੰਡਾ), ਜਸਵੰਤ ਸਿੰਘ ਠੇਕੇਦਾਰ (ਗੁਰਦਾਸਪੁਰ), ਹਰਜਿੰਦਰ ਸਿੰਘ ਬਿੱਲਾ ਉਰਫ ਗਿਆਨੀ ਉਰਫ ਕਾਕਾ ਟਾਂਡਾ (ਹੁਸ਼ਿਆਰਪੁਰ), ਜਗਜੀਤ ਸਿੰਘ ਬਿੱਲਾ ਪਿੰਡ ਕਮਾਲਪੁਰ, ਟਾਂਡਾ (ਹੁਸ਼ਿਆਰਪੁਰ), ਸੁਖਦੇਵ ਸਿੰਘ ਛੋਟੂ ਪਿੰਡ ਹੇਰਾਂ, ਨਕੋਦਰ (ਜਲੰਧਰ), ਗੁਰਦਿਆਲ ਸਿੰਘ ਲਾਲੀ ਪਿੰਡ ਕਾਲਾ ਖੇੜਾ ਕਰਤਾਰਪੁਰ (ਜਲੰਧਰ), ਭੁਪਿੰਦਰ ਸਿੰਘ ਭਿੰਦਾ ਪਿੰਡ ਸ਼ਾਦੀਪੁਰ (ਨੂਰਮਹਿਲ), ਬਲਵਿੰਦਰ ਸਿੰਘ ਢਿੱਲੋਂ ਉਰਫ ਖਾਲਸਾ ਪਿੰਡ ਡੱਲੇਵਾਲ ਗੋਰਾਇਆ (ਜਲੰਧਰ), ਲਵੇਸ਼ਿੰਦਰ ਸਿੰਘ ਲਵ ਪਿੰਡ ਡੱਲੇਵਾਲ, ਗੁਰਾਇਆ (ਜਲੰਧਰ), ਗੁਰਚਰਨ ਸਿੰਘ ਪਿੰਡ ਬਿਲਗਾ (ਜਲੰਧਰ), ਅਵਤਾਰ ਸਿੰਘ ਤਾਰੀ ਉਰਫ ਤਾਰਾ ਪਿੰਡ ਬਿਸਰਾਮਪੁਰ, ਕਰਤਾਰਪੁਰ (ਜਲੰਧਰ), ਤਰੇਸਮ ਸਿੰਘ ਸੋਮਾ ਉਰਫ ਕਰਮ ਸਿੰਘ ਪਿੰਡ ਕਾਲਾ ਸੰਘਿਆ (ਕਪੂਰਥਲਾ), ਵਧਾਵਾ ਸਿੰਘ ਚਾਚਾ ਪਿੰਡ ਸੰਧੂ ਚੱਠਾ (ਕਪੂਰਥਲਾ), ਸੁਖਵਿੰਦਰ ਸਿੰਘ ਪੈਂਟਾ ਸਾਹਨੇਵਾਲ (ਲੁਧਿਆਣਾ), ਜਗਦੀਸ਼ ਸਿੰਘ ਭੂਰਾ ਉਰਫ ਡਾ. ਪਿੰਡ ਮੋਹੀ ਸੁਧਾਰ (ਲੁਧਿਆਣਾ), ਲਖਬੀਰ ਸਿੰਘ ਰੋਡੇ ਉਰਫ ਬਰਾੜ ਪਿੰਡ ਰੋਡੇ (ਮੋਗਾ), ਗੁਰਚਰਨ ਸਿੰਘ ਸੈਦਪੁਰ ਪਿੰਡ ਸੈਦਪੁਰ ਖੁਰਦ (ਮੁਹਾਲੀ), ਜਗਤਾਰ ਸਿੰਘ ਤਾਰੀ ਉਰਫ ਸਰਪੰਚ ਪਿੰਡ ਪੰਜੋਲਾ (ਰੋਪੜ), ਹਰਵਿੰਦਰ ਸਿੰਘ ਪਿੰਡ ਭਨੇੜੀ, ਰਾਜਪੁਰਾ (ਪਟਿਆਲਾ), ਹਰਿੰਦਰ ਸਿੰਘ ਬੱਬਰ ਉਰਫ ਭਕਤਾ ਜਥੇਦਾਰ (ਰੋਪੜ), ਸੁਰਿੰਦਰ ਸਿੰਘ ਸੇਖੋਂ ਉਰਫ ਚਾਚਾ (ਸੰਗਰੂਰ), ਪਰਮਜੀਤ ਸਿੰਘ ਪੰਜਵੜ ਉਰਫ ਪੰਮਾ ਪਿੰਡ ਪੰਜਵੜ, ਝਬਾਲ (ਤਰਨਤਾਰਨ), ਮਹਿਲ ਸਿੰਘ ਉਰਫ ਆਤਮਾ ਸਿੰਘ, ਪਿੰਡ ਦਾਸੂਵਾਲ, ਵਲਟੋਹਾ (ਤਰਨਤਾਰਨ), ਬਲਬੀਰ ਸਿੰਘ ਸੰਧੂ, ਕਲਸੀਆ (ਅੰਮ੍ਰਿਤਸਰ)।

*11 ਵਿਅਕਤੀ ਜਿਹੜੇ ਪੰਜਾਬ ਤੋਂ ਬਾਹਰਲੇ ਰਾਜਾਂ ਨਾਲ ਸੰਬੰਧਿਤ ਹਨ:*

ਮਨਮੋਹਨ ਸਿੰਘ ਬਜਾਜ (ਚੰਡੀਗੜ੍ਹ), ਗਜਿੰਦਰ ਸਿੰਘ ਉਰਫ ਰਵਿੰਦਰ ਸਿੰਘ (ਚੰਡੀਗੜ੍ਹ), ਪ੍ਰਸ਼ੋਤਮ ਸਿੰਘ ਉਰਫ ਖੱਤਰੀ ਸਿੰਘ ਉਰਫ ਪੰਮਾ, ਪਿੰਡ ਮਠਾੜੀ ਸੇਖਾਂ, ਨਾਗਲ (ਅੰਬਾਲਾ), ਜਸਬੀਰ ਸਿੰਘ ਹਾਈਜੈਕਰ ਟੱਪਲਾਂ (ਅੰਬਾਲਾ), ਰਿਪੁਦਮਨ ਸਿੰਘ ਮਲਿਕ (ਨਵੀਂ ਦਿੱਲੀ), ਗੁਰਦੀਪ ਸਿੰਘ ਪ੍ਰਦੇਸੀ ਉਰਫ ਮਿਲਖਾ ਸਿੰਘ ਪਿੰਡ ਸੁੰਦਰਪੁਰ (ਜੰਮੂ), ਰਣਜੀਤ ਸਿੰਘ ਨੀਟਾ ਉਰਫ ਮਨਪ੍ਰੀਤ (ਜੰਮੂ), ਜਗਰੂਪ ਸਿੰਘ ਨਿਹੰਗ ਰਿਆਸੀ (ਜੰਮੂ), ਦਲੀਪ ਸਿੰਘ ਹਾਈਜੈਕਰ ਪਿੰਡ ਰਾਏਪੁਰ ਗੁੱਜਰਾਂ (ਜੰਮੂ), ਕਰਨ ਸਿੰਘ ਹਾਈਜੈਕਰ (ਜੰਮੂ), ਅਮਰਜੀਤ ਸਿੰਘ ਕਾਂਗੜਾ (ਹਿਮਾਚਲ ਪ੍ਰਦੇਸ਼)।

## ਕਾਲੀ ਸੂਚੀ 'ਚੋਂ ਕਈ ਨਾਂ ਕੱਢੇ ਜਾਣ ਦੇ ਸੰਕੇਤ

**ਨਵੀਂ ਦਿੱਲੀ :** ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ 185 ਵਿਅਕਤੀਆਂ ਦੀ ਸੂਚੀ ਭੇਜੀ ਸੀ ਤੇ ਮੰਤਰਾਲਾ ਇਸ ਸੂਚੀ ਵਿਚ ਕਾਂਟ-ਛਾਂਟ ਕਰਨੀ ਚਾਹੁੰਦਾ ਹੈ। ਉਸ ਵਲੋਂ ਸਮੁੱਚੀ ਸੂਚੀ 'ਤੇ ਨਜ਼ਰਸਾਨੀ ਕੀਤੀ ਜਾ ਰਹੀ ਹੈ। ਮੰਤਰਾਲੇ ਦੀ ਰਾਇ ਹੈ ਕਿ ਜਿਨ੍ਹਾਂ ਖਿਲਾਫ਼ ਗੰਭੀਰ ਕੇਸ ਹਨ, ਉਨ੍ਹਾਂ ਨਾਲ ਕੋਈ ਨਰਮੀ ਨਹੀਂ ਵਰਤੀ ਜਾ ਸਕਦੀ। ਜਿਨ੍ਹਾਂ ਖਿਲਾਫ਼ ਕੋਈ ਕੇਸ ਨਹੀਂ, ਉਨ੍ਹਾਂ ਦੇ ਨਾਂ ਸੂਚੀ 'ਚੋਂ ਹਟਾਏ ਜਾ ਸਕਦੇ ਹਨ। ਇਨ੍ਹਾਂ ਵਿਚੋਂ 28 ਨੂੰ ਤਾਂ ਪਹਿਲਾਂ ਹੀ ਅਦਾਲਤਾਂ ਨੇ ਇਸ਼ਤਿਹਾਰੀ ਮੁਜਰਿਮ ਕਰਾਰ ਦਿੱਤਾ ਹੋਇਆ ਹੈ ਅਤੇ ਕੁਝ ਹੋਰ ਅਤਿ ਲੋੜੀਂਦੇ ਅਪਰਾਧੀਆਂ ਦੀ ਸੂਚੀ ਵਿਚ ਸ਼ਾਮਿਲ ਹਨ।

ਗ੍ਰਹਿ ਮੰਤਰਾਲੇ ਨੇ ਜਿਹੜੇ 185 ਨਾਂ ਪੰਜਾਬ ਸਰਕਾਰ ਨੂੰ ਭੇਜੇ ਸਨ, ਉਸ ਵਿਚ ਕੁਝ ਦੁਹਰਾਅ ਸੀ। ਸੁਧਾਈ ਕਰਨ ਮਗਰੋਂ ਸੂਚੀ ਵਿਚ 169 ਨਾਂ ਬਚੇ ਹਨ। ਇਨ੍ਹਾਂ 'ਚੋਂ ਕਈ ਅਜਿਹੇ ਹਨ ਜਿਹੜੇ ਜਵਾਨੀ ਦੇ ਦਿਨਾਂ ਵਿਚ ਖਾਲਿਸਤਾਨੀ ਲਹਿਰ ਨਾਲ ਜੁੜੇ ਰਹੇ ਸਨ, ਪਰ ਬਾਅਦ ਵਿਚ ਵਿਚਾਰਧਾਰਾ ਬਦਲ ਗਏ। ਅਜਿਹੇ ਵਿਅਕਤੀ ਹੁਣ 'ਕਾਲੀ ਸੂਚੀ' ਦੇ ਦਾਇਰੇ ਤੋਂ ਬਾਹਰ ਆਉਣਾ ਲੋਚਦੇ ਹਨ। ਉਚ ਪੁਲੀਸ ਅਧਿਕਾਰੀਆਂ ਨੇ ਗੈਰਰਸਮੀ ਤੌਰ 'ਤੇ ਇਹ ਸਲਾਹ ਦਿੱਤੀ ਹੈ ਕਿ ਅਜਿਹੇ ਵਿਅਕਤੀਆਂ ਨੂੰ ਕਾਲੀ ਸੂਚੀ 'ਚੋਂ ਬਾਹਰ ਕੀਤਾ ਜਾ ਸਕਦਾ ਹੈ।

## ਵੋਟਾਂ ਬਣਾਉਣ ਲਈ ਹੋਰ ਸਮਾਂ ਨਹੀਂ ਮਿਲੇਗਾ

**ਚੰਡੀਗੜ੍ਹ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਲਈ ਵੋਟਾਂ ਬਣਾਉਣ ਵਾਸਤੇ 14 ਅਗਸਤ ਤੋਂ ਅੱਗੇ ਹੋਰ ਸਮਾਂ ਵਧਣ ਦੀ ਕੋਈ ਸੰਭਾਵਨਾ ਨਹੀਂ ਹੈ। ਪਿਛਲੇ ਹਫਤੇ ਤਕ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਵਿਚ ਕੁੱਲ 6,34,814 ਫਾਰਮ ਵੋਟਾਂ ਬਣਾਉਣ ਲਈ ਜਮ੍ਹਾਂ ਹੋਏ ਹਨ। ਜਿੱਥੇ ਦੁਆਬੇ ਦਾ ਸਭ ਤੋਂ ਮੱਠਾ ਹੁੰਗਾਰਾ ਹੈ, ਉਥੇ ਸਿੱਖੀ ਦੇ ਧੁਰੇ ਨਾਲ ਜੁੜੇ ਅੰਮ੍ਰਿਤਸਰ ਅਤੇ ਫਤਿਹਗੜ੍ਹ ਸਾਹਿਬ ਜ਼ਿਲ੍ਹਿਆਂ ਦੀ ਹਾਲਤ ਵੀ ਬਹੁਤ ਪਤਲੀ ਹੈ।

ਗੁਰਦੁਆਰਾ ਚੋਣਾਂ ਬਾਰੇ ਚੀਫ ਕਮਿਸ਼ਨਰ ਜਸਟਿਸ ਹਰਫੂਲ ਸਿੰਘ ਬਰਾੜ ਨੇ ਬੀਤੀ 16 ਜੁਲਾਈ ਨੂੰ ਦੱਸਿਆ ਕਿ ਇਸ ਤਰ੍ਹਾਂ ਦੀ ਕੋਈ ਸਥਿਤੀ ਨਹੀਂ ਹੈ ਕਿ 14 ਅਗਸਤ ਤੋਂ ਬਾਅਦ ਵੋਟਾਂ ਬਣਾਉਣ ਦੀ ਤਰੀਕ ਵਿਚ ਮੁੜ ਵਾਧਾ ਕਰਨਾ ਪਵੇ। ਜਸਟਿਸ ਬਰਾੜ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਅਧਿਕਾਰੀਆਂ ਨਾਲ ਸ਼੍ਰੋਮਣੀ ਗੁਰਦੁਆਰਾ ਕਮੇਟੀ ਲਈ ਵੋਟਾਂ ਬਣਾਉਣ ਦੀਆਂ ਤਿਆਰੀਆਂ ਬਾਰੇ ਮੀਟਿੰਗਾਂ ਦਾ ਗੇੜ ਮੁਕੰਮਲ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰਦੁਆਰਾ ਚੋਣ ਐਕਟ ਅਨੁਸਾਰ ਡਿਪਟੀ ਕਮਿਸ਼ਨਰ ਗੁਰਦੁਆਰਾ ਚੋਣਾਂ ਲਈ ਕੋਆਰਡੀਨੇਟਰ ਹਨ। ਜੇਕਰ ਵੋਟਾਂ ਬਣਨ ਸਬੰਧੀ ਕੋਈ ਸ਼ਿਕਾਇਤ ਹੈ ਤਾਂ ਕੋਈ ਵੀ ਧਿਰ ਡਿਪਟੀ ਕਮਿਸ਼ਨਰ ਕੋਲ ਸ਼ਿਕਾਇਤ ਕਰ ਸਕਦੀ ਹੈ ਅਤੇ ਕਮਿਸ਼ਨ ਦੇ ਸਕੱਤਰ ਕੋਲ ਵੀ ਸ਼ਿਕਾਇਤ ਕੀਤੀ ਜਾ ਸਕਦੀ ਹੈ।ਇਸ ਵੇਲੇ ਤੱਕ ਪੰਜਾਬ ਵਿਚ ਕੁੱਲ 5,57,663 ਵੋਟਾਂ ਅਤੇ ਹਰਿਆਣਾ ਵਿਚ 72013 ਵੋਟਾਂ ਬਣੀਆਂ ਹਨ। ਹਿਮਾਚਲ ਵਿਚ ਇਕੋ ਹਲਕੇ ਲਈ 1920 ਵੋਟਾਂ ਬਣੀਆਂ ਹਨ ਜਦਕਿ ਚੰਡੀਗੜ੍ਹ ਵਿਚ 3216 ਵੋਟਾਂ ਬਣੀਆਂ ਹਨ। ਪੰਜਾਬ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਸਭ ਤੋਂ ਵੱਡੀ ਧਿਰ ਹੈ ਪਰ ਇਸ ਦੇ ਕਈ ਜ਼ਿਲ੍ਹਿਆਂ ਵਿਚ ਵੋਟਰਾਂ ਦਾ ਮੱਠਾ ਹੁੰਗਾਰਾ ਹੈ। ਅੰਮ੍ਰਿਤਸਰ ਜ਼ਿਲ੍ਹੇ ਵਿਚ 9 ਜੁਲਾਈ ਤੱਕ ਵੋਟਾਂ ਬਣਨ ਲਈ 11103 ਫਾਰਮ ਆਏ ਸਨ। ਫਤਿਹਗੜ੍ਹ ਸਾਹਿਬ ਜ਼ਿਲ੍ਹੇ ਲਈ ਕੇਵਲ 10165 ਫਾਰਮ ਆਏ ਹਨ। ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਜ਼ਿਲ੍ਹੇ ਵਿਚ ਕੇਵਲ 6799 ਵੋਟਾਂ ਲਈ ਫਾਰਮ ਆਏ ਹਨ ਅਤੇ ਇਹ ਪੰਜਾਬ ਵਿਚ ਸਭ ਤੋਂ ਪਛੜ ਕੇ ਚਲ ਰਿਹਾ ਹੈ। ਕਪੂਰਥਲਾ ਜ਼ਿਲ੍ਹੇ ਵਿਚ 12752 ਫਾਰਮ ਵੋਟਾਂ ਲਈ ਆਏ ਹਨ। ਹੁਸ਼ਿਆਰਪੁਰ ਜ਼ਿਲ੍ਹੇ ਵਿਚ 13656 ਫਾਰਮ ਦਾਖਲ ਹੋਏ ਹਨ। ਇਸੇ ਤਰ੍ਹਾਂ ਰੋਪੜ ਜ਼ਿਲ੍ਹੇ ਲਈ 17227 ਫਾਰਮ ਆਏ ਹਨ। ਜਲੰਧਰ ਜ਼ਿਲ੍ਹੇ ਵਿਚ 38362 ਫਾਰਮ ਦਾਖਲ ਹੋਏ ਹਨ।

ਪੰਜਾਬ ਵਿਚ ਕਈ ਥਾਂ ਇਹ ਵੀ ਸ਼ਿਕਾਇਤ ਆਈ ਹੈ ਕਿ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂ ਫਾਰਮ ਥੱਬਿਆਂ ਦੇ ਰੂਪ ਵਿਚ ਪਟਵਾਰੀਆਂ ਕੋਲ ਦੇ ਦਿੰਦੇ ਹਨ।

## ਪੰਜਾਬ ਪ੍ਰੀਮੀਅਰ ਲੀਗ ਕਰਵਾਉਣ ਦਾ ਐਲਾਨ

**ਲੁਧਿਆਣਾ :** ਏ ਡੀ ਏ ਈਵੈਂਟਸ ਵਰਲਡ ਵਾਈਡ ਵਲੋਂ ਪੰਜਾਬ ਵਿਖੇ ਪਲੇਠਾ ਪੰਜਾਬ ਪ੍ਰੀਮੀਅਰ ਲੀਗ ਕ੍ਰਿਕਟ ਟੂਰਨਾਮੈਂਟ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਵਰਲਡ ਵਾਈਡ ਦੇ ਡਾਇਰੈਕਟਰ ਕੰਵਲਜੀਤ ਸਿੰਘ ਬੱਗਾ ਨੇ ਬੀਤੀ 19 ਜੁਲਾਈ ਨੂੰ ਦੱਸਿਆ ਕਿ ਅਕਤੂਬਰ ਮਹੀਨੇ ਦੌਰਾਨ ਪੰਜਾਬ 'ਚ ਪਹਿਲੀ ਵਾਰ ਆਈਪੀਐਲ ਦੀ ਤਰਜ਼ 'ਤੇ ਪੰਜਾਬ ਪ੍ਰੀਮੀਅਰ ਲੀਗ ਟੂਰਨਾਮੈਂਟ ਕਰਵਾਇਆ ਜਾਵੇਗਾ।

ਇਸ 'ਚ ਅੰਮ੍ਰਿਤਸਰ ਬਰੇਵਹਾਰਟਸ, ਮੋਹਾਲੀ ਸ਼ਾਰਕਸ, ਲੁਧਿਆਣਾ ਟਾਈਟਨਜ਼, ਜਲੰਧਰ ਸਪਾਰਟੈਨਜ਼, ਮਹਾਰਾਜਾਜ਼ ਆਫ਼ ਪਟਿਆਲਾ, ਬਠਿੰਡਾ ਬੁਲਜ਼ ਅਤੇ ਚੰਡੀਗੜ੍ਹ ਵਿਨਜ਼ਜ਼ ਤੋਂ ਇਲਾਵਾ ਐਨ ਆਈ ਆਰ ਸੁਲਤਾਨਜ਼ ਦੀਆਂ ਟੀਮਾਂ ਹਿੱਸਾ ਲੈਣਗੀਆਂ। ਇਸ ਮੌਕੇ ਕੰਪਨੀ ਦੇ ਡਾਇਰੈਕਟਰ ਕੰਵਰਇੰਦਰ ਸਿੰਘ, ਭੁਪਿੰਦਰ ਸਿੰਘ ਅਤੇ ਅਮਰੀਕ ਸਿੰਘ ਵੀ ਮੌਜੂਦ ਸਨ।

## ਇਮੀਗ੍ਰੇਸ਼ਨ ਧੋਖਿਆਂ ਵਿਰੁਧ ਆਵਾਜ਼ ਉਭਰੀ

**ਟੋਰਾਂਟੋ :** ਜਾਅਲੀ ਵਿਆਹਾਂ ਦੇ ਖਿਲਾਫ ਹੋਏ ਇਕ ਇਕੱਠ ਵਿਚ ਪੰਜਾਬੀ ਭਾਈਚਾਰੇ 'ਚੋਂ ਇਸ ਸਮਾਜਿਕ ਕੁਰੀਤੀ ਨੂੰ ਰੋਕਣ ਲਈ ਲੀਡਰਾਂ ਨੂੰ ਸੁਹਿਰਦਤਾ ਨਾਲ ਕਦਮ ਚੁੱਕਣ ਲਈ ਕਿਹਾ ਗਿਆ ਹੈ। ਬੀਤੇ ਦਿਨੀਂ ਕੈਨੇਡੀਅਨਜ਼ ਅਗੇਂਸਟ ਇਮੀਗ੍ਰੇਸ਼ਨ ਫਰਾਡ ਦੇ ਬੈਨਰ ਹੇਠ ਬੁਲਾਈ ਗਈ ਜਨਤਕ ਮੀਟਿੰਗ ਵਿਚ ਹਾਲ ਹੀ ਵਿਚ ਉਭਰੇ ਅਰਸ਼ਪ੍ਰੀਤ-ਮਨਜੀਤ ਸ਼ਾਹੀ ਦੇ ਵਿਆਹ ਦੇ ਮਾਮਲੇ ਨੂੰ ਪ੍ਰਮੁੱਖਤਾ ਦਿੱਤੀ ਗਈ। ਕੋਈ 500 ਦੇ ਕਰੀਬ ਆਏ ਲੋਕਾਂ ਨੂੰ ਪੰਜਾਬੀ ਭਾਈਚਾਰੇ ਦੇ ਆਗੂਆਂ ਅਤੇ ਸਿਆਸਤਦਾਨਾਂ ਨੇ ਸੰਬੋਧਨ ਕੀਤਾ।

ਐਮ.ਪੀ. ਗੁਰਬਖਸ਼ ਸਿੰਘ ਮੱਲ੍ਹੀ ਨੇ ਬੜੀ ਜ਼ੋਰਦਾਰ ਤਕਰੀਰ ਕਰਦਿਆਂ ਕਿਹਾ ਕਿ ਅਰਸ਼ਪ੍ਰੀਤ ਦੇ ਕੇਸ ਦਾ ਜਦੋਂ ਹੀ ਉਸ ਨੂੰ ਪਤਾ ਲੱਗਾ ਤਾਂ ਉਨ੍ਹਾਂ ਇਸ ਨੂੰ ਬੜੀ ਗੰਭੀਰਤਾ ਨਾਲ ਲਿਆ। ਮੱਲ੍ਹੀ ਨੇ ਕਿਹਾ ਕਿ ਮੈਂ 1993 ਤੋਂ ਲੋਕਾਂ ਦੇ ਵੀਜ਼ੇ ਲੈਣ ਲਈ ਮਦਦ ਕਰਦਾ ਆ ਰਿਹਾ ਹਾਂ। ਪ੍ਰੰਤੂ ਇਹ ਪਹਿਲੀ ਵਾਰ ਹੈ ਕਿ ਉਨ੍ਹਾਂ ਬੜੇ ਦੁਖੀ ਹਿਰਦੇ ਨਾਲ ਇਮੀਗ੍ਰੇਸ਼ਨ ਮੰਤਰੀ ਨੂੰ ਮਨਜੀਤ ਸ਼ਾਹੀ ਨੂੰ ਡਿਪੋਰਟ ਕਰਨ ਦੀ ਮੰਗ ਕੀਤੀ ਹੈ।

ਫਤਿਹਗੜ੍ਹ ਸਾਹਿਬ ਦੇ ਪਿੰਡ ਹਰਗਣਾ ਵਾਸੀ ਮਨਜੀਤ ਸ਼ਾਹੀ ਟੋਰਾਂਟੋ ਦੇ ਏਅਰਪੋਰਟ 'ਤੇ ਉਤਰਦਿਆਂ ਹੀ ਆਪਣੀ ਪਤਨੀ ਨੂੰ ਮਿਲੇ ਬਗੈਰ ਫਰਾਰ ਹੋ ਗਿਆ ਸੀ, ਜਿਸ ਨੇ ਭਾਈਚਾਰੇ ਵਿਚ ਚਰਚਾ ਅਤੇ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ ਹੈ।

ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਅਨੁਸਾਰ ਅੰਦਾਜ਼ਨ 1000 ਧੋਖੇ ਵਾਲੇ ਵਿਆਹਾਂ ਦੇ ਕੇਸ ਸਾਲਾਨਾ ਦਰਜ ਹੁੰਦੇ ਹਨ। ਪਿਛਲੇ ਸਾਲ 45000 ਦੇ ਕਰੀਬ ਲੋਕ ਸਪਾਉਸ ਕੇਸਾਂ ਅਧੀਨ ਕੈਨੇਡਾ ਆਏ ਦੱਸੇ ਗਏ ਹਨ। ਇਸੇ ਤਰ੍ਹਾਂ ਕੈਨੇਡਾ ਦੀ ਬਾਰਡਰ ਸੇਵਾ ਏਜੰਸੀ ਸੀ.ਬੀ.ਐਸ.ਏ., ਜਿਸ ਦੀ ਜ਼ਿੰਮੇਵਾਰੀ ਡਿਪੋਰਟ ਕਰਨ ਦੀ ਹੁੰਦੀ ਹੈ ਨੇ ਪਿਛਲੇ ਸਾਲ 14,762 ਲੋਕ ਡਿਪੋਰਟ ਕੀਤੇ।

# ਪੰਜਾਬ ਟਾਈਮਜ਼

ਸਨਿਚਰਵਾਰ, 24 ਜੁਲਾਈ 2010


ਅਮਨ ਦੀ ਅਹਿਮੀਅਤ ਇਨਸਾਫ ਤੋਂ ਜ਼ਿਆਦਾ। -ਮਾਰਟਿਨ ਲੂਥਰ

## ਭਾਰਤ-ਪਾਕਿ ਗੱਲਬਾਤ ਅਸਫਲ

ਜਿਸ ਤਰ੍ਹਾਂ ਇਨ੍ਹਾਂ ਮੁਲਕਾਂ ਵਿਚਕਾਰ ਗੱਲਬਾਤ ਦਾ ਇਤਿਹਾਸ ਰਿਹਾ ਹੈ, ਬਿਲਕੁਲ ਉਵੇਂ ਹੀ, ਇਸ ਵਾਰ 15-16 ਜੁਲਾਈ ਨੂੰ ਹੋਈ ਵਿਦੇਸ਼ ਮੰਤਰੀ ਪੱਧਰ ਦੀ ਗੱਲਬਾਤ ਵੀ ਅਸਫਲ ਰਹੀ। ਦੋਨਾਂ ਹੀ ਮੁਲਕਾਂ ਦੇ ਵਿਦੇਸ਼ ਮੰਤਰੀਆਂ ਨੇ ਆਪੋ-ਆਪਣੇ ਰਾਜਨੀਤਕ ਪੈਂਤੜਿਆਂ ਉਪਰ ਅੜਨ ਨੂੰ ਤਰਜੀਹ ਦਿੱਤੀ ਅਤੇ ਕੋਈ ਵੀ ਪਿੱਛੇ ਹਟਣ ਲਈ ਤਿਆਰ ਨਹੀਂ ਸੀ। ਭਾਰਤ ਦਾ ਜ਼ੋਰ ਇਹ ਸੀ ਕਿ ਪਾਕਿਸਤਾਨ ਮੁੰਬਈ ਹਮਲਿਆਂ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦੇ ਮਾਮਲੇ ਵਿਚ ਸੰਜੀਦਗੀ ਦਾ ਮੁਜ਼ਾਹਰਾ ਕਰੇ ਅਤੇ ਦੂਜੇ ਪਾਸੇ ਪਾਕਿਸਤਾਨ ਦਾ ਜ਼ੋਰ ਸੀ ਕਿ ਬਾਕੀ ਮੁੱਦਿਆਂ ਦੇ ਨਾਲ-ਨਾਲ ਕਸ਼ਮੀਰ ਦਾ ਮੁੱਦਾ ਵੀ ਗੱਲਬਾਤ ਵਿਚ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਮੀਟਿੰਗ ਤੋਂ ਪਹਿਲਾਂ ਇਹ ਆਸ ਕੀਤੀ ਜਾ ਰਹੀ ਸੀ ਕਿ ਇਹ ਗੱਲਬਾਤ ਭਾਰਤ ਅਤੇ ਪਾਕਿਸਤਾਨ ਦਰਮਿਆਨ ਸੰਜੀਦਾ, ਠੋਸ ਤੇ ਅਰਥ ਭਰਪੂਰ ਸੰਬੰਧਾਂ ਦਾ ਰਾਹ ਪੱਧਰਾ ਕਰੇਗੀ ਪਰ ਸਿੱਟਾ ਗੱਲਬਾਤ ਦੇ ਬੁਰੀ ਤਰ੍ਹਾਂ ਫੇਲ੍ਹ ਹੋਣ ਵਿਚ ਨਿਕਲਿਆ। ਗੱਲਬਾਤ ਤੋਂ ਪਿਛੋਂ ਦੋਨਾਂ ਧਿਰਾਂ ਨੇ ਇਕ-ਦੂਜੇ ਉਪਰ ਇਲਜ਼ਾਮਤਰਾਸ਼ੀ ਵੀ ਕੀਤੀ। ਗੱਲਬਾਤ ਦੌਰਾਨ ਭਾਰਤ ਨੇ ਇਹ ਮੁੱਦਾ ਵੀ ਉਠਾਇਆ ਕਿ ਪਾਕਿਸਤਾਨ ਆਪਣੀ ਸਰਜ਼ਮੀਂ ਤੋਂ ਪੈਦਾ ਹੋ ਰਹੇ ਅਤਿਵਾਦ ਨੂੰ ਖ਼ਤਮ ਕਰਨ ਲਈ ਠੋਸ ਕਦਮ ਉਠਾਵੇ ਤੇ ਮੁੰਬਈ ਹਮਲੇ ਦੇ ਦੋਸ਼ੀਆਂ ਖਿਲਾਫ਼ ਕਾਰਵਾਈ ਕਰੇ। ਮੋੜਵੇਂ ਰੂਪ ਵਿਚ ਪਾਕਿਸਤਾਨ ਦੋਵਾਂ ਮੁਲਕਾਂ ਦਰਮਿਆਨ ਮੁੱਦਿਆਂ ਦੇ ਹੱਲ ਲਈ ਮਿਆਦ ਮਿੱਥੇ ਜਾਣ ਉਪਰ ਜ਼ੋਰ ਦੇ ਰਿਹਾ ਸੀ।

ਇਥੇ ਜ਼ਿਕਰਯੋਗ ਹੈ ਕਿ 2001 ਦੌਰਾਨ ਆਗਰਾ ਵਿਚ ਹੋਇਆ ਵਾਜਪਾਈ-ਮੁਸ਼ੱਰਫ ਸਿਖਰ ਸੰਮੇਲਨ ਵੀ ਅਸਫਲ ਹੋ ਗਿਆ ਸੀ ਅਤੇ ਅੰਤ ਨੂੰ ਕੜਵਾਹਟ ਵਿਚ ਸਮਾਪਤ ਹੋਇਆ ਸੀ। ਇਸ ਤੋਂ ਬਾਅਦ ਪਿਛਲੇ ਸਾਲ ਮਿਸਰ ਦੇ ਸ਼ਰਮ-ਅਲ-ਸ਼ੇਖ ਵਿਚ ਹੋਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਵਿਚਾਲੇ ਗੱਲਬਾਤ ਵੀ ਬੇਸਿੱਟਾ ਰਹੀ ਸੀ। ਇਸ ਤੋਂ ਇਲਾਵਾ ਦੋਹਾਂ ਦੇਸ਼ਾਂ ਦੇ ਆਗੂ ਕੁਝ ਦਿਨ ਪਹਿਲਾਂ ਭੂਟਾਨ ਦੀ ਰਾਜਧਾਨੀ ਥਿੰਫੂ ਵਿਖੇ ਵੀ ਮਿਲੇ ਸਨ। ਇਸ ਤੋਂ ਪਿਛੋਂ ਹੀ ਦੋਹਾਂ ਮੁਲਕਾਂ ਦੇ ਵਿਦੇਸ਼ ਮੰਤਰੀਆਂ ਅਤੇ ਵਿਦੇਸ਼ ਸਕੱਤਰਾਂ ਦੇ ਪੱਧਰ ਦੀ ਗੱਲਬਾਤ ਸ਼ੁਰੂ ਕਰਨ ਦਾ ਫੈਸਲਾ ਹੋਇਆ ਸੀ। ਇਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ 15 ਜੁਲਾਈ ਨੂੰ ਦੋਹਾਂ ਮੁਲਕਾਂ ਦੇ ਵਿਦੇਸ਼ ਮੰਤਰੀਆਂ ਦੀ ਗੱਲਬਾਤ ਸ਼ੁਰੂ ਹੋਣ ਤੋਂ ਪਹਿਲਾਂ ਭਾਰਤੀ ਗ੍ਰਹਿ ਸਕੱਤਰ ਸ੍ਰੀ ਜੀ.ਕੇ. ਪਿੱਲੈ ਵਲੋਂ ਇਹ ਬਿਆਨ ਦਿੱਤਾ ਗਿਆ ਸੀ ਕਿ ਮੁੰਬਈ ਹਮਲਿਆਂ ਵਿਚ ਆਈ. ਐਸ.ਆਈ. ਵਲੋਂ ਪ੍ਰਮੁੱਖ ਭੂਮਿਕਾ ਅਦਾ ਕੀਤੀ ਗਈ ਸੀ। ਪਾਕਿਸਤਾਨੀ ਹਾਕਮਾਂ ਨੇ ਪਿੱਲੈ ਦੇ ਇਸ ਬਿਆਨ ਦਾ ਕਾਫੀ ਬੁਰਾ ਮਨਾਇਆ ਸੀ। ਪਾਕਿਸਤਾਨੀ ਵਿਦੇਸ਼ ਸਕੱਤਰ ਨੇ ਕਿਹਾ ਸੀ ਕਿ ਭਾਰਤੀ ਗ੍ਰਹਿ ਸਕੱਤਰ ਨੂੰ ਅਜਿਹੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨਾ ਚਾਹੀਦਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਜੇ ਭਾਰਤ ਕੋਲ ਇਸ ਸੰਬੰਧ ਵਿਚ ਕੋਈ ਸਬੂਤ ਸਨ ਤਾਂ ਉਨ੍ਹਾਂ ਨੂੰ ਸਬੂਤਾਂ ਸਮੇਤ ਅੱਗੇ ਆਉਣਾ ਚਾਹੀਦਾ ਸੀ। ਫਿਰ ਵੀ ਭਾਰਤ ਨੇ ਕਿਹਾ ਹੈ ਕਿ ਦੋਹਾਂ ਦੇਸ਼ਾਂ ਵਿਚਕਾਰ ਗੱਲਬਾਤ ਹਾਂ-ਪੱਖੀ ਰਹੀ ਹੈ ਅਤੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਇਸ ਸਾਲ ਦੇ ਅੰਤ ਵਿਚ ਅਗਲੀ ਗੱਲਬਾਤ ਲਈ ਭਾਰਤ ਆਉਣਗੇ। ਭਾਰਤੀ ਧਿਰਾਂ ਨੇ ਇਹ ਗੱਲ ਵੀ ਮੰਨੀ ਹੈ ਕਿ ਜੰਮੂ ਕਸ਼ਮੀਰ ਤੇ ਹੋਰ ਮੁੱਦਿਆਂ ਬਾਰੇ ਦੋਹਾਂ ਮੁਲਕਾਂ ਦੇ ਆਗੂਆਂ ਵਿਚਕਾਰ ਤਿੱਖੇ ਮਤਭੇਦ ਹਨ। ਪਹਿਲੇ ਦਿਨ ਹੋਈ ਗੱਲਬਾਤ ਵਿਚ ਅਤਿਵਾਦ ਦਾ ਮੁੱਦਾ ਭਾਰੂ ਰਿਹਾ ਅਤੇ ਭਾਰਤ ਵਲੋਂ ਪਾਕਿਸਤਾਨ 'ਤੇ ਅਤਿਵਾਦੀ ਕਾਰਵਾਈਆਂ 'ਤੇ ਮੁਕੰਮਲ ਰੋਕ ਲਗਾਉਣ ਦੀ ਮੰਗ ਕੀਤੀ ਗਈ। ਇਸ ਮੀਟਿੰਗ ਤੋਂ ਬਾਅਦ ਦੋਹਾਂ ਆਗੂਆਂ ਨੇ ਸਾਂਝੀ ਪ੍ਰੈਸ ਕਾਨਫਰੰਸ ਨੂੰ ਵੀ ਸੰਬੋਧਨ ਕੀਤਾ। ਪਾਕਿਸਤਾਨੀ ਵਿਦੇਸ਼ ਮੰਤਰੀ ਨੇ ਕਿਹਾ ਕਿ ਪਾਕਿਸਤਾਨੀ ਸਰਕਾਰ ਭਾਰਤੀ ਗ੍ਰਹਿ ਮੰਤਰੀ ਪੀ. ਚਿਦੰਬਰਮ ਵਲੋਂ ਆਪਣੇ ਹਾਲੀਆ ਪਾਕਿਸਤਾਨ ਦੌਰੇ ਦੌਰਾਨ ਸੁਝਾਏ ਗਏ ਮੁੱਦਿਆਂ ਨੂੰ ਗੰਭੀਰਤਾ ਨਾਲ ਲਵੇਗੀ। ਸ੍ਰੀ ਕੁਰੈਸ਼ੀ ਅਨੁਸਾਰ ਜਿਹੜੇ ਮੁੱਦੇ ਉਚੇਚੇ ਤੌਰ 'ਤੇ ਵਿਚਾਰੇ ਗਏ ਹਨ, ਉਨ੍ਹਾਂ ਵਿਚ ਦਹਿਸ਼ਤਵਾਦ, ਜੰਮੂ ਕਸ਼ਮੀਰ, ਸਰਕਰੀ ਤੇ ਸਿਆਚਿਨ ਮੁੱਦਾ ਸ਼ਾਮਲ ਹਨ। ਕਸ਼ਮੀਰ ਮੁੱਦੇ 'ਤੇ ਆਪਸੀ ਭਰੋਸਾ ਪੈਦਾ ਕਰਨ ਦੀ ਗੱਲ ਵੀ ਕਹੀ ਗਈ ਹੈ।

ਇਸ ਤੋਂ ਇਲਾਵਾ ਭਵਿੱਖ ਵਿਚ ਗੱਲਬਾਤ ਜਾਰੀ ਰੱਖਣ ਦਾ ਵਾਅਦਾ ਕੀਤਾ ਗਿਆ ਹੈ। ਗੱਲਬਾਤ ਜਾਰੀ ਰੱਖਣ ਦੇ ਵਾਅਦੇ ਤੋਂ ਇਲਾਵਾ ਇਸ ਮੀਟਿੰਗ ਨੇ ਹੋਰ ਕੋਈ ਠੋਸ ਸਿੱਟਾ ਨਹੀਂ ਕੱਢਿਆ। ਉਧਰ ਪਾਕਿਸਤਾਨੀ ਕੱਟੜਪੰਥੀਆਂ ਵਾਂਗ ਹੀ ਭਾਰਤੀ ਜਨਤਾ ਪਾਰਟੀ ਨੇ ਪਾਕਿਸਤਾਨ ਨਾਲ ਗੱਲਬਾਤ ਰੋਕੇ ਜਾਣ ਦੀ ਮੰਗ ਕੀਤੀ ਹੈ। ਭਾਰਤੀ ਜਨਤਾ ਪਾਰਟੀ ਨੇ ਮੀਟਿੰਗ ਦੌਰਾਨ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ੍ਰੀ ਮਹਿਮੂਦ ਕੁਰੈਸ਼ੀ ਦੇ ਵਤੀਰੇ ਦੀ ਵੀ ਨਿਖੇਧੀ ਕੀਤੀ। ਸਪੱਸ਼ਟ ਹੈ ਕਿ ਗੱਲਬਾਤ ਦੇ ਸਿੱਟੇ ਵਜੋਂ ਦੋਹਾਂ ਮੁਲਕਾਂ ਵਿਚਕਾਰ ਤਲਖੀ ਕੁਝ ਹੋਰ ਵਧ ਗਈ ਹੈ। ਹਾਲ ਦੀ ਘੜੀ ਇਸ ਦੇ ਘਟਣ ਦੀ ਆਸ ਵੀ ਦਿਖਾਈ ਨਹੀਂ ਦਿੰਦੀ ਭਾਵੇਂ ਕਿ ਲੀਡਰਾਂ ਦੇ ਬਿਆਨ ਹੌਲੀ-ਹੌਲੀ ਮੁਲਾਇਮ ਹੋ ਜਾਣਗੇ। ਗੱਲਬਾਤ ਦੀ ਸਮਾਪਤੀ ਉਪਰ ਪਾਕਿਸਤਾਨੀ ਵਿਦੇਸ਼ ਮੰਤਰੀ ਨੇ ਭਾਰਤ ਉਪਰ ਦੋਸ਼ ਲਾਏ ਕਿ ਭਾਰਤ ਚੋਣਵੇਂ ਮੁੱਦਿਆਂ 'ਤੇ ਗੱਲਬਾਤ ਕਰਨੀ ਚਾਹੁੰਦਾ ਹੈ ਜਦਕਿ ਸ੍ਰੀ ਐਸ.ਐਮ. ਕ੍ਰਿਸ਼ਨਾ ਨੇ ਅਜਿਹੇ ਦੋਸ਼ਾਂ ਦੀ ਨਿਖੇਧੀ ਕੀਤੀ। ਗੱਲਬਾਤ ਦਾ ਦੂਜਾ ਦੌਰ ਸਮਾਪਤ ਹੁੰਦਿਆਂ ਹੀ ਦੋਨਾਂ ਮੁਲਕਾਂ ਵਿਚਕਾਰ ਵੱਡੇ ਮਤਭੇਦ ਵੀ ਸਾਹਮਣੇ ਆਏ। ਆਪਣੇ ਬਿਆਨਾਂ ਵਿਚ ਪਾਕਿਸਤਾਨੀ ਵਿਦੇਸ਼ ਮੰਤਰੀ ਨੇ ਕੁਝ ਹੋਰ ਕਿਹਾ ਅਤੇ ਇਧਰ ਭਾਰਤੀ ਵਿਦੇਸ਼ ਮੰਤਰੀ ਨੇ ਕਈ ਕੁਝ ਹੋਰ। ਪਾਕਿਸਤਾਨੀਆਂ ਨੇ ਤਾਂ ਇਥੋਂ ਤਕ ਵੀ ਕਿਹਾ ਕਿ ਭਾਰਤੀ ਵਫਦ ਗੱਲਬਾਤ ਲਈ ਪੂਰੀ ਤਰ੍ਹਾਂ ਤਿਆਰ ਹੋ ਕੇ ਹੀ ਨਹੀਂ ਸੀ ਆਇਆ। ਇੰਝ ਦੋਹਾਂ ਮੁਲਕਾਂ ਵਿਚਕਾਰ ਵਿਦੇਸ਼ ਮੰਤਰੀ ਪੱਧਰ ਦੀ ਇਹ ਗੱਲਬਾਤ ਤਲਖੀ ਨੂੰ ਹੋਰ ਸੀਖ ਦੇਣ ਦਾ ਸਿੱਟਾ ਹੀ ਬਣੀ ਹੈ।

## ਠਾਹ-ਸੋਟਾ -ਚਾਚਾ ਬੇਲਿਹਾਜ਼

### *ਐਲਾਨ ਪੰਜਾਬੀ ਕਿਸਾਨ!*

ਹਾਲੇ ਜੰਮਿਆਂ ਸਬਰ ਤੇ ਸਿਰੜ ਵਾਲਾ, ਸਾਡੇ ਜਿਹਾ ਨਾ ਚਾਰੇ ਹੀ ਖਾਣੀਆਂ ਨੇ।
ਕਰਦੇ ਮਿਹਨਤਾਂ ਖੇਤਾਂ ਦੇ ਵਿਚ ਰਹੀਏ, ਫਾਇਦਾ ਮੰਡੀ 'ਚ ਲੈਣਾ ਏ ਬਾਣੀਆਂ ਨੇ।
ਸਾਡਾ ਕੰਗਾਲਿਆਂ ਵਾਲਾ ਏ ਹਾਲ ਕੀਤਾ, ਲੋਕ-ਰਾਜ ਦੇ ਰਾਜਿਆਂ-ਰਾਣੀਆਂ ਨੇ।
ਫੋਕੇ ਵਾਅਦੇ ਜੋ ਤਿਫਲ-ਤਸੱਲੀਆਂ ਦੇ, ਸਮਝੋ ਪਾਣੀ ਦੇ ਵਿਚ ਮਧਾਣੀਆਂ ਨੇ।
ਲੋਟੂ ਨੀਤੀਆਂ, ਕੁਦਰਤੀ ਆਫਤਾਂ ਵੀ, ਸਾਡੇ ਸਿਰਾਂ 'ਤੇ ਸਾਰੀਆਂ ਆਣੀਆਂ ਨੇ।
ਪਹਿਲਾਂ ਸੋਕੇ ਨੇ ਕੱਢ ਕੜਿਲ ਦਿੱਤੇ, ਹੁਣ ਡੋਬ 'ਤਾ ਹੜ੍ਹਾਂ ਦੇ ਪਾਣੀਆਂ ਨੇ!

# ਜੋਲ ਸਟੇਨ:ਮੇਰਾ ਆਪਣਾ ਨਿੱਜੀ ਇੰਡੀਆ

ਪ੍ਰੋ. ਕੁਲਵੰਤ ਸਿੰਘ ਰੋਮਾਣਾ

ਇਸੇ ਜੁਲਾਈ ਦੇ ਪਹਿਲੇ ਹਫਤੇ ਦੇ 'ਟਾਈਮ' ਮੈਗਜ਼ੀਨ 'ਚ ਕਾਲਮਨਵੀਸ ਜੋਲ ਸਟੇਨ ਦਾ 'My Own Private India' ਨਾਂ ਦਾ ਲੇਖ ਛਪਿਆ ਹੈ ਜਿਸਦੇ ਸਬੰਧ 'ਚ ਆਮ ਕਰਕੇ ਪਰਚੇ ਦੇ ਪਾਠਕਾਂ ਤੇ ਖਾਸ ਕਰਕੇ ਨਿਊ ਜਰਸੀ ਇਲਾਕੇ ਦੇ ਭਾਰਤੀਆਂ ਤੇ ਗੋਰੇ ਨੇਤਾਵਾਂ ਨੇ ਤਿੱਖਾ ਪ੍ਰਤੀਕਰਮ ਪ੍ਰਗਟਾਇਆ ਹੈ। ਜੋਲ ਸਟੇਨ ਆਮ ਤੌਰ 'ਤੇ ਮਜਾਹੀਆਂ ਅੰਦਾਜ਼ 'ਚ



*ਜੋਲ ਸਟੇਨ*

ਵਿਅੰਗਮਈ ਕਾਲਮ ਲਿਖਦਾ ਹੈ। ਇਤਰਾਜ਼ ਵਾਲੀ ਗੱਲ ਇਹ ਹੋਈ ਕਿ ਨਿਊ ਜਰਸੀ ਲਾਗੇ ਆਪਣੇ ਜੱਦੀ ਸ਼ਹਿਰ ਐਡੀਸਨ 'ਚ ਆਈਆਂ ਤਬਦੀਲੀਆਂ ਦਾ ਜ਼ਿਕਰ ਕਰਦਿਆਂ ਉਥੇ ਵਸਦੇ ਭਾਰਤੀਆਂ, ਜੋ ਉਸ ਸ਼ਹਿਰ ਦੀ ਵਸੋਂ ਦਾ 25 ਫੀਸਦੀ ਹਨ, ਬਾਰੇ ਵੀ ਉਸਨੇ ਕੁਝ ਅਜਿਹੀਆਂ ਬੇਹੂਦਾ ਟਿੱਪਣੀਆਂ ਕਰ ਦਿੱਤੀਆਂ ਜਿਸ ਕਾਰਨ ਇਸ ਲੇਖ ਦੇ ਹਵਾਲੇ ਨਾਲ 'ਟਾਈਮਜ਼' ਨੂੰ ਜਨਤਕ ਤੌਰ 'ਤੇ ਅਫਸੋਸ ਕਰਨਾ ਪਿਆ ਤੇ ਖੁਦ ਜੋਲ ਸਟੇਨ ਨੂੰ 'ਸੌਰੀ' ਕਹਿਣਾ ਪਿਆ। ਇਸ ਲੇਖ ਬਾਰੇ ਲੋਕਾਂ ਦੇ ਪ੍ਰਤੀਕਰਮ ਜਾਨਣ ਤੋਂ ਪਹਿਲਾਂ ਇਹ ਜਾਨਣਾ ਬੜਾ ਜ਼ਰੂਰੀ ਹੈ ਕਿ ਜੋਲ ਸਟੇਨ ਆਪਣੇ ਇਸ ਲੇਖ 'ਚ ਕਹਿੰਦਾ ਕੀ ਹੈ?

ਲੇਖ ਦੇ ਸ਼ੁਰੂ 'ਚ ਸਟੇਨ ਲਿਖਦਾ ਹੈ ਕਿ ਉਹ ਅਮਰੀਕਾ 'ਚ ਹਰ ਥਾਂ 'ਤੇ ਪਰਵਾਸੀਆਂ ਦੇ ਵਾਸ ਕਰਨ ਦੇ ਹੱਕ 'ਚ ਹੈ ਸਿਵਾਏ ਐਡੀਸਨ ਸ਼ਹਿਰ ਦੇ ਜਿਥੇ ਉਹ ਜੰਮਿਆ, ਪਲਿਆ ਅਤੇ 1989 'ਚ ਗਰੈਜੂਏਸ਼ਨ ਕਰਨ ਤੱਕ ਰਹਿੰਦਾ ਰਿਹਾ। ਕਈ ਸਾਲਾਂ ਬਾਅਦ ਉਸ ਨੇ ਹੁਣ ਜਦੋਂ ਇਸ ਸ਼ਹਿਰ ਦਾ ਚੱਕਰ ਮਾਰਿਆ ਤਾਂ ਉਸਨੂੰ ਇਹ ਸ਼ਹਿਰ ਬਹੁਤ ਤਬਦੀਲ ਹੋਇਆ ਲੱਗਿਆ ਹੈ। ਉਹ ਤਬਦੀਲੀ ਬਾਰੇ ਗੱਲ ਕਰਦਾ ਲਿਖਦਾ ਹੈ ਕਿ ਪਹਿਲਾਂ ਇਥੇ ਜ਼ਿਆਦਾ ਗਿਣਤੀ ਗੋਰੇ ਲੋਕਾਂ ਦੀ ਹੁੰਦੀ ਸੀ ਪਰ ਹੁਣ ਇਹ ਸ਼ਹਿਰ ਭਾਰਤ ਦੀ ਇਕ ਕਮਿਉਨਿਟੀ (ਗੁਜਰਾਤੀ) ਦਾ ਘਰ ਹੀ ਬਣ ਗਿਆ ਲਗਦਾ ਹੈ। ਪੀਜ਼ਾ ਹੱਟ ਦੀ ਜਗ੍ਹਾ 'ਤੇ ਭਾਰਤੀ ਮਠਿਆਈਆਂ ਦਾ ਸਟੋਰ ਬਣ ਗਿਆ ਹੈ। ਮਸ਼ਹੂਰ ਏ. ਐਂਡ ਪੀ. ਸਟੋਰ ਦੀ ਥਾਂ ਤੇ ਭਾਰਤੀ ਗਰੋਸਰੀ ਦਾ ਸਟੋਰ ਖੁੱਲ੍ਹ ਗਿਆ ਹੈ। ਮਲਟੀਪਲੈਕਸ ਸਿਨੇਮਾ ਜਿੱਥੇ ਉਹ ਵਰਜਿਤ ਫਿਲਮਾਂ ਵੇਖਦਾ ਹੁੰਦਾ ਸੀ, ਉਥੇ ਬਾਲੀਵੁਡ ਦੀਆਂ ਫਿਲਮਾਂ ਚਲ ਰਹੀਆਂ ਹਨ ਅਤੇ ਗਰਮਾ-ਗਰਮ ਸਮੋਸੇ ਵੇਚੇ ਤੇ ਖਾਧੇ ਜਾ ਰਹੇ ਹਨ। ਇਟਾਲੀਅਨ ਰੈਸਟੋਰਾਂ ਦੀ ਜਗ੍ਹਾ ਮੁਗਲ ਰੈਸਟੋਰਾਂ ਖੁੱਲ੍ਹਾ ਹੋਇਆ ਹੈ।

ਇਨ੍ਹਾਂ ਤਬਦੀਲੀਆਂ ਤੇ ਪਰਵਾਸੀ ਲੋਕਾਂ ਦੀ ਬਹੁਗਿਣਤੀ ਨੂੰ ਵੇਖ ਕੇ ਉਹ ਲਿਖਦਾ ਹੈ ਕਿ ਉਸਨੂੰ ਇਸ ਗੱਲ ਦੀ ਉਕਾ ਹੀ ਕੋਈ ਸਮਝ ਨਹੀਂ ਆ ਰਹੀ ਕਿ ਇਥੋਂ ਅੱਧਾ ਗਲੋਬ ਦੂਰੀ ਤੇ ਵਸਦੇ ਲੋਕਾਂ ਦਾ ਇਹ ਝੁੰਡ ਨਿਊ ਜਰਸੀ ਲਾਗੇ ਉਸਦੇ ਸ਼ਹਿਰ ਐਡੀਸਨ 'ਚ ਕਿਵੇਂ ਆਣ ਲੱਥਾ ਹੈ। ਉਹ ਸੋਚਦਾ ਹੈ ਕਿ ਇਹ ਲੋਕ ਕਿਧਰੇ ਭਾਰਤ ਦੇ ਕਿਸੇ ਅਜਿਹੇ ਸੂਬੇ ਦੇ ਵਾਸੀ ਤਾਂ ਨਹੀਂ ਜਿਨ੍ਹਾਂ ਦਾ ਬਾਕੀ ਸਾਰੇ ਭਾਰਤ ਦੇ ਸੂਬਿਆਂ ਦੇ ਲੋਕ ਮਜ਼ਾਕ ਉਡਾਉਂਦੇ ਹੋਣ ਤੇ ਜਿਹੜੇ ਅਜੇ ਵੀ ਇਸ ਭਾਵਨਾ ਤੋਂ ਮੁਕਤ ਹੋਏ ਵਿਖਾਈ ਨਹੀਂ ਦਿੰਦੇ।

ਉਹ ਲਿਖਦਾ ਹੈ, "ਜਦੋਂ ਮੈਂ ਬੱਚਾ ਸੀ ਤਾਂ ਗੁਜਰਾਤ ਤੋਂ ਕੁਝ ਇੰਜੀਨੀਅਰ ਤੇ ਡਾਕਟਰ ਇਥੇ ਆਏ ਸਨ ਜਿਨ੍ਹਾਂ ਦੀ ਇਥੇ ਘਾਟ ਸੀ ਤੇ ਲੋੜ ਵੀ ਸੀ। ਕੁਝ ਸਮੇਂ ਲਈ ਸਾਨੂੰ ਮਹਿਸੂਸ ਹੋਇਆ ਕਿ ਇਹ ਦਿਮਾਗੀ ਤੇ ਬੁੱਧੀਮਾਨ ਲੋਕ ਹਨ। ਫਿਰ 1980ਵਿਆਂ 'ਚ ਇਨ੍ਹਾਂ ਬੁੱਧੀਮਾਨਾਂ ਨੇ ਆਪਣੇ ਭੈਣ-ਭਰਾ ਤੇ ਚਚੇਰੇ, ਮਮੇਰੇ ਵਪਾਰੀ ਕਿਸਮ ਦੇ ਲੋਕ ਇਥੇ ਬੁਲਾ ਲਏ ਜੋ ਇਨ੍ਹਾਂ ਨਾਲੋਂ ਘੱਟ ਬੁੱਧੀਮਾਨ ਸਨ। ਫਿਰ 1990ਵਿਆਂ 'ਚ ਇਨ੍ਹਾਂ ਘੱਟ ਬੁੱਧੀਮਾਨਾਂ ਨੇ ਆਪਣੇ ਨਾਲੋਂ ਵੀ ਘੱਟ ਬੁੱਧੀਮਾਨ ਭੈਣ-ਭਾਈ ਇਥੇ ਬੁਲਾ ਲਏ ਅਤੇ ਸਾਨੂੰ ਸਮਝ ਪੈ ਗਈ ਕਿ ਭਾਰਤ ਇੰਨਾ ਜ਼ਿਆਦਾ ਗਰੀਬ ਕਿਉਂ ਹੈ।"

ਸਟੇਨ ਲਿਖਦਾ ਹੈ ਕਿ ਐਡੀਸਨ 'ਚ ਇੰਨੇ ਭਾਰਤੀ ਆ ਗਏ ਹਨ ਕਿ ਇਨ੍ਹਾਂ ਇਥੋਂ ਦਾ ਸਭਿਆਚਾਰ ਹੀ ਬਦਲ ਕੇ ਰੱਖ ਦਿੱਤਾ ਹੈ। ਇਨ੍ਹਾਂ ਦੇ ਕਈ-ਕਈ ਬਾਹਵਾਂ ਤੇ ਹਾਥੀ ਦੇ ਨੱਕ ਵਾਲੇ ਦੇਵੀ-ਦੇਵਤੇ ਹਨ। ਉਸ ਅਨੁਸਾਰ ਵਿਸ਼ਵਾਸ ਨਹੀਂ ਆਉਂਦਾ ਕਿ ਲੋਕ ਇੰਨਾ ਮਸਾਲੇਦਾਰ ਖਾਣਾ ਵੀ ਖਾਂਦੇ ਹੋਣਗੇ। ਉਸ ਤੋਂ ਅੱਗੇ ਉਹ ਆਪਣੇ ਇਸ ਸ਼ਹਿਰ ਦੇ ਭਾਰਤੀਆਂ ਲਈ 'Dot Heads' ਅਤੇ 'Italian Guidos' ਵਰਗੇ ਨਖਿੱਧ ਸ਼ਬਦ ਵੀ ਵਰਤਦਾ ਹੈ। ਉਹ ਕਹਿੰਦਾ ਹੈ ਕਿ ਮੇਰੇ ਸ਼ਹਿਰ 'ਚ ਇੰਨੇ ਜ਼ਿਆਦਾ ਭਾਰਤੀ ਹੋਣ ਕਰਕੇ ਲੋਕ ਉਨ੍ਹਾਂ ਨੂੰ 'Dot Heads' ਕਹਿਣ ਲੱਗ ਪਏ ਸਨ। ਉਹ ਆਪਣੇ ਹਾਈ ਸਕੂਲ ਦੇ ਇਕ ਐਸੇ ਬੱਚੇ ਦਾ ਵੀ ਜ਼ਿਕਰ ਕਰਦਾ ਹੈ ਜੋ ਇਕ ਵਾਰ ਭਾਰਤੀਆਂ ਦੀ ਸੰਘਣੀ ਵਸੋਂ ਵਾਲੀ ਗਲੀ 'ਚੋਂ 'ਭਾਰਤ 'ਚ ਆਪਣੇ ਘਰ ਚਲੇ ਜਾਓ' ਦੀਆਂ ਉਚੀਆਂ-ਉਚੀਆਂ ਆਵਾਜ਼ਾਂ ਲਗਾਉਂਦਾ ਲੰਘ ਗਿਆ ਸੀ। ਫਿਰ ਉਹ ਲਿਖਦਾ ਹੈ ਕਿ ਜੇ ਉਸ ਦੇ ਪੁਰਾਣੇ ਜੇ.ਪੀ. ਸਟੀਵਨਜ਼ ਸਕੂਲ ਦੇ ਅੱਜ ਦੇ ਵਿਦਿਆਰਥੀਆਂ ਦੀਆਂ ਫੋਟੋਆਂ ਦੀ Facebock ਵੇਖੋ ਜਿਨ੍ਹਾਂ 'ਚੋਂ ਲਗਭਗ ਅੱਧੇ ਭਾਰਤੀ ਹਨ ਤਾਂ ਉਨ੍ਹਾਂ 'ਚੋਂ ਬਹੁਤੇ 'Italian Guidos' ਵਰਗੇ ਲਗਦੇ ਹਨ, 1980 'ਚ ਜਿਨ੍ਹਾਂ 'ਚ ਰਹਿ ਕੇ ਉਹ ਵੱਡਾ ਹੋਇਆ ਤੇ ਜੋ ਗਲੇ 'ਚ ਸੋਨੇ ਦੀਆਂ ਜੰਜੀਰੀਆਂ ਪਹਿਨ ਕੇ, ਵਾਲਾਂ ਨੂੰ ਜ਼ੈਲ ਨਾਲ ਚੋਪੜ ਕੇ ਅਤੇ ਕਮੀਜ਼ਾਂ ਦੇ ਬਟਨ ਖੁੱਲ੍ਹੇ ਛੱਡ ਕੇ ਘੁੰਮਦੇ ਸਨ। ਅਖੀਰ 'ਤੇ ਉਹ ਕਹਿੰਦਾ ਹੈ ਕਿ ਇਹ ਐਸੇ ਖੂਬ ਅਮਰੀਕਨ ਲਗਦੇ ਹਨ ਕਿ ਲਿਬਰਟੀ ਦਾ ਬੁੱਤ ਜ਼ਰੂਰ ਇਕ ਹੰਝੂ ਵਹਾਉਂਦਾ ਜੇ ਉਹ ਅਜਿਹਾ ਕਰ ਸਕਦਾ ਹੁੰਦਾ।

ਉਪਰੋਕਤ ਲੇਖ 'ਤੇ ਲੋਕਾਂ ਨੇ ਸਖਤ ਤੇ ਤਿੱਖੇ ਪ੍ਰਤੀਕਰਮ ਪ੍ਰਗਟ ਕੀਤੇ ਹਨ। ਨਿਊ ਜਰਸੀ ਦੇ ਡੈਮੋਕਰੇਟਿਕ ਸੈਨੇਟਰ ਰੋਬਰਟ ਮੈਨਡੇਜ਼ ਨੇ ਕਿਹਾ ਹੈ ਕਿ ਸਟੇਨ ਗੱਲ ਕਰਦਾ ਆਪਣੀ ਸੀਮਾ ਲੰਘ ਗਿਆ ਹੈ ਜੋ ਚੰਗਾ ਨਹੀਂ ਹੈ। ਹਿੰਦੂ ਦੇਵੀ-ਦੇਵਤਿਆਂ ਬਾਰੇ ਸਟੇਨ ਦੀਆਂ ਟਿੱਪਣੀਆਂ ਅਤਿ ਨਿੰਦਣਯੋਗ ਹਨ। ਉਸ ਨੇ ਇਹ ਵੀ ਕਿਹਾ ਹੈ ਕਿ ਕਹਿੰਦੀ ਹੈ ਕਿ ਇਹ ਗੱਲ ਉਸਦੀ ਸਮਝੋਂ ਬਾਹਰ ਹੈ ਕਿ 'ਟਾਈਮ' ਵਰਗੇ ਰਸਾਲੇ ਨੇ ਐਸਾ ਲੇਖ ਛਾਪ ਹੀ ਕਿਵੇਂ ਦਿਤਾ ਹੈ?

ਐਡੀਸਨ ਸਿਟੀ ਕੌਂਸਲ ਦੇ ਭਾਰਤੀ ਮੈਂਬਰ ਡਾ. ਸੁਧਾਂਸ਼ੂ ਪ੍ਰਸਾਦ ਨੇ ਕਿਹਾ ਹੈ ਕਿ ਸਟੇਨ ਦਾ ਲੇਖ ਇਕ ਭੱਦਾ ਮਜ਼ਾਕ ਹੈ ਜਿਸ ਨੇ ਲੋਕਾਂ ਦੇ ਮਨਾਂ ਨੂੰ ਡਾਢਾ ਦੁੱਖ ਪਹੁੰਚਾਇਆ ਹੈ। ਉਸ ਅਨੁਸਾਰ ਸਟੇਨ ਨੂੰ ਯਾਦ ਹੋਣਾ ਚਾਹੀਦਾ ਹੈ ਕਿ 25 ਸਾਲ ਪਹਿਲਾਂ ਜੋ ਇਥੇ ਹੇਟ-ਕਰਾਈਮ ਹੋਏ ਸਨ, ਉਨ੍ਹਾਂ ਦੀ ਜੜ੍ਹ ਇਹ ਸ਼ਬਦ 'Dot Heads' ਹੀ ਸੀ ਜਿਸ ਵਿਚ ਇਕ ਏਸ਼ੀਅਨ-ਇੰਡੀਅਨ ਮਾਰਿਆ ਗਿਆ ਸੀ। ਸੋਮਰਸ਼ੈਟ ਤੋਂ ਸਟੇਟ ਅਸੰਬਲੀ ਦੇ ਭਾਰਤੀ ਮੂਲ ਦੇ ਮੈਂਬਰ ਉਪਿੰਦਰ ਦਿਵੂਕਲਾ ਨੇ ਕਿਹਾ ਹੈ ਕਿ ਉਸਨੂੰ ਹੈਰਾਨੀ ਵੀ ਹੋਈ ਹੈ ਤੇ ਗਹਿਰਾ ਸਦਮਾ ਵੀ ਲੱਗਿਆ ਹੈ ਕਿ ਸਕੂਲ ਟਾਈਮ ਵੇਲੇ ਸਟੇਨ ਤੇ ਉਸ ਦੇ ਸਾਥੀ ਵਿਦਿਆਰਥੀ ਭਾਰਤੀ ਲੋਕਾਂ ਬਾਰੇ 'Dot Heads' ਸ਼ਬਦ ਵਰਤਦੇ ਹੁੰਦੇ ਸਨ! ਸਟੇਨ ਦੀਆਂ ਗੱਲਾਂ 'ਚੋਂ ਨਫਰਤ ਦੇ ਨਾਲ-ਨਾਲ, ਭਾਰਤੀਆਂ ਦੀ ਤਰੱਕੀ ਨਾਲ ਸਾੜੇ ਦੀ ਬੂ ਵੀ ਆਉਂਦੀ ਹੈ। ਭਾਰਤੀ ਮੂਲ ਦੇ ਐਕਟਰ ਕਾਲ ਪੈਨ, ਜਿਸ ਨੇ ਓਬਾਮਾ ਸਰਕਾਰ 'ਚ ਸਾਲ ਭਰ ਕੰਮ ਵੀ ਕੀਤਾ ਹੈ, ਨੇ ਸਟੇਨ ਅਤੇ 'ਟਾਈਮ' ਮੈਗਜ਼ੀਨ ਦੀ ਭਰਵੀਂ ਨਿੰਦਿਆਂ ਕੀਤੀ ਹੈ। ਸਾਊਥ-ਏਸ਼ੀਅਨ ਅਮਰੀਕਨਾਂ ਦੀ ਸੰਸਥਾ ਦੀ ਡਾਇਰੈਕਟਰ ਦੀਪਾ ਆਇਰ ਨੇ ਸਟੇਨ ਨੂੰ ਨਿੱਜੀ ਚਿੱਠੀ ਲਿਖ ਕੇ ਦੁੱਖ ਦਾ ਇਜ਼ਹਾਰ ਕੀਤਾ ਹੈ।

ਉਪਰੋਕਤ ਵਾਵੇਲੇ ਤੋਂ ਬਾਅਦ ਲੇਖਕ ਤੇ ਮੈਗਜ਼ੀਨ ਨੇ ਇਸ ਗੁਨਾਹ ਵਰਗੀ ਗ਼ਲਤੀ 'ਤੇ ਅਫਸੋਸ ਪ੍ਰਗਟ ਕੀਤਾ ਹੈ। ਜੋਲ ਸਟੇਨ ਨੇ ਆਪਣੇ ਬਲਾਗ 'ਚ ਲਿਖਿਆ ਹੈ, "ਸੱਚੀਂ ਮੈਨੂੰ ਬਹੁਤ ਕਚਿਆਣ ਮਹਿਸੂਸ ਹੋਈ ਜਦੋਂ ਮੈਨੂੰ ਪਤਾ ਲੱਗਾ ਕਿ ਮੈਂ ਇੰਨੇ ਲੋਕਾਂ ਦਾ ਦਿਲ ਦੁਖਾਇਆ ਹੈ। ਹੋਰਾਂ ਵਾਂਗ ਮੈਂ ਵੀ ਸਮਝਦਾ ਹਾਂ ਕਿ ਪਰਵਾਸੀਆਂ ਨੇ ਅਮਰੀਕਾ ਨੂੰ ਬਹੁਤ ਅਮੀਰ ਕੀਤਾ ਹੈ ਅਤੇ ਖਾਸ ਕਰਕੇ ਮੇਰੇ ਸ਼ਹਿਰ ਐਡੀਸਨ ਨੂੰ। ਅਸਲ 'ਚ ਮੈਂ ਹੱਕਾ-ਬੱਕਾ ਰਹਿ ਗਿਆ ਸਾਂ ਸ਼ਹਿਰ ਨੂੰ ਇੰਨਾ ਬਦਲਿਆ ਵੇਖ ਕੇ। ਇਹ ਲੇਖ ਇਸ ਹੈਰਾਨੀ ਦਾ ਪ੍ਰਤੀਕਰਮ ਸੀ।"

ਟਾਈਮ ਮੈਗਜੀਨ ਨੇ ਲਿਖਿਆ ਹੈ, "ਪਿਛਲੇ ਦਿਨੀਂ ਜੋਲ ਸਟੇਨ ਦਾ ਲੇਖ ਪੜ੍ਹ ਕੇ ਜੇ ਕਿਸੇ ਪਾਠਕ ਦੇ ਮਨ ਨੂੰ ਦੁੱਖ ਹੋਇਆ ਹੈ ਤਾਂ ਸਾਨੂੰ ਇਸ ਗੱਲ ਦਾ ਸੱਚੇ ਦਿਲੋਂ ਅਫਸੋਸ ਹੈ।




ਭਾਰਤੀ-ਅਮਰੀਕਨ ਇਕ ਐਸੀ ਕਮਿਊਨਿਟੀ ਹੈ ਜੋ ਅਮਰੀਕੀ-ਪਰਵਾਸ ਦੇ ਸਬੰਧ 'ਚ ਇਕ ਬਹੁਤ ਵੱਡੀ ਕਾਮਯਾਬੀ ਦੀ ਬਾਤ ਪਾਉਂਦੀ ਹੈ। ਉਸ ਅਨੁਸਾਰ ਭਾਰਤੀ-ਅਮਰੀਕਨਾਂ ਨੇ ਨਿਊ ਜਰਸੀ ਦੇ ਸਭਿਆਚਾਰ ਅਤੇ ਰਵਾਇਤਾਂ ਨੂੰ ਅਮੀਰੀ ਬਖਸ਼ੀ ਹੈ ਅਤੇ ਇਥੋਂ ਦੇ ਵਿਕਾਸ 'ਚ ਵੱਡਾ ਯੋਗਦਾਨ ਪਾਇਆ ਹੈ। ਉਸ ਨੇ ਲੇਖਕ ਸਟੇਨ ਨੂੰ ਸਲਾਹ ਦਿੱਤੀ ਹੈ ਕਿ ਉਹ ਨਿਊ ਜਰਸੀ ਦੇ ਹਿੰਦੂ ਲੋਕਾਂ ਨਾਲ ਗੱਲਬਾਤ ਕਰੇ ਤੇ ਉਨ੍ਹਾਂ ਦੇ ਵਿਰਸੇ ਬਾਰੇ ਸਮਝੇ ਤੇ ਸਿੱਖੇ। ਐਡੀਸਨ ਸ਼ਹਿਰ ਦੀ ਮੌਜੂਦਾ ਮੇਅਰ ਅਨਤੋਨੀਆ ਰਹਿਰਾਲਿਆਨੋ ਨੇ ਇਸ ਸਬੰਧ 'ਚ 'ਟਾਈਮ' ਮੈਗਜ਼ੀਨ ਤੋਂ ਮੁਆਫੀ ਦੀ ਮੰਗ ਕਰਦਿਆਂ ਕਿਹਾ ਹੈ ਕਿ ਉਹ ਕਿਸੇ ਦੀ ਬੋਲਣ ਦੀ ਆਜ਼ਾਦੀ ਦੇ ਤਾਂ ਖਿਲਾਫ ਨਹੀਂ ਪਰ ਇਹ ਬੰਦਾ (ਸਟੇਨ) ਤਾਂ ਇਕ ਵਾਢਿਓਂ ਹੀ ਇਕ ਕਮਿਊਨਿਟੀ ਅਤੇ ਉਸ ਦੇ ਸਭਿਆਚਾਰ 'ਤੇ ਪੋਚਾ ਮਾਰਨ ਦਾ ਯਤਨ ਕਰ ਰਿਹਾ ਹੈ। ਮੇਅਰ

ਇਸ ਲੇਖ ਨੂੰ ਛਾਪਣ ਪਿੱਛੇ ਸਾਡੀ ਐਸੀ ਭਾਵਨਾ ਬਿਲਕੁਲ ਵੀ ਨਹੀਂ ਸੀ।"

ਇਹ ਠੀਕ ਹੈ ਕਿ ਗ਼ਲਤੀ ਵੀ ਹੋਈ ਹੈ, ਉਸ ਦੀ ਨਿੰਦਿਆਂ ਵੀ ਹੋਈ ਹੈ ਅਤੇ ਗ਼ਲਤੀ ਕਰਨ ਵਾਲਿਆਂ ਗਲਤੀ ਮੰਨ ਕੇ ਅਫਸੋਸ ਵੀ ਜ਼ਾਹਰ ਕੀਤਾ ਹੈ ਪਰ ਸਵਾਲ ਇਹ ਉਠਦਾ ਹੈ ਕਿ ਜੋਲ ਸਟੇਨ, ਜਿਸ ਨੇ ਮਾਰਥਾ ਸਟਿਉਵਾਰਟ ਨਾਲ ਵੀ ਕੰਮ ਕੀਤਾ ਹੈ, ਰੀਡਰਜ਼ ਡਾਈਜੈਸਟ ਨਾਲ ਵੀ, 'ਟਾਈਮ ਆਊਟ' ਦਾ ਸਪੋਰਟਸ ਐਡੀਟਰ ਰਿਹਾ ਹੈ ਅਤੇ ਟੀ ਵੀ ਸ਼ੋਆਂ ਨਾਲ ਵੀ ਸੰਬੰਧਿਤ ਰਿਹਾ ਹੈ, ਉਹ ਐਸੀ ਲਿਖਤ ਕਿਵੇਂ ਅਚੇਤ ਤੇ ਪ੍ਰਤੀਕਰਮ ਤੋਂ ਅਣਜਾਣ ਹੋ ਕੇ ਲਿਖ ਸਕਦਾ ਹੈ? ਦੂਜੀ ਗੱਲ 'ਟਾਈਮ' ਮੈਗਜ਼ੀਨ ਜੋ ਕਿ ਕੌਮਾਂਤਰੀ ਪੱਧਰ ਦਾ ਪਰਚਾ ਹੈ ਅਤੇ ਜਿਸਦੀ ਹਰ ਲਿਖਤ ਤਾਂ ਕੀ ਹਰ ਸ਼ਬਦ ਪੁਣ-ਛਾਣ ਤੋਂ ਬਾਅਦ ਛਪਦਾ ਹੈ, ਉਹ ਪਰਚਾ ਇਕ ਪੂਰਾ ਲੇਖ ਦਾ ਲੇਖ ਹੀ ਬਿਨਾਂ ਸੋਚੇ-ਸਮਝੇ ਛਾਪ ਦੇਵੇ?

# ਵਿਰੋਧੀ ਧਿਰ ਨੂੰ ਏਕਤਾ ਵਲ ਧੱਕ ਰਹੀਆਂ ਨੇ ਸਿਆਸੀ ਸਥਿਤੀਆਂ



**ਪੂਨਮ ਆਈ. ਕੌਸ਼ਿਸ਼**

ਜਿੱਤ ਦੇ ਕਈ ਦਾਅਵੇਦਾਰ ਹੁੰਦੇ ਹਨ ਪਰ ਹਾਰ ਅਨਾਥ ਹੁੰਦੀ ਹੈ। ਇਹ ਕਹਾਵਤ ਪਿਛਲੇ ਹਫਤੇ ਸਹੀ ਸਿੱਧ ਹੋਈ ਹੈ। ਜੇਤੂ ਯੂ.ਪੀ.ਏ.-2 ਆਪਣੀ ਜਿੱਤ ਦੀ ਖੁਸ਼ੀ 'ਚ ਡੁੱਬੀ ਹੋਈ ਹੈ ਤਾਂ ਖੱਬੇਪੱਖੀ ਪਾਰਟੀਆਂ ਨਿਰਾਸ਼ ਹਨ ਅਤੇ ਫਿਰਕੂ-ਧਰਮ ਨਿਰਪੱਖ, ਖੱਬੇਪੱਖੀ-ਦੱਖਣਪੰਥੀ, ਦੋਸਤ-ਦੁਸ਼ਮਣ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਦੀਆਂ ਬਾਹਾਂ ਮਰੋੜਨ ਲਈ ਇਕਜੁੱਟ ਹੋ ਗਏ ਹਨ।

ਸਪੱਸ਼ਟ ਹੈ ਕਿ ਸਿਆਸਤ ਵਿਚ ਅਨੋਖੇ ਸਾਥੀ ਤੇ ਨਵੇਂ ਭਾਈਵਾਲ ਬਣਦੇ ਹਨ। ਕੱਲ ਤੱਕ ਇਸ ਬਾਰੇ ਕੋਈ ਸੋਚ ਵੀ ਨਹੀਂ ਸਕਦਾ ਸੀ ਕਿ ਕੱਟੜ ਵਿਰੋਧੀ ਫਿਰਕੂ ਭਾਜਪਾ ਤੇ ਧਰਮ ਨਿਰਪੱਖ ਖੱਬੇਪੱਖੀ ਪਾਰਟੀਆਂ ਇਕੱਠੀਆਂ ਮਿਲ ਜਾਣਗੀਆਂ, ਦੁਖੀ ਤੇ ਨਿਰਾਸ਼ ਸਮਾਜਵਾਦੀ ਪਾਰਟੀ ਦੇ ਮੁਲਾਇਮ ਸਿੰਘ ਨੂੰ ਰਾਜਗ ਦਾ ਸਾਥ ਦੇਣਾ ਪਵੇਗਾ। ਨਾਲ ਹੀ ਉਹ ਯੂ.ਪੀ.ਏ. ਦਾ ਸਾਥ ਵੀ ਦੇ ਰਹੇ ਹਨ। ਦੱਖਣ ਭਾਰਤ ਦੀਆਂ ਪਾਰਟੀਆਂ ਤੇਲਗੂ ਦੇਸ਼ਮ ਪਾਰਟੀ, ਬੀਜੂ ਜਨਤਾ ਦਲ ਅਤੇ ਅੰਨਾ ਡੀ.ਐਮ.ਕੇ. ਵੀ ਰਾਜਗ ਦੀ ਹਾਂ ਵਿਚ ਹਾਂ ਮਿਲਾਉਣਗੀਆਂ, ਇਸਦੀ ਤਾਂ ਕਲਪਨਾ ਵੀ ਨਹੀਂ ਕੀਤੀ ਗਈ ਸੀ।


ਬਾਬਰੀ ਮਸਜਿਦ ਕਾਂਡ ਤੋਂ ਬਾਅਦ ਖਿੱਚ ਹੋਈਆਂ ਸਿਆਸੀ ਰੇਖਾਵਾਂ ਨੂੰ ਮਿਟਾਉਂਦਿਆਂ ਸਾਰੀ ਵਿਰੋਧੀ ਧਿਰ ਨੇ ਤੇਲ ਦੀਆਂ ਕੀਮਤਾਂ ਵਿਚ ਵਾਧੇ ਤੇ ਵਧਦੀ ਮਹਿੰਗਾਈ 'ਤੇ ਆਮ ਆਦਮੀ ਦੇ ਗੁੱਸੇ ਦਾ ਲਾਭ ਉਠਾਉਂਦਿਆਂ 5 ਜੁਲਾਈ ਨੂੰ ਸਫਲ 'ਭਾਰਤ ਬੰਦ' ਦਾ ਆਯੋਜਨ ਕੀਤਾ। ਵਿਚਾਰਨਯੋਗ ਸਵਾਲ ਹੈ ਕਿ ਕੀ ਵਿਰੋਧੀ ਪਾਰਟੀਆਂ ਦੀ ਏਕਤਾ ਮੁੜ ਪੂਰੇ ਦੇਸ਼ ਵਿਚ ਬਣਦੀ ਜਾ ਰਹੀ ਹੈ? ਇਹ ਸੱਚ ਹੈ ਕਿ ਧਰਮ ਨਿਰਪੱਖ ਮਾਰਕਸੀ ਅਤੇ ਫਿਰਕੂ ਮੋਦੀ ਇਹ ਗੱਲ ਸਪੱਸ਼ਟ ਕਰਦੇ ਥੱਕ ਗਏ ਹਨ ਕਿ ਇਹ ਸੰਯੋਗ ਹੀ ਹੈ ਕਿ ਉਹ ਸਫਲ 'ਭਾਰਤ ਬੰਦ' ਦੇ ਪੱਖ ਵਿਚ ਹੀ ਸਨ ਕਿਉਂਕਿ ਫਿਰਕੂ ਤਾਕਤਾਂ ਨਾਲ ਗੱਠਜੋੜ ਖੱਬੇਪੱਖੀਆਂ ਨੂੰ ਲਾਲ ਝੰਡਾ ਦਿਖਾਉਣ ਵਾਂਗ ਹੈ।

ਭਾਜਪਾ ਜਾਣਦੀ ਹੈ ਕਿ ਉਹ ਤੇਜ਼ੀ ਨਾਲ ਮੁੱਖ ਵਿਰੋਧੀ ਪਾਰਟੀ ਵਾਲੀ ਥਾਂ ਗੁਆਉਂਦੀ ਜਾ ਰਹੀ ਹੈ, ਇਸ ਲਈ ਉਹ ਆਪਣੀ ਇਸ ਹੋਂਦ ਨੂੰ ਬਚਾਉਣ ਲਈ ਧਰਮ ਨਿਰਪੱਖ ਖੱਬੇਪੱਖੀ ਪਾਰਟੀਆਂ ਤੇ ਬਸਪਾ ਨਾਲ ਕੰਮ ਕਰਨ ਲਈ ਤਿਆਰ ਹੋਈ। ਆਪਣਾ ਅਕਸ ਬਦਲਣ ਲਈ ਉਸ ਵਾਸਤੇ ਇਹ ਜ਼ਰੂਰੀ ਵੀ ਹੈ ਕਿਉਂਕਿ ਅੱਜ ਰਾਜਗ ਪ੍ਰਭਾਵਸ਼ਾਲੀ ਨਹੀਂ ਰਿਹਾ। ਬੀਜੂ ਜਨਤਾ ਦਲ ਇਸ ਤੋਂ ਬਾਹਰ ਹੋ ਗਿਆ ਹੈ ਤੇ ਨਿਤੀਸ਼ ਦੀ ਪਾਰਟੀ ਜਨਤਾ ਦਲ (ਯੂ) ਤੇ ਸ਼ਿਵ ਸੈਨਾ ਵਲੋਂ ਰਾਜਗ ਵਿਚ ਰਹਿਣ ਦੀ ਕੀਮਤ ਮੰਗੀ ਜਾ ਰਹੀ ਹੈ। ਦੂਜੇ ਪਾਸੇ ਮੁਲਾਇਮ ਸਿੰਘ ਕੋਈ ਮੰਤਰੀ ਅਹੁਦਾ ਨਾ ਮਿਲਣ ਕਰਕੇ ਪ੍ਰੇਸ਼ਾਨ ਹਨ। ਇਹ ਵੱਖ-ਵੱਖ 'ਬੰਦ' ਇਕੋ ਦਿਨ ਕਿਵੇਂ ਆਯੋਜਿਤ ਕੀਤੇ ਗਏ? ਤੁਸੀਂ ਮੰਨੋ ਜਾਂ ਨਾ ਮੰਨੋ ਪਰ ਬਦਲਹੀਣਤਾ ਦੀ ਸਥਿਤੀ ਕਾਰਨ ਯੂ.ਪੀ.ਏ.-2 ਸਰਕਾਰ ਵਿਰੁਧ ਵਿਰੋਧੀ ਪਾਰਟੀਆਂ ਇਕਜੁੱਟ ਹੋਈਆਂ ਹਨ। ਉਨ੍ਹਾਂ ਨੇ ਵੱਖ-ਵੱਖ ਇਸ ਮੁੱਦੇ ਨੂੰ ਉਠਾਉਣਾ ਚਾਹਿਆ ਪਰ ਇਸ ਵਿਚ ਉਹ ਨਾਕਾਮ ਰਹੀਆਂ। ਹੁਣ ਜਦੋਂ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਇਕਜੁੱਟ ਹੋ ਕੇ ਉਹ ਕਾਮਯਾਬ ਹੋ ਸਕਦੀਆਂ ਹਨ ਤਾਂ ਉਨ੍ਹਾਂ ਨੇ ਅਯੁੱਧਿਆ ਤੋਂ ਬਾਅਦ ਦੀਆਂ ਸਿਆਸੀ ਰੇਖਾਵਾਂ ਨੂੰ ਸਮੂਹਿਕ ਤੌਰ 'ਤੇ ਮਿਟਾ ਦਿੱਤਾ ਤੇ ਫੈਸਲਾ ਕੀਤਾ ਕਿ ਇਕਜੁੱਟ ਹੋਣਾ ਚਾਹੀਦਾ ਹੈ। ਸਪੱਸ਼ਟ ਹੈ ਕਿ ਇਹ ਪਾਰਟੀਆਂ ਆਪਣੀ ਪਛਾਣ ਬਣਾਉਣਾ ਚਾਹੁੰਦੀਆਂ ਹਨ।

ਖੱਬੇਪੱਖੀ ਪਾਰਟੀਆਂ ਤੇ ਰਾਜਗ ਦੀਆਂ 11 ਸੂਬਿਆਂ ਵਿਚ ਸਰਕਾਰਾਂ ਹਨ। ਰਾਜਗ ਦੇ ਕਨਵੀਨਰ ਤੇ ਜਨਤਾ ਦਲ (ਯੂ) ਦੇ ਪ੍ਰਧਾਨ ਸ਼ਰਦ ਯਾਦਵ ਦੇ ਸ਼ਬਦਾਂ ਵਿਚ ''ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਸਰਕਾਰ ਤੋਂ ਬਾਹਰ ਰਹਿ ਰਹੀਆਂ ਸਾਰੀਆਂ ਪਾਰਟੀਆਂ ਸਰਕਾਰ ਦੇ ਵਿਰੁਧ ਇਕਜੁੱਟ ਹੋਈਆਂ ਹਨ।'' ਵਿਰੋਧੀ ਪਾਰਟੀਆਂ ਦੀ ਏਕਤਾ ਨੂੰ ਇਤਿਹਾਸਿਕ ਦਸਦਿਆਂ ਉਨ੍ਹਾਂ ਨੇ ਮੰਨਿਆ ਕਿ ਮਹਿੰਗਾਈ ਇਕ ਸੰਵੇਦਨਸ਼ੀਲ ਮੁੱਦਾ ਹੈ ਤੇ ਆਮ ਆਦਮੀ ਇਸ ਤੋਂ ਬਹੁਤ ਦੁਖੀ ਹੈ। ਉਨ੍ਹਾਂ ਦਾ ਇਰਾਦਾ ਸਰਕਾਰ ਨੂੰ ਡੇਗਣਾ ਨਹੀਂ ਹੈ ਪਰ ਜੇ ਚੋਣਾਂ ਹੋਈਆਂ ਤਾਂ ਸਰਕਾਰ ਹਾਰ ਸਕਦੀ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਕਾਂਗਰਸ ਦੇ ਸ਼ਾਸਨ ਵਾਲੇ 2 ਸੂਬਿਆਂ ਮਹਾਰਾਸ਼ਟਰ ਤੇ ਰਾਜਸਥਾਨ 'ਚ ਵੀ ਰਾਜਗ ਦੇ ਸ਼ਾਸਨ ਵਾਲੇ ਸੂਬਿਆਂ ਵਾਂਗ 'ਬੰਦ' ਸਫਲ ਰਿਹਾ।

ਇਸ ਤੋਂ ਇਲਾਵਾ 6 ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ ਤੇ ਇਹ ਸਿਆਸੀ ਪਾਰਟੀਆਂ ਇਕ ਪਰਪੱਕ ਬਦਲ ਪੇਸ਼ ਕਰਨਾ ਚਾਹੁੰਦੀਆਂ ਹਨ। 2009 ਦੀਆਂ ਆਮ ਚੋਣਾਂ 'ਚ ਖੱਬੇਪੱਖੀ ਪਾਰਟੀਆਂ ਨੂੰ ਮੂੰਹ ਦੀ ਖਾਣੀ ਪਈ। ਜਦੋਂ ਮਾਕਪਾ ਨੇ ਤੀਜੇ ਮੋਰਚੇ ਦਾ ਸਾਥ ਦੇਣ ਦੀ ਕੋਸ਼ਿਸ਼ ਕੀਤੀ ਤੇ ਉਸ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਇਸ ਸਮੇਂ ਇਨ੍ਹਾਂ ਸਾਰੀਆਂ ਪਾਰਟੀਆਂ 'ਚ ਝਿਜਕ ਹੈ ਪਰ ਸੱਤਾ ਦਾ ਨਸ਼ਾ ਅਜਿਹਾ ਹੁੰਦਾ ਹੈ ਕਿ ਰੰਗ, ਵਿਚਾਰਧਾਰਾ, ਲੀਡਰਸ਼ਿਪ ਆਦਿ ਸਾਰਾ ਕੁਝ 'ਖੇਡ' ਬਣ ਕੇ ਰਹਿ ਗਿਆ ਹੈ, ਚਾਹੇ ਇਸਦੇ ਲਈ ਦੁਸ਼ਮਣਾਂ ਦਾ ਹੀ ਸਾਥ ਕਿਉਂ ਨਾ ਦੇਣਾ ਪਵੇ।

ਖੱਬੇਪੱਖੀ ਪਾਰਟੀਆਂ ਨੇ ਪੂਰੀ ਸਾਵਧਾਨੀ ਨਾਲ ਦਿੱਤੇ ਬਿਆਨ ਵਿਚ ਕਿਹਾ ਹੈ ਕਿ ਉਹ ਧਰਮ ਨਿਰਪੱਖ ਵਿਰੋਧੀ ਪਾਰਟੀਆਂ ਨਾਲ ਆਪਣੀਆਂ ਭਵਿੱਖੀ ਯੋਜਨਾਵਾਂ ਦੀ ਰੂਪ ਰੇਖਾ ਤਿਆਰ ਕਰਨਗੇ। ਇਹ ਸੱਚ ਹੈ ਕਿ ਖੱਬੇਪੱਖੀ ਪਾਰਟੀਆਂ ਦੀ ਸਥਿਤੀ ਚੰਗੀ ਨਹੀਂ ਹੈ। ਪੱਛਮੀ ਬੰਗਾਲ ਦੇ ਮੁੱਖ ਮੰਤਰੀ ਭਾਰਤ-ਅਮਰੀਕਾ ਪ੍ਰਮਾਣੂ ਸਮਝੌਤੇ ਦੇ ਮੁੱਦੇ 'ਤੇ ਯੂ.ਪੀ.ਏ.-1 ਸਰਕਾਰ ਤੋਂ ਹਮਾਇਤ ਵਾਪਸਿ ਲੈਣ ਅਤੇ ਪ੍ਰਕਾਸ਼ ਕਾਰਤ ਦੇ ਸੂਬਾਈ ਮਾਕਪਾ ਵਿਚ ਦਖਲ ਦੇ ਪੱਖ ਵਿਚ ਨਹੀਂ ਸਨ ਪਰ



ਬੁੱਧਦੇਵ ਭੱਟਾਚਾਰੀਆ ਅਤੇ ਪ੍ਰਕਾਸ਼ ਕਾਰਤ ਸਮਝਦੇ ਹਨ ਕਿ ਅਗਾਂਹ ਉਨ੍ਹਾਂ ਲਈ ਇਮਤਿਹਾਨ ਦੀ ਘੜੀ ਹੈ ਤੇ 2011 ਦੀਆਂ ਵਿਧਾਨ ਸਭਾ ਚੋਣਾਂ ਖੱਬੇਪੱਖੀ ਪਾਰਟੀਆਂ ਦੇ ਭਵਿੱਖ ਦਾ ਫੈਸਲਾ ਕਰਨਗੀਆਂ।

ਸੱਤਾਧਾਰੀ ਕਾਂਗਰਸ ਨੂੰ 'ਬੰਦ' ਤੋਂ ਦੋ ਸਬਕ ਲੈਣੇ ਚਾਹੀਦੇ ਹਨ। ਪਹਿਲਾ ਮਹਿੰਗਾਈ ਅਜਿਹਾ ਮਜ਼ਬੂਤ ਮੁੱਦਾ ਹੈ, ਜੋ ਸਰਕਾਰ ਦੀ ਜਾਇਜ਼ਤਾ 'ਤੇ ਵਾਰ ਕਰ ਸਕਦਾ ਹੈ। ਜ਼ਿਕਰਯੋਗ ਹੈ ਕਿ 90 ਦੇ ਦਹਾਕੇ ਦੇ ਮੱਧ ਵਿਚ ਪਿਆਜ਼ ਦੀਆਂ ਕੀਮਤਾਂ ਵਿਚ ਵਾਧੇ ਕਾਰਨ ਦਿੱਲੀ 'ਚ ਭਾਜਪਾ ਦੀ ਸਰਕਾਰ ਡਿੱਗੀ ਸੀ। ਦੂਜਾ ਸਰਕਾਰ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਵਧਦੀ ਮਹਿੰਗਾਈ ਦੇ ਮੁੱਦੇ 'ਚ ਅਜਿਹੀ ਸਮਰੱਥਾ ਹੈ ਕਿ ਉਹ ਸਿਆਸੀ ਮੱਤਭੇਦਾਂ ਨੂੰ ਦੂਰ ਕਰ ਸਕਦਾ ਹੈ ਤੇ ਜਨਤਾ ਦੇ ਦਬਾਅ ਅੱਗੇ ਸਰਕਾਰ ਨੂੰ ਝੁਕਣ ਲਈ ਮਜਬੂਰ ਕਰ ਸਕਦਾ ਹੈ। ਇਸ ਤੋਂ ਇਲਾਵਾ ਪੱਛਮੀ ਬੰਗਾਲ ਦੀ ਮਮਤਾ ਤੇ ਬਿਹਾਰ ਦੇ ਲਾਲੂ, ਜੋ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਕਰ ਰਹੇ ਹਨ, ਮਹਿੰਗਾਈ ਤੋਂ ਆਮ ਆਦਮੀ ਨੂੰ ਬਚਾਉਣ ਲਈ ਨਵੀਆਂ ਯੋਜਨਾਵਾਂ ਲਿਆਉਣ ਦੀ ਮੰਗ ਸਰਕਾਰ ਤੋਂ ਕਰ ਸਕਦੇ ਹਨ। ਇਹ ਮੁੱਦਾ ਵਿਰੋਧੀ ਪਾਰਟੀਆਂ 'ਚ ਫੁੱਟ, ਖਾਸ ਕਰਕੇ ਰਾਜ ਸਭਾ 'ਚ ਵਿਰੋਧੀ ਪਾਰਟੀਆਂ 'ਚ ਮੱਤਭੇਦਾਂ ਦਾ ਲਾਭ ਉਠਾਉਣ ਦੀ ਕਾਂਗਰਸ ਦੀ ਯੋਜਨਾ ਨੂੰ ਨਾਕਾਮ ਕਰ ਸਕਦਾ ਹੈ, ਜਿਥੇ ਕਾਂਗਰਸ ਨੂੰ ਬਹੁਮਤ ਹਾਸਿਲ ਨਹੀਂ ਹੈ।

ਯੂ.ਪੀ.ਏ. ਦੀ ਇਸ ਸਥਿਤੀ ਨੂੰ ਦੇਖਦਿਆਂ ਉਸ ਦੀ ਸਹਿਯੋਗੀ ਪਾਰਟੀ ਰਾਕਾਂਪਾ ਦੇ ਸੁਪਰੀਮੋ ਸ਼ਰਦ ਪਵਾਰ ਨੇ ਮੁੜ ਸਖਤ ਰਵੱਈਆ ਅਪਨਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਵੱਖ-ਵੱਖ ਸੂਬਿਆਂ ਵਿਚ ਗੈਰ-ਕਾਂਗਰਸੀ ਧਰਮ ਨਿਰਪੱਖ, ਲੋਕਤੰਤਰਿਕ ਮੋਰਚਾ ਬਣਾਉਣ ਦੀ ਆਪਣੀ ਯੋਜਨਾ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਇਸ ਗੱਲ ਨੂੰ ਧਿਆਨ ਵਿਚ ਨਹੀਂ ਰੱਖਿਆ ਕਿ ਉਨ੍ਹਾਂ ਦੀ ਪਾਰਟੀ ਯੂ.ਪੀ.ਏ. ਦਾ ਹਿੱਸਾ ਹੈ ਅਤੇ ਮਹਾਰਾਸ਼ਟਰ ਵਿਚ ਕਾਂਗਰਸ ਤੇ ਰਾਕਾਂਪਾ ਸਹਿਯੋਗੀ ਪਾਰਟੀਆਂ ਹਨ। ਜੇ ਉਨ੍ਹਾਂ ਦੀ ਯੋਜਨਾ ਸਫਲ ਹੋਈ ਤਾਂ 2014 ਦੀਆਂ ਆਮ ਚੋਣਾਂ ਵਿਚ ਇਹ ਮੋਰਚਾ ਇਕ ਕੌਮੀ ਪੱਧਰ ਦਾ ਗੱਠਜੋੜ ਬਣ ਸਕਦਾ ਹੈ। ਕੇਰਲਾ ਵਿਚ ਰਾਕਾਂਪਾ, ਕਾਂਗਰਸ ਦੀ ਅਗਵਾਈ ਵਾਲੇ ਯੂ.ਡੀ.ਐਫ. ਦੇ ਵਿਰੋਧੀ ਐਲ.ਡੀ.ਐਫ. ਦੀ ਮੈਂਬਰ ਹੈ। ਪਵਾਰ, ਬੀਜੂ ਜਨਤਾ ਦਲ ਦੇ ਨਵੀਨ ਪਟਨਾਇਕ, ਅਸਮ ਗਣ ਪ੍ਰੀਸ਼ਦ ਦੇ ਭ੍ਰਿਗੂ ਫੂਕਨ ਧੜੇ ਅਤੇ ਅਜਿਤ ਸਿੰਘ ਦੀ ਪਾਰਟੀ ਰਾਸ਼ਟਰੀ ਲੋਕ ਦਲ ਨੂੰ ਆਪਣੇ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੇ ਹਨ। ਆਂਧਰਾ ਪ੍ਰਦੇਸ਼ 'ਚ ਰਾਕਾਂਪਾ ਵਾਈ.ਐਸ.ਆਰ. ਰੈਡੀ ਦੇ ਬੇਟੇ ਜਗਨਮੋਹਨ, ਤੇਲਗੂ ਦੇਸ਼ਮ ਪਾਰਟੀ ਤੇ ਖੱਬੇਪੱਖੀ ਪਾਰਟੀਆਂ ਨਾਲ ਮਿਲ ਕੇ ਕਾਂਗਰਸ ਵਿਚ ਪਈ ਫੁੱਟ ਦਾ ਲਾਭ ਉਠਾਉਣਾ ਚਾਹੁੰਦੇ ਹਨ। ਰਾਕਾਂਪਾ ਦੇ ਬੁਲਾਰੇ ਅਨੁਸਾਰ, ''ਜੇ ਕਾਂਗਰਸ ਸਾਨੂੰ ਢੁਕਵਾਂ ਸਥਾਨ ਨਹੀਂ ਦਿੰਦੀ ਤਾਂ ਅਸੀਂ ਆਪਣਾ ਸਥਾਨ ਖੁਦ ਬਣਾਵਾਂਗੇ।'' ਉਂਜ ਕਾਂਗਰਸ ਇਹ ਜਾਣਦੀ ਹੈ ਕਿ ਜਦੋਂ ਦਬਾਅ ਪੈਂਦਾ ਹੈ ਤਾਂ ਪਵਾਰ ਪਲਟ ਜਾਂਦੇ ਹਨ।

ਯੂ.ਪੀ.ਏ. ਦੀਆਂ ਸਹਿਯੋਗੀ ਪਾਰਟੀਆਂ ਰਾਜਦ ਦੇ ਲਾਲੂ ਤੇ ਲੋਕ ਜਨ ਸ਼ਕਤੀ ਪਾਰਟੀ ਦੇ



ਪਾਸਵਾਨ ਲਈ ਹੋਰ ਕਿਤੇ ਕੋਈ ਜਗ੍ਹਾ ਨਹੀਂ ਹੈ, ਇਸ ਲਈ ਉਨ੍ਹਾਂ ਨੇ ਰਾਜਗ ਦੀ ਇਹ ਕਹਿ ਕੇ ਆਲੋਚਨਾ ਕੀਤੀ ਕਿ ਉਹ ਵੀ ਮਹਿੰਗਾਈ ਲਈ ਜ਼ਿੰਮੇਵਾਰ ਹੈ, ਹਾਲਾਂਕਿ ਦੋਹਾਂ ਪਾਰਟੀਆਂ ਨੇ ਰਾਜਗ ਦੇ ਸ਼ਾਸਨ ਵਾਲੇ ਬਿਹਾਰ 'ਚ 'ਬੰਦ' ਦਾ ਸੱਦਾ ਦਿੱਤਾ ਤੇ ਮਹਿੰਗਾਈ ਨੂੰ ਰੋਕਣ 'ਚ ਨਾਕਾਮ ਰਹਿਣ ਲਈ ਕੇਂਦਰ ਅਤੇ ਰਾਜ ਸਰਕਾਰ ਦੀ ਆਲੋਚਨਾ ਕੀਤੀ। ਨਾਲ ਹੀ ਭਾਜਪਾ ਨੇ ਇਹ ਰਾਗ ਅਲਾਪਣਾ ਸ਼ੁਰੂ ਕਰ ਦਿੱਤਾ ਹੈ ਕਿ ਅਸੀਂ ਸਾਰੇ ਇਕੱਠੇ ਹਾਂ, ਹਾਲਾਂਕਿ ਵਿਰੋਧੀ ਪਾਰਟੀਆਂ 'ਚ ਡੂੰਘੇ ਮੱਤਭੇਦ ਹਨ। ਭਾਜਪਾ ਦਾ ਸੰਸਦੀ ਵਿੰਗ ਚਾਹੁੰਦਾ ਹੈ ਕਿ ਖੱਬੇਪੱਖੀ ਪਾਰਟੀਆਂ ਨਾਲ ਗੱਠਜੋੜ ਕੀਤਾ ਜਾਵੇ ਅਤੇ ਫਿਰਕੂ ਨੇਤਾਵਾਂ ਭਾਵ ਨਰਿੰਦਰ ਮੋਦੀ ਤੇ ਵਰੁਣ ਗਾਂਧੀ ਦੇ ਸੰਬੰਧ 'ਚ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਦੂਰ ਕੀਤਾ ਜਾਵੇ, ਜਦਕਿ ਕੱਟੜਪੰਥੀ ਹਿੰਦੂਤਵ ਦੇ ਮੁੱਦੇ ਨੂੰ ਫੜਨਾ ਚਾਹੁੰਦੇ ਹਨ ਪਰ ਦੋਵੇਂ ਧੜੇ ਜਾਣਦੇ ਹਨ ਕਿ ਇਹ ਸਮਾਂ ਸੁਰੱਖਿਅਤ ਰਾਹ ਅਪਨਾਉਣ ਦਾ ਹੈ, ਨਾ ਕਿ ਰਾਜਗ ਦੇ ਸਹਿਯੋਗੀਆਂ ਨਾਲ ਸੰਬੰਧ ਵਿਗਾੜਨ ਦਾ। ਭਾਜਪਾ ਵਿਚ ਰਾਜਗ ਨੂੰ ਇਕ ਪ੍ਰਵਾਨ ਕੀਤੇ ਜਾਣ ਵਾਲੇ ਨੇਤਾ ਦੀ ਭਾਲ ਜਾਰੀ ਹੈ। ਰਾਜਗ ਵਿਚ ਏਕਤਾ ਲਈ ਗੈਰ-ਭਾਜਪਾ ਵਿਰੋਧੀ ਧਿਰ ਨਾਲ ਰਣਨੀਤਕ ਏਕਤਾ ਬਣਾਈ ਜਾ ਸਕਦੀ ਹੈ ਪਰ ਜੇ ਰਾਜਗ 'ਚ ਹੀ ਫੁੱਟ ਹੋਵੇ ਤਾਂ ਫਿਰ ਕੀ ਕੀਤਾ ਜਾ ਸਕਦਾ ਹੈ?

ਇਹ ਵੀ ਸਪੱਸ਼ਟ ਹੈ ਕਿ ਖੱਬੇਪੱਖੀ ਪਾਰਟੀਆਂ ਆਪਣੀ ਸੋਚ ਤੇ ਆਪਣੇ ਕੰਮਾਂ 'ਤੇ ਕਿਸੇ ਦਾ ਪ੍ਰਭਾਵ ਨਹੀਂ ਪੈਣ ਦੇਣਗੀਆਂ। ਕਾਂਗਰਸ ਇਹ ਤੱਥ ਜਾਣਦੀ ਹੈ ਤੇ ਉਸਨੇ ਵਿਰੋਧੀ ਧਿਰ ਦੇ ਕਦਮਾਂ 'ਤੇ ਨਜ਼ਰ ਰੱਖੀ ਹੋਈ ਹੈ ਕਿਉਂਕਿ ਵਿਰੋਧੀ ਧਿਰ ਦੀ ਏਕਤਾ ਨੂੰ ਛੋਟੀ ਜਿਹੀ ਗੱਲ 'ਤੇ ਤੋੜਿਆ ਜਾ ਸਕਦਾ ਹੈ। ਦੇਖਣਾ ਇਹ ਹੈ ਕਿ ਕੀ ਸੱਤਾ ਦੀ ਲਾਲਸਾ ਇਨ੍ਹਾਂ ਵੱਖ-ਵੱਖ ਸਵਾਰਥੀ ਤੇ ਹੰਕਾਰੀ ਨੇਤਾਵਾਂ ਦੀ ਨਵੀਂ ਬਣੀ 'ਏਕਤਾ' ਨੂੰ ਸਫਲ ਹੋਣ ਦੇਵੇਗੀ?

# ਨਵੇਂ ਸਮੀਕਰਨਾਂ ਦੀ ਭਾਲ ਵਿਚ ਹੈ ਭਾਰਤੀ ਸਿਆਸਤ

**ਐਮ.ਜੇ. ਅਕਬਰ**

ਕੀ ਭਾਰਤੀ ਸਿਆਸਤ 'ਚ ਕੋਈ ਮੱਧਵਰਤੀ ਸਥਾਨ ਹੁੰਦਾ ਹੈ? ਭਾਰਤੀ ਸਮਾਜਵਾਦੀਆਂ ਸਾਹਮਣੇ 1950 ਅਤੇ 1960 ਦੇ ਦਹਾਕੇ ਦਰਮਿਆਨ ਇਹੀ ਕਾਫੀ ਵੱਡੀ ਤ੍ਰਾਸਦੀ ਰਹੀ ਸੀ। ਸਾਡੇ ਆਜ਼ਾਦੀ ਸੰਗਰਾਮ 'ਚ ਜੋ ਵਿਚਾਰਧਾਰਾ ਫੁਲਤ ਹੋਈ, ਉਹ ਅੱਗੇ ਆਉਣ ਵਾਲੇ ਨੇਤਾਵਾਂ ਨੂੰ ਜ਼ਿਆਦਾ ਸਪੱਸ਼ਟ ਦਿਸ਼ਾ ਨਹੀਂ ਦੇ ਸਕੀ। ਮਹਾਤਮਾ ਗਾਂਧੀ ਨੇ ਕਾਂਗਰਸ ਦੀ 'ਛਤਰੀ' ਨੂੰ ਇੰਨਾ ਜ਼ਿਆਦਾ ਫੈਲਾ ਦਿੱਤਾ ਸੀ ਕਿ ਉਸ ਦੇ ਹੇਠਾਂ ਹਰ ਤਰ੍ਹਾਂ ਦੀ ਵਿਚਾਰਧਾਰਾ ਸਮਾ ਸਕਦੀ ਸੀ।

ਇਹ ਬਹੁਤ ਸੌਖਾ ਤਰੀਕਾ ਸੀ ਤੇ ਜਦੋਂ ਤਕ ਇਹ ਚੱਲਿਆ, ਸੁਚੱਜੇ ਢੰਗ ਨਾਲ ਚਲਦਾ ਰਿਹਾ, ਕਿਉਂਕਿ ਭਾਰਤ ਦੇਸ਼ ਸਾਰਿਆਂ ਦਾ ਸੀ ਅਤੇ ਬ੍ਰਿਟਿਸ਼ ਸਰਕਾਰ ਵਿਰੁਧ ਆਜ਼ਾਦੀ ਅੰਦੋਲਨ 'ਚ ਦੇਸ਼ ਦੇ ਲੱਗਭਗ ਸਾਰੇ ਵਰਗ ਸ਼ਾਮਿਲ ਸਨ। ਉਦੋਂ 30 ਦੇ ਦਹਾਕੇ ਤਕ ਹਿੰਦੂ ਮਹਾਸਭਾ ਅਤੇ ਮੁਸਲਿਮ ਲੀਗ ਦਰਮਿਆਨ ਆਪਸੀ ਸਹਿ-ਹੋਂਦ ਸੀ। 1942 ਤਕ ਜੀ.ਡੀ. ਬਿਰਲਾ ਵਰਗੇ ਉਦਯੋਗਪਤੀ ਵੀ ਕਾਂਗਰਸ ਦੇ ਧੜੇ 'ਚ ਕਮਿਊਨਿਸਟਾਂ ਨਾਲ ਆਰਾਮ ਨਾਲ ਰਹਿ ਰਹੇ ਸਨ ਪਰ ਇਸ ਸਹਿ-ਹੋਂਦ 'ਚ ਵੀ ਕਦੇ-ਕਦੇ ਅਹਿਮ ਫੈਸਲੇ ਲੈਂਦਿਆਂ ਥੋੜ੍ਹੇ-ਬਹੁਤ ਮੱਤਭੇਦ ਸਾਹਮਣੇ ਆ ਜਾਂਦੇ ਸਨ।

ਹਿੰਦੂ ਮਹਾਸਭਾ ਤੋਂ ਬਿਨਾਂ ਵੀ ਕਾਂਗਰਸ 1928 'ਚ ਕੋਲਕਾਤਾ ਵਿਚ ਆਯੋਜਿਤ ਸਰਬ ਦਲੀ ਪਾਰਟੀ 'ਚ ਜਿਨਾਹ ਵਲੋਂ ਪ੍ਰਸਤਾਵਿਤ ਸੰਵਿਧਾਨ ਸੰਬੰਧੀ ਮਤੇ 'ਤੇ ਵਿਚਾਰ ਕਰ ਲੈਂਦੀ ਸੀ। ਸੰਨ 1920 ਦੇ ਦਹਾਕੇ ਦੇ ਅਖੀਰ ਵਿਚ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਪੰਡਿਤ ਨਹਿਰੂ ਨੂੰ ਕਾਂਗਰਸ ਦੀ ਸਮਾਜਵਾਦ ਪ੍ਰਤੀ ਲਗਨ ਨੂੰ ਲੈ ਕੇ ਚੌਕਸ ਕਰਨਾ ਸ਼ੁਰੂ ਕਰ ਦਿੱਤਾ ਸੀ। ਕਾਂਗਰਸ ਦੇ ਤ੍ਰਿਪੁਰੀ ਇਜਲਾਸ ਤੋਂ ਬਾਅਦ ਸੁਭਾਸ਼ ਚੰਦਰ ਬੋਸ ਇਸ ਬਾਰੇ ਆਸਵੰਦ ਹੋ ਗਏ ਸਨ ਕਿ ਉਨ੍ਹਾਂ ਕੋਲ ਹੁਣ ਕਾਂਗਰਸ ਤੋਂ ਅੱਡ ਹੋਣ ਅਤੇ ਆਪਣੀ ਵੱਖਰੀ ਪਾਰਟੀ ਆਲ ਇੰਡੀਆ ਫਾਰਵਰਡ ਬਲਾਕ ਬਣਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਗਿਆ।

ਆਜ਼ਾਦੀ ਤੋਂ ਬਾਅਦ ਹੋਰਨਾਂ ਸਮਾਜਵਾਦੀਆਂ ਨੇ ਜੈਪ੍ਰਕਾਸ਼ ਨਾਰਾਇਣ, ਰਾਮ ਮਨੋਹਰ ਲੋਹੀਆ ਅਤੇ ਨਾਥ ਪਾਈ ਦੀ ਅਗਵਾਈ ਹੇਠ ਕਾਂਗਰਸ ਛੱਡ ਦਿੱਤੀ। ਇਨ੍ਹਾਂ 'ਚ ਵੀ ਏਕਤਾ ਸੁਪਨੇ ਵਰਗੀ ਰਹੀ। ਇਹ ਸਮਾਜਵਾਦੀ ਵੀ ਵੰਡੇ ਗਏ। ਇਨ੍ਹਾਂ ਦੇ ਬਟਵਾਰੇ ਨਾਲ ਪਰਜਾ ਸੋਸ਼ਲਿਸਟ ਪਾਰਟੀ ਅਤੇ ਸੰਯੁਕਤ ਸੋਸ਼ਲਿਸਟ ਪਾਰਟੀ ਬਣੀਆਂ। ਚੋਣਾਂ 'ਚ ਇਨ੍ਹਾਂ ਸਮਾਜਵਾਦੀਆਂ ਨੇ ਕੋਈ ਜ਼ਿਆਦਾ ਪ੍ਰਭਾਵ ਨਹੀਂ ਜਮਾਇਆ ਤੇ ਭਾਰਤ ਦੇ ਲੋਕ ਜ਼ਿਆਦਾਤਰ ਗਾਂਧੀ ਦੇ ਸਿਆਸੀ ਵਾਰਿਸ ਪੰਡਿਤ ਨਹਿਰੂ ਤੇ ਕਾਂਗਰਸ ਪ੍ਰਤੀ ਹੀ ਆਕਰਸ਼ਿਤ ਰਹੇ। ਕੋਈ ਆਧਾਰ ਨਾ ਮਿਲ ਸਕਣ ਕਰਕੇ ਪਰਜਾ ਸੋਸ਼ਲਿਸਟ ਪਾਰਟੀ ਦੇ ਕਈ ਨੇਤਾ ਕਾਂਗਰਸ ਵਿਚ ਆ ਗਏ। ਪੰਡਿਤ ਨਹਿਰੂ ਨੇ ਉਨ੍ਹਾਂ ਦਾ ਕਾਂਗਰਸ ਵਿਚ ਸਵਾਗਤ ਕੀਤਾ। ਅਸ਼ੋਕ ਮਹਿਤਾ ਨੂੰ ਕੇਂਦਰੀ ਮੰਤਰੀ ਮੰਡਲ 'ਚ ਜਗ੍ਹਾ ਮਿਲ ਗਈ, ਜਦਕਿ ਚੰਦਰ ਸ਼ੇਖਰ ਨੇ ਇੰਦਰਾ ਗਾਂਧੀ ਦਾ ਸਮਰਥਨ ਹਾਸਲ ਕੀਤੇ ਬਿਨਾਂ ਹੀ ਕਾਂਗਰਸ ਕਾਰਜਕਾਰਨੀ ਦੀ ਚੋਣ ਜਿੱਤ ਕੇ ਅਹਿਮ ਸਥਾਨ ਹਾਸਿਲ ਕਰ ਲਿਆ ਸੀ। ਡਾ. ਲੋਹੀਆ ਦੀ ਸੰਯੁਕਤ ਸੋਸ਼ਲਿਸਟ ਪਾਰਟੀ (ਐਸ.ਐਸ.ਪੀ.) ਨੇ ਕਾਂਗਰਸ ਵਿਰੋਧ ਦਾ ਝੰਡਾ ਚੁੱਕੀ ਰੱਖਿਆ। ਉਨ੍ਹਾਂ ਨੇ ਵਿਰੋਧੀ ਪਾਰਟੀਆਂ ਦਾ ਸਾਂਝਾ ਮੋਰਚਾ ਬਣਾਇਆ, ਜਿਸ ਵਿਚ ਜਨਸੰਘ ਵੀ ਸ਼ਾਮਿਲ ਹੋਇਆ ਸੀ। ਉਂਜ ਉਦੋਂ ਖੱਬੇਪੱਖੀਆਂ ਤੋਂ ਜ਼ਰੂਰ ਉਨ੍ਹਾਂ ਦੀ ਦੂਰੀ ਬਣੀ ਰਹੀ।

70 ਦੇ ਦਹਾਕੇ ਵਿਚ ਪੈਦਾ ਹੋਈਆਂ ਸੰਕਟਮਈ ਸਥਿਤੀਆਂ 'ਚ ਕਾਂਗਰਸ 'ਚ ਤਾਨਾਸ਼ਾਹੀ ਰੁਝਾਨ ਉਭਰਨੇ ਸ਼ੁਰੂ ਹੋਏ ਤੇ ਇਸ ਦੀ ਵਜ੍ਹਾ ਕਰਕੇ ਲਗਭਗ ਸਾਰੀਆਂ ਗੈਰ-ਕਾਂਗਰਸੀ ਪਾਰਟੀਆਂ ਦਰਮਿਆਨ ਨੇੜਤਾ ਵਧੀ ਤੇ ਇਹ ਨੇੜਤਾ ਆਖਿਰ ਵਿਚ ਚੰਗੀ ਸਿੱਧ ਹੋਈ। ਇਸੇ ਏਕਤਾ ਕਾਰਨ ਜਨਤਾ ਪਾਰਟੀ ਵਜੋਂ ਉਭਰ ਕੇ, 1977 ਦੀਆਂ ਚੋਣਾਂ 'ਚ ਵਿਰੋਧੀ ਪਾਰਟੀਆਂ ਨੂੰ ਸੱਤਾ 'ਚ ਆਉਣ ਦਾ ਮੌਕਾ ਮਿਲਿਆ ਪਰ ਸੱਤਾ 'ਚ ਆਉਣ 'ਤੇ ਇਨ੍ਹਾਂ ਪਾਰਟੀਆਂ ਦੇ ਨੇਤਾਵਾਂ ਦੀਆਂ ਇੱਛਾਵਾਂ ਇੰਨੀਆਂ ਵਧ ਗਈਆਂ ਕਿ ਜਨਤਾ ਪਾਰਟੀ ਇਕ ਬੁਲਬੁਲੇ ਵਾਂਗ ਖਤਮ ਹੋ ਗਈ। ਸਾਰੇ ਗੈਰ-ਕਾਂਗਰਸੀ ਰਾਜਨੇਤਾ ਆਪੋ-ਆਪਣੀਆਂ ਪੁਰਾਣੀਆਂ ਪਾਰਟੀਆਂ 'ਚ ਵਾਪਿਸ ਚਲੇ ਗਏ। ਕੁਝ ਨੇ ਆਪਣੀਆਂ ਪਾਰਟੀਆਂ ਦੇ ਨਵੇਂ ਨਾਂ ਵੀ ਰੱਖ ਲਏ। ਭਾਰਤੀ ਜਨਸੰਘ ਨੇ ਆਪਣਾ ਨਾਂ ਬਦਲ ਕੇ ਭਾਰਤੀ ਜਨਤਾ ਪਾਰਟੀ ਰੱਖ ਲਿਆ। ਲੋਹੀਆ ਦੇ ਸਮਰਥਕ ਮੁਲਾਇਮ ਸਿੰਘ ਨੇ ਆਪਣੀ ਪਾਰਟੀ ਦਾ ਨਾਂ ਸਮਾਜਵਾਦੀ ਪਾਰਟੀ (ਸਪਾ) ਰੱਖ ਲਿਆ, ਜਦਕਿ ਸ਼ਰਦ ਯਾਦਵ, ਨਿਤੀਸ਼ ਕੁਮਾਰ ਨੇ ਆਪਣੀ ਪਾਰਟੀ ਜਨਤਾ ਦਲ (ਯੂ) ਬਣਾ ਲਈ। ਇਸ ਤਰ੍ਹਾਂ ਇਕ ਕੌਮੀ ਪਾਰਟੀ ਕਈ ਧੜਿਆਂ ਵਿਚ ਵੰਡੀ ਗਈ। ਇਨ੍ਹਾਂ 'ਚੋਂ ਕਈ ਖੇਤਰੀ ਪਾਰਟੀਆਂ ਵੀ ਬਣ ਗਈਆਂ।

ਵੀ.ਪੀ. ਸਿੰਘ ਨੇ 1989 ਵਿਚ ਚੋਣਾਂ ਜਿੱਤ ਕੇ ਭਾਰਤੀ ਸਿਆਸਤ ਦੇ ਮੱਧਵਰਤੀ ਸਥਾਨ ਨੂੰ ਭਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੀ ਕੋਸ਼ਿਸ਼ ਕੁਝ ਸਫਲ ਵੀ ਹੁੰਦੀ ਪਰ ਮੰਡਲ ਕਮਿਸ਼ਨ ਦੀ ਰਿਪੋਰਟ ਨੇ ਉਨ੍ਹਾਂ ਦੇ ਕੀਤੇ-ਕਰਾਏ 'ਤੇ ਪਾਣੀ ਫੇਰ ਦਿੱਤਾ ਤੇ ਉਹ ਸੱਤਾ ਸਿਆਸਤ ਵਿਚ ਅਲੱਗ-ਥਲੱਗ ਹੋ ਗਏ।


ਵਿਰੋਧੀ ਪਾਰਟੀਆਂ ਨੇ ਮਿਲ ਕੇ ਤੀਜਾ ਮੋਰਚਾ ਬਣਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਉਹ ਨਾਕਾਮ ਰਹੀਆਂ। ਵੱਖ-ਵੱਖ ਸਿਆਸੀ ਪਾਰਟੀਆਂ ਪਰਿਵਾਰਕ ਲੀਡਰਸ਼ਿਪ ਵਾਲੀਆਂ ਵੀ ਬਣ ਗਈਆਂ। ਕੀ ਸ਼ਰਦ ਪਵਾਰ, ਜੋ ਰਾਕਾਂਪਾ ਦੇ ਮੁਖੀ ਹਨ, ਆਪਣੀ ਪਾਰਟੀ ਨੂੰ ਅੱਗੇ ਲਿਜਾਣ 'ਚ ਸਫਲ ਹੋ ਸਕਣਗੇ? ਜਦਕਿ ਉਨ੍ਹਾਂ ਤੋਂ ਪਹਿਲਾਂ ਵਾਲੇ ਕਈ ਨੇਤਾ ਆਪਣੇ ਅਜਿਹੇ ਯਤਨਾਂ 'ਚ ਨਾਕਾਮ ਰਹੇ ਹਨ। ਉਨ੍ਹਾਂ ਨੇ ਅਜਿਹੇ ਕਈ ਸੰਕੇਤ ਦਿੱਤੇ ਹਨ ਕਿ ਉਹ ਕਾਂਗਰਸ ਨਾਲ ਗੱਠਜੋੜ ਕਰਨ ਦੀ ਬਜਾਇ ਤੀਜੇ ਮੋਰਚੇ 'ਚ ਜ਼ਿਆਦਾ ਸਹਿਜ ਮਹਿਸੂਸ ਕਰਨਗੇ। ਸ਼ਰਦ ਪਵਾਰ ਬਹੁਤ ਚੁਸਤ ਰਾਜਨੇਤਾ ਹਨ ਤੇ ਉਹ ਸੋਚ-ਸਮਝ ਕੇ ਕਦਮ ਚੁੱਕਣ ਵਾਲਿਆਂ 'ਚੋਂ ਹਨ। ਉਨ੍ਹਾਂ ਲਈ ਸਮੇਂ ਦੀ ਬਹੁਤ ਮਹੱਤਤਾ ਹੈ। ਉਂਜ ਉਹ ਅਜੇ ਮੌਜੂਦਾ ਸਥਿਤੀ 'ਚ ਤਬਦੀਲੀ ਲਿਆਉਣ ਦੀ ਕੋਸ਼ਿਸ਼ ਨਹੀਂ ਕਰਨਗੇ ਕਿਉਂਕਿ ਅਗਲੀਆਂ ਆਮ ਚੋਣਾਂ ਹੋਣ ਵਿਚ ਅਜੇ 4 ਸਾਲ ਬਾਕੀ ਹਨ। ਜੇ ਛੇਤੀ ਚੋਣਾਂ ਹੋਣ ਦੀ ਸੰਭਾਵਨਾ ਹੋਵੇ ਤਾਂ ਫਿਰ ਸਥਿਤੀਆਂ 'ਚ ਤਬਦੀਲੀ ਹੋ ਸਕਦੀ ਹੈ।

ਹੁਣ ਗੈਰ-ਕਾਂਗਰਸੀ ਪਾਰਟੀਆਂ ਕੋਲ ਕੁਝ ਬਦਲ ਹੀ ਬਚੇ ਹਨ। ਉਹ ਖੇਤਰੀ ਇੱਛਾਵਾਂ ਦੀ ਪੂਰਤੀ ਕਰਦਿਆਂ 1967 ਵਾਂਗ ਸਾਂਝਾ ਮੋਰਚਾ ਬਣਾਉਣ, ਜੋ ਥੋੜ੍ਹਾ-ਬਹੁਤ ਹੀ ਸਫਲ ਰਿਹਾ ਸੀ ਜਾਂ ਫਿਰ 1977 ਵਾਂਗ ਆਪਸ ਵਿਚ ਹੱਥ ਮਿਲਾਉਣ ਜਾਂ ਫਿਰ ਵੀ.ਪੀ. ਸਿੰਘ ਵਰਗਾ ਕਦਮ ਚੁੱਕਣ। ਬਿਹਾਰ ਵਿਚ ਨਿਤੀਸ਼ ਕੁਮਾਰ ਨੇ ਵਧੀਆ ਕੰਮ ਕੀਤਾ ਹੈ। ਉਥੇ ਉਨ੍ਹਾਂ ਨੇ ਭਾਜਪਾ ਨੂੰ ਆਪਣੇ ਅਕਸ ਬਾਰੇ ਮੁੜ ਵਿਚਾਰ ਕਰਨ ਲਈ ਮਜਬੂਰ ਕਰ ਦਿੱਤਾ ਹੈ। ਉਨ੍ਹਾਂ ਨੇ ਉਥੇ ਸਮਾਜਿਕ ਟਕਰਾਅ ਨੂੰ ਦੂਰ ਕਰਕੇ ਬਿਹਤਰ ਪ੍ਰਸ਼ਾਸਨ ਵਲ ਧਿਆਨ ਦਿੱਤਾ ਹੈ। ਚੋਣਾਂ ਜਿੱਤਣ ਲਈ ਇਹੋ ਤੱਤ ਜ਼ਰੂਰੀ ਹਨ। ਉਹ ਮੁਸਲਿਮ ਭਾਈਚਾਰੇ ਵਿਚ ਵੀ ਹਰਮਨਪਿਆਰੇ ਹਨ। ਨਿਤੀਸ਼ ਕੁਮਾਰ ਵੀ.ਪੀ. ਸਿੰਘ ਦੀ ਸਰਕਾਰ, ਜਿਸ ਨੂੰ ਕਮਿਊਨਿਸਟਾਂ ਅਤੇ ਭਾਜਪਾ ਦਾ ਸਮਰਥਨ ਹਾਸਿਲ ਸੀ, ਵਿਚ ਜੂਨੀਅਰ ਮੰਤਰੀ ਸਨ।

ਭਾਰਤੀ ਸਿਆਸਤ ਵਿਚ ਮੱਧਵਰਤੀ ਸਥਾਨ ਤਾਂ ਹੈ ਪਰ ਉਹ ਕਈ ਜੋਖਮਾਂ ਨਾਲ ਭਰਿਆ ਹੋਇਆ ਵੀ ਹੈ। ਇਸ ਰਾਹ 'ਤੇ ਚੱਲਣ ਵਾਲੇ ਨੂੰ ਹਾਦਸਿਆਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ ਪਰ ਇਹ ਇਕ ਅਜਿਹਾ ਬਦਲ ਹੈ, ਜਿਸ ਨੂੰ ਟੀਚੇ ਤਕ ਪਹੁੰਚਣ ਲਈ ਕਦੇ ਨਾ ਕਦੇ ਅਪਨਾਉਣਾ ਹੀ ਪੈਂਦਾ ਹੈ।

# ਪਰਦੇ ਦੇ ਪਿਛਾੜੀ ਹੋਰ ਹੀ ਸੂਰਤ ਹੁੰਦੀ ਏ ਇਨ੍ਹਾਂ ਦੀ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਦਸਵੀਂ ਦੇ ਸਿਲੇਬਸ ਵਿਚ ਸਾਨੂੰ ਲੱਗੀ ਹੋਈ ਅੰਗਰੇਜ਼ੀ ਦੀ ਗਰਾਮਰ ਦੀ ਮੋਟੀ ਸਾਰੀ ਕਿਤਾਬ ਦੇ ਅਖੀਰ ਵਿਚ ਕੁਝ ਵਾਕਾਂ ਤੇ ਪੈਰ੍ਹਿਆਂ ਸਮੇਤ ਦਸ-ਬਾਰਾਂ ਨਿੱਕੀਆਂ ਕਹਾਣੀਆਂ ਪੰਜਾਬੀ ਵਿਚ ਲਿਖੀਆਂ ਹੋਈਆਂ ਹੁੰਦੀਆਂ ਸਨ। ਇਨ੍ਹਾਂ ਦੇ ਸਿਰਲੇਖ ਉਤੇ ਲਿਖਿਆ ਹੁੰਦਾ ਸੀ ਕਿ ਆਪਣੇ ਅਧਿਆਪਕ ਦੀ ਸਹਾਇਤਾ ਨਾਲ ਇਨ੍ਹਾਂ ਦਾ ਅੰਗਰੇਜ਼ੀ ਵਿਚ ਤਰਜ਼ਮਾ ਕਰੋ। ਕਿਸੇ ਅਧਿਆਪਕ ਨੇ ਸਾਨੂੰ ਕਦੇ ਅਜਿਹੀ 'ਸਹਾਇਤਾ' ਦਿੱਤੀ ਹੀ ਨਹੀਂ ਸੀ। ਅਸੀਂ ਆਪਣੇ ਬਲਬੂਤੇ 'ਤੇ ਇੰਨੀ ਔਖੀ ਘਾਟੀ ਚੜ੍ਹਨ ਦੀ ਖੇਚਲ ਤਾਂ ਕਰਨੀ ਹੀ ਕੀ ਸੀ। ਹਾਂ ਇੰਨਾ ਜ਼ਰੂਰ ਹੋਇਆ ਕਿ ਇਹ ਸਾਰੀਆਂ ਨਿੱਕੀਆਂ ਕਹਾਣੀਆਂ ਸਿੱਖਿਆਦਾਇਕ ਅਤੇ ਬੇਹੱਦ ਦਿਲਚਸਪ ਹੋਣ ਕਾਰਨ ਸਾਡੇ ਦਿਮਾਗ ਦੀ 'ਚਿੱਪ' ਵਿਚ ਸਦਾ ਲਈ ਸੁਰੱਖਿਅਤ ਹੋ ਗਈਆਂ।

ਇਨ੍ਹਾਂ ਵਿਚ ਹੀ ਇਕ ਕਹਾਣੀ ਹੁੰਦੀ ਸੀ ਕਿ ਕਿਸੇ ਬਾਦਸ਼ਾਹ ਦੇ ਦਰਬਾਰ ਵਿਚ ਆਪਣੇ ਜ਼ਮਾਨੇ ਦਾ ਮਸ਼ਹੂਰ ਕਵੀ ਪਹੁੰਚਿਆ। ਬਾਦਸ਼ਾਹ ਦੀ ਫਰਮਾਇਸ਼ 'ਤੇ ਉਸ ਨੇ ਕਈ ਖੂਬਸੂਰਤ ਨਜ਼ਮਾਂ ਸੁਣਾਈਆਂ। 'ਵਾਹ ਵਾਹ' ਕਰ ਰਹੇ ਬਾਦਸ਼ਾਹ ਨੂੰ ਕਵੀ ਨੇ ਇਹ ਜਾਣਕਾਰੀ ਵੀ ਦਿੱਤੀ ਕਿ ਸੁਣਾਈਆਂ ਗਈਆਂ ਸਾਰੀਆਂ ਕਵਿਤਾਵਾਂ ਉਸ ਨੇ ਖੁਦ ਲਿਖੀਆਂ ਹੋਈਆਂ ਹਨ। ਇਹ ਸੁਣ ਕੇ ਹਾਕਮ ਨੇ ਅਥਾਹ ਖੁਸ਼ ਹੁੰਦਿਆਂ ਉਸ ਨੂੰ ਸਿੰਘਾਸਣ ਤੋਂ ਉਠ ਕੇ ਆਪਣੀ ਗਲਵਕੜੀ ਵਿਚ ਲੈ ਲਿਆ। ਕਵੀ ਦੀ ਭਰਪੂਰ ਪ੍ਰਸੰਸਾ ਕਰਦਿਆਂ ਉਹ ਕਹਿਣ ਲੱਗਾ, "ਤੇਰੀਆਂ ਨਜ਼ਮਾਂ ਵਿਚ ਸ਼ਬਦਾਂ ਦੀ ਜੜਤ, ਵਰਤੇ ਹੋਏ ਢੁਕਵੇਂ ਅਲੰਕਾਰ, ਵਿਚ ਗੁੰਦੇ ਹੋਏ ਖਿਆਲ ਅਤੇ ਤੇਰੀ ਅੰਦਾਜ਼ਿ-ਬਿਆਨੀ... ਤੌਬਾ ਤੌਬਾ! ਕਿਆ ਗਜ਼ਬ ਕੀਤਾ ਹੈ ਪਿਆਰੇ ਕਵੀ।...ਤੇਰੇ ਜਿਹਾ ਅਲਬੇਲਾ ਸ਼ਾਇਰ ਤਾਂ ਮੈਂ ਅੱਜ ਪਹਿਲੀ ਵਾਰ ਸੁਣਿਆ ਹੈ। ਕਵੀ-ਗਾਇਕ ਬਥੇਰੇ ਤੁਰੇ ਫਿਰਦੇ ਨੇ, ਪਰ ਤੂੰ ਤਾਂ ਆਪਣੀ ਮਿਸਾਲ ਆਪ ਹੀ ਏਂ... ਸੁਭਾਨ ਅੱਲਾ! ਕਿਆ ਪੁਰ-ਖ਼ਲੂਸ ਆਵਾਜ਼ ਹੈ ਤੇਰੀ!!... ਮੇਰੀ ਇੱਛਾ ਹੈ ਕਿ ਤੈਨੂੰ ਸੋਨੇ ਦੀਆਂ ਮੋਹਰਾਂ ਦੀ ਥੈਲੀ ਭੇਟ ਕਰਾਂ, ਪਰ ਅੱਜ ਮੈਂ ਕਿਸੇ ਹੋਰ ਜ਼ਰੂਰੀ ਮੁਹਿੰਮ 'ਤੇ ਜਾਣ ਹੀ ਵਾਲਾ ਹਾਂ। ਤੂੰ ਫਿਰ ਕਿਸੇ ਦਿਨ ਆਵੀਂ। ਤੈਨੂੰ ਮੂੰਹ ਮੰਗਿਆ ਇਨਾਮ ਵੀ ਦਿਆਂਗਾ ਅਤੇ ਉਸੇ ਦਿਨ ਤੈਨੂੰ ਆਪਣਾ ਦਰਬਾਰੀ ਕਵੀ ਵੀ ਨਿਯੁਕਤ ਕਰਨ ਦਾ ਐਲਾਨ ਕਰ ਦਿਆਂਗਾ!!!"

ਰਾਜੇ ਮੂੰਹੋਂ ਆਪਣੀ ਭਰਵੀਂ ਪ੍ਰਸ਼ੰਸਾ ਸੁਣ ਕੇ ਕਵੀ ਜੀ ਦੇ ਧਰਤੀ 'ਤੇ ਪੈਰ ਨਹੀਂ ਸਨ ਲੱਗ ਰਹੇ। ਕੁਝ ਦਿਨਾਂ ਦਾ ਵਕਫਾ ਪਾ ਕੇ ਕਵੀ ਮਹਾਰਾਜ ਜਾ ਪਹੁੰਚੇ ਰਾਜ ਦਰਬਾਰ ਵਿਚ ਅਤੇ ਬਾਦਸ਼ਾਹ ਨੂੰ ਉਸ ਦਿਨ ਵਾਲਾ ਵਾਅਦਾ ਯਾਦ ਕਰਵਾਇਆ। ਬਾਦਸ਼ਾਹ ਤਾੜੀ ਮਾਰ ਕੇ ਹੱਸਦਾ ਹੋਇਆ ਬੋਲਿਆ, "ਸ਼ਾਇਰ ਜੀ, ਤੁਸੀਂ ਉਸ ਦਿਨ ਕੁਝ ਸ਼ਬਦ ਜੋੜ ਕੇ ਬਣਾਈ ਹੋਈ ਨਜ਼ਮ ਮੈਨੂੰ ਸੁਣਾਈ ਸੀ। ਜਿਸ ਨੂੰ ਸੁਣ ਕੇ ਮੈਂ ਖੁਸ਼ ਹੋ ਗਿਆ। ਉਸੇ ਵੇਲੇ ਮੈਂ ਕੁਝ ਸ਼ਬਦ ਤੁਹਾਡੀ ਪ੍ਰਸ਼ੰਸਾ ਵਿਚ ਕਹਿ ਦਿੱਤੇ। ਜਿਨ੍ਹਾਂ ਨੂੰ ਸੁਣ ਕੇ ਤੁਸੀਂ ਖੇੜੇ ਵਿਚ ਆ ਗਏ ਸੀ। ਸਾਡਾ ਹਿਸਾਬ-ਕਿਤਾਬ ਤਾਂ ਜਨਾਬ ਉਦੋਂ ਹੀ ਬਰਾਬਰ ਹੋ ਗਿਆ ਸੀ। ਤੇਰੀਆਂ ਜੋੜੀਆਂ ਹੋਈਆਂ ਤੁਕਾਂ ਨਾਲ ਮੈਂ ਖੁਸ਼ ਹੋ ਗਿਆ, ਮੇਰੇ ਬੋਲਾਂ ਨਾਲ ਤੂੰ। ਸੋ ਹੁਣ ਇਨਾਮ-ਸਨਮਾਨ ਕਾਹਦਾ?"

ਸਾਨੂੰ ਵੀ ਉਦੋਂ ਇਸ ਜਾਹਲ ਬਾਦਸ਼ਾਹ 'ਤੇ ਬੜਾ ਗੁੱਸਾ ਆਉਂਦਾ ਹੁੰਦਾ ਸੀ ਅਤੇ ਹੁਣ ਵੀ





ਇਸ ਕਹਾਣੀ ਨੂੰ ਪੜ੍ਹਨ-ਸੁਣਨ ਵਾਲੇ ਨੂੰ ਰਾਜਾ ਬਹੁਤ ਕਪਟੀ ਲੱਗੇਗਾ ਜਿਸ ਨੇ ਇਕ ਮਹਾਨ ਕਵੀ ਨਾਲ ਝੂਠਾ ਵਾਅਦਾ ਕਰਕੇ ਉਸ ਨੂੰ ਕੱਖੋਂ ਹੌਲਾ ਕਰ ਦਿੱਤਾ। ਪ੍ਰੰਤੂ ਜੇ ਜ਼ਰਾ ਠੰਢੇ ਦਿਮਾਗ ਨਾਲ ਸੋਚਿਆ ਜਾਵੇ ਤਾਂ ਬਾਦਸ਼ਾਹ ਦੇ ਇਸ ਇਕ ਬੱਜਰ ਗੁਨਾਹ ਨੂੰ ਛੱਡ ਕੇ, ਬਾਕੀ ਦੀ ਗੱਲ ਤਾਂ ਕਿਸੇ ਹੱਦ ਤੱਕ ਠੀਕ ਹੀ ਜਾਪਦੀ ਹੈ। ਕਵੀ ਨੇ ਰਾਜੇ ਨੂੰ ਦਿੱਤਾ-ਦਵਾਇਆ ਤਾਂ ਕੁਝ ਵੀ ਨਹੀਂ ਸੀ ਨਾ, ਸਿਰਫ ਕਵਿਤਾਵਾਂ ਹੀ ਸੁਣਾਈਆਂ ਸਨ। ਜਿਵੇਂ ਕਵੀ ਦੀਆਂ ਕਵਿਤਾਵਾਂ ਵਿਚ ਸੁੰਦਰ-ਸਜੀਲੇ ਤੇ ਮਨਮੋਹਣੇ ਸ਼ਬਦ ਜੜੇ ਹੋਏ ਸਨ, ਇਹੋ ਜਿਹੇ ਲੁਭਾਉਣੇ ਸ਼ਬਦ ਰਾਜੇ ਨੇ ਬੋਲ ਦਿੱਤੇ। ਕਵੀ ਨੇ ਰਾਜਾ ਖੁਸ਼ ਕਰ ਦਿੱਤਾ ਸੀ ਤੇ ਰਾਜੇ ਨੇ ਕਵੀ।

ਜ਼ਰਾ ਹੋਰ ਗੰਭੀਰ ਹੋ ਕੇ ਸੋਚੀਏ ਕਿ ਗੀਤਕਾਰ, ਕਵੀ, ਲਿਖਾਰੀ, ਇਹ ਸਾਰੇ ਉਪਦੇਸ਼ਕਾਂ ਦੀ ਸ਼੍ਰੇਣੀ ਵਿਚ ਹੀ ਸ਼ੁਮਾਰ ਹੁੰਦੇ ਹਨ। ਉਪਦੇਸ਼ ਦੇਣ ਵਾਲੇ ਕਵੀ-ਲਿਖਾਰੀ ਨੂੰ ਗੁਰੂ ਬਾਬਾ ਜੀ ਨੇ ਤਕੜੀ ਨਸੀਹਤ ਦਿੱਤੀ ਹੋਈ ਹੈ;

ਪਹਿਲੇ ਮਨ ਪ੍ਰਬੋਧੇ ਆਪਣਾ ਪਾਛੈ ਅਵਰੁ ਰੀਝਾਵੈ॥

ਦੂਸਰਿਆਂ ਨੂੰ ਰੀਝਾਉਣ ਤੋਂ ਪਹਿਲਾਂ ਆਪਣੇ ਆਪ ਨੂੰ ਵੀ ਪ੍ਰਬੋਧਣਾ ਨਿਹਾਇਤ ਜ਼ਰੂਰੀ ਹੈ। 'ਬਾਤ ਅਸਰ ਕਰਤੀ ਹੈ ਜੋ ਦਿਲ ਸੇ ਨਿਕਲਤੀ ਹੈ' ਦੇ ਸ਼ਿਅਰ ਮੁਤਾਬਕ ਉਹੀ ਗੱਲਾਂ, ਉਹੀ ਸਤਰਾਂ ਦੂਜਿਆਂ 'ਤੇ ਅਸਰਅੰਦਾਜ਼ ਹੋਣਗੀਆਂ ਜੋ ਕਹਿਣ ਜਾਂ ਲਿਖਣ ਵਾਲੇ ਦੇ ਧੁਰ ਅੰਦਰੋਂ ਨਿਕਲੀਆਂ ਹੋਣ ਪਰ ਅਜੋਕੇ ਮਾਹੌਲ ਵਿਚ ਤਾਂ ਉਹੀ ਗੱਲ ਹੋਈ ਪਈ ਹੈ ਅਖੇ ਕੋਈ ਪੰਡਿਤ ਜੀ ਪ੍ਰਵਚਨ ਕਰ ਰਹੇ ਸਨ ਕਿ ਮਸਰਾਂ ਦੀ ਦਾਲ ਬਹੁਤ ਅਸ਼ੁਭ ਹੁੰਦੀ ਹੈ। ਗਊ ਮਾਤਾ ਦੇ ਪੈਰ ਵਿਚ ਲੱਗੇ ਤੀਰ ਕਾਰਨ ਡਿੱਗੇ ਖੂਨ ਦੇ ਤੁਪਕਿਆਂ ਤੋਂ ਮਸਰਾਂ ਦੀ ਉਤਪਤੀ ਮੰਨੀ ਜਾਂਦੀ ਹੈ। ਇਸੇ ਕਰਕੇ ਯੱਗ ਆਦਿਕ ਸਮੇਂ ਇਸ ਦਾ ਨਿਸ਼ੇਧ ਕੀਤਾ ਜਾਂਦਾ ਹੈ।

ਸਰੋਤਿਆਂ ਵਿਚ ਬੈਠੀ ਪੰਡਿਤ ਜੀ ਦੀ ਪਤਨੀ ਕਥਾ ਵਿਚੇ ਛੱਡ ਕੇ ਘਰ ਨੂੰ ਦੌੜੀ ਗਈ। ਕਥਾ-ਸਮਾਪਤੀ ਉਪਰੰਤ ਪੰਡਿਤ ਜੀ ਘਰ ਪਧਾਰੇ। ਭਗਤ ਜਨਾਂ ਨੂੰ ਲੰਬਾ ਸਮਾਂ ਉਪਦੇਸ਼ ਦੇਣ ਕਾਰਨ ਉਨ੍ਹਾਂ ਨੂੰ ਭੁੱਖ ਵੀ ਵਾਹਵਾ ਲੱਗੀ ਹੋਈ ਸੀ। ਆਪਣੇ ਘਰ ਦੇ ਬਾਹਰ ਕੀ ਦੇਖਦੇ ਹਨ, ਉਨ੍ਹਾਂ ਦੀ ਪਤਨੀ ਨਾਲੀ ਵਿਚ ਪਤੀਲਾ ਮੁਘੇਲ ਰਹੀ ਹੈ। ਪੰਡਿਤ ਜੀ ਇਕ ਦਮ ਚੌਂਕੇ! "ਪੁਸ਼ਪਾ, ਇਹ ਤੂੰ ਕੀ ਕਰਨ ਡਹੀਂ ਏਂ?" ਪਤੀ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦੀ ਹੋਈ ਪੁਸ਼ਪਾ ਫੁਸ-ਫੁਸਾਈ, "ਹੌਲੀ ਬੋਲੋ, ਮੈਂ ਤਾਂ ਘਰੇ ਮਸਰਾਂ ਦੀ ਦਾਲ ਨੂੰ ਤੜਕਾ ਲਾ ਕੇ ਸਤਿਸੰਗ ਵਿਚ ਜਾ ਬੈਠੀ ਸਾਂ। ਆਪ ਦੇ ਮੂੰਹੋਂ ਮਸਰਾਂ ਦਾ ਇਤਿਹਾਸ ਸੁਣ ਕੇ ਹੁਣ ਇਹ ਨਾਲੀ ਵਿਚ ਰੋੜ੍ਹ ਰਹੀ ਹਾਂ!"

ਪੰਡਿਤ ਜੀ ਮੱਥੇ 'ਤੇ ਹੱਥ ਮਾਰ ਕੇ ਝੁੰਜਲਾਏ, "ਓਏ ਕਮਲਿਆ ਟੱਬਰਾ, ਉਹ ਤਾਂ ਮੈਂ ਸ਼ਰਧਾਲੂਆਂ ਨੂੰ ਉਪਦੇਸ਼ ਦੇ ਰਿਹਾ ਸਾਂ!" ਤੁੜਕੀ ਹੋਈ ਮਸਰਾਂ ਦੀ ਦਾਲ ਨਾਲੀ ਵਿਚ ਰੁੜ੍ਹਦੀ ਜਾਂਦੀ ਦੇਖ ਕੇ ਪੰਡਿਤ ਜੀ ਦੇ ਹੌਲ ਪੈ ਰਹੇ ਸਨ।

ਸਟੇਜ ਦੇ ਆਲੇ-ਦੁਆਲੇ ਪੰਦਰਾਂ-ਵੀਹ ਬਾਡੀਗਾਰਡ ਗੰਨਾਂ ਚੁੱਕੀ ਖੜ੍ਹੇ ਹੁੰਦੇ ਹਨ ਤੇ ਸਟੇਜ ਉਪਰ ਬਾਬਾ ਜੀ ਬੀਨ ਦੇ ਭਾਅ ਵਾਜਾ ਵਜਾਉਂਦੇ ਗਾ ਰਹੇ ਹੁੰਦੇ ਹਨ, "ਸਭ ਦੁਨੀਆਂ ਮਿੱਤਰਾਂ ਦੀ, ਨਾ ਕੋ ਵੈਰੀ ਨਾਹੀ ਬਿਗਾਨਾ!" ਕੋਈ ਨਹੀਂ ਪੁੱਛਣ ਵਾਲਾ 'ਗਵੱਈਏ ਬਾਬੇ' ਨੂੰ ਕਿ ਜੇ ਮਹਾਂ-ਪੁਰਸ਼ੋ ਤੁਹਾਡੇ ਵਲੋਂ ਗਾਈ ਜਾ ਰਹੀ 'ਧਾਰਨਾ' ਸੱਚ ਹੈ ਤਾਂ ਫਿਰ ਇਹ ਐਡੀ ਹੇੜ੍ਹ ਕਿਉਂ ਨਾਲ ਲਈ ਫਿਰਦੇ ਹੋ?

ਅੱਜ ਕੱਲ੍ਹ ਕਵੀਆਂ-ਗਾਇਕਾਂ ਨੇ 'ਸੂਫੀ' ਸ਼ਬਦ ਦਾ ਕਚੂੰਮਰ ਕੱਢਿਆ ਪਿਆ ਹੈ। ਹਰੇਕ ਜਣਾ-ਖਣਾ ਉਠਦੈ, ਜਨਾਨੀਆਂ ਵਾਂਗ ਲੰਬਾ ਜਿਹਾ ਝੱਗਾ ਪਾਉਂਦੈ, ਸਿਰ ਦੇ ਵਾਲਾਂ ਦਾ ਕੋਈ ਪੁੱਠਾ-ਸਿੱਧਾ ਜਿਹਾ ਸਟਾਈਲ ਬਣਾ ਕੇ ਸੂਫੀ ਬਣ ਬਹਿੰਦੈ। ਇਹ ਤਾਂ ਸੁਣਿਆ ਹੈ ਕਿ ਸੂਫੀ ਬਾਬਾ ਬੁੱਲ੍ਹੇਸ਼ਾਹ, ਆਪਣੇ ਮੁਰਸ਼ਦ ਸ਼ਾਹ ਇਨਾਇਤ ਨੂੰ ਮਨਾਉਣ ਲਈ, ਉਹਦੇ ਹੁਜਰੇ 'ਚ ਪੈਰੀਂ ਘੁੰਗਰੂ ਬੰਨ੍ਹ ਕੇ ਨੱਚਿਆ ਸੀ ਪਰ ਇਹ ਨਹੀਂ ਕਿਤੇ ਸੁਣਿਆ ਕਿ ਉਸ ਨੇ ਨੱਚਣ ਤੋਂ ਪਹਿਲਾਂ 'ਪ੍ਰਮੋਟਰਾਂ' ਨਾਲ ਕੋਈ ਸੌਦਾ ਤੈਅ ਕੀਤਾ ਸੀ। ਇਹ ਵੀ ਸੁਣਨ 'ਚ ਨਹੀਂ ਆਇਆ ਕਿ ਸ਼ਾਹ ਹੁਸੈਨ ਜਾਂ ਬਾਹੂ ਹੁਣੀਂ ਆਪਣੀ ਮਕਬੂਲੀਅਤ ਦੇਖ ਕੇ ਕਿਤੇ ਵੱਟਾਂ 'ਚ ਖੜ੍ਹੇ ਹੋਏ ਸਨ। ਸੂਫੀਆਂ ਕੋਲ ਨੂੰ ਦੁਨੀਆਂ ਭੱਜੀ ਜਾਂਦੀ ਸੁਣੀ ਹੈ, ਪਰ ਇਹ ਕਿਤੇ ਨਹੀਂ ਲਿਖਿਆ ਪੜ੍ਹਿਆ ਕਿ ਸੂਫੀ ਕਿਤੇ ਵਾਜੇ-ਢੋਲਕੀਆਂ ਚੁੱਕੀ ਸਟੇਜਾਂ ਵਲ ਨੂੰ ਭੱਜੇ ਜਾਂਦੇ ਸਨ।

ਨਵੇਂ-ਨਵੇਂ ਬਣੇ ਇਕ 'ਸੂਫੀ ਗਾਇਕ' ਜੀ ਨੇ ਪੰਜਾਬ ਦੇ ਦਰਦਾਂ ਬਾਰੇ ਬੜਾ ਗੰਭੀਰ ਗੀਤ ਲਿਖਿਆ-ਗਾਇਆ ਹੈ, 'ਨਾਮ ਗੁਰਮੀਤ ਸਿੰਘ ਸੀ ਜੋ 'ਗੈਰੀ' ਹੋ ਗਿਆ।' ਲੇਕਿਨ ਜਨਾਬ ਦੇ ਆਪਣੇ ਨਾਂ ਵਿਚ 'ਸਿੰਘ' ਦੇ ਦਰਸ਼ਨ ਹੀ ਨਹੀਂ ਹੁੰਦੇ! ਪੰਜਾਬ ਦਾ ਹੀ ਇਕ ਬੜਾ ਨਾਮਵਰ ਗਾਇਕ ਹੈ, ਜਿਹਦੇ ਬਾਰੇ ਪ੍ਰਸਿੱਧ ਹੈ ਕਿ ਉਹ ਕਿਸੇ ਦੀ ਲਿਖੀ ਹੋਈ ਇਕ ਸਤਰ ਵੀ ਨਹੀਂ ਗਾਉਂਦਾ। ਉਹ ਸਾਰੇ ਗੀਤ ਖੁਦ ਹੀ ਲਿਖਦਾ ਹੈ। ਮਤਲਬ ਉਹ ਕਵੀ ਵੀ ਚੋਟੀ ਦਾ ਹੈ। ਦੁਨੀਆਂ ਭਰ ਦੇ ਪੰਜਾਬੀਆਂ ਨੇ ਉਹਦਾ ਇਕ ਗੀਤ ਬੜਾ ਈ ਪਸੰਦ ਕੀਤਾ, ਜਿਸ ਵਿਚ ਉਹ ਕਾਮਨਾ ਕਰਦਾ ਹੈ ਕਿ ਚੁੱਲ੍ਹੇ 'ਤੇ ਤੌੜੀ ਚਾੜ੍ਹ ਕੇ ਸਾਗ ਬਣਾਇਆ ਹੋਵੇ, ਵਿਚ ਮੱਖਣ ਦਾ ਪੇੜਾ ਹੋਵੇ ਅਤੇ ਵੱਡੀ ਬੇਬੇ ਦੀਆਂ ਰਾੜ੍ਹੀਆਂ ਮੱਕੀ ਦੀਆਂ ਰੋਟੀਆਂ ਹੋਣ।

ਇਨ੍ਹਾਂ ਸਤਰਾਂ ਦੇ ਲੇਖਕ-ਗਾਇਕ ਨੂੰ ਪੁੱਛੀਏ ਕਿ ਭਲੇ ਮਾਣਸਾ, ਇਹ ਗੀਤ ਤੂੰ ਟੱਪ-ਟੱਪ ਕੇ ਲੋਕਾਂ ਨੂੰ ਸੁਣਾਉਣ ਲਈ ਹੀ ਲਿਖਿਆ ਹੋਇਆ ਹੈ? ਜੇ ਤੈਨੂੰ ਸਾਗ ਤੇ ਮੱਕੀ ਦੀ ਰੋਟੀ ਐਨੇ ਹੀ ਮੋਂਹਦੇ ਹਨ ਤਾਂ ਨਾਨਾ ਪਾਟੇਕਰ ਵਾਂਗ ਆਪਣੇ ਪਿਤਾ-ਪੁਰਖੀ ਇਲਾਕੇ ਵਿਚ ਇਕ ਘਰ ਬਣਾ ਕੇ ਸ਼ਾਂਤ-ਚਿੱਤ ਜ਼ਿੰਦਗੀ ਗੁਜ਼ਾਰ ਤੇ ਭਜਨ ਬੰਦਗੀ ਕਰ। ਬਥੇਰਾ ਸਟੇਜਾਂ 'ਤੇ ਭੜਥੂ ਪਾ ਲਿਆ। ਆਪਣੇ ਘਰੇ ਬਹਿ ਕੇ ਭਾਵੇਂ ਰੋਜ਼ ਸਾਗ ਖਾਹ। ਨਾਲੇ ਉਸ ਤੋਂ ਇਹ ਵੀ ਪੁੱਛਣਾ ਬਣਦਾ ਹੈ ਕਿ ਜਦੋਂ ਉਸ ਨੂੰ ਕੋਕ ਆਪਣੇ ਗੀਤਾਂ ਵਰਗਾ ਲੱਗਣ ਲੱਗਿਆ ਸੀ ਤਾਂ ਉਦੋਂ ਵੱਡੀ ਬੇਬੇ ਦਾ ਸਾਗ ਭਲਾ ਕਿਧਰ ਗਿਆ ਸੀ?

ਸਾਡੀ ਉਸੇ ਕਿਤਾਬ ਵਿਚ ਇਕ ਵਿਅੰਗਮਈ ਕਹਾਣੀ ਹੋਰ ਹੁੰਦੀ ਸੀ। ਅਖੇ ਦੋ ਬੀਬੀਆਂ ਆਪਣੇ-ਆਪਣੇ ਪੁੱਤਰਾਂ ਨੂੰ ਗੋਦੀਆਂ 'ਚ ਲੈ ਕੇ ਬੈਠੀਆਂ ਸਨ। ਇਕ ਜਣੀ ਆਪਣੇ ਪੁੱਤ ਨੂੰ ਲਾਡ-ਲਡਾਉਂਦੀ ਕਹਿੰਦੀ, "ਮੇਰਾ ਪੁੱਤ ਨਿਰਾ ਈ ਚੰਦ!" ਦੂਸਰੀ ਜ਼ਿਦ ਕੇ ਕਹਿੰਦੀ, "ਮੇਰਾ ਪੁੱਤ ਨਿਰਾ ਸੂਰਜ!" ਪਹਿਲੀ ਹੱਸ ਕੇ ਕਹਿੰਦੀ, "ਚੰਦ ਦੀ ਤਾਂ ਰਾਤ ਵੇਲੇ ਸੌ-ਸੌ ਲੋੜ ਹੁੰਦੀ ਐ, ਕਿਉਂਕਿ ਚਾਰੇ ਪਾਸੇ ਹਨ੍ਹੇਰਾ ਹੁੰਦਾ ਐ। ਸੂਰਜ ਦਾ ਕੀ ਐ, ਐਵੇਂ ਦਿਨੇ ਈ ਚੜ੍ਹਿਆ ਰਹਿੰਦਾ ਹੈ। ਭਲਾ ਦਿਨੇ ਉਹਦੀ ਕੀ ਲੋੜ ਹੁੰਦੀ ਹੈ?" ਸੱਚ-ਸੂਰਜ ਜਾਂ ਯਥਾਰਥ ਦੀਆਂ ਗੱਲਾਂ ਕਰਨ ਵਾਲਿਆਂ ਨੂੰ ਹੁਣ ਕਮਲੇ ਹੀ ਸਮਝਿਆ ਜਾਂਦਾ ਹੈ। ਝੂਠ ਦੀ ਮੱਸਿਆ ਦੇ ਪ੍ਰੇਮੀਆਂ ਨੂੰ ਸੂਰਜ ਦਾ ਸੱਚ ਫੁੱਟੀ ਅੱਖ ਨਹੀਂ ਭਾਉਂਦਾ:

ਪਰਦੇ ਦੇ ਪਿਛਾੜੀ  
ਹੋਰ ਹੀ ਸੂਰਤ ਹੈ ਇਨ੍ਹਾਂ ਦੀ,  
ਪਰਦੇ ਸਾਹਮਣੇ ਹੀ  
ਠੀਕ ਇਹ ਕਿਰਦਾਰ ਦਿਸਦੇ ਨੇ।

# ਮਾਂ ਵਿਸਾਰ ਕੇ ਦੁੱਖ ਝੋਲੀ ਪਾਇਆ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ  
ਫੋਨ:916-273-2856

ਮਾਘ ਦਾ ਮਹੀਨਾ ਸੀ। ਮੈਂ ਅਤੇ ਤਾਇਆ ਸੰਤੋਖ ਸਿੰਘ ਪੰਚ ਸਾਡੀ ਮੋਟਰ 'ਤੇ ਬੈਠੇ ਗੱਪ-ਸ਼ੱਪ ਲਾ ਰਹੇ ਸਾਂ। ਮੈਂ ਕਣਕ ਨੂੰ ਪਾਣੀ ਲਾ ਰਿਹਾ ਸੀ ਤੇ ਤਾਇਆ ਜੀ ਖੇਤ ਗੇੜਾ ਮਾਰਨ ਗਏ ਮੇਰੇ ਕੋਲ ਰੁਕ ਗਏ। ਨਿੱਘੀ-ਨਿੱਘੀ ਧੁੱਪ, ਨਿੱਘੇ-ਨਿੱਘੇ ਪਾਣੀ ਦੇ ਚਾਰੇ ਪਾਸੇ ਖਿੰਡਦੇ ਫੁਹਾਰੇ, ਸਰ੍ਹੋਂ ਦੇ ਫੁੱਲ੍ਹਾਂ ਦੀ ਖੁਸ਼ਬੋ, ਕਣਕਾਂ ਦੀ ਹਰਿਆਵਲ ਤੇ ਤਾਇਆ ਜੀ ਦੀਆਂ ਸਿਆਣੀਆਂ ਗੱਲਾਂ, ਦਿਲ ਕਹੇ ਸਮਾਂ ਇਥੇ ਹੀ ਖਲੋ ਜਾਵੇ ਪਰ ਸਮਾਂ ਕਦੇ ਕਿਸੇ ਦਾ ਗੁਲਾਮ ਨਹੀਂ ਹੋਇਆ, ਹਮੇਸ਼ਾ ਆਪਣੀ ਮਸਤ ਚਾਲੇ ਆਜ਼ਾਦੀ ਨਾਲ ਚਲਦਾ ਰਹਿੰਦਾ ਹੈ।

ਤਾਇਆ ਜੀ, ਸਾਡੀ ਪੱਤੀ ਦੇ ਪਿਛਲੇ ਪੰਦਰਾਂ ਸਾਲਾਂ ਤੋਂ ਸਰਬਸੰਮਤੀ ਨਾਲ ਪੰਚ ਚਲੇ ਆ ਰਹੇ ਹਨ। ਪੂਰੇ ਨੇਕ ਇਨਸਾਨ ਹਨ। ਬਿਲਕੁੱਲ ਸੱਚੇ-ਸੁੱਚੇ, ਬੱਸ ਇਕ ਮਾੜੀ ਲਤ ਇਹ ਲੱਗੀ ਹੋਈ ਹੈ ਕਿ ਘਰ ਦੀ ਕੱਢ ਕੇ, ਦੋ ਪੈਗ ਲਾ ਕੇ ਰੋਟੀ ਖਾਣੀ ਹੈ। ਕਿਸੇ ਨੂੰ ਮੰਦਾ-ਚੰਗਾ ਨਹੀਂ ਕਹਿਣਾ। ਸਾਡੀ ਦੋਵਾਂ ਦੀ ਸੋਚ ਇਕੋ, ਪਰ ਦਾਰੂ ਤੋਂ ਮੈਂ ਕੰਨ ਕਤਰਾਉਂਦਾ ਸੀ। ਤਾਇਆ ਜੀ ਨੇ ਮੈਨੂੰ ਕਦੇ ਵੀ ਪੀਣ ਲਈ ਮਜਬੂਰ ਨਹੀਂ ਕੀਤਾ ਕਿਉਂਕਿ ਸਾਡਾ ਪਰਿਵਾਰ ਅੰਮ੍ਰਿਤਧਾਰੀ ਨਾ ਹੋਣ 'ਤੇ ਵੀ ਵੈਸ਼ਨੂੰ ਹੈ। ਅੱਜ ਕੱਲ੍ਹ ਦੇ ਸਮੇਂ ਵਿਚ ਇਸ ਤਰ੍ਹਾਂ ਦੇ ਪਰਿਵਾਰ ਘੱਟ ਹੀ ਮਿਲਦੇ ਹਨ। ਸਾਡਾ ਪਰਿਵਾਰ ਵੈਸ਼ਨੂੰ ਕਦੋਂ ਤੇ ਕਿਵੇਂ ਬਣਿਆ, ਇਸ ਦੀ ਪੂਰੀ ਵਿਆਖਿਆ ਫਿਰ ਕਦੀ ਕਰਾਂਗਾ।

ਮੈਂ ਤਾਇਆ ਜੀ ਦੀ ਚਿੱਟੀ ਚਾਦਰ ਵਰਗੀ ਇੱਜ਼ਤ ਉਪਰ ਲੱਗ ਰਹੇ ਦਾਗ ਬਾਰੇ ਚਿੰਤਤ ਹੁੰਦੇ ਪੁੱਛਿਆ, "ਤਾਇਆ ਜੀ ਲੋਕ ਕਹਿੰਦੇ ਨੇ ਕਿ ਪੰਚ ਉਚੇ ਘਰ ਵਾਲਿਆਂ ਦਾ ਫੈਸਲਾ ਕਿਉਂ ਨਹੀਂ ਕਰਵਾਉਂਦਾ? ਸਾਰੇ ਇਹੀ ਕਹਿੰਦੇ ਨੇ ਕਿ ਪੰਚ ਨੇ ਇਨ੍ਹਾਂ ਦੀ ਜ਼ਮੀਨ ਮੁਫਤ ਦੇ ਭਾਅ ਬੈ-ਲਿਖਵਾ ਲੈਣੀ ਹੈ। ਕੀ ਇਹ ਸੱਚ ਹੈ?"

ਤਾਇਆ ਜੀ ਨੇ ਬੜੇ ਸਹਿਜ-ਸੁਭਾਅ ਉਤਰ ਦਿੱਤਾ, "ਪੁੱਤਰਾ ਇਹ ਸਭ ਝੂਠ ਹੈ, ਫੈਸਲਾ ਤਾਂ ਸਵੇਰੇ ਹੋ ਜਾਊ, ਪਰ ਬੱਗਾ ਤੇ ਚੰਦ, ਛੋਟੇ ਤਾਰੇ ਦਾ ਹਿੱਸਾ ਦੱਬਣਾ ਚਾਹੁੰਦੇ ਨੇ। ਇਨ੍ਹਾਂ ਦੀ ਮਾਂ ਬਚਨੀ ਕਹਿੰਦੀ ਐ, ਮੈਂ ਇਹ ਕਿਸੇ ਕੀਮਤ 'ਤੇ ਨਹੀਂ ਹੋਣ ਦਿੰਦੀ। ਬਚਨੀ ਨੂੰ ਤਿੰਨੇ ਪੁੱਤ ਬਰਾਬਰ ਨੇ। ਇਥੇ ਝਗੜਾ ਤਾਰੇ ਵਾਲੇ ਦੋ ਕਿਲ੍ਹਿਆਂ ਦਾ ਹੈ। ਹੁਣ ਜੇ ਤੈਂ ਗੱਲ ਛੇੜ ਹੀ ਲਈ ਹੈ ਤਾਂ ਸੁਣ ਇਨ੍ਹਾਂ ਦੇ ਘਰ ਦੇ ਝਗੜੇ ਵਾਲੀ ਘੁੰਡੀ ਦੀ।"

ਫਿਰ ਤਾਇਆ ਜੀ ਇਸ ਤਰ੍ਹਾਂ ਸੁਣਾਉਣ ਲੱਗੇ, "ਬੱਗਾ, ਚੰਦ ਤੇ ਤਾਰਾ ਤਿੰਨ ਭਰਾ ਹਨ। ਬੱਗਾ ਤੇ ਚੰਦ ਵਿਆਹੇ ਹੋਏ ਨੇ, ਤਾਰਾ ਅਜੇ ਕਵਾਰਾ ਹੈ। ਦਿਮਾਗੀ ਤੌਰ 'ਤੇ ਥੋੜ੍ਹਾ ਜਿਹਾ ਸਿੱਧਰਾ ਹੈ। ਕਈ ਵਾਰ ਰਿਸ਼ਤੇ ਵਾਲੇ ਆਏ ਪਰ ਬੱਗੇ ਤੇ ਚੰਦ ਨੇ ਹੀ ਭਜਾ ਦਿੱਤੇ। ਭਰਾ-ਭਰਜਾਈਆਂ ਨੇ ਕੋਈ ਰਿਸ਼ਤਾ ਸਿਰੇ ਨਾ ਚੜ੍ਹਨ ਦਿੱਤਾ। ਮਾਂ ਬਚਨੀ ਚਾਹੁੰਦੀ ਹੈ ਕਿ ਮੈਂ ਜਿਉਂਦੀ-ਜਿਉਂਦੀ ਤਾਰੇ ਦਾ ਘਰ ਵਸਿਆ ਵੇਖ ਜਾਵਾਂ, ਹੁਣ ਇਨ੍ਹਾਂ ਦਾ ਬਾਪੂ ਤਾਂ ਸੁਰਗਵਾਸ ਹੋ ਗਿਆ। ਦੋਵੇਂ ਵੱਡੇ ਕਹਿੰਦੇ ਨੇ ਕਿ ਜ਼ਮੀਨ ਤੇ ਘਰ ਵੰਡਣਾ ਹੈ। ਦੋਵਾਂ ਥਾਵਾਂ ਦੇ ਦੋ ਹਿੱਸੇ ਹੋਣੇ ਚਾਹੀਦੇ ਹਨ। ਤਾਰਾ ਤਾਂ ਕਮਲਾ ਹੈ, ਆਪਣੀ ਜ਼ਮੀਨ ਵੇਚ ਕੇ ਖਾ ਜਾਊਗਾ। ਮਾਂ ਕਹਿੰਦੀ ਹੈ ਕਿ ਤੁਸੀਂ ਤਾਰੇ ਦਾ ਵਿਆਹ ਕਰ ਦੇਵੋ, ਫਿਰ ਤੁਸੀਂ ਵੰਡ ਤਿੰਨ ਥਾਈਂ ਕਰ ਲਿਓ। ਤਾਰੇ ਦਾ ਘਰ ਵਸਾ ਦਿਓ, ਮੇਰੀ ਵੀ ਜਾਨ ਸੁਖਾਲੀ ਨਿਕਲ ਜਾਊ ਤੇ ਮੈਂ ਤੁਹਾਡੇ ਬਾਪੂ ਨੂੰ ਜਵਾਬ ਦੇਣ ਵਾਲੀ ਹੋ ਜਾਊਂ। ਆਖੂੰਗੀ ਤੇਰੀ ਸਾਰੀ ਕਬੀਲਦਾਰੀ ਦਾ ਭਾਰ ਉਤਾਰ ਕੇ ਆਈ ਹਾਂ।

'ਇਹਨੂੰ ਧੀ ਕਿਹੜਾ ਵਿਆਹ ਦੇਊ' ਬੱਗਾ ਗੁੱਸੇ ਵਿਚ ਆ ਕੇ ਮਾਂ ਨੂੰ ਉਤਰ ਦਿੰਦਾ।

'ਅਸੀਂ ਬੇਗਾਨੀ ਧੀ ਦਾ ਕਿਉਂ ਪਾਪ ਖੱਟੀਏ, ਅਸੀਂ ਤਾਂ ਅੱਡ ਹੋਣਾ ਵਾ' ਚੰਦ ਦੋ-ਰੱਤੀਆਂ ਉਤੇ ਹੋ ਕੇ ਮਾਂ ਨੂੰ ਕਹਿੰਦਾ।

'ਹਾੜੇ ਪੁੱਤ ਇੰਜ ਨਾ ਆਖੋ, ਜ਼ਮੀਨ ਤਿੰਨ ਥਾਈਂ ਵੰਡ ਲਵੋ। ਤਾਰਾ ਜਿਸ ਨਾਲ ਰਹੂਗਾ, ਉਹ ਤਾਰੇ ਦਾ ਹਿੱਸਾ ਵਾਹ ਲਵੇਗਾ' ਮਾਂ ਤਾਰੇ ਨਾਲ ਹੁੰਦਾ ਧੱਕਾ ਜ਼ਰ ਨਹੀਂ ਸਕਦੀ ਸੀ।

ਤਾਰੇ ਵਾਲਾ ਹਿੱਸਾ ਤਾਂ ਦੋਵੇਂ ਰੱਖਣਾ ਚਾਹੁੰਦੇ ਸਨ ਪਰ ਤਾਰੇ ਦੀ ਰੋਟੀ ਦਾ ਜ਼ੁੰਮਾ ਕੋਈ ਨਹੀਂ ਸੀ ਲੈਂਦਾ। ਮਾਂ ਮੁੜ-ਮੁੜ ਆਖਦੀ, "ਪੁੱਤ ਕੋਈ ਕਿਸੇ ਦਾ ਕਰਮ ਨਹੀਂ ਖਾਂਦਾ, ਬੰਦਾ ਤਕੜਾ ਹੋ ਕੇ ਕਿਸੇ ਦੇ ਹੱਥੋਂ ਰੋਟੀ ਦਾ ਟੁਕੜਾ ਤਾਂ ਖੋਹ ਸਕਦਾ ਹੈ ਪਰ ਮੱਥੇ 'ਤੇ ਲਿਖੇ ਕਰਮ ਨਹੀਂ ਖੋਹ ਸਕਦਾ। ਆਪਣੇ ਤਾਰੇ ਦੇ ਕਰਮ ਕੀ ਪਤਾ ਕਿੰਨੇ ਕੁ ਚੰਗੇ ਨੇ।" ਮਾਂ ਕਦੇ ਗੁੱਸੇ ਵਾਲਾ ਹਥਿਆਰ ਚਲਾਉਂਦੀ ਅਤੇ ਕਦੇ ਅਰਜੋਈਆਂ ਦਾ ਸਹਾਰਾ ਲੈ ਕੇ ਦੋਵਾਂ ਦਾ ਪੱਥਰ ਦਿਲ ਮੋਮ ਕਰਨ ਦਾ ਯਤਨ ਕਰਦੀ। ਮਾਂ ਦੀਆਂ ਇਨ੍ਹਾਂ ਗੱਲਾਂ ਦਾ ਦੋਵਾਂ 'ਤੇ ਕੋਈ ਅਸਰ ਹੁੰਦਾ ਦਿਖਾਈ ਨਾ ਦਿੱਤਾ।

ਤਾਇਆ ਜੀ ਦੀਆਂ ਗੱਲਾਂ ਸੁਣ ਕੇ ਮੈਨੂੰ ਤਾਇਆ ਜੀ ਹਮੇਸ਼ਾ ਵਾਂਗ ਦੁੱਧ ਵਾਂਗੂੰ ਚਿੱਟੇ ਦਿਖਾਈ ਦਿੱਤੇ। ਇਸ ਗੱਲ ਤੋਂ ਮਹੀਨਾ ਕੁ ਬਾਅਦ ਤਾਇਆ ਜੀ ਫਿਰ ਮੈਨੂੰ ਮਿਲੇ ਤੇ ਉਚੇ ਘਰ ਵਾਲਿਆਂ ਦੇ ਫੈਸਲੇ ਦਾ ਹਾਲ ਇਸ ਤਰ੍ਹਾਂ ਸੁਣਾਇਆ;

ਪੁੱਤਰਾ, ਅਸੀਂ ਬੱਗੇ ਕੇ ਘਰ ਕੋਈ ਪੰਦਰਾਂ ਵੀਹ ਬੰਦੇ ਸਾਂ। ਬੱਗੇ ਤੇ ਚੰਦ ਨੂੰ ਬਹੁਤ ਸਮਝਾਇਆ ਕਿ ਤੁਸੀਂ ਤਾਰੇ ਨਾਲ ਧੱਕਾ ਨਾ ਕਰੋ। ਤੁਸੀਂ ਤਾਰੇ ਦਾ ਹਿੱਸਾ ਨਹੀਂ ਮਾਰ ਸਕਦੇ, ਇਹ ਕਾਨੂੰਨਨ ਵੀ ਧੱਕਾ ਹੈ। ਪਰ ਬੱਗਾ ਤੇ ਚੰਦ, ਤਾਰੇ ਨੂੰ ਕਮਲਾ ਕਹਿ ਕੇ ਦੋ ਹਿੱਸਿਆਂ ਦੀ ਮੰਗ ਕਰਦੇ ਰਹੇ। ਦਿਨ ਢਲ ਗਿਆ, ਕੋਈ ਗੱਲ ਸਿਰੇ ਨਾ ਲੱਗੀ। ਆਖਰ ਵਿਚ ਤਾਰਾ ਉਠ ਕੇ ਖੜ੍ਹਾ ਹੋ ਗਿਆ ਤੇ ਬੋਲਿਆ, "ਬਾਈ ਜੀ, ਜੇ ਮੇਰੇ ਦੋਵੇਂ ਭਰਾ ਮੇਰਾ ਹਿੱਸਾ ਰੱਖ ਕੇ ਖੁਸ਼ ਹੁੰਦੇ ਨੇ ਤਾਂ ਮੈਂ ਆਪਣੀ ਰਜ਼ਾਮੰਦੀ ਨਾਲ ਦੋਵਾਂ ਨੂੰ ਆਪਣਾ ਹਿੱਸਾ ਦਿੰਦਾ ਹਾਂ। ਇਸ ਹਿੱਸੇ ਦੇ ਬਦਲੇ ਮੈਂ ਆਪਣੀ ਮਾਂ ਆਪਣੇ ਨਾਲ ਰੱਖਾਂਗਾ। ਇਨ੍ਹਾਂ ਦਾ ਮਾਂ 'ਤੇ ਕੋਈ ਹੱਕ ਨਹੀਂ ਹੋਵੇਗਾ। ਤੁਸੀਂ ਪੁੱਛ ਲਵੋ ਇਨ੍ਹਾਂ ਨੂੰ ਕਿ ਇਹ ਸ਼ਰਤ ਮਨਜ਼ੂਰ ਹੈ।" ਬੱਗੇ ਤੇ ਚੰਦ ਨੇ ਬਿਨਾਂ ਦੇਰ ਕੀਤਿਆਂ ਇਕੱਠਿਆ ਹਾਂ ਕਰ ਦਿੱਤੀ।

ਤਾਰਾ ਸਾਰਿਆਂ ਨੂੰ ਸੰਬੋਧਨ ਹੁੰਦਾ ਬੋਲਿਆ, "ਸੁਣੋ, ਜਿਸ ਕੋਲ ਮਾਂ ਹੁੰਦੀ ਹੈ ਦੁਨੀਆਂ ਦੀ ਹਰ ਚੀਜ ਉਸ ਕੋਲ ਆਪ ਚੱਲ ਕੇ ਆਉਂਦੀ ਹੈ। ਅੱਜ ਮੈਂ ਰਾਜਾ ਹਾਂ ਕਿਉਂਕਿ ਮੇਰੇ ਕੋਲ ਮਾਂ ਹੈ।" ਤਾਰੇ ਦੀਆਂ ਏਨੀਆ ਸਿਆਣੀਆਂ ਗੱਲਾਂ ਸੁਣ ਕੇ ਕੋਈ ਨਹੀਂ ਸੀ ਕਹਿ ਸਕਦਾ ਕਿ ਤਾਰਾ ਸਿੱਧਾ ਜਾਂ ਕਮਲਾ ਹੈ। ਇਸ ਵੰਡ 'ਤੇ ਬੱਗਾ ਤੇ ਚੰਦਾ ਦੋਵੇਂ ਖੁਸ਼ ਸਨ।

ਰਾਹ ਉਪਰਲੀ ਬੈਠਕ ਤਾਰੇ ਦੇ ਹਿੱਸੇ ਆਈ। ਜ਼ਮੀਨ ਵਲੋਂ ਤਾਰੇ ਦਾ ਚੁੱਲ੍ਹਾ ਟੈਕਸ ਮੁਆਫ ਕਰ ਦਿੱਤਾ। ਜਦੋਂ ਕਾਗਜ਼ਾਂ ਉਪਰ ਰਜ਼ਾਮੰਦੀ ਅਤੇ ਇਕਰਾਰਨਾਮੇ ਦੀ ਲਿਖਤ ਹੋਣ ਲੱਗੀ ਤਾਂ ਮਾਂ ਬਚਨੀ ਉਠ ਕੇ ਬੱਗੇ ਦੇ ਸਾਹਮਣੇ ਆਈ ਤੇ ਬੋਲੀ, "ਪੁੱਤ ਬਾਪੂ ਦੀ ਜ਼ਮੀਨ ਦੇ

(ਬਾਕੀ ਸਫਾ 23 'ਤੇ)

# ਹੜ੍ਹਾਂ ਕਾਰਨ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਬਣਾਉਣ ਦਾ ਕੰਮ ਰੁਕਿਆ

**ਚੰਡੀਗੜ੍ਹ :** ਹਰਿਆਣਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਲਈ ਵੋਟਾਂ ਬਣਾਉਣ ਦੇ ਕੰਮ ਵਿਚ ਹੜ੍ਹ ਆਉਣ ਕਰਕੇ ਵੋਟਾਂ ਬਣਾਉਣ ਦੇ ਕੰਮ ਵਿਚ ਕੁਝ ਦਿੱਕਤਾਂ ਆ ਰਹੀਆਂ ਹਨ ਕਿਉਂਕਿ ਵੋਟਾਂ ਬਣਾਉਣ ਦੀ ਪ੍ਰਕਿਰਿਆ ਨਾਲ ਸਬੰਧਤ ਇਨ੍ਹਾਂ ਜ਼ਿਲ੍ਹਿਆਂ ਦੇ ਪਟਵਾਰੀ ਫਸਲਾਂ ਦੇ ਨੁਕਸਾਨ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਗਿਰਦਵਾਰੀ ਕਰਨ ਦੇ ਕੰਮ ਵਿਚ ਰੁਝ ਗਏ ਹਨ।

ਹਰਿਆਣਾ ਵਿਚ 16 ਜੁਲਾਈ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਲਈ 90,577 ਵੋਟਾਂ ਬਣ ਚੁੱਕੀਆਂ ਸਨ। ਰਾਜ ਦੇ ਪੰਜ ਜ਼ਿਲ੍ਹੇ ਐਸੇ ਵੀ ਹਨ ਜਿਨ੍ਹਾਂ ਵਿਚ ਕੋਈ ਵੋਟ ਨਹੀਂ ਬਣੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਕੁਰੂਕਸ਼ੇਤਰ ਜ਼ਿਲ੍ਹੇ ਵਿਚ ਸਭ ਤੋਂ ਵੱਧ 20974 ਵੋਟਾਂ ਬਣ ਚੁੱਕੀਆਂ ਹਨ। ਇਸ ਤੋਂ ਬਾਅਦ ਸਿਰਸਾ ਵਿਚ 18,644, ਕਰਨਾਲ ਵਿਚ 15,580, ਫਤਿਹਾਬਾਦ ਵਿਚ 11,607, ਕੈਥਲ ਵਿਚ 10,059, ਯਮੁਨਾਨਗਰ ਵਿਚ 7438, ਅੰਬਾਲਾ ਵਿਚ 3683, ਜੀਂਦ ਵਿਚ 758, ਪੰਚਕੂਲਾ ਵਿਚ 673, ਫਰੀਦਾਬਾਦ ਵਿਚ 400, ਹਿਸਾਰ ਵਿਚ 306, ਪਲਵਲ ਵਿਚ 285, ਮਹਿੰਦਰਗੜ੍ਹ ਵਿਚ 92, ਰੋਹਤਕ ਵਿਚ 82 ਅਤੇ ਸਭ ਤੋਂ ਘੱਟ ਰਿਵਾੜੀ ਜ਼ਿਲ੍ਹੇ ਵਿਚ 16 ਵੋਟਾਂ ਬਣੀਆਂ ਹਨ। ਗੁਰਦੁਆਰਾ ਚੋਣ ਕਮਿਸ਼ਨ ਦੇ ਸਕੱਤਰ ਅਵਤਾਰ ਸਿੰਘ ਨਰੂਲਾ ਨੇ ਦੱਸਿਆ ਕਿ ਕਮਿਸ਼ਨ ਨੂੰ ਚਾਰ ਦਿਨ ਪਹਿਲਾਂ ਜਿਹੜੀ ਰਿਪੋਰਟ ਮਿਲੀ ਹੈ, ਉਸ ਅੁਨਸਾਰ ਚਾਰ ਰਾਜਾਂ- ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਵਿਚ 8,81,653 ਵੋਟਾਂ ਬਣ ਚੁੱਕੀਆਂ ਹਨ। ਪੰਜਾਬ ਵਿਚ 7,80,693, ਹਰਿਆਣਾ ਵਿਚ 90,577 ਅਤੇ ਹਿਮਾਚਲ ਪ੍ਰਦੇਸ਼ ਤੇ ਚੰਡੀਗੜ੍ਹ ਦੀ ਇਕ ਇਕ ਸੀਟ ਲਈ ਕ੍ਰਮਵਾਰ 4177 ਅਤੇ 6206 ਵੋਟਾਂ ਬਣ ਚੁੱਕੀਆਂ ਹਨ।

ਹਰਿਆਣਾ ਦੇ ਪੰਜ ਜ਼ਿਲ੍ਹਿਆਂ ਭਿਵਾਨੀ, ਪਾਣੀਪਤ, ਝੱਜਰ, ਗੁੜਗਾਓਂ ਅਤੇ ਮੇਵਾਤ ਵਿਚ ਕਿਸੇ ਨੇ ਕੋਈ ਵੋਟ ਨਹੀਂ ਬਣਾਈ। ਗੁੜਗਾਓਂ ਜ਼ਿਲ੍ਹੇ ਵਿਚ ਕੁਝ ਸਿੱਖ ਵਸੋਂ ਹੈ ਪਰ ਕਿਸੇ ਨੇ ਵੋਟਾਂ ਬਣਾਉਣ ਵਿਚ ਦਿਲਚਸਪੀ ਨਹੀਂ ਲਈ ਹੈ। ਜੀਂਦ ਜ਼ਿਲ੍ਹੇ ਵਿਚ ਦੋ ਇਤਿਹਾਸਕ ਗੁਰਦੁਆਰੇ ਹਨ ਪਰ ਵੋਟਾਂ ਬਣਾਉਣ ਦੇ ਮਾਮਲੇ ਵਿਚ ਇਹ ਜ਼ਿਲ੍ਹਾ ਵੀ ਕਾਫੀ ਪਿੱਛੇ ਹੈ। ਰਾਜ ਦੇ ਜਿਹੜੇ ਜ਼ਿਲ੍ਹਿਆਂ ਵਿਚ ਵਧ ਵੋਟਾਂ ਬਣਦੀਆਂ ਹਨ, ਉਨ੍ਹਾਂ ਵਿਚੋਂ ਅੰਬਾਲਾ, ਕੁਰੂਕਸ਼ੇਤਰ, ਫਤਿਹਾਬਾਦ, ਸਿਰਸਾ ਅਤੇ ਕਰਨਾਲ ਦਾ ਕੁਝ ਹਿੱਸਾ ਹੜ੍ਹਾਂ ਤੋਂ ਪ੍ਰਭਾਵਿਤ ਹਨ ਤੇ ਇਨ੍ਹਾਂ ਵਿਚ ਵੋਟਾਂ ਬਣਾਉਣ ਦੇ ਕੰਮ ਵਿਚ ਰੁਕਾਵਟ ਆ ਗਈ ਹੈ ਕਿਉਂਕਿ ਕਾਫੀ ਕਿਸਾਨਾਂ ਦੀਆਂ ਫਸਲਾਂ ਹੜ੍ਹਾਂ ਨਾਲ ਤਬਾਹ ਹੋ ਚੁੱਕੀਆਂ ਹਨ। ਲੋਕ ਮੁੜ ਝੋਨੇ ਦੀ ਲੁਆਈ ਕਰਨ ਜਾਂ ਬਦਲਵੀਆਂ ਫਸਲਾਂ ਦਾ ਜੁਗਾੜ ਕਰਨ ਰੁਝ ਗਏ ਹਨ।

ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਵਰਕਿੰਗ ਪ੍ਰਧਾਨ ਦੀਦਾਰ ਸਿੰਘ ਨਲਵੀ ਦਾ ਕਹਿਣਾ ਹੈ ਕਿ ਹੜ੍ਹਾਂ ਕਾਰਨ ਵੋਟਾਂ ਬਣਾਉਣ ਦੇ ਕੰਮ ਵਿਚ ਖੜੋਤ ਆਈ ਹੈ। ਸਿਰਸਾ ਜ਼ਿਲ੍ਹੇ ਦਾ ਸਿੱਖ ਵਸੋਂ ਵਾਲਾ ਇਲਾਕਾ ਹੜ੍ਹਾਂ ਦੀ ਮਾਰ ਹੇਠ ਹੈ। ਇਸ ਲਈ ਵੋਟਾਂ ਬਣਾਉਣ ਲਈ ਹੋਰ ਸਮਾਂ ਮਿਲ ਜਾਵੇ ਤਾਂ ਚੰਗੀ ਗੱਲ ਹੋਵੇਗੀ। ਜ਼ਿਕਰਯੋਗ ਹੈ ਕਿ ਹਰਿਆਣਾ ਵਿਚ ਸ਼੍ਰੋਮਣੀ ਕਮੇਟੀ ਦੀਆਂ 11 ਸੀਟਾਂ ਸਨ। ਜਦਕਿ ਗੁਰਦੁਆਰਾ ਚੋਣ ਕਮਿਸ਼ਨ ਦੇ ਚੇਅਰਮੈਨ ਐਚ.ਐਸ. ਬਰਾੜ ਦਾ ਕਹਿਣਾ ਹੈ ਕਿ ਹੜ੍ਹਾਂ ਦਾ ਪਾਣੀ ਲਹਿ ਜਾਣ ਤੋਂ ਬਾਅਦ ਹੀ ਕੁਝ ਕਿਹਾ ਜਾ ਸਕਦਾ ਹੈ।

## ਬਿਹਾਰ ਵਿਧਾਨ ਸਭਾ 'ਚ ਚੱਲੀਆਂ ਮੇਜ-ਕੁਰਸੀਆਂ

**ਪਟਨਾ :** ਬਿਹਾਰ 'ਚ ਬੀਤੀ 20 ਜੁਲਾਈ ਨੂੰ ਕੈਗ ਵਲੋਂ ਬਿਹਾਰ ਸਰਕਾਰ ਦੇ ਵੱਖ-ਵੱਖ ਵਿਭਾਗਾਂ 'ਚ 11412.54 ਕਰੋੜ ਰੁਪਏ ਦੀਆਂ ਕਥਿਤ ਬੇਨਿਯਮੀਆਂ ਸਾਹਮਣੇ ਲਿਆਉਣ ਮਗਰੋਂ ਸੱਤਾਧਾਰੀ ਤੇ ਵਿਰੋਧੀ ਧਿਰ ਵਿਚਾਲੇ ਮੇਜ-ਕੁਰਸੀਆਂ ਚਲ ਪਈਆਂ। ਦੋਵੇਂ ਧਿਰਾਂ ਵਿਚਾਲੇ ਹੋਈਆਂ ਝੜਪਾਂ 'ਚ ਅੱਧੀ ਦਰਜਨ ਤੋਂ ਵਧ ਵਿਧਾਇਕ ਜ਼ਖ਼ਮੀ ਹੋਏ ਦੱਸੇ ਜਾ ਰਹੇ ਹਨ।

ਜਦੋਂ ਹੀ ਸਵੇਰੇ 11 ਵਜੇ ਵਿਧਾਨ ਸਭਾ ਦੀ ਕਾਰਵਾਈ ਸ਼ੁਰੂ ਹੋਈ ਤਾਂ ਵਿਰੋਧੀ ਧਿਰ ਦੇ ਮੈਂਬਰਾਂ ਨੇ ਕੈਗ ਵਲੋਂ ਸਾਹਮਣੇ ਲਿਆਂਦੇ ਘੁਟਾਲੇ ਨੂੰ ਵਿਚਾਰਨ ਦੀ ਮੰਗ ਕੀਤੀ, ਜਿਸ ਨੂੰ ਸੱਤਾਧਾਰੀ ਧਿਰ ਨੇ ਮੁੱਢੋਂ ਰੱਦ ਕਰ ਦਿੱਤਾ। ਸੱਤਾਧਾਰੀ ਧਿਰ ਦੇ ਇਸ ਰਵੱਈਏ ਤੋਂ ਬਾਅਦ ਵਿਰੋਧੀ ਧਿਰ ਦੇ ਵਿਧਾਇਕਾਂ ਨੇ ਮੁੱਖ ਮੰਤਰੀ ਦੇ ਅਸਤੀਫ਼ੇ ਦੀ ਮੰਗ ਕੀਤੀ, ਜਿਸ ਦੇ ਚਲਦਿਆਂ ਸਪੀਕਰ ਨੇ ਵਿਧਾਨ ਸਭਾ ਦੀ ਕਾਰਵਾਈ ਦੋ ਵਾਰ ਮੁਲਤਵੀ ਕਰ ਦਿੱਤੀ। ਪਰ ਜਿਉਂ ਹੀ 2.30 ਵਜੇ ਵਿਧਾਨ ਸਭਾ ਦੀ ਕਾਰਵਾਈ ਮੁੜ ਸ਼ੁਰੂ ਹੋਈ ਤਾਂ ਵਿਰੋਧੀ ਧਿਰ ਦੇ ਵਿਧਾਇਕ ਮੁੜ ਮੁੱਖ ਮੰਤਰੀ ਦੇ ਅਸਤੀਫ਼ੇ ਦੀ ਮੰਗ ਕਰਨ ਲੱਗੇ। ਵਿਰੋਧੀ ਧਿਰ ਦੀ ਇਸ ਮੰਗ ਤੋਂ ਨਾਰਾਜ਼ ਸੱਤਾਧਾਰੀ ਧਿਰ ਦੇ ਵਿਧਾਇਕ ਉਨ੍ਹਾਂ ਨਾਲ ਭਿੜ ਪਏ ਤੇ ਇਸੇ ਦੌਰਾਨ ਦੋਹਾਂ ਧਿਰਾਂ ਵਿਚਾਲੇ ਮੇਜ ਤੇ ਕੁਰਸੀਆਂ ਚਲ ਪਈਆਂ। ਇਹ ਪੂਰਾ ਹੰਗਾਮਾ ਮੁੱਖ ਮੰਤਰੀ ਨਿਤਿਸ਼ ਕੁਮਾਰ ਤੇ ਉਪ ਮੁੱਖ ਮੰਤਰੀ ਸੁਸ਼ੀਲ ਮੋਦੀ ਦੀ ਹਾਜ਼ਰੀ 'ਚ ਹੋਇਆ। ਵਿਧਾਨ ਸਭਾ 'ਚ ਕਰੀਬ 10 ਮਿੰਟ ਤੱਕ ਇਹ ਕਾਰਵਾਈ ਚਲਦੀ ਰਹੀ। ਸੱਤਾਧਾਰੀ ਧਿਰ ਦੇ ਵਿਧਾਇਕਾਂ ਨੇ ਵੈਲ 'ਚ ਰੱਖੀ ਮੇਜ ਨੂੰ ਪੁੱਟ ਕੇ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਉਸ ਹੇਠ ਦਬਾਉਣ ਦਾ ਯਤਨ ਕੀਤਾ। ਇਸ ਝੜਪ 'ਚ ਜੇ ਡੀ (ਯੂ) ਵਿਧਾਇਕ ਬਿਲਟ ਪਾਸਵਾਨ ਅਤੇ ਰਾਜ ਕੁਮਾਰ, ਸੀ ਪੀ ਆਈ ਦੇ ਵਿਧਾਇਕ ਰਜਿੰਦਰ ਪ੍ਰਸਾਦ, ਆਰ ਜੇ ਡੀ ਦੇ ਵਿਧਾਇਕ ਪ੍ਰੇਮਾ ਚੌਧਰੀ, ਭਾਜਪਾ ਵਿਧਾਇਕ ਰਾਮ ਪ੍ਰੀਤ ਅਤੇ ਅਸ਼ੋਕ ਯਾਦਵ ਸਮੇਤ ਕਈ ਹੋਰ ਵਿਧਾਇਕ ਜ਼ਖ਼ਮੀ ਹੋ ਗਏ।

ਹੰਗਾਮੇ ਤੇ ਮਾਰਕੁਟਾਈ ਦੇ ਚਲਦਿਆਂ ਵਿਧਾਨ ਸਭਾ ਦੀ ਕਾਰਵਾਈ ਬੁੱਧਵਾਰ ਤੱਕ ਮੁਲਤਵੀ ਕਰ ਦਿੱਤੀ ਗਈ।

## ਮੁੰਬਈ 'ਚ ਕਲੋਰੀਨ ਰਿਸਣ ਨਾਲ ਤਿੰਨ ਮੌਤਾਂ, 100 ਬਿਮਾਰ

**ਮੁੰਬਈ :** ਬੀਤੀ 14 ਜੁਲਾਈ ਨੂੰ ਦੇਰ ਰਾਤ ਮੁੰਬਈ ਪੋਰਟ ਟਰੱਸਟ 'ਚ ਸਿਲੰਡਰ 'ਚੋਂ ਕਲੋਰੀਨ ਗੈਸ ਰਿਸਣ ਨਾਲ ਤਿੰਨ ਲੋਕਾਂ ਦੀ ਮੌਤ ਹੋ ਗਈ, ਜਦਕਿ 100 ਦੇ ਕਰੀਬ ਬੇਹੋਸ਼ ਹੋ ਗਏ ਜੋ ਹਸਪਤਾਲ 'ਚ ਦਾਖ਼ਲ ਹਨ। ਇਹ ਘਟਨਾ ਦੱਖਣੀ-ਮੱਧ ਮੁੰਬਈ ਦੇ ਸ਼ਿਵੜੀ-ਹਾਜੀ ਇਲਾਕੇ 'ਚ ਵਾਪਰੀ। ਹਾਲਾਂਕਿ ਗੈਸ 'ਤੇ ਕਾਬੂ ਪਾ ਲਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਕੁਝ ਪੁਰਾਣੇ ਗੈਸ ਸਿਲੰਡਰਾਂ 'ਚੋਂ ਇਹ ਗੈਸ ਲੀਕ ਹੋਈ ਹੈ, ਜਿਨ੍ਹਾਂ ਨੂੰ ਕਸਟਮ ਅਧਿਕਾਰੀਆਂ ਨੇ ਜ਼ਬਤ ਕਰ ਲਿਆ ਹੈ।







Sai Productions
National Sponsor
WWW.SAIPRODUCTIONS.CA
presents
dish NETWORK
Legal Advisor:
Harjot Ginny Walia,
Attorney at law
www.walialawfirm.com
Tel: (510) 887-5910
Gurdas Maan
INTERNATIONAL PROMOTER
NIRMAL DHALIWAL
778-892-4706
206-915-0740
AJIT KAUSHAL
510-455-6278
LIVE IN CONCERT
jus punjabi
The 1st American-Punjabi TV Channel
VIRSA ENTERTAINMENT GROUP
07 AUG 2010
BAKERSFIELD, CA
RABOBANK CONVENTION CENTER
1001 TRUXTUN AVE, BAKERSFIELD, CA - 93301
PINDER DHILLON – 661-301 7870
BALBIR SHERGILL – 661-205-1616
www.rabobankarena.com
08 AUG 2010
LOS ANGLES, CA
REDONDO BEACH PERFORMING
1935 MANHATTAN BEACH BOULEVARD, CA - 90278
NEEMA'S SARI – 562-860-1135 KAMAL SINGH -661-210-8984
Ticket Price : $39, $49, $59, $69, $79 (J-O), VIP $100 (G-I), VIP $125 (D-F), VVIP (A-D)
For VVIP Info Call at 661-319-7427

# ਹਵਾਈ ਜਹਾਜ਼ ਹਾਦਸੇ ਦੌਰਾਨ ਦੋ ਸਕੇ ਭਾਰਤੀ ਭਰਾਵਾਂ ਦੀ ਮੌਤ

**ਵਾਸ਼ਿੰਗਟਨ:** ਇਕ ਜਹਾਜ਼ ਹਾਦਸੇ ਦੌਰਾਨ ਭਾਰਤੀ ਮੂਲ ਦੇ ਦੋ ਸਕੇ ਭਰਾਵਾਂ ਤੇ ਇਕ ਅਮਰੀਕੀ ਸਮੇਤ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਮਰਨ ਵਾਲੇ ਭਾਰਤੀਆਂ ਵਿਚੋਂ ਇਕ ਸਿਖਾਂਦਰੂ ਪਾਇਲਟ ਸੀ। ਹਾਦਸੇ ਦਾ ਸ਼ਿਕਾਰ ਹੋਏ ਦੋਵੇਂ ਭਰਾਵਾਂ ਦੀ ਪਹਿਚਾਣ ਕਾਰਤਿਕ ਕਲਾਈਚੇਲਵਨ (22) ਤੇ ਪ੍ਰਤੀਕ ਕਲਾਈਚੇਲਵਨ ਵਜੋਂ ਹੋਈ ਹੈ, ਜੋ ਮੂਲ ਰੂਪ ਨਾਲ ਕਰਨਾਟਕ ਦੇ ਬੰਗਲੌਰ ਸ਼ਹਿਰ ਨਾਲ ਸਬੰਧ ਰੱਖਦੇ ਸਨ।

ਦੱਸਣਾ ਬਣਦਾ ਹੈ ਕਿ ਮ੍ਰਿਤਕ ਕਾਰਤਿਕ ਕਲਾਈਚੇਲਵਨ ਅਮਰੀਕੀ ਨਾਗਰਿਕ ਸੈਸੇ ਬਰਾਈਨੇਗਰ ਨਾਲ ਅਮਰੀਕਾ ਦੇ ਇਕ ਕਾਲਜ 'ਚ ਪਾਇਲਟ ਦੀ ਸਿਖਲਾਈ ਲੈ ਰਿਹਾ ਸੀ, ਜਦਕਿ ਉਸਦਾ ਭਰਾ ਪ੍ਰਤੀਕ, ਜੋ ਬੀਡੀਐਸ ਕਰ ਰਿਹਾ ਸੀ, ਉਸ ਨੂੰ ਮਿਲਣ ਗਿਆ ਸੀ। ਪ੍ਰਤੀਕ ਨੇ ਕੁਝ ਦਿਨਾਂ 'ਚ ਹੀ ਭਾਰਤ ਪਰਤਣਾ ਸੀ ਤੇ ਇਸੇ ਕਾਰਨ ਉਸ ਦਾ ਭਰਾ ਕਾਰਤਿਕ ਉਸ ਨੂੰ ਜਹਾਜ਼ ਰਾਹੀਂ ਟੈਕਸਾਸ ਵਿਖਾ ਰਿਹਾ ਸੀ। ਇਹ ਹਾਦਸਾ 13 ਜੁਲਾਈ ਦੀ ਰਾਤ ਨੂੰ ਵਾਪਰਿਆ, ਜਿਸ ਵਿਚ ਕਾਰਤਿਕ ਦੀ ਮੌਕੇ 'ਤੇ ਹੀ ਮੌਕ ਹੋ ਗਈ, ਜਦਕਿ ਪ੍ਰਤੀਕ ਨੇ ਹਸਪਤਾਲ ਜਾ ਕੇ ਦਮ ਤੋੜਿਆ। ਹਾਦਸੇ ਦੌਰਾਨ ਨਾ ਤਾਂ ਜਹਾਜ਼ ਨੂੰ ਅੱਗ ਲੱਗੀ ਤੇ ਨਾ ਹੀ ਕੋਈ ਹੋਰ ਨੁਕਸਾਨ ਹੋਇਆ। ਇਸ ਦੇ ਮੱਦੇਨਜ਼ਰ ਹਾਦਸੇ ਦੇ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਅੱਜ ਹੀ ਇਨ੍ਹਾਂ ਦੇ ਮਾਪੇ ਭਾਰਤ ਤੋਂ ਅਮਰੀਕਾ ਪਹੁੰਚੇ ਹਨ ਅਤੇ ਇਹ ਲਾਸ਼ਾਂ ਭਾਰਤ ਲਿਜਾਣਾ ਚਾਹੁੰਦੇ ਹਨ, ਜੋ ਉਨ੍ਹਾਂ ਨੂੰ ਜਲਦ ਹੀ ਸੌਂਪ ਦਿੱਤੀਆਂ ਜਾਣਗੀਆਂ।


G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  » New License Plates & Renewals
- Interstate & Intrastate Permits
  » DOT #, MC #, CA #
  » IFTA, UCR, MCP
  » NM, KY, NY, OR Permits
  » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰਕਿੰਗ ਸੇਵਾਵਾਂ ਵਾਸਤੇ
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com




ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ

Ph:(209) 474-2771, (888) 474-2771

7746 Lorraine Aenue #214, Stockton, CA 95210



Grand Opening

GILL EXPRESS


OPEN 24 HOURS EVERYDAY

Fast & Friendly Service

WASH, TIRE & REPAIR

TRUCK OR TRAILER WASH

ਪੰਜਾਬੀ ਢਾਬਾ



Owner Manager

19.99

Expire 8-1-10

Hwy 70 Exit 123 Spiceland IN

Call Jassi : 765-987-7000

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

## Refinance Now

**15 & 30 Yr Fixed Rates Are Getting Better!!!**
**5/1, 7/1 ARM are also attractive**
**Refinance Now At Zero Cost**

**Call Sukhi Gill @ 510-207-9067**
CA DRE Lic.#01180969

# Short Sale Specialist

**We can sell your house in short sale at no cost to you.**

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ ‘ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale ‘ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ। *Foreclosure ਦੇ ਮੁਕਾਬਲੇ Short Sale ‘ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ। *ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale ‘ਤੇ ਲਾ ਕੇ ਘਰ ਵੇਚ ਸਕਦੇ ਹਾਂ।

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**




**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings




**14434 Tiburon Rd, San Leandro CA 94577**
4 Bedrooms, 2 Full Bath, 2 Car Garage
1464 sq ft




**304 Pennyhill drive San Jose CA 95127**
4 Bedrooms, 3 Baths, 2 Car Garage.
Area 1933 Sq. Ft - Lot 4500 Sq. Ft




**111 Nancy Lane San Jose CA 95127**
6 Plex - 2 units each
3Bed/1Bath - 3Bed/1Bath - 3Bed/1Bath




**675 Bel Air Court Morgan Hill CA 95037**
5 Bedrooms, 3 Baths, 2 Car Garage.
Area 2807 Sq. Ft - Lot 6534 Sq. Ft




**1802 Picasso Way Stockton, CA 95206**
3 Bedrooms, 3 Baths, 2 Car Garage




**950 Silver Court Lathrop, CA 95330**
3 Bedrooms, 2.5 Baths, 2 Car Garage.
Living Area 2448 Sq. Ft




**1512 Sonoma Dr Milpitas CA 95035**
4 Bedroom and 3 full bath
Large family room with wet bar & fireplace




**1231 Cracolice Way, Milpitas 95035**
4 Bedrooms, 2.5 Baths, 2 Car Garage.
Area 1868 Sq. Ft - Lot 4893 Sq. Ft.

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਤਿੰਨ ਚੇਅਰਮੈਨਾਂ ਨੇ ਸਰਕਾਰ ਵਿਰੁਧ ਬਾਗੀ ਸੁਰਾਂ ਅਲਾਪੀਆਂ**

–ਅਲਾਪਣ ਕਿਉਂ ਨਾ? ਕਾਕਾ ਜੀ ਕਮਿਸ਼ਨ ਹੀ ਇੰਨਾ ਮੰਗਦੇ ਐ ਕਿ ਬਚਦਾ ਈ ਕੱਖ ਨਹੀਂ।

***ਕੈਨੇਡਾ ਦਾ ਨਾਗਰਿਕ ਬਣਨਾ ਚਾਹਾਂਗਾ–ਬੱਬੂ ਮਾਨ**

–ਜਿਹੜੀ 'ਗਰਮਖਿਆਲੀ' ਗੀਤਾਂ ਦੀ ਲਹਿਰ ਤੁਸੀਂ ਸ਼ੁਰੂ ਕਰਵਾਈ ਐ ਲੱਗਦੈ ਰਾਜਸੀ ਸ਼ਰਣ ਲੈਣੀ ਪਊ।

***ਪੰਜਾਬ ਤੋਂ ਫੌਜੀ ਭਰਤੀ ਲਈ ਨਹੀਂ ਮਿਲ ਰਹੇ ਜਵਾਨ**

–ਨਸ਼ਾ ਖਾ ਗਿਆ ਜਵਾਨੀਆਂ, ਜਵਾਨ ਕਿਥੋਂ ਮਿਲਣਗੇ?

***ਸ਼ਹਿਰਾਂ ਨੂੰ ਨਿਸ਼ਾਨਾ ਬਣਾਉਣ ਦੀ ਸਮਰਥਾ ਵਿਕਸਿਤ ਕਰ ਸਕਦੇ ਹਨ ਨਕਸਲੀ–ਅਮਰੀਕਨ ਨੀਤੀਘਾੜਾ ਸੰਗਠਨ**

–ਜੇ ਸ਼ਹਿਰਾਂ ਦੇ ਨਾਂ ਵੀ ਦੱਸ ਦਿੰਦੇ ਤਾਂ ਚੰਗਾ ਹੁੰਦਾ।

***ਦਿੱਲੀ ਏਅਰਪੋਰਟ 'ਤੇ ਬਣੇ ਨਵੇਂ ਟਰਮੀਨਲ ਨਾਲ ਚੰਗੇ ਭਾਰਤ ਦੀ ਤਸਵੀਰ ਉਭਰੇਗੀ–ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ**

–ਤੇ ਆਉਣ ਵਾਲਾ ਜਦੋਂ ਏਅਰਪੋਰਟ ਤੋਂ ਬਾਹਰ ਨਿਕਲ ਕੇ ਦਿੱਲੀ ਦੀਆਂ ਗਲੀਆਂ 'ਚ ਘੁੰਮਿਆ ਉਦੋਂ?

***ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਕਾਂਗਰਸੀ ਭਾਗ ਲੈਣਗੇ–ਕੈਪਟਨ ਅਮਰਿੰਦਰ ਸਿੰਘ**

–ਅਬ ਆਏਗਾ ਮਜ਼ਾ! ਉਧਰੋਂ ਆਰ ਐਸ ਐਸ, ਇਧਰੋਂ ਕਾਂਗਰਸੀ।

***ਦਰਸ਼ਨੀ ਡਿਓੜੀ ਦੇ ਦਰਵਾਜ਼ੇ ਮੁਰੰਮਤ ਲਈ ਉਤਾਰੇ**

–ਦੇਖਿਓ! ਕਿਤੇ ਦਸਮ ਪਿਤਾ ਦੀ ਕਲਗੀ ਵਾਂਗ ਖੁਰਦ–ਬੁਰਦ ਨਾ ਕਰ ਦਿਓ।

# ਭਾਰਤੀ ਰੁਪਏ ਦਾ ਵਿਸ਼ੇਸ਼ ਚਿੰਨ੍ਹ ਜਾਰੀ, ਫੌਂਟ ਵੀ ਤਿਆਰ

**ਬਲਜੀਤ ਬਾਸੀ**

ਹੁਣ ਤੱਕ ਅੱਖਰਾਂ ਨਾਲ ਲਿਖ ਕੇ ਪ੍ਰਗਟਾਏ ਜਾਂਦੇ ਭਾਰਤੀ ਰੁਪਏ ਨੂੰ ਆਪਣੀ ਨਿਆਰੀ ਪਛਾਣ ਮਿਲ ਗਈ ਹੈ। ਸੂਚਨਾ ਤੇ ਪ੍ਰਸਾਰਣ ਮੰਤਰੀ ਸ੍ਰੀਮਤੀ ਅੰਬਿਕਾ ਸੋਨੀ ਨੇ ਰੁਪਏ ਦਾ ਡਿਜ਼ਾਈਨ ਕੀਤਾ ਚਿੰਨ੍ਹ ਜਨਤਕ ਤੌਰ 'ਤੇ ਜਾਰੀ ਕਰ ਦਿੱਤਾ ਹੈ। ਇਸ ਤਰ੍ਹਾਂ ਭਾਰਤੀ ਰੁਪਈਆ ਵੀ ਹੁਣ ਡਾਲਰ ($), ਯੂਰੋ (•), ਪਾਊਂਡ (£) ਤੇ ਯੈਨ (¥) ਦੀ ਕਤਾਰ ਵਿਚ ਸ਼ਾਮਿਲ ਹੋ ਗਿਆ ਹੈ।



ਰੁਪਏ ਦਾ ਪ੍ਰਵਾਨ ਹੋਇਆ ਚਿੰਨ੍ਹ

ਪ੍ਰਾਪਤ ਜਾਣਕਾਰੀ ਅਨੁਸਾਰ ਇਹ ਚਿੰਨ੍ਹ ਆਈ.ਆਈ.ਟੀ. ਤੋਂ ਪੋਸਟ ਗਰੈਜੂਏਟ ਡੀ ਉਦੈ ਕੁਮਾਰ ਨੇ ਡਿਜ਼ਾਈਨ ਕੀਤਾ। ਇਸ ਚਿੰਨ੍ਹ ਨੂੰ ਵਿਤ ਮੰਤਰਾਲੇ ਪਿਛੋਂ ਕੈਬਨਿਟ ਮੰਤਰੀ ਨੇ ਵੀ ਮਨਜ਼ੂਰੀ ਦੇ ਦਿੱਤੀ ਹੈ। ਸੱਤ ਮੈਂਬਰੀ ਪੈਨਲ ਨੇ ਪੇਸ਼ ਹੋਏ ਅਨੇਕਾਂ ਡਿਜ਼ਾਈਨਾਂ ਵਿਚੋਂ ਇਸ ਨੂੰ ਚੁਣਿਆ ਹੈ।

ਇਹ ਡਿਜ਼ਾਈਨ ਦੇਵਨਾਗਰੀ 'ਰਾ' ਅਤੇ ਰੋਮਨ 'ਆਰ' ਦਾ ਮਿਲਿਆ ਜੁਲਿਆ ਰੂਪ ਹੈ। ਇਸ ਦੇ ਨਾਲ ਹੀ ਇਸ ਚਿੰਨ੍ਹ ਵਿਚ ਤਿਰੰਗੇ ਅਤੇ ਅਸ਼ੋਕ ਚੱਕਰ ਜਿਹੇ ਭਾਰਤੀ ਪ੍ਰਤੀਕਾਂ ਨੂੰ ਵੀ ਸੰਕੇਤਕ ਤੌਰ 'ਤੇ ਸ਼ਾਮਿਲ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਵਿੱਤ ਮੰਤਰੀ ਸ੍ਰੀ ਪ੍ਰਣਾਬ ਮੁਖਰਜੀ ਨੇ ਕਿਹਾ ਸੀ ਕਿ ਅਸੀਂ ਆਪਣੇ ਰੁਪਏ ਦੇ ਚਿੰਨ੍ਹ ਨੂੰ ਇਸ ਤਰ੍ਹਾਂ ਢਾਲਣਾ ਚਾਹੁੰਦੇ ਸਾਂ ਕਿ ਇਹ ਭਾਰਤੀ ਸੰਸਕ੍ਰਿਤੀ ਨਾਲ ਮੇਲ ਖਾਵੇ। ਰੁਪਏ ਦਾ ਚਿੰਨ੍ਹ ਭਾਰਤੀ ਆਰਥਿਕਤਾ ਦੀ ਮਜ਼ਬੂਤੀ ਵੱਲ ਵੀ ਸੰਕੇਤ ਕਰਦਾ ਹੈ ਤੇ ਅੰਤਰਰਾਸ਼ਟਰੀ ਵਿਤੀ ਹਲਕਿਆਂ ਵਿਚ ਇਸ ਦੀ ਮਾਨਤਾ ਸਿਖਰ 'ਤੇ ਹੈ ਅਤੇ ਰੁਪਏ ਦੇ ਸਿੰਬਲ ਦੀ ਜ਼ਰੂਰਤ ਪੈਣ ਲੱਗੀ ਹੈ। ਇਸ ਚਿੰਨ੍ਹ ਨੂੰ ਲਾਗੂ ਕਰਨ ਨਾਲ ਹੁਣ ਇਸ ਨੂੰ ਪਾਕਿਸਤਾਨ, ਬੰਗਲਾਦੇਸ਼, ਮਾਰੀਸ਼ੀਅਸ, ਸ੍ਰੀਲੰਕਾ, ਨੇਪਾਲ, ਭੁਟਾਨ ਆਦਿ ਦੇ ਰੁਪਈਆਂ ਨਾਲ ਰਲਗੱਡ ਨਹੀਂ ਕੀਤਾ ਜਾ ਸਕੇਗਾ।

ਚਿੰਨ੍ਹ ਦਾ ਡਿਜ਼ਾਈਨ ਤਿਆਰ ਕਰਨ ਲਈ 5 ਮਾਰਚ 2009 ਨੂੰ ਇਕ ਮੁਕਾਬਲਾ ਰਖਿਆ ਗਿਆ ਸੀ। ਡਿਜ਼ਾਈਨਕਾਰ ਸ੍ਰੀ ਉਦੈ ਕੁਮਾਰ ਨੂੰ ਢਾਈ ਲੱਖ ਰੁਪਏ ਦਾ ਇਨਾਮ ਦਿੱਤਾ ਗਿਆ ਹੈ। ਕੁਝ ਹੋਰ ਪ੍ਰਤਿਯੋਗੀਆਂ ਨੇ ਇਤਰਾਜ਼ ਉਠਾਇਆ ਹੈ ਕਿ ਚੁਣਿਆ ਹੋਇਆ ਚਿੰਨ੍ਹ ਹਦਾਇਤਾਂ ਅਨੁਸਾਰ ਨਹੀਂ ਕਿਉਂ ਕਿ ਇਸ ਵਿਚ ਗੈਰ–ਭਾਰਤੀ ਅੱਖਰ ਰੋਮਨ 'ਆਰ' ਨੂੰ ਵੀ ਦਿਖਾਇਆ ਗਿਆ ਹੈ। ਉਨ੍ਹਾਂ ਚੋਣ ਵਿਧੀ 'ਤੇ ਵੀ ਉਜ਼ਰ ਕੀਤਾ ਹੈ। ਵੈਸੇ ਇਕ ਹੋਰ ਕੋਨ ਤੋਂ ਦੇਖਿਆਂ ਇਹ ਚਿੰਨ੍ਹ ਕਮਿਊਨਿਸਟਾਂ ਦੇ ਚਿੰਨ੍ਹ ਦਾਤੀ–ਹਥੌੜੇ ਵਰਗਾ ਵੀ ਪ੍ਰਤੀਤ ਹੁੰਦਾ ਹੈ।

ਫੋਰਡੀਅਨ ਟੈਕਨਾਲੋਜੀਜ਼ ਨੇ ਇਸ ਦਾ ਫੌਂਟ ਵੀ ਤਿਆਰ ਕਰ ਲਿਆ ਹੈ ਜੋ ਕੀਬੋਰਡ ਤੋਂ ਟਾਈਪ ਹੋ ਸਕਦਾ ਹੈ। ਇਸਨੂੰ ਕੰਪਨੀ ਦੇ ਬਲਾਗ (http://blog.foradian.com/) ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਇਸ ਨੂੰ ਟੈਬ ਤੋਂ ਉਪਰ ਵਾਲੀ ਕੀ ਦਬਾਉਣ ਨਾਲ ਟਾਈਪ ਕੀਤਾ ਜਾ ਸਕਦਾ ਹੈ। ਮੈਂ ਇਸਨੂੰ ਡਾਊਨਲੋਡ ਕਰਕੇ ਟਾਈਪ ਕਰਕੇ ਦੇਖਿਆ ਹੈ, ਮੌਲਿਕ ਚਿੰਨ੍ਹ ਨਾਲ ਖੂਬ ਮਿਲਦਾ ਹੈ। ਇਸ ਚਿੰਨ੍ਹ ਨਾਲ ਅੱਜ ਦਾ ਡਾਲਰ ਰੁਪਏ ਦਾ ਵਟਾਂਦਰਾ ਦਰ ਇਸ ਤਰ੍ਹਾਂ ਦਿਸੇਗਾ: $1= ₹46.78

*Visit us on the web:* ***www.punjabtimesusa.com***

## ਮੂੰਹ ਆਈ ਬਾਤ

*(ਸਫਾ 18 ਦੀ ਬਾਕੀ)*

ਟੁਕੜੇ ਤਾਂ ਕਰ ਲਏ। ਹੁਣ ਮਾਂ ਕਿਉਂ ਨਹੀਂ ਵੰਡੀ, ਮਾਂ ਦੇ ਵੀ ਤਿੰਨ ਟੁਕੜੇ ਕਰ ਲੈਂਦੇ। ਮੈਂ ਆਹ ਦਿਨ ਵੇਖਣ ਲਈ ਤੁਹਾਨੂੰ ਰੱਤ ਦਾ ਅੰਮ੍ਰਿਤ ਬਣਾ ਕੇ ਪਿਲਾਉਂਦੀ ਰਹੀ। ਸਾਰੀ ਸਾਰੀ ਰਾਤ ਜਾਗ ਕੇ ਤੁਹਾਨੂੰ ਪਾਲਿਆ, ਅੱਜ ਤੁਸੀਂ ਮੇਰੇ ਪਿਛਲੇ ਪਹਿਰੇ ਦੇ ਦਿਨ ਦੁੱਖਾਂ ਨਾਲ ਭਰ ਰਹੇ ਹੋ। ਪਿਓ ਦੇ ਹਿੱਸੇ ਲਈ ਤਾਂ ਡਾਂਗਾਂ ਚੁੱਕੀਆਂ, ਥਾਣੇ ਗਏ, ਮਾਂ ਆਪਣੇ ਨਾਲ ਰੱਖਣ ਲਈ ਕਿਉਂ ਨਹੀਂ ਡਾਂਗਾਂ ਚੁੱਕੀਆਂ, ਪਿਓ ਦੀ ਜ਼ਮੀਨ ਵੰਡ ਲਈ, ਮੈਂ ਵੀ ਪਿਓ ਦੀ ਕੁਝ ਲਗਦੀ ਸੀ, ਮੈਨੂੰ ਕਿਉਂ ਨਹੀਂ ਵੰਡਿਆ?" ਬੱਗੇ ਹੋਰਾਂ ਨੂੰ ਧਰਤੀ ਵਿਹਲ ਨਹੀਂ ਸੀ ਦੇ ਰਹੀ ਕਿ ਕਿੱਥੇ ਆਪਣਾ ਮੂੰਹ ਲੁਕਾਉਣ। ਜਿੱਥੇ ਫੈਸਲੇ ਦੀ ਖੁਸ਼ੀ ਸੀ, ਉਥੇ ਤਾਰੇ ਨਾਲ ਹੋਏ ਧੱਕੇ ਦਾ ਅੰਦਰੋਂ ਦੁੱਖ ਸੀ ਪਰ ਤਾਰੇ ਦੀ ਸਿਆਣਪ ਪੂਰੇ ਪਿੰਡ ਦੇ ਮੂੰਹ 'ਤੇ ਚੜ੍ਹ ਕੇ ਬੋਲ ਰਹੀ ਸੀ।

ਤਾਰਾ ਤੇ ਮਾਂ ਬਚਨੀ ਰਾਹ ਉਪਰਲੀ ਬੈਠਕ ਵਿਚ ਰਹਿਣ ਲੱਗੇ। ਚੁੱਲ੍ਹੇ ਥੱਲੇ ਅੱਗ ਬਾਲਣ ਲਈ ਤਾਰੇ ਨੇ ਇਕ ਪਾਈਪ ਫੈਕਟਰੀ ਵਿਚ ਦਿਹਾੜੀ ਕਰਨੀ ਸ਼ੁਰੂ ਕਰ ਦਿੱਤੀ। ਤਾਰਾ ਸਵੇਰਿਓਂ ਜਾਂਦਾ, ਸ਼ਾਮ ਨੂੰ ਘਰ ਪਰਤ ਆਉਂਦਾ। ਸਮਾਂ ਬੀਤਦਾ ਗਿਆ। ਬੱਗਾ ਤੇ ਚੰਦ, ਤਾਰੇ ਦਾ ਹਿੱਸਾ ਵਾਹ ਕੇ ਆਪਣੇ ਮਨਾਂ ਦੀਆਂ ਰੀਝਾਂ ਪੁਗਾ ਕੇ ਖੁਸ਼ੀ ਮਹਿਸੂਸ ਕਰਦੇ ਸਨ।

ਇਕ ਦਿਨ ਤਾਰੇ ਨੇ ਕੰਮ ਤੋਂ ਆਉਂਦਿਆਂ ਕਾਰ ਤੇ ਟਰੱਕ ਦਾ ਐਕਸੀਡੈਂਟ ਹੁੰਦਾ ਆਪਣੀਆਂ ਅੱਖਾਂ ਨਾਲ ਵੇਖਿਆ। ਕਾਰ ਟਰੱਕ ਨਾਲ ਟਕਰਾ ਕੇ ਸੜਕ ਕਿਨਾਰੇ ਖੜ੍ਹੇ ਸਫੈਦੇ ਵਿਚ ਜਾ ਵੱਜੀ। ਟਰੱਕ ਵਾਲਾ ਉਥੋਂ ਦੌੜ ਗਿਆ। ਤਾਰੇ ਨੇ ਕਾਰ ਕੋਲ ਜਾ ਕੇ ਵੇਖਿਆ। ਦੋ ਮੋਨੇ ਬੰਦੇ ਜਿਵੇਂ ਆਖਰੀ ਸਾਹ ਲੈਂਦੇ ਹੋਣ। ਤਾਰਾ ਸੜਕ ਕਿਨਾਰੇ ਉਚੀਆਂ ਬਾਹਾਂ ਖੜ੍ਹੀਆਂ ਕਰਕੇ ਮਦਦ ਲਈ ਰੌਲਾ ਪਾਉਣ ਲੱਗਿਆ। ਰੱਬ ਦੀ ਕੁਦਰਤ ਤਾਰੇ ਦਾ ਕੋਈ ਜਾਣੂ ਟਾਟਾ ਸੂਮੋ ਵਾਲਾ ਰੁਕ ਗਿਆ। ਤਾਰੇ ਨੇ ਸਾਰਾ ਕੁਝ ਦੱਸ ਦਿੱਤਾ ਜੋ ਵੇਖਿਆ ਸੀ। ਸੂਮੋ ਵਾਲੇ ਨੇ ਕਿਹਾ, "ਤਾਰਿਆ ਇਸ ਪੰਗੇ ਵਿਚ ਨਾ ਪੈ, ਤੇਰੇ 'ਤੇ ਕੋਈ ਕੇਸ ਬਣ ਜਾਊ।"

"ਬਾਈ ਇਹ ਵਿਚਾਰੇ ਮਰਦੇ ਨੇ ਤੇ ਤੈਨੂੰ ਪੰਗਾ ਦਿਸਦਾ ਹੈ", ਚਲ ਸੂਮੋ ਘੁਮਾ ਇਨ੍ਹਾਂ ਨੂੰ ਲੁਧਿਆਣੇ ਲੈ ਕੇ ਚੱਲੀਏ।

ਦੋਵੇਂ ਜਣੇ ਉਨ੍ਹਾਂ ਨੂੰ ਕੱਢ ਕੇ ਸੀ.ਐਮ.ਸੀ. ਲੁਧਿਆਣੇ ਲੈ ਗਏ। ਅੱਗੋਂ ਡਾਕਟਰ ਨੇ ਦੋਵਾਂ ਮੋਨਿਆਂ ਨੂੰ ਪਛਾਣ ਲਿਆ, ਇਹ ਦੋਵੇਂ ਸਕੇ ਭਰਾ ਸਨ ਤੇ ਲੁਧਿਆਣੇ ਦੀ ਇਕ ਮੰਨੀ–ਪ੍ਰਮੰਨੀ ਫੈਕਟਰੀ ਦੇ ਮਾਲਕ ਸਨ। ਜਦ ਤੱਕ ਦੋਵਾਂ ਨੂੰ ਹੋਸ਼ ਨਹੀਂ ਆਈ, ਡਾਕਟਰ ਨੇ ਤਾਰੇ ਨੂੰ ਜਾਣ ਨਾ ਦਿੱਤਾ।

ਹੁਣ ਤਾਰੇ ਨੂੰ ਲੱਗਿਆ ਜਿਵੇਂ ਉਹ ਨੇਕੀ ਦਾ ਕੰਮ ਕਰਕੇ ਫਸ ਗਿਆ ਹੋਵੇ ਪਰ ਇਸ ਤਰ੍ਹਾਂ ਨਹੀਂ ਸੀ। ਡਾਕਟਰ ਨੂੰ ਪਤਾ ਸੀ ਕਿ ਇਹ ਬਚ ਗਏ ਹਨ। ਬਚਾਉਣ ਵਾਲਾ ਤਾਰਾ ਹੈ, ਜੋ ਜਲਦੀ ਇਨ੍ਹਾਂ ਨੂੰ ਚੁੱਕ ਲਿਆਇਆ ਤੇ ਇਹ ਬਚ ਗਏ।

ਜਦੋਂ ਦੋਵਾਂ ਨੂੰ ਹੋਸ਼ ਆਈ ਤਾਂ ਉਹ ਤਾਰੇ ਦੇ ਪੈਰੀਂ ਪੈਣ ਤੱਕ ਜਾਣ, ਉਸ ਦਿਨ ਤੋਂ ਤਾਰਾ ਉਨ੍ਹਾਂ ਦੀ ਫੈਕਟਰੀ ਵਿਚ ਕੰਮ 'ਤੇ ਲੱਗ ਗਿਆ। ਉਨ੍ਹਾਂ ਨੇ ਤਾਰੇ ਦਾ ਵਿਆਹ ਆਪਣੇ ਇਕ ਕਾਮੇ ਦੀ ਕੁੜੀ ਨਾਲ ਕਰਵਾ ਦਿੱਤਾ। ਤਾਰੇ ਦੇ ਵਿਆਹ ਦਾ ਖਰਚਾ ਖੁਦ ਉਨ੍ਹਾਂ ਨੇ ਕੀਤਾ। ਸ਼ਗਨ ਵਿਚ ਇਕ ਕੋਠੀ ਤਾਰੇ ਨੂੰ ਖਰੀਦ ਕੇ ਦਿੱਤੀ। ਮਾਂ ਨੇ ਜੋੜੀ ਤੋਂ ਪਾਣੀ ਵਾਰ ਕੇ ਪੀਤਾ। ਮਾਂ ਤੋਂ ਚਾਅ ਚੱਕਿਆ ਨਾ ਜਾਵੇ। ਰੱਬ ਦਾ ਲੱਖ–ਲੱਖ ਸ਼ੁਕਰ ਮਨਾਇਆ। ਰੱਬ ਨੇ ਤਾਰੇ ਦੀ ਨੇੜੇ ਹੋ ਕੇ ਸੁਣ ਲਈ ਸੀ।

ਅੱਜ ਉਹ ਸਿੱਧਰਾ ਤਾਰਾ ਫੈਕਟਰੀ ਵਿਚ ਫੋਰਮੈਨ ਬਣਿਆ ਹੋਇਆ ਹੈ। ਤਾਰੇ ਦੇ ਘਰ ਜੌੜੇ ਪੁੱਤਾਂ ਨੇ ਜਨਮ ਲਿਆ। ਮਾਂ ਬਚਨੀ ਤਾਰੇ ਦਾ ਹੱਸਦਾ–ਵੱਸਦਾ ਘਰ ਵੇਖ ਕੇ ਫੁੱਲੀ ਨਾ ਸਮਾਉਂਦੀ। ਆਖਰ ਮਾਂ ਬਚਨੀ ਅੱਖਾਂ ਮੀਟ ਗਈ। ਬੱਗੇ ਤੇ ਚੰਦ ਨੇ ਮਾਂ ਦੇ ਮਰਨੇ ਵਿਚ ਸ਼ਰੀਕ ਹੋਣਾ ਚਾਹਿਆ, ਪਰ ਇਹ ਮਾਂ ਤਾਂ ਸਿਰਫ ਤਾਰੇ ਦੀ ਸੀ। ਅੱਜ ਬੱਗੇ ਤੇ ਚੰਦ ਨੂੰ ਪਤਾ ਲੱਗ ਚੁੱਕਾ ਸੀ ਕਿ ਮਾਂ ਕੀ ਹੁੰਦੀ ਹੈ? ਇਸ ਨੂੰ ਕਿਸੇ ਕੀਮਤ 'ਤੇ ਨਹੀਂ ਖਰੀਦਿਆ ਜਾ ਸਕਦਾ। ਬੱਗੇ ਨੇ ਆਪਣਾ ਮੁੰਡਾ ਮਨੀਲੇ ਭੇਜਿਆ, ਉਥੇ ਉਹ ਲੁਟੇਰਿਆਂ ਦੀ ਗੋਲੀ ਦਾ ਸ਼ਿਕਾਰ ਹੋ ਗਿਆ। ਚੰਦ ਨੇ ਆਪਣੀ ਕੁੜੀ ਵਿਆਹੀ, ਉਹ ਦਾਜ ਦੀ ਬਲੀ ਚੜ੍ਹ ਗਈ। ਦੋਵਾਂ ਨੇ ਤਾਰੇ ਦਾ ਹਿੱਸਾ ਦੱਬ ਕੇ ਜ਼ਮੀਨ ਦੀ ਵੱਟ ਤਾਂ ਅਗਾਂਹ ਕਰ ਲਈ, ਪਰ 'ਪੁੱਤੀਂ ਗੰਢ ਪਵੇ ਸੰਸਾਰ' ਵਾਲੀ ਗੰਢ ਖਤਮ ਕਰ ਲਈ। ਹੁਣ ਇਹ ਜ਼ਮੀਨ ਇਥੇ ਹੀ ਰਹਿ ਜਾਣੀ ਹੈ। ਨਾ ਆਪਣੇ ਹਿੱਸੇ ਜ਼ਮੀਨ ਰਹੀ, ਨਾ ਆਪਣੇ ਹਿੱਸੇ ਮਾਂ ਆਈ।


## ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

ਸਾਨੂੰ ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ ਜਿਹੜੇ ਕੈਲੀਫੋਰਨੀਆ ਤੋਂ ਕੈਨੇਡਾ ਦੇ ਐਡਮਿੰਟਨ, ਕੈਲਗਰੀ ਤੇ ਵੈਨਕੂਵਰ ਆਦਿ ਸ਼ਹਿਰਾਂ ਵਿਚ ਆ–ਜਾ ਸਕਦੇ ਹੋਣ।

*ਕੰਪਨੀ ਪਾਸ ਫਿਊਲ ਐਡਵਾਂਸ ਅਤੇ ਕਵਿੱਕ ਪੇਅ ਦਾ ਪੂਰਾ ਪ੍ਰਬੰਧ ਹੈ।*

*ਹੋਰ ਜਾਣਕਾਰੀ ਲਈ ਅੱਜ ਹੀ ਕਾਲ ਕਰੋ*



ਫੋਨ:(510) 881–8008
ਸੈਲ:408–896–4518

**Email:** cctransinc@gmail.com

**C and C Trans Inc.**

**Hayward, CA**




## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*National Truck Driving School*


*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2–3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu**
**Cell:916-502-7733**

**4585 Pell Dr. Secramento CA, 95838**



SUPER ENTERTAINMENT PRESENTS
PUNJABI MELA 2010
SARABJIT CHEEMA
SATINDER SATTI
FEROZ KHAN
JASSI, FROM ZTV
For Show Booking
Balwinder Singh Bajwa
sanjhapunjabtv1@hotmail.com
Cell: 516-852-2222



# ਅਦਾਲਤ ਵਲੋਂ ਸੋਨੀਆ ਗਾਂਧੀ ਤੇ ਰੀਤਾ ਬਹੁਗੁਣਾ ਤਲਬ



**ਪਟਨਾ :** ਸਾਲ 2007 'ਚ ਇਕ ਪੋਸਟਰ ਵਿਚ ਸੋਨੀਆ ਗਾਂਧੀ ਨੂੰ 'ਦੁਰਗਾ' ਵਜੋਂ ਪੇਸ਼ ਕਰਨ ਨੂੰ ਹਿੰਦੂ ਧਰਮ ਦਾ ਅਪਮਾਨ ਦੱਸਣ ਵਾਲੀ ਇਕ ਅਰਜ਼ੀ ਦੀ ਸੁਣਵਾਈ ਕਰਦਿਆਂ ਬਿਹਾਰ ਦੀ ਇਕ ਅਦਾਲਤ ਨੇ ਸੋਨੀਆ ਗਾਂਧੀ ਨੂੰ 29 ਜੁਲਾਈ ਨੂੰ ਅਦਾਲਤ 'ਚ ਪੇਸ਼ ਹੋਣ ਲਈ ਸੰਮਨ ਜਾਰੀ ਕੀਤਾ ਹੈ। ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਜਸਟਿਸ ਏਕੇ ਸ੍ਰੀਵਾਸਤਵ ਨੇ ਸ਼ਿਕਾਇਤ 'ਤੇ ਸੀਨੀਅਰ ਵਕੀਲ ਸੁਧੀਰ ਕੁਮਾਰ ਓਝਾ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇਹ ਸੰਮਨ ਜਾਰੀ ਕੀਤਾ। ਜਸਟਿਸ ਸ੍ਰੀਵਾਸਤਵ ਨੇ ਕਿਹਾ ਕਿ ਸੋਨੀਆ ਇਸ ਮਾਮਲੇ 'ਚ ਖ਼ੁਦ ਪੇਸ਼ ਹੋ ਸਕਦੀ ਹੈ ਜਾਂ ਵਕੀਲ ਰਾਹੀਂ ਆਪਣਾ ਪੱਖ ਰੱਖ ਸਕਦੀ ਹੈ।

ਇਸੇ ਤਰ੍ਹਾਂ ਇਸ ਮਾਮਲੇ 'ਚ ਅਦਾਲਤ ਨੇ ਉਤਰ ਪ੍ਰਦੇਸ਼ ਕਾਂਗਰਸ ਦੀ ਸੂਬਾ ਪ੍ਰਧਾਨ ਰੀਤਾ ਬਹੁਗੁਣਾ ਤੇ ਮੁਰਾਦਾਬਾਦ ਜ਼ਿਲ੍ਹੇ ਦੇ ਕਾਂਗਰਸੀ ਪ੍ਰਧਾਨ ਨੂੰ ਵੀ ਉਸੇ ਦਿਨ ਅਦਾਲਤ 'ਚ ਪੇਸ਼ ਹੋਣ ਲਈ ਵੱਖਰਾ ਸੰਮਨ ਦਿੱਤਾ ਹੈ। ਸ਼ਿਕਾਇਤਕਰਤਾ ਨੇ ਆਪਣੀ ਅਰਜ਼ੀ 'ਚ ਦੋਸ਼ ਲਗਾਇਆ ਹੈ ਕਿ ਇਕ ਹਿੰਦੀ ਰੋਜ਼ਾਨਾ ਅਖ਼ਬਾਰ 'ਚ 21 ਜੂਨ, 2007 ਨੂੰ ਛਪੇ ਇਸ਼ਤਿਹਾਰ ਵਿਚ ਕਾਂਗਰਸੀ ਆਗੂ ਸੋਨੀਆ ਗਾਂਧੀ ਨੂੰ ਦੁਰਗਾ ਦੇ ਰੂਪ 'ਚ ਪੇਸ਼ ਕੀਤਾ ਗਿਆ ਸੀ। ਅਰਜ਼ੀਕਾਰ ਨੇ ਦਲੀਲ ਦਿੱਤੀ ਸੀ ਕਿ ਅਜਿਹਾ ਕਰਨਾ ਹਿੰਦੂ ਧਰਮ ਤੇ ਹਿੰਦੂ ਭਾਈਚਾਰੇ ਦੀ ਬੇਇਜ਼ਤੀ ਹੈ।


## ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:


*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

**Cell:(510) 557-6988, Ph:209-982-9996**



## DOT Physical Exams Only $60

**Absolutely No Waiting**

ਟਰੱਕਰ ਵੀਰਾਂ ਦੇ ਧਿਆਨਯੋਗ
ਫਿਜ਼ੀਕਲ ਐਗਜ਼ਾਮ ਲਈ ਤੁਸੀਂ ਕਲੀਨਿਕ ਆਓ, ਸਿਰਫ 20 ਮਿੰਟ ਵਿਚ ਫਾਰਗ ਕਰਾਂਗੇ
ਅੱਜ ਹੀ ਆਪਣੀ ਅਪੁਆਇੰਟਮੈਂਟ ਬਣਾਓ



ਡਾ. ਜਗਜੀਤ ਸਿੰਘ ਸਿਹੋਤਾ ਡੀ ਸੀ
ਫੋਨ: 209-464-7738

ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ
ਫੋਨ: 209-464-7738
2531 N. California Street
(North California St. & Ellis St.
Stockton, CA 95204-5501

ਸਾਡੀ ਕਲੀਨਿਕ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ।

# ਵਿਸ਼ਵ ਕਪ ’ਚ ਅਰਜਨਟਾਈਨਾ ਦੀ ਹਾਰ ਨੂੰ ਸਮਝਣ ਦਾ ਯਤਨ ਕਰਦਿਆਂ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਫੁਟਬਾਲ ਜਗਤ ਵਿਚ ਕੌਣ ਜਾਹਨ ਟੈਰੀ ਨੂੰ ਨਹੀਂ ਜਾਣਦਾ। ਚੈਲਸੀ ਦੇ ਕਪਤਾਨ ਵਜੋਂ ਉਸ ਨੇ ਕਈ ਖਿਤਾਬ ਜਿਤੇ ਹੋਏ ਹਨ ਅਤੇ ਇੰਗਲੈਂਡ ਦੀ ਰਖਿਅਕ ਪੰਕਤੀ ਵਿਚ ਉਹ ‘ਚੀਨ ਦੀ ਕੰਧ’ ਦੇ ਸਮਾਨ ਸੀ। ਫਿਰ ਵੇਨ ਰੂਨੀ ਵਰਗੇ ਫੁਟਬਾਲ ਦੇ ਤਕੜੇ ਕਲਾਕਾਰ ਨੇ ਇਸ ਲੀਗ ਸੀਜ਼ਨ ਦੌਰਾਨ ਗੋਲਾਂ ਦੀ ਝੜੀ ਲਗਾਈ ਰਖੀ ਸੀ। ਰੂਨੀ ਦਾ ਸਾਥ ਦੇਣ ਲਈ ਕਪਤਾਨ ਜੇਰਾਰਡ ਅਤੇ ਫਰੈਂਕ ਲੈਂਪਾਰਡ ਤੋਂ ਵਧ ਤਾਕਤਵਰ ਜਾਂ ਸਟੀਕ ਖਿਡਾਰੀ ਕੋਈ ਵੀ ਕੋਚ ਹੋਰ ਕਿਥੋਂ ਲਭ ਕੇ ਲੈ ਆਵੇਗਾ?

ਇਹ ਗੱਲਾਂ ਅਜੇ ਚਲ ਹੀ ਰਹੀਆਂ ਸਨ ਕਿ ਥੋੜ੍ਹੀ ਬੋਰੀਅਤ ਮਹਿਸੂਸ ਕਰਦਿਆਂ ਪ੍ਰੋ. ਬਾਵਾ ਸਿੰਘ ਨੂੰ ਅਚਾਨਕ ਫਰਾਂਸ ਦੀ ਟੀਮ ਦੇ ਸਾਬਕਾ ਕਪਤਾਨ ਜਿਨੇਤਨ ਜ਼ਿਡਾਨ ਦੀ ਯਾਦ ਆ ਗਈ। ਉਸਦਾ ਸਵਾਲ ਸੀ ਕਿ ਫਰਾਂਸੀਸੀਆਂ ਨੂੰ ਉਨ੍ਹਾਂ ਦੇ ਪਹਿਲੇ ਹੀ ਮੈਚ ਦੌਰਾਨ ਉਰੂਗੁਏ ਨਾਂ ਦੇ ਕਿਸੇ ਗਰੀਬੜੇ ਜਿਹੇ ਦੇਸ਼ ਦੀ ਟੀਮ ਨੇ ਕਿੰਜ ਰੋਕ ਦਿਤਾ। ਰਛਪਾਲ ਗਿੱਲ ਅਰਜਨਟਾਈਨਾ ਤੋਂ ਬਾਅਦ ਫਰਾਂਸੀਸੀ ਟੀਮ ਦੇ ਸਾਲ 1982 ਯਾਨਿ ਮਾਈਕਲ ਪਲਾਟੀਨੀ ਦੇ ਵਕਤਾਂ ਤੋਂ ਹੀ ਫੈਨ ਹਨ। ਉਨ੍ਹਾਂ ਨੇ ਇਹ ਕਹਿ ਕੇ ਬਾਵਾ ਸਿੰਘ ਦੀ ਉਤਸੁਕਤਾ ਖਾਰਜ ਕਰ ਦਿਤੀ ਕਿ ਫਰਾਂਸੀਸੀ ਪਹਿਲੇ ਮੈਚ ਵਿਚ ਅਕਸਰ ਹੀ ਖਤਾ ਖਾ ਜਾਂਦੇ ਹਨ। ਉਨ੍ਹਾਂ ਦਾ ਦਾਅਵਾ ਸੀ ਕਿ ਅਜ (17 ਜੂਨ ਦੀ ਰਾਤ ਨੂੰ) ਹੀ ਮੈਕਸੀਕਨਾਂ ਨਾਲ ਆਪਣੇ ਦੂਸਰੇ ਮੁਕਾਬਲੇ ਵਿਚ ਉਹ ਆਪਣੀ ਤਾਕਤ ਦਾ ਜਲਵਾ ਵਿਖਾ ਦੇਣਗੇ। ਮੈਂ ਜ਼ਰਾ ਮਜ਼ਾਕ ਨਾਲ ਅੰਗਰੇਜ਼ੀ ਟ੍ਰਿਬਿਊਨ ’ਚ 25 ਮਈ ਨੂੰ ਖੇਡ ਪੰਨੇ ’ਤੇ ਛਪੀ ਲੀਡ ਰਿਪੋਰਟ ਦੇ ਹਵਾਲੇ ਨਾਲ ਉਨ੍ਹਾਂ ਦੀ ਇਹ ਕਹਿ ਕੇ ਤਾਈਦ ਕਰ ਦਿਤੀ ਕਿ ਪੂਲ ‘ਏ’ ਵਿਚ ਪਹਿਲੇ ਨੰਬਰ ’ਤੇ ਅਖੀਰੀ ਫਰਾਂਸੀਸੀ ਹੀ ਆਉਣਗੇ। (ਇਹ ਵਖਰੀ ਗੱਲ ਹੈ ਕਿ ਸਾਡੀ ਇਸ ਗੱਲਬਾਤ ਤੋਂ ਕੁਝ ਹੀ ਘੰਟੇ ਪਿਛੋਂ ਫਰਾਂਸੀਸੀਆਂ ਨੂੰ ਮੈਕਸੀਕਨਾਂ ਹਥੋਂ 2-0 ਗੋਲਾਂ ਦੇ ਫਰਕ ਨਾਲ ਸਭ ਤੋਂ ਸ਼ਰਮਨਾਕ ਹਾਰ ਖਾਣੀ ਪਈ ਸੀ ਅਤੇ ਟਰਾਫੀ ਦੀ ਦੌੜ ਵਿਚੋਂ ਬਾਹਰ ਹੋਣ ਉਹ ਸਭ ਤੋਂ ਪਹਿਲੀ ਟੀਮ ਬਣ ਗਈ। ਕੇਵਲ ਇਤਨਾ ਹੀ ਨਹੀਂ ਬਾਅਦ ਵਿਚ 22 ਜੂਨ ਨੂੰ ਆਪਣੇ ਅੰਤਿਮ ਪੂਲ ਮੈਚ ਵਿਚ ਵੀ ਉਹ ਮੇਜ਼ਬਾਨ ਦੇਸ਼ ਦਖਣੀ ਅਫਰੀਕਾ ਹਥੋਂ ਸ਼ਿਕਸਤ ਖਾ ਗਏ।)

ਸਾਬਕਾ ਵਿਸ਼ਵ ਚੈਂਪੀਅਨ ਇਟਲੀ ਦੀ ਹਾਲਤ ਫਰਾਂਸ ਵਰਗੀ ਤਾਂ ਨਹੀਂ ਸੀ ਹੋਈ। ਉਨ੍ਹਾਂ ਦਾ 14 ਜੂਨ ਦੀ ਰਾਤ ਨੂੰ ਪੈਰਾਗੂਏ ਵਿਰੁਧ ਖੇਡਿਆ ਗਿਆ ਪਹਿਲਾ ਮੈਚ ਵੀ ਇੰਗਲੈਂਡ-ਅਮਰੀਕਾ ਦੇ ਮੈਚ ਵਾਂਗ 1-1 ਗੋਲ ਦੀ ਬਰਾਬਰੀ ’ਤੇ ਹੀ ਗਿਆ ਸੀ। ਫੁਟਬਾਲ ਜਗਤ ਵਿਚ ਇਟਲੀ ਦੀਆਂ ਕਮਜ਼ੋਰੀਆਂ ਬਾਰੇ ਅਸਲ ਤੂਫਾਨ 20 ਜੂਨ ਦੀ ਰਾਤ ਨੂੰ ਉਸ ਸਮੇਂ ਮਚਿਆ ਜਦੋਂ ਨਿਊਜ਼ੀਲੈਂਡ ਦੀ ਟੀਮ ਵੀ ਉਨ੍ਹਾਂ ਨਾਲ 1-1 ਗੋਲ ਦੀ ਬਰਾਬਰੀ ’ਤੇ ਖੇਡ ਗਈ। ਇਹ ਗੱਲ ਕੋਈ ਭੜੂਆ ਮੰਨਣ ਨੂੰ ਤਿਆਰ ਹੀ ਨਹੀਂ ਸੀ ਕਿ ਉਸ ਦਿਨ ਨਿਊਜ਼ੀਲੈਂਡ ਦਾ ਗੋਲਕੀਪਰ ਮਾਰਕ ਪੈਸਟਨ ਬਹੁਤ ਹੀ ਉਦਾਤ ਕਿਸਮ ਦੀ ਗੇਮ ਖੇਡ ਗਿਆ ਸੀ। ਇਹ ਕੋਈ ਸਧਾਰਨ ਇਤਫ਼ਾਕ ਨਹੀਂ ਸੀ। ਮਾਰਕ ਪੈਸਟਨ ਦੀ ਤਾਕਤ ਦਾ ਲੋਹਾ 24 ਜੂਨ ਨੂੰ ਤਾਂ ਸਾਰੀ ਦੁਨੀਆਂ ਨੇ ਹੀ ਮੰਨ ਲਿਆ ਸੀ ਜਦੋਂ ਪੈਰਾਗੂਏ ਦੀ ਸ਼ਕਤੀਸ਼ਾਲੀ ਟੀਮ ਵਿਰੁਧ ਵੀ ਉਸ ਨੇ ਮੈਚ 0-0 ਦੀ ਬਰਾਬਰੀ ਤੇ ਕਢ ਦਿਤਾ ਸੀ।

ਪਹਿਲੇ ਗੇੜ ਵਿਚ, 15 ਜੂਨ ਦੀ ਸ਼ਾਮ ਨੂੰ ਪੁਰਤਗਾਲ ਅਤੇ ਆਇਵਰੀ ਕੋਸਟ ਦੀਆਂ ਟੀਮਾਂ ਇਕ-ਦੂਸਰੇ ਵਿਰੁਧ ਗੋਲ ਨਹੀਂ ਕਰ ਸਕੀਆਂ ਸਨ ਪਰ ਉਹ ਮੈਚ ਬਹੁਤ ਹੀ ਆਕਰਸ਼ਕ ਸੀ। ਇਕ ਪਾਸੇ ਕ੍ਰਿਸਟੀਆਨੋ ਰੋਨਾਲਡੋ ਅਤੇ ਉਸਦੇ ਸਾਥੀ ਤੇ ਦੂਸਰੇ ਪਾਸੇ ਕੋਸਟਾਰੀਕਨ ਖਿਡਾਰੀ। ਮੈਚ ਨੂੰ ਵੇਖਦਿਆਂ ਲਗਦਾ ਇੰਜ ਸੀ ਜਿਵੇਂ ਫੁਟਬਾਲ ਜਗਤ ਦੇ ਨਾਮੀ ਨਾਇਕਾਂ ਦੀਆਂ ਦੋ ਟੀਮਾਂ ਆਪਣੇ ਖੇਡ ਫਨ ਦਾ ਅਤਿ ਸੁੰਦਰ ਮੁਜ਼ਾਹਰਾ ਕਰ ਰਹੀਆਂ ਹੋਣ। ਮੈਨੂੰ ਯਾਦ ਹੈ ਇਸ ਮੈਚ ਦੇ 10ਵੇਂ ਜਾਂ 12ਵੇਂ ਮਿੰਟ ਵਿਚ ਰੋਨਾਲਡੋ ਦੀ ਬਹੁਤ ਹੀ ਜ਼ਬਰਦਸਤ ਕਿਕ ਤੋਂ ਗਲਾਈਡ ਕਰਕੇ ਆ ਰਿਹਾ ਬਾਲ ਗੋਲ ਪੋਸਟ ਨੂੰ ਹਿਲਾ ਕੇ ਜਦੋਂ ਬਾਹਰ ਲੰਘ ਗਿਆ ਤਾਂ ਪੂਰੀ ਤਰ੍ਹਾਂ ਤੰਦਰੁਸਤ ਨਾ ਹੋਣ ਕਾਰਨ ਕੋਸਟਰੀਕਨ ਬੈਂਚ ਤੇ ਮੈਦਾਨ ’ਚੋਂ ਬਾਹਰ ਬੈਠੇ ਉਨ੍ਹਾਂ ਦੇ ਕਪਤਾਨ ਦਿਦੀਆ ਦਰੋਗਬਾ ਨੂੰ ਵੀ ਕੰਬਣੀ ਆ ਗਈ ਸੀ। ਉਸਦਾ ਪ੍ਰਤੀਕਰਮ ਦਰਸ਼ਕਾਂ ਤਕ ਪਹੁੰਚਾਉਣ ਲਈ ਉਸ ਪਲ ਕੈਮਰਾ ਉਸ ਉਪਰ ਫੋਕਸ ਹੋਇਆ ਤਾਂ ਉਹ ਆਪਣੀ ਛਾਤੀ ’ਤੇ ਕਰਾਸ ਚਿੰਨ੍ਹ ਬਣਾਉਂਦਾ ਨਜ਼ਰ ਆ ਰਿਹਾ ਸੀ। ਉਹ ਸ਼ੁਕਰ ਕਰ ਰਿਹਾ ਸੀ ਕਿ ਰੋਨਾਲਡੋ ਦੀ ਅਜਿਹੀ ਸ਼ਕਤੀਵਾਰ ਕਿਕ ਤੇ ਬਾਲ ਗੋਲਾਂ ਵਿਚ ਗਈ ਨਹੀਂ ਸੀ। ਇਸ ਮੈਚ ਬਾਰੇ ਲੰਮੀ ਗੱਲ ਕੀਤੀ ਜਾ ਸਕਦੀ ਹੈ।

14 ਜੂਨ ਨੂੰ ਜਦੋਂ ਜਪਾਨ ਨੇ ਆਪਣੇ ਪਹਿਲੇ ਮੈਚ ਵਿਚ ਕੈਮਰੂਨ ਦੀ ਟੀਮ ਨੂੰ ਜਿਸ ਕਿਸਮ ਦੇ ਸਟੀਕ ਪ੍ਰਦਰਸ਼ਨ ਨਾਲ ਹਰਾਇਆ ਉਸ ਬਾਰੇ ਤਾਂ ਸਹਿਜੇ ਹੀ ਪੂਰੀ ਕਿਤਾਬ ਲਿਖੀ ਜਾ ਸਕਦੀ ਹੈ। ਇਹ ਪੂਲ ਮੈਚ ਸਭ ਤੋਂ ਨਿਕੰਮਾ ਹਾਲੈਂਡ ਵਾਲਿਆਂ ਨੇ ਡੈਨਮਾਰਕ ਵਿਰੁਧ ਖੇਡਿਆ ਸੀ। ਡਚ ਟੀਮ 2 ਗੋਲਾਂ ਨਾਲ ਜਿਤ ਵੀ ਗਈ ਸੀ ਪ੍ਰੰਤੂ ਦਰਸ਼ਕਾਂ ਨੂੰ ਬੋਰੀਅਤ ਸਦਕਾ ਉਬਾਸੀਆਂ ਆਉਣ ਲਗ ਗਈਆਂ ਸਨ। ਮੁਢਲੇ ਗੇੜ ਦੇ ਕੁਝ ਮੈਚਾਂ ਦੇ ਅਜਿਹੇ ਨਤੀਜਿਆਂ ਬਾਰੇ ਗੱਲ ਕਰਕੇ ਮੈਂ ਇਹ ਦਸਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਫਰਾਂਸ, ਇਟਲੀ, ਸਪੇਨ, ਇੰਗਲੈਂਡ ਸਾਰੀਆਂ ਹੀ ਪੁਰਾਣੀਆਂ ਟੀਮਾ ਬਾਰੇ ਖੇਡ ਮਾਹਿਰਾਂ ਦੀਆਂ ਪੇਸ਼ੀਨਗੋਈਆਂ ਗਲਤ ਸਾਬਤ ਹੋਈ ਜਾ ਰਹੀਆਂ ਸਨ। ਸੋ, ਬਹੁਤ ਡਰ ਸੀ ਕਿ ਜਰਮਨਾਂ ਦੀ ਨਵੀਂ ਟੀਮ ਪਤਾ ਨਹੀਂ ਕੀਹਨੂੰ ਕੀਹਨੂੰ ਹੇਠਾਂ ਉਪਰ ਕਰ ਜਾਵੇ।

ਇਸ ਮੁਕਾਮ ’ਤੇ ਸਾਰੇ ਸਾਥੀ ਘਰੋ ਘਰੀ ਜਾਣ ਅਤੇ ਕਹਾਣੀ ਨੂੰ ਖਤਮ ਕਰਨ ਲਈ ਕਾਹਲੇ ਪਏ ਹੋਏ ਸਨ ਪ੍ਰੰਤੂ ਰਛਪਾਲ ਗਿੱਲ ਦਾ ਕਹਿਣਾ ਸੀ ਕਿ ਜਾਂਦਿਆਂ ਜਾਂਦਿਆਂ 16 ਜੂਨ ਨੂੰ ਸਵਿਟਜ਼ਰਲੈਂਡ ਹਥੋਂ ਹੋਈ ਸਪੇਨੀਆਂ ਦੀ ਹਾਰ ਬਾਰੇ ਜ਼ਰੂਰ ਗੱਲ ਕਰ ਲਈ ਜਾਵੇ। ਆਧੁਨਿਕ ਫੁਟਬਾਲ ਦੇ ਇਤਿਹਾਸ ਯਾਨਿ ਪਿਛਲੇ 100 ਵਰ੍ਹਿਆਂ ਦੌਰਾਨ ਸਵਿਸ ਅਤੇ ਸਪੇਨੀ ਟੀਮਾਂ ਵਿਚਾਲੇ 20 ਮੈਚਾਂ ਤੋਂ ਬਾਅਦ ਉਨ੍ਹਾਂ ਦੀ ਪਹਿਲੀ ਜਿਤ ਹੋਈ ਸੀ।

ਮੇਰਾ ਕਹਿਣਾ ਸੀ ਕਿ ਉਸ ਮੈਚ ਬਾਰੇ ਗੱਲ ਜੇਕਰ ਕਰਨੀ ਹੈ ਤਾਂ ਸਵੇਰ ਤਕ ਬੈਠਣਾ ਪਵੇਗਾ। ਮੈਂ ਅਤੇ ਬਾਵਾ ਸਿੰਘ ਆਪਣੇ ਸਾਥੀਆਂ ਨੂੰ ਵਿਦਾ ਕਰਨ ਲਈ ਬਾਹਰ ਆਏ ਤਾਂ ਪਰਾਗ ਸਾਹਿਬ ਨੂੰ ਆਪਣੇ ਨਾਲ ਲਿਜਾਣ ਲਈ ਕਾਰ ਵਿਚ ਬਿਠਾਉਣ ਤੋਂ ਬਾਅਦ ਉਹ ਫਿਰ ਰੁਕ ਗਏ ਅਤੇ ਬਾਵਾ ਸਿੰਘ ਨੂੰ ਜਾਂਦਿਆਂ ਜਾਂਦਿਆਂ ਇਹ ਲਿਖ ਰਖਣ ਲਈ ਆਖ ਗਏ ਕਿ ਜਰਮਨੀ ਵਾਲੇ ਪਹਿਲੀ ਗੱਲ ਤਾਂ ਪੂਲ ਅੰਦਰ ਘਾਨਾ ਹੱਥੋਂ ਹੀ ਫੰਡੇ ਜਾਣਗੇ ਅਤੇ ਜੇਕਰ ਕਵਾਟਰ ਫਾਈਨਲ ਗੇੜ ’ਚ ਪਹੁੰਚ ਕੇ ਉਨ੍ਹਾਂ ਦਾ ਵਾਹ ਮੈਰਾਡੋਨਾ ਦੇ ‘ਚੇਲਿਆਂ’ ਨਾਲ ਪੈ ਗਿਆ ਤਾਂ ਕਾਰਲੋਸ ਟਵੇਜ ਤੇ ਮੈਸੀ ਇਨ੍ਹਾਂ ਦੇ ਤੱਪੜ ਰੋਲ ਦੇਣਗੇ, ਕਿਉਂਕਿ ਐਤਕੀਂ ਇਹ ਜਰਮਨੀ ਦੀਆਂ ਗਰਾਊਂਡਾਂ ਨਹੀਂ ਹਨ। ਉਨ੍ਹਾਂ ਦਾ ਮੁੜ ਉਹੋ ਦਾਅਵਾ ਕਾਇਮ ਸੀ ਕਿ ਇਹ ਮਸ਼ੋਹਰ ਜਿਹੇ ਜਰਾ ਜਿਆਦਾ ਹੀ ਭੂਤਰੇ ਹੋਏ ਹਨ ਅਤੇ ਇਨ੍ਹਾਂ ਨੂੰ ਅਜਿਹਾ ਸਬਕ ਮਿਲੇਗਾ ਕਿ ਤ੍ਰਭਕ ਤ੍ਰਭਕ ਕੇ ਉਠਿਆ ਕਰਨਗੇ।

ਇਸੇ ਦੌਰਾਨ ਬਿਹਤਰ ਹੈ ਕਿ ਸਪੇਨ ਦੀ ‘ਸਨਸਨੀਖੇਜ਼’ ਹਾਰ ਵਾਲੇ ਮੈਚ ਬਾਰੇ ਸੰਖੇਪ ਜਿਹੀ ਗੱਲ ਵੀ ਕਰ ਲਈ ਜਾਵੇ। ਇਸ ਮੈਚ ਦੌਰਾਨ ਨਾ ਕੇਵਲ ਸਪੇਨ ‘ਆਰਮੇਡਾ’ ਸਵਿਸ ਟੀਮ ’ਤੇ ਮੈਚ ਦਾ ਸਾਰਾ ਹੀ ਸਮਾਂ ਪੂਰੀ ਤਰ੍ਹਾਂ ਹਾਵੀ ਹੀ ਹੋਇਆ ਰਿਹਾ ਸੀ ਬਲਕਿ ਲਗਾਤਾਰ ਉਨ੍ਹਾਂ ਦੀ ਗੋਲ ਪੋਸਟ ’ਤੇ ਉਹ ਬੰਬਾਰਮੈਂਟ ਵੀ ਕਰੀ ਗਿਆ। ਬਾਲ ’ਤੇ ਕਬਜ਼ਾ ਵੀ ਕਰੀਬ 65% ਸਪੇਨੀਆਂ ਦਾ ਹੀ ਰਿਹਾ ਸੀ ਪਰ ਸਵਿਸ ਗੋਲ ਪੋਸਟ ਦੇ ਰਖਵਾਲੇ ਡੀਗੋ ਬੇਨਾਗੱਲੀਓ ਨੂੰ ਨਿਸਚੇ ਹੀ ਦਾਦ ਦੇਣੀ ਪਵੇਗੀ ਜਿਸ ਨੇ ਲਗਾਤਾਰ ਤੇਜ਼ ਤਰਾਰ ਸਪੇਨੀਆਂ ਦੀ ਕੋਈ ਵੀ ਵਾਹ ਪੇਸ਼ ਨਾ ਚਲਣ ਦਿਤੀ। ਪਿਛਲੀ ਅਧੀ ਸਦੀ ਤੋਂ ਵੀ ਵਧ ਸਮੇਂ ਤੋਂ ਸਪੇਨ ਹਰ ਵਾਰ ਵਿਸ਼ਵ ਕਪ ਦੇ ਨਿੱਗਰ ਦਾਅਵੇਦਾਰ ਵਜੋਂ ਆਉਂਦਾ ਰਿਹਾ ਪ੍ਰੰਤੂ ਕਦੀ ਵੀ ਕਵਾਟਰ ਫਾਈਨਲ ਗੇੜ ਤੋਂ ਅਗੇ ਜਾ ਨਹੀਂ ਸਕਿਆ। ਮੈਨੂੰ ਯਾਦ ਹੈ ਕਿ ਸਾਲ 1986 ਵਿਚ ਜਦੋਂ ਮੈਰਾਡੋਨਾ ਨੇ ਵਿਸ਼ਵ ਫੁਟਬਾਲ ਜਗਤ ਵਿਚ ਆਪਣੀ ਸਰਦਾਰੀ ਦਾ ਝੰਡਾ ਗਡਿਆ ਸੀ, ਉਸ ਵਿਸ਼ਵ ਕਪ ਵਿਚ ਸਪੇਨੀਆਂ ਦੀ ਟੀਮ ਵੀ ਕਿਸੇ ਨਾਲੋਂ ਘਟ ਨਹੀਂ ਸੀ ਅਤੇ ਉਨ੍ਹਾਂ ਦੀ ਤਾਕਤ ਦਾ ਅੰਦਾਜ਼ਾ ਨਾਕ ਆਊਟ ਸਟੇਜ ’ਤੇ ਡੈਨਮਾਰਕ ਵਰਗੀ ਮਜ਼ਬੂਤ ਟੀਮ ਨੂੰ 1 ਦੇ

**ਗੁਰਦਿਆਲ ਸਿੰਘ ਬੱਲ***

ਮੁਕਾਬਲੇ 5 ਗੋਲਾਂ ਦੇ ਵਡੇ ਫਰਕ ਨਾਲ ਹਰਾਏ ਜਾਣ ਤੋਂ ਵੀ ਲਗਾਇਆ ਜਾ ਸਕਦਾ ਹੈ। ਦੂਸਰੇ ਪਾਸੇ ਇਸੇ ਨਾਕ ਆਊਟ ਗੇੜ ਵਿਚ ਮੈਰਾਡੋਨਾ ਦੀ ਟੀਮ ਨੂੰ ਦੰਤ-ਕਥਾਈ ਖਿਡਾਰੀ ਫਰਾਂਸਿਸਕੋਲੀ ਦੀ ਅਗਵਾਈ ਹੇਠਲੀ ਯੁਰੂਗੁਏ ਦੀ ਟੀਮ ਨੂੰ ਮਹਿਜ਼ ਸਿਫਰ ਦੇ ਮੁਕਾਬਲੇ 1 ਗੋਲ ਨਾਲ ਪਿਛਾੜਨ ਲਈ ਪੂਰੀ ਜਾਨ ਮਾਰਨੀ ਪਈ ਸੀ। ਸਾਲ 1986 ਦਾ ਇਹ ਮੈਚ ਮੈਂ ਅਰਬਨ ਅਸਟੇਟ ’ਚ ਡਾ. ਬਲਕਾਰ ਸਿੰਘ ਦੇ ਘਰੇ ਬੈਠ ਕੇ ਵੇਖਿਆ ਸੀ। ਡਾ. ਕਿਹਰ ਸਿੰਘ ਓਦਣ ਵੀ ਸਾਡੇ ਨਾਲ ਸਨ ਅਤੇ ਮੈਨੂੰ ਯਾਦ ਹੈ ਉਹ ਕਹਿ ਰਹੇ ਸਨ ਕਿ ਸੁਣਿਆ ਅਰਜਨਟਾਈਨਾ ਦੀ ਟੀਮ ਵਿਚ ਕੋਈ ਮੈਰਾਡੋਨਾ, ਮੈਰਾਡੋਨਾ ਉਭਰਿਆ ਹੈ ਉਹ ਅਜ ਕਿਥੇ ਹੈ। ਮੈਰਾਡੋਨਾ ਉਥੇ ਹੀ ਸੀ। ਮੈਕਸੀਕੋ ਵਿਚ ਉਸ ਦਿਨ ਮੀਂਹ, ਹਨੇਰੀ ਅਤੇ ਜ਼ਬਰਦਸਤ ਝਖੜ ਝੁਲ ਰਿਹਾ ਸੀ ਪ੍ਰੰਤੂ ਇਸ ਸਾਰੇ ਕਾਸੇ ਦਾ ਉਸ ਦੀ ਖੇਡ ਕੁਸ਼ਲਤਾ ਤੇ ਕੋਈ ਅਸਰ ਨਹੀਂ ਸੀ। ਉਸ ਦਿਨ ਬੇਸ਼ਕ ਮੈਚ ਦਾ ਇਕੋ ਇਕ ਗੋਲ ਵਾਲਡਾਨੋ ਦੇ ਪਾਸ ਤੇ ਪਸਕੂਲੀ ਨੇ ਕੀਤਾ ਸੀ ਪ੍ਰੰਤੂ ਮੈਰਾਡੋਨਾ ਸਾਰਾ ਸਮਾਂ ਖੇਡ ’ਤੇ ਛਾਇਆ ਰਿਹਾ ਸੀ।

ਸਪੇਨੀਆਂ ਦੀ ਗੱਲ ਕਰਦਿਆਂ ਕਰਦਿਆਂ ਸਾਲ 1986 ਦੇ ਵਿਸ਼ਵ ਕਪ ਜਾਂ ਮੈਰਾਡੋਨਾ ਵਾਲੇ ਵਿਸ਼ਵ ਕਪ ਦੀ ਗੱਲ ਜੋ ਚਲ ਪਈ ਹੈ ਤਾਂ ਇਹ ਠੀਕ ਨਹੀਂ ਹੋਵੇਗਾ ਜੇਕਰ ਉਸ ਟੂਰਨਾਮੈਂਟ ਦੇ ਕਵਾਟਰ ਫਾਈਨਲ ਵਿਚ ਬਰਾਜ਼ੀਲ-ਫਰਾਂਸ ਦੀਆਂ ਟੀਮਾਂ ਵਿਚਾਲੇ ਖੇਡੇ ਗਏ ਮੈਚ ਦਾ ਜ਼ਿਕਰ ਨਾ ਕੀਤਾ ਜਾਵੇ। ਸਾਲ 1970 ’ਚ ਪੇਲੇ ਦੇ ਜ਼ਮਾਨੇ ਤੋਂ 16 ਸਾਲ ਬਾਅਦ ਬਰਾਜ਼ੀਲ ਨੇ ਜੀਕੋ, ਡਾ. ਸੌਕਰੇਟਸ, ਕਰੇਕਾ, ਜੂਨੀਅਰ, ਮੁਲਕ, ਆਲੇਮਾਓ ਆਦਿ ਕਲਾਤਮਿਕ ਖਿਡਾਰੀਆਂ ‘ਤੇ ਆਧਾਰਤ ਬਹੁਤ ਹੀ ਜ਼ੋਰਦਾਰ ਖਿਡਾਰੀਆਂ ਤੇ ਆਧਾਰਤ ਟੀਮ ਵਿਸ਼ਵ ਕਪ ਲਈ ਭੇਜੀ ਸੀ। ਦੂਸਰੇ ਪਾਸੇ ਫਰਾਂਸੀਸੀ ਟੀਮ ਦੀ ਕਪਤਾਨੀ ਫੁਟਬਾਲ ਜਗਤ ਦੇ ਇਕ ਹੋਰ ਮਹਾਨ ਖਿਡਾਰੀ ਮਾਈਕਲ ਪਲਾਟੀਨੀ ਦੇ ਹੱਥ ਸੀ। ਉਸਦੀ ਟੀਮ ਵਿਚ ਪੈਪਿਨ, ਐਮੋਰੋਸ, ਟਿਗਾਣਾ, ਖਾਤੇ ਬੈਲੋਨੀ ਆਦਿ ਖਿਡਾਰੀ ਵੀ ਛੋਟੇ ਕਲਾਕਾਰ ਨਹੀਂ ਸਨ। ਉਸ ਵਿਸ਼ਵ ਕਪ ਦਾ ਇਹ ਸਭ ਤੋਂ ਆਕਰਸ਼ਕ ਫੁਟਬਾਲ ਮੈਚ ਸੀ ਅਤੇ ਖੇਡ ਪਾਰਖੂਆਂ ਵਲੋਂ ਇਸ ਨੂੰ ਸ਼ੈਂਪੇਨ ਫੁਟਬਾਲ ਆਖ ਕੇ ਵਡਿਆਇਆ ਗਿਆ ਸੀ। ਮੈਚ 1-1 ਗੋਲ ’ਤੇ ਬਰਾਬਰ ਚਲ ਰਿਹਾ ਸੀ। ਖੇਡ ਦਾ ਸਮਾਂ ਖਤਮ ਹੋਣ ਤੋਂ 15 ਕੁ ਮਿੰਟ ਪਹਿਲਾਂ ਬਰਾਜ਼ੀਲ ਨੂੰ ਪੈਨਲਟੀ ਕਿਕ ਮਿਲ ਗਈ ਸੀ। ਪੈਨਲਟੀ ਕਿਕ ਲੈਣ ਲਈ ਜੀਕੋ ਅਗੇ ਆਇਆ ਜਿਸ ਨੂੰ ਦੁਨੀਆਂ ਦਾ ਉਸ ਸਮੇਂ ਤਕ ਡੈਡਬਾਲ ਦਾ ਸਭ ਤੋਂ ਵਡਾ ਫਨਕਾਰ ਮੰਨਿਆ ਗਿਆ ਸੀ ਪ੍ਰੰਤੂ ਉਸ ਦਿਨ ਫਰਾਂਸੀਸੀ ਗੋਲਚੀ ਬੇਟਸ ਨੇ ਬਹੁਤ ਸਨਸਨੀਖੇਜ਼ ਅੰਦਾਜ਼ ਵਿਚ ਉਸਦੀ ਪੈਨਲਟੀ ਰੋਕ ਲਈ ਸੀ। ਵਾਧੂ ਸਮੇਂ ਤੋਂ ਬਾਅਦ ਪੈਨਲਟੀ ਕਿਕਾਂ ’ਤੇ ਜਾਣ ‘ਤੇ ਬਰਾਜ਼ੀਲ ਦਾ ਇਕ ਹੋਰ ਦੰਤ-ਕਥਾਈ ਖਿਡਾਰੀ ਡਾ. ਸੈਕਰੇਟਸ ਬਰਾਜ਼ੀਲ ਲਈ ਪਹਿਲੀ ਕਿਕ ਹੀ ਮਿਸ ਕਰ ਗਿਆ ਅਤੇ ਇੰਜ ਬਰਾਜ਼ੀਲ ਦੀ ਉਹ ਮਹਾਨ ਟੀਮ ਕਪ ਦੀ ਦੌੜ ਵਿਚੋਂ ਬਾਹਰ ਹੋ ਗਈ ਸੀ।

ਇਸੇ ਤਰ੍ਹਾਂ ਫੁਟਬਾਲ ਵਿਸ਼ਵ ਕਪ ਦੇ ਇਸ ਸਦੀ ਵਿਚ ਸਭ ਤੋਂ ਵਧ ਕਲਾਤਮਕ ਮੈਚਾਂ ਦਾ ਜ਼ਿਕਰ ਜੇਕਰ ਆ ਹੀ ਗਿਆ ਹੈ ਤਾਂ ਇਕ ਵਾਰੀ ਮੁੜ ਇਹ ਵੀ ਕੁਫਰ ਹੋਵੇਗਾ ਜੇਕਰ ਵਿਸ਼ਵ ਕਪ ਮੈਚਾਂ ਬਾਰੇ ਪਟਿਆਲਾ ਸ਼ਹਿਰ ਜਾਂ ਯੂਨੀਵਰਸਿਟੀ ਦੇ ਆਪਣੀ ਹੀ ਤਰ੍ਹਾਂ ਦੇ ਦੰਤ-ਕਥਾਈ ਦਰਵੇਸ਼ ਨੌਜਵਾਨ ਲਾਲੀ ਬਾਬੇ ਵਲੋਂ ਕੁਝ ਪੁਰਾਣੇ ਵਿਸ਼ਵ ਕਪ ਫੁਟਬਾਲ ਮੈਚਾਂ ਬਾਰੇ ਬਿਰਤਾਂਤਾਂ ਦੀਆਂ ਕਹਾਣੀਆਂ ਸਾਂਝੀਆਂ ਨਾ ਕੀਤੀਆਂ ਜਾਵਣ। ਸਾਡੇ ਦਾਇਰੇ ’ਚ ਹਰ ਸਖਸ਼ ਜਾਣਦਾ ਹੈ ਕਿ ਲਾਲੀ ਸਾਹਿਬ ਕਵਿਤਾ, ਕਹਾਣੀ, ਨਾਵਲ, ਡਰਾਮਾ, ਫਿਲਮਾਂ, ਡਾਂਸ ਜਾਂ ਸੰਗੀਤ ਬਾਰੇ ਗੱਲ ਕਰਦਿਆਂ ਤਾਂ ਲਗਪਗ ਅਧੀ ਸਦੀ ਦੌਰਾਨ ਆਪਣੇ ਪ੍ਰਵਚਨਾਂ ਨਾਲ ਪੰਜਾਬੀ ਬੁਧੀਜੀਵੀਆਂ ਅਤੇ ਯੂਨੀਵਰਸਿਟੀ ਯੁਵਕਾਂ ਦੇ ਅਖਾੜਿਆਂ ਵਿਚ ਰੰਗ ਬੰਨ੍ਹਦੇ ਹੀ ਰਹੇ ਸਨ ਫੁਟਬਾਲ, ਹਾਕੀ, ਟੈਨਿਸ ਜਾਂ ਮਹਾਨ ਮੁਹੰਮਦ ਅਲੀ ਦੇ ਮੈਚਾਂ ’ਚੋਂ ਜ਼ਿੰਦਗੀ ਦਾ ਚਾਅ, ਲੈਅ, ਤਾਲ ਅਤੇ ਸੁਹੱਪਣ ਭਾਲ ਕੇ ਦਸਣ ਦੇ ਵੀ ਉਹ ਉਤਨੇ ਹੀ ਸਮਰਥ ਸਨ। ਮੈਨੂੰ ਯਾਦ ਆ ਰਿਹਾ ਹੈ ਕਿ ਮਹਾਨ ਅੰਗਰੇਜ਼ ਲਿਖਾਰੀ ਆਸਕਰ ਵਾਈਲਡ ਦਾ ਉਸ ਦੇ ਆਪਣੇ ਦੇਸ਼ ਦੇ ਚਿਤਰਕਾਰ ਟਰਨਰ ਬਾਰੇ ਕਥਨ। ਉਸਦਾ ਦਾਅਵਾ ਸੀ ਕਿ ਟਰਨਰ ਦੇ ਚਿਤਰਾਂ ਤੋਂ ਬਾਅਦ ਟੇਮਜ਼ ਦੀਆਂ ਸ਼ਾਮਾਂ ਵਧੇਰੇ ਮਨਮੋਹਕ ਅਤੇ ਹੁਸੀਨ ਹੋ ਗਈਆਂ ਸਨ। ਲੰਡਨ ਦੀਆਂ ਸ਼ਾਮਾਂ ਬਾਰੇ ਤਾਂ ਮੈਨੂੰ ਪਕਾ ਪਤਾ ਨਹੀਂ, ਲਾਲੀ ਸਾਹਿਬ ਬਾਰੇ ਜ਼ਰੂਰ ਪਤਾ ਹੈ ਕਿ ਉਨ੍ਹਾਂ ਦਾ ਕੋਈ ਵੀ ਪ੍ਰਵਚਨ ਸੁਣਨ ਤੋਂ ਬਾਅਦ ਜ਼ਿੰਦਗੀ ’ਚ ਸੁਹਜ ਦਾ ਕੋਈ ਨਾ ਕੋਈ ਨਵਾਂ ਕੋਨਾ ਨਜ਼ਰ ਆਉਣ ਲਗ ਜਾਂਦਾ ਹੁੰਦਾ ਸੀ। ਲਾਲੀ




*ਮੈਰਾਡੋਨਾ ਇਕ ਪ੍ਰਸ਼ੰਸਕ ਬੱਚੀ ਨਾਲ ਲਾਡ ਕਰਦਿਆਂ*

ਸਾਹਿਬ ਨੂੰ ਜ਼ਿੰਦਗੀ ਬਹੁਤ ਹੀ ਜ਼ਿਆਦਾ ਸੋਹਣੀ ਲਗਦੀ ਸੀ। ਉਨ੍ਹਾਂ ਦਾ ਜੀਅ ਕਰਦਾ ਹੁੰਦਾ ਸੀ ਕਿ ਉਨ੍ਹਾਂ ਦੇ ਚੌਗਿਰਦੇ ਵਾਲੇ ਹੋਰ ਲੋਕਾਂ ਨੂੰ ਵੀ ਜ਼ਿੰਦਗੀ ਦਾ ਅਨੰਤ ਸੁਹਪਣ ਵੇਖਣ ਦੀ ਜਾਚ ਆਵੇ। ਜੈਮਿਨੀ ਕ੍ਰਿਸ਼ਨਮੂਰਤੀ ਦਾ ਨਾਚ ਹੋਵੇ ਜਾਂ ਲੋਰਕਾ ਦੇ ਨਾਟਕ, ਸੈਕਸ਼ਪੀਅਰ ਹੋਵੇ ਜਾਂ ਮਹਾਨ ਕਾਰਵੇਜੀਅਨ ਨਾਟਕਕਾਰ ਸਟਰਿੰਡਬਰਗ, ਟਾਲਸਟਾਏ ਹੋਵੇ ਜਾਂ ਕਰਤੁਲਐਨ ਹੈਦਰ ਦਾ ‘ਆਗ ਕਾ ਦਰਿਆ’ ਉਨ੍ਹਾਂ ਦੀ ਤਾਰ ਜਦੋਂ ਵੀ ਛਿੜ ਜਾਂਦੀ ਸੀ ਜਲਵਾ ਖੜਾ ਕਰ ਦਿਆ ਕਰਦੇ ਸਨ।

ਮਰਹੂਮ ਹਰਿੰਦਰ ਮਹਿਬੂਬ ਦੇ ਦੱਸਣ ਅਨੁਸਾਰ ਸਾਲ 1958 ਦੇ ਸਵੀਡਨ ਵਿਚ ਬਰਾਜ਼ੀਲ-ਫਰਾਂਸ ਵਿਚਾਲੇ ਖੇਡੇ ਗਏ ਸੈਮੀ ਫਾਈਨਲ ਮੁਕਾਬਲੇ, ਜਿਸ ਵਿਚ 17 ਵਰ੍ਹਿਆਂ ਦੀ ਉਮਰ ਦੇ ਪੇਲੇ ਨੇ ਤਿੰਨ ਗੋਲ ਕੀਤੇ ਸਨ, ਬਾਰੇ ਲਾਲੀ ਇਤਨੇ ਅਧਿਕਾਰ ਨਾਲ ਗੱਲ ਕਰਦਾ ਹੁੰਦਾ ਸੀ ਜਿਵੇਂ ਮੈਚ ਦੌਰਾਨ ਖੁਦ ਗਰਾਊਂਡ ਵਿਚ ਹਾਜ਼ਰ ਹੀ ਨਾ ਹੋਵੇ ਬਲਕਿ ਖੁਦ ਮੈਚ ਦੀ ਰੈਫਰੀ ਕਰਦਾ ਰਿਹਾ ਹੋਵੇ।

ਸਾਲ 1962 ਦਾ ਚਿਲੀ ਵਾਲਾ ਵਿਸ਼ਵ ਕਪ ਪੇਲੇ ਦੇ ਪਹਿਲੇ ਹੀ ਮੈਚਾਂ ਦੌਰਾਨ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਕੇ ਬਾਹਰ ਹੋ ਜਾਣ ਦੇ ਬਾਵਜੂਦ ਬਰਾਜ਼ੀਲ ਨੇ ਜਿਤਿਆ ਸੀ। ਉਸ ਕਪ ਦੌਰਾਨ ਚਿਲੀ ਅਤੇ ਬਰਾਜ਼ੀਲ ਵਿਚਾਲੇ ਖੇਡੇ ਗਏ ਸੈਮੀ ਫਾਈਨਲ ਦਾ ਬਿਰਤਾਂਤ ਤਾਂ ਮੈਂ ਖੁਦ ਲਾਲੀ ਸਾਹਿਬ ਕੋਲੋਂ ਸੁਣਿਆ ਹੈ। ਉਸ ਮੈਚ ਦੌਰਾਨ ਬਰਾਜ਼ੀਲ ਦੇ ਮਹਾਨ ‘ਲੰਗੜਦੀਨ’ ਖਿਡਾਰੀ ਗਰਿੰਚਾ ਨੇ ਦੋ ਗੋਲ ਕੀਤੇ ਸਨ। ਲਾਲੀ ਸਾਹਿਬ ਦਾ ਕਹਿਣਾ ਸੀ ਕਿ ਗਰਿੰਚਾ ਪੇਲੇ ਨਾਲੋਂ ਛੋਟਾ ਖਿਡਾਰੀ ਨਹੀਂ ਸੀ।

ਲਾਲੀ ਸਾਹਿਬ ਸਾਲ 1970 ਦੇ ਵਿਸ਼ਵ ਕਪ ਦੇ ਇੰਗਲੈਂਡ ਅਤੇ ਬਰਾਜ਼ੀਲ ਵਿਚਾਲੇ ਖੇਡੇ ਗਏ ਇਤਿਹਾਸਕ ਪੂਲ ਮੁਕਾਬਲੇ ਬਾਰੇ ਅਤੇ ਉਸ ਮੈਚ ਦੌਰਾਨ ਪੇਲੇ ਦੇ ਨਾਲ ਨਾਲ ਇੰਗਲੈਂਡ ਦੇ ਦੰਤ-ਕਥਾਈ ਗੋਲਕੀਪਰ ਗੌਰਡਨ ਬੈਂਕਸ ਦੀ ਖੇਡ ਬਾਰੇ ਵਿਸ਼ੇਸ਼ ਜ਼ਿਕਰ ਕਰਦੇ ਹੁੰਦੇ ਸਨ। ਮੈਨੂੰ ਯਾਦ ਹੈ ਸਾਲ 1998 ਦੇ ਵਿਸ਼ਵ ਕਪ ਫਾਈਨਲ ਵਿਚ ਬਰਾਜ਼ੀਲ ਜਿਨੇਡਨ ਜ਼ਿਡਾਨ ਦੇ ਕਾਰਨਰ ਤੋਂ ਗਲਾਈਡ ਕਰਕੇ ਆਏ ਬਾਲਾਂ ਤੋਂ ਮਾਰੇ ਦੋ ਹੈਡਰ ਗੋਲਾਂ ਸਦਕਾ ਸਨਸਨੀਖੇਜ਼ ਤਰੀਕੇ ਨਾਲ ਹਾਰ ਗਿਆ ਸੀ। ਕਾਫੀ ਹਾਊਸ ਦੇ ਮੂਹਰੇ ਬੈਠਿਆਂ ਗੋਲਕੀਪਰਾਂ ਬਾਰੇ ਗੱਲਾਂ ਚਲ ਪਈਆਂ ਤਾਂ ਉਨ੍ਹਾਂ ਦਸਿਆ ਸੀ ਕਿ ਸਮਰਥਾਵਾਨ ਗੋਲਕੀਪਰ ਕੀ ਹੁੰਦਾ ਹੈ। ਉਸ ਸਮੇਂ ਹੀ ਉਨ੍ਹਾਂ ਗੌਰਡਨ ਬੈਂਕਸ ਦੀ ਪੇਲੇ ਦੇ ਹੈਡਰ ਤੋਂ ਬਾਲ ਦੀ ਉਸ ਪਕੜ ਦਾ ਜ਼ਿਕਰ ਕੀਤਾ ਸੀ ਜਿਸ ਨੂੰ ਫੁਟਬਾਲ ਦੀ ਕਥਾ ਵਿਚ ਸਦੀ ਦੀ ਸਭ ਤੋਂ ਵਡੀ ‘ਸੇਵ’ ਕਿਹਾ ਗਿਆ ਸੀ।

ਵਿਸ਼ਵ ਫੁਟਬਾਲ ਜਗਤ ਵਿਚ 1966 ਦਾ ਇੰਗਲੈਂਡ ਵਿਖੇ ਕਰਵਾਇਆ ਗਿਆ ਵਿਸ਼ਵ ਕਪ ਵੀ ਬਹੁਤ ਅਹਿਮ ਸੀ। ਇੰਗਲੈਂਡ ਨੇ ਫਾਈਨਲ ਵਿਚ ਜਰਮਨ ਨੂੰ ਹਰਾ ਕੇ ਵਿਸ਼ਵ ਕਪ ’ਤੇ ਕਬਜ਼ਾ ਕੀਤਾ ਸੀ। ਉਸ ਮੈਚ ਬਾਰੇ ਅਨੇਕਾਂ ਕਹਾਣੀਆਂ ਅਜ ਵੀ ਪ੍ਰਚਲਿਤ ਹਨ ਪ੍ਰੰਤੂ ਲਾਲੀ ਸਾਹਿਬ ਦਸਦੇ ਹੁੰਦੇ ਸਨ ਕਿ ਉਹ ਕਪ ਇੰਗਲੈਂਡ ਦਾ ਨਹੀਂ ਬਲਕਿ ਮਹਾਨ ਪੁਰਤਗੇਜ ਖਿਡਾਰੀ ਯੂਸੈਬੀਓ ਦੇ ਨਾਂ ਹੋਣਾ ਚਾਹੀਦਾ ਸੀ। ਉਸ ਵਿਸ਼ਵ ਕਪ ਦੇ ਕਵਾਟਰ ਫਾਈਨਲ ਦੌਰਾਨ ਪੁਰਤਗਾਲ ਅਤੇ ਉਤਰੀ ਕੋਰੀਆ ਦੀਆਂ ਟੀਮਾਂ ਵਿਚਾਲੇ ਖੇਡੇ ਗਏ ਉਸ ਮੈਚ ਦੌਰਾਨ ਕੋਰੀਅਨ ਖਿਡਾਰੀਆਂ ਨੇ ਉਤੋਤਿੜੀ 3 ਗੋਲ ਮਾਰ ਕੇ ਸਟੇਡੀਅਮ ਵਿਚ ਸਨਸਨੀ ਫੈਲਾਈ ਹੋਈ ਸੀ। ਪੁਰਤਗੇਜ਼ੀ 0-3 ਨਾਲ ਪਛੜੇ ਹੋਏ ਸਨ ਕਿ ਯੂਸੈਬੀਓ ਨੇ ਇਕੱਲੇ ਤੌਰ ‘ਤੇ ਹੀ 4 ਗੋਲ ਮਾਰ ਕੇ ਪੁਰਤਗਾਲ ਨੂੰ ਕਪ ਦੀ ਦੌੜ ਵਿਚ ਵਾਪਸ ਲੈ ਆਂਦਾ ਸੀ।

ਇਸ ਦੇ ਨਾਲ ਹੀ ਲਾਲੀ ਸਾਹਿਬ ਦਸਦੇ ਹੁੰਦੇ ਸਨ ਕਿ ਉਸ ਟੂਰਨਾਮੈਂਟ ਦਾ ਸਭ ਤੋਂ ਵਧੀਆ ਮੁਕਾਬਲਾ ਪੂਲ ਮੈਚਾਂ ਦੌਰਾਨ ਹੰਗਰੀ ਅਤੇ ਬਰਾਜ਼ੀਲ ਦੀਆਂ ਟੀਮਾਂ ਵਿਚਾਲੇ ਹੀ ਖੇਡਿਆ ਗਿਆ ਸੀ। ਭਲੇ ਹੀ ਉਸ ਮੈਚ ਦੌਰਾਨ 2 ਦੇ ਮੁਕਾਬਲੇ 3 ਗੋਲਾਂ ਨਾਲ ਹਰਾ ਕੇ ਕਪ ਦੀ ਦੌੜ ਵਿਚੋਂ ਬਾਹਰ ਹੋ ਗਈ ਸੀ। ਸਾਲ 1966 ਦੇ ਇਸ ਮੈਚ ਬਾਰੇ ਉਨ੍ਹਾਂ ਨੇ ਇਕ-ਦੋ ਵਾਰ ਇਸ ਤਰੀਕੇ ਨਾਲ ਉਸ ਸਮੇਂ ਜ਼ਿਕਰ ਕੀਤਾ ਸੀ ਜਦੋਂ ਉਨ੍ਹਾਂ ਨੂੰ 20 ਸਾਲਾਂ ਪਿਛੋਂ ਜੀਕੋਪਲਾਟੀਨੀ ਦੀਆਂ ਟੀਮਾਂ ਵਿਚਾਲੇ ਖੇਡੇ ਗਏ ਮੈਚ ਦੀ ਆਕਰਸ਼ਕ ਕਲਾਤਮਿਕਤਾ ਬਾਰੇ ਜ਼ੋਰ ਦੇ ਕੇ ਦਸਣ ਦੀ ਕੋਸ਼ਿਸ਼ ਕੀਤੀ ਸੀ।

ਐਤਕਾਂ ਦੇ ਵਿਸ਼ਵ ਕਪ ਟੂਰਨਾਮੈਂਟ ਦੌਰਾਨ ਪੁਰਤਗਾਲੀ ਖਿਡਾਰੀਆਂ ਵਲੋਂ 21 ਜੂਨ ਨੂੰ ਸ਼ਾਮੀ ਉਤਰੀ ਕੋਰੀਆ ਵਿਰੁਧ ਆਪਣੇ ਮੈਚ ਅੰਦਰ ਜਦੋਂ ਆਪਣੀ ਅਤਿ ਮਨਮੋਹਕ ਖੇਡ ਦਿਖਾਈ ਜਾ ਰਹੀ ਸੀ ਤਾਂ ਕੁਮੈਂਟੇਟਰਾਂ ਵਲੋਂ ਕੈਮਰਾ ਦੋ ਵਾਰੀ ਦਰਸ਼ਕਾਂ ਦੀ ਪਾਲ ਵਿਚ ਮਾਣਮਤੇ ਅੰਦਾਜ਼ ਵਿਚ ਬੈਠੇ ਯੂਸੈਬੀਓ ‘ਤੇ ਕੇਂਦਰਿਤ ਕੀਤਾ ਗਿਆ ਸੀ। ਉਸ ਦਿਨ ਉਥੇ ਤੇਜ਼ ਬਾਰਸ਼ ਵੀ ਹੋ ਰਹੀ ਸੀ ਅਤੇ ਕੋਰੀਅਨਾ ਉਪਰ ਗੋਲਾਂ ਦਾ ਮੀਂਹ ਵੀ ਵਰ੍ਹ ਰਿਹਾ ਸੀ ਤਾਂ ਰੋਨਾਲਡੋ ਦੀਆਂ ਮੁਸਕਰਾਹਟਾਂ ਨੂੰ ਵੇਂਹਦਿਆਂ ਲਗਦਾ ਇੰਜ ਸੀ ਜਿਵੇਂ ਗਰਾਊਂਡ ਅੰਦਰ ਗੋਲਾਂ ਦਾ ਨਹੀਂ ਫੁੱਲਾਂ ਦਾ ਮੀਂਹ ਪੈ ਰਿਹਾ ਹੋਵੇ। ਰੌਲ ਮੀਰੇਲਸ, ਸਿਮਾਓ, ਹਿਊਗੋ ਅਲਮੀਡਾ, ਟਿਆਗੋ, ਕੋਂਟਰਾਓ ਬਸ ਕਮਾਲ ਹੀ ਕਰੀ ਚਲੇ ਗਏ ਸਨ। ਇਸ ਮੈਚ ਦੌਰਾਨ ਰੋਨਾਲਡੋ ਦੀ ਇਕ ਜ਼ੋਰਦਾਰ ਕਿਕ ਤੋਂ ਚਲਿਆ ਰਾਕਟ ਵਰਗਾ ਬਾਲ ਜਦੋਂ ਕੋਰੀਅਨ ਗੋਲ ਪੋਸਟ ਨੂੰ ਉਪਰੋਂ ਖੜਕਾ ਬਾਹਰ ਨਿਕਲਿਆ ਤਾਂ ਕੈਮਰੇ ਦੇ ਕਲੋਜ਼ ਸ਼ਾਟ ਤੋਂ ਮੀਂਹ ਭਿਜੀ ਬਾਲ ਤੋਂ ਪਾਣੀ ਦੇ ਛਿਟੇ ਬਿਖਰ ਗਏ ਸਨ। ਕੁਝ ਬੰਦਿਆਂ ਦਾ ਕਹਿਣਾ ਹੈ ਕਿ ਐਤਕਾਂ ਦੇ ਵਿਸ਼ਵ ਕਪ ਵਿਚ ਰੋਨਾਲਡੋ ਨੇ ਕੋਈ ਜਲਵਾ

*(ਅਗਲੇ ਸਫੇ ’ਤੇ ਜਾਰੀ)*

ਦਿਖਾਇਆ ਨਹੀਂ ਸੀ। ਸਮਝ ਨਹੀਂ ਆਉਂਦੀ ਕਿ ਜਲਵਾ ਉਹ ਕਿਸ ਨੂੰ ਕਹਿੰਦੇ ਹਨ।

ਫੁਟਬਾਲ ਦੀ ਖੇਡ ਦੇ ਸੁਹਪਣ ਅਤੇ ਉਦਾਤ ਪਹਿਲੂਆਂ ਦੀ ਗੱਲ ਚਲੀ ਹੈ ਤਾਂ ਬਿਹਤਰ ਰਹੇਗਾ ਕਿ ਫੁਟਬਾਲ ਪ੍ਰੇਮੀਆਂ ਨਾਲ ਬਰਾਜ਼ੀਲ-ਹਾਲੈਂਡ ਵਿਚਾਲੇ ਕਵਾਟਰ ਫਾਈਨਲ ਜਾਂ ਬਾਅਦ ਵਿਚ ਹਾਲੈਂਡ ਅਤੇ ਯੂਰੂਗੁਏ ਦੀਆਂ ਟੀਮਾਂ ਵਿਚਾਲੇ ਖੇਡੇ ਗਏ ਸੈਮੀ ਫਾਈਨਲ ਮੈਚਾਂ ਅਤੇ ਇਸੇ ਮੋੜ 'ਤੇ ਆ ਕੇ ਅਖੀਰੀ ਬੇਹਦ ਦ੍ਰਿੜਤਾ ਨਾਲ ਟਾਕਰਾ ਕਰਨ ਦੇ ਬਾਵਜੂਦ ਜਰਮਨ ਦੀ ਸਪੇਨੀਆਂ ਹੱਥੋਂ ਹੋਈ ਹਾਰ ਦਾ ਜ਼ਿਕਰ ਵੀ ਥੋੜ੍ਹਾ ਬਹੁਤ ਕਰ ਹੀ ਲਿਆ ਜਾਵੇ।

2 ਜੁਲਾਈ ਨੂੰ ਬਰਾਜ਼ੀਲ ਅਤੇ ਹਾਲੈਂਡ ਦੀਆਂ ਟੀਮਾਂ ਵਿਚਾਲੇ ਟੂਰਨਾਮੈਂਟ ਸਭ ਤੋਂ ਵਧ ਵੱਕਾਰੀ ਮੈਚ ਖੇਡਿਆ ਗਿਆ। ਸਾਡੇ ਚੌਗਿਰਦੇ ਸਭ ਦਰਸ਼ਕਾਂ ਦੀ ਚਾਹਤ ਸੀ ਕਿ ਬਰਾਜ਼ੀਲ ਦੀ ਟੀਮ ਜੇਤੂ ਰਹੇ। ਨਿਸ਼ਚੇ ਹੀ ਡਚ ਟੀਮ ਐਤਕੀਂ ਸ਼ਨਾਈਡਰ, ਵੇਨ ਪਰਸੀ, ਕਾਇਟ, ਵਾਨ ਵਾਰਟ ਅਤੇ ਆਰਨ ਰੌਬਿਨ ਵਰਗੇ ਬਹੁਤ ਹੀ ਤੇਜ਼ ਸਸ਼ਕਤ ਹਮਲਾਵਰ ਪੰਕਤੀ ਦੇ ਖਿਡਾਰੀਆਂ ਨਾਲ ਲੈਸ ਸਨ ਪ੍ਰੰਤੂ ਪੂਲ ਮੈਚਾਂ ਅੰਦਰ ਪਹਿਲਾਂ ਡੈਨਿਸ ਟੀਮ ਵਿਰੁਧ, ਫਿਰ ਜਪਾਨੀਆਂ ਵਿਰੁਧ ਅਤੇ ਅਖੀਰ ਵਿਚ ਕੈਮਰੂਨ ਦੀਆਂ ਟੀਮਾਂ ਵਿਰੁਧ ਉਨ੍ਹਾਂ ਦਾ ਪ੍ਰਦਰਸ਼ਨ ਬਹੁਤ ਹੀ ਅਕਾਊ ਰਿਹਾ ਸੀ। ਦੂਸਰੇ ਪਾਸੇ ਬਰਾਜ਼ੀਲ ਨੇ ਪੂਲ ਵਿਚ ਪਹਿਲਾਂ ਆਈਵਰੀ ਕੋਸਟ ਦੀ ਟੀਮ ਨੂੰ ਅਤੇ ਫਿਰ ਨਾਕ ਆਊਟ ਗੇੜ ਵਿਚ ਚਿਲੀ ਦੀ ਤੇਜ਼ ਤਰਾਰ ਟੀਮ ਨੂੰ 3-3 ਗੋਲਾਂ ਦੇ ਸਪਸ਼ਟ ਫਰਕ ਨਾਲ ਜਿਸ ਅੰਦਾਜ਼ ਵਿਚ ਚਿਤ ਕੀਤਾ ਸੀ ਉਸ ਤੋਂ ਲਗਦਾ ਸੀ ਕਿ ਹਾਲੈਂਡ ਵਾਲੇ ਮੈਚ ਵਿਚ ਉਨ੍ਹਾਂ ਨੂੰ ਦਿਕਤ ਤਾਂ ਆ ਸਕਦੀ ਹੈ ਪਰ ਹਾਰਨ ਦੀ ਸੰਭਾਵਨਾ ਬਹੁਤ ਘਟ ਰਹੇਗੀ। ਨਾਕ ਆਊਟ ਸਟੇਜ ਦੌਰਾਨ ਚਿਲੀ ਵਿਰੁਧ ਮੈਚ ਤੋਂ ਪਹਿਲੇ ਦਿਨ ਫੁਟਬਾਲ ਜਗਤ ਦੇ ਪੇਲੇ ਅਤੇ ਮੈਰਾਡੋਨਾ ਦੇ ਪਾਏ ਦੇ ਸਾਬਕਾ ਡਚ ਚੈਂਪੀਅਨ ਜੌਹਨ ਕਰੂਫ ਨੇ ਆਪਣੀ ਲੰਮੀ ਰਿਪੋਰਟ ਵਿਚ ਚਿਲੀ ਦੀ ਟੀਮ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੇ ਹੋਏ ਸਨ ਪ੍ਰੰਤੂ ਅਗਲੇ ਦਿਨ ਬਰਾਜ਼ੀਲ ਨੇ ਚਿਲੀ ਦੀ ਟੀਮ ਨੂੰ ਬੜੀ ਆਸਾਨੀ ਨਾਲ ਸ਼ਿਕਸ਼ਤ ਦੇ ਦਿਤੀ। ਚਿਲੀ ਦੇ ਵਿਸ਼ਵ ਪ੍ਰਸਿਧ ਕੋਚ ਬੀਸਲਾ ਨੇ ਉਸੇ ਦਿਨ ਸ਼ਾਮੀਂ ਦਿਤੀ ਆਪਣੀ ਇੰਟਰਵਿਊ ਵਿਚ ਮੰਨਿਆ ਸੀ ਕਿ ਬਰਾਜ਼ੀਲ ਅਤੇ ਉਸਦੀ ਟੀਮ ਦਾ ਅੰਤਰ ਹੀ ਬਹੁਤ ਵਡਾ ਸੀ। ਉਹ ਬਰਾਜ਼ੀਲ ਦੇ ਖਿਡਾਰੀਆਂ ਦੀ ਤਾਕਤ ਤੋਂ ਧੰਨ ਧੰਨ ਸੀ।

***ਸਾਲ 1962 ਦਾ ਚਿਲੀ ਵਾਲਾ ਵਿਸ਼ਵ ਕਪ ਪੇਲੇ ਦੇ ਪਹਿਲੇ ਹੀ ਮੈਚਾਂ ਦੌਰਾਨ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਕੇ ਬਾਹਰ ਹੋ ਜਾਣ ਦੇ ਬਾਵਜੂਦ ਬਰਾਜ਼ੀਲ ਨੇ ਜਿਤਿਆ ਸੀ। ਉਸ ਕਪ ਦੌਰਾਨ ਚਿਲੀ ਅਤੇ ਬਰਾਜ਼ੀਲ ਵਿਚਾਲੇ ਖੇਡੇ ਗਏ ਸੈਮੀ ਫਾਈਨਲ ਦਾ ਬਿਰਤਾਂਤ ਤਾਂ ਮੈਂ ਖੁਦ ਲਾਲੀ ਸਾਹਿਬ ਕੋਲੋਂ ਸੁਣਿਆ ਹੈ। ਉਸ ਮੈਚ ਦੌਰਾਨ ਬਰਾਜ਼ੀਲ ਦੇ ਮਹਾਨ 'ਲੰਗੜਦੀਨ' ਖਿਡਾਰੀ ਗਰਿੰਚਾ ਨੇ ਦੋ ਗੋਲ ਕੀਤੇ ਸਨ। ਲਾਲੀ ਸਾਹਿਬ ਦਾ ਕਹਿਣਾ ਸੀ ਕਿ ਗਰਿੰਚਾ ਪੇਲੇ ਨਾਲੋਂ ਛੋਟਾ ਖਿਡਾਰੀ ਨਹੀਂ ਸੀ।***

ਹਾਲੈਂਡ ਦੇ ਫੁਟਬਾਲ ਦੀਆਂ ਰਵਾਇਤਾਂ ਵੀ ਬਹੁਤ ਵੱਡੀਆਂ ਹਨ। ਸਾਲ 1974 ਦੇ ਵਿਸ਼ਵ ਕਪ ਫਾਈਨਲ ਵਿਚ ਜੌਹਨ ਕਰੂਫ ਦੀ ਅਗਵਾਈ ਹੇਠ ਜਰਮਨ ਟੀਮ ਵਿਰੁਧ ਫਾਈਨਲ ਮੁਕਾਬਲੇ ਵਿਚ ਉਤਰੀ ਉਨ੍ਹਾਂ ਦੀ ਟੀਮ ਦੀਆਂ ਯਾਦਾਂ ਫੁਟਬਾਲ ਖੇਡ ਇਤਿਹਾਸ ਦੀ ਮਾਮੂਲੀ ਜਾਣਕਾਰੀ ਰਖਣ ਵਾਲੇ ਲੋਕਾਂ ਨੂੰ ਅਜ ਤਕ ਵੀ ਯਾਦ ਹਨ। ਫਿਰ ਸਾਲ 1988 ਦੇ ਯੂਰਪੀਨ ਕਪ ਦੌਰਾਨ ਰੂਡ ਗਿਲਟ ਅਤੇ ਵਾਨ ਬੈਸਟਨ ਆਦਿ ਸ਼ਕਤੀਸ਼ਾਲੀ ਖਿਡਾਰੀਆਂ 'ਤੇ ਆਧਾਰਤ ਉਨ੍ਹਾਂ ਦੀ ਟੀਮ ਵੀ ਬਹੁਤ ਤਕੜੀ ਸੀ। ਸਾਲ 1994 ਅਤੇ 1998 ਦੇ ਵਿਸ਼ਵ ਕਪ ਟੂਰਨਾਮੈਂਟ ਦੌਰਾਨ ਡੈਨਿਸ ਬਰਗਕੈਂਪ, ਐਡਗਰ ਡੇਵਿਡਜ਼, ਰੋਨਾਲਡ ਡੀ ਬੋਇਰ, ਕੋਕੂ ਜਾਂ ਵਿਮਯੌਂਕ ਦੀਆਂ ਚਾਲਾਂ ਨੂੰ ਭਲਾ ਕੌਣ ਭੁਲਾ ਸਕੇਗਾ?

ਇਹ ਖਿਡਾਰੀ ਸਾਲ 1994 ਦੇ ਵਿਸ਼ਵ ਕਪ ਕਵਾਟਰ ਫਾਈਨਲ ਗੇੜ ਵਿਚ ਬਰਾਜੀਲੀਅਨਾਂ ਹਥੋਂ ਹਾਰ ਕੇ ਟਰਾਫੀ ਦੀ ਦੌੜ ਵਿਚੋਂ ਬਾਹਰ ਹੋਏ ਸਨ। ਸਾਲ 1998 ਦੇ ਫਰੈਂਚ ਵਿਸ਼ਵ ਕਪ ਦੇ ਕਵਾਟਰ ਫਾਈਨਲ ਵਿਚ ਉਨ੍ਹਾਂ ਦੀ ਟੱਕਰ ਅਰਜਨਟਾਈਨਾ ਨਾਲ ਪਈ ਸੀ। ਮੈਚ ਬਹੁਤ ਹੀ ਫਸਵਾਂ ਸੀ ਅਤੇ ਵਾਧੂ ਸਮੇਂ 'ਚ ਬਰਗਕੈਂਪ ਨੇ ਗੋਲਡਨ ਗੋਲ ਕਰਕੇ ਆਪਣੀ ਟੀਮ ਲਈ ਮੈਚ ਜਿਤਿਆ ਸੀ। ਬਰਗਕੈਂਪ ਦੇ ਇਸੇ ਗੋਲ ਨੂੰ ਉਸ ਟੂਰਨਾਮੈਂਟ ਦਾ ਸਭ ਤੋਂ ਸੁੰਦਰ ਗੋਲ ਕਿਹਾ ਗਿਆ ਸੀ।...ਤੇ ਫਿਰ ਸੈਮੀ ਫਾਈਨਲ ਗੇੜ ਵਿਚ ਪੈਨਲਟੀ ਕਿਕਾਂ 'ਤੇ ਆ ਕੇ ਉਹ ਬਰਾਜ਼ੀਲ ਹੱਥੋਂ ਹਾਰ ਗਏ ਸਨ।

ਮੇਰੀ ਸਮਝ ਅਨੁਸਾਰ ਬਰਾਜ਼ੀਲ ਦੀ ਟੀਮ ਇਸ ਵਾਰ ਪਿਛਲੇ 20 ਵਰ੍ਹਿਆਂ 'ਚ ਆਈਆਂ ਉਨ੍ਹਾਂ ਦੀਆਂ ਟੀਮਾਂ ਨਾਲੋਂ ਵੀ ਵਧ ਤਾਕਤਵਰ ਸੀ। ਰੌਬਿਨੋ, ਕਾਕਾ, ਫੈਬੀਆਨੋ, ਇਲੈਨੋ, ਬੈਸਟਾਸ, ਫਿਲਿਪ ਮੇਲੋ, ਡਾਨੀ ਆਲਵੇਸ, ਜੁਆਨ, ਲੂਸੀਓ, ਰਾਮੀਰੋਸ, ਮਾਇਕੌਨ ... ਆਪੋ ਆਪਣੀ ਜਗ੍ਹਾ 'ਤੇ ਬੇਨਜ਼ੀਰ ਖਿਡਾਰੀ ਸਨ।

ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ 2 ਜੁਲਾਈ ਦੀ ਸ਼ਾਮ ਨੂੰ ਉਹ ਕਿਸ ਕਿਸਮ ਦੀਆਂ ਯਾਦਾਂ ਨਾਲ ਇਕ ਦੂਸਰੇ ਦੇ ਆਹਮੋ-ਸਾਹਮਣੇ ਹੋਏ ਹੋਣਗੇ। ਮੈਚ ਸ਼ੁਰੂ ਹੁੰਦਿਆਂ ਹੀ ਬਰਾਜ਼ੀਲ ਨੇ ਹਮਲਾਵਰ ਰੁਖ ਅਪਨਾ ਕੇ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ ਅਤੇ ਵੇਂਹਦਿਆਂ ਵੇਂਹਦਿਆਂ ਹੀ ਰੌਬਿਨੋ ਨੇ ਬਾਲ ਡਚ ਗੋਲਾਂ ਵਿਚ ਸੁਟ ਦਿਤੀ ਪਰ ਰੈਫਰੀ ਨੇ ਉਸ ਨੂੰ ਆਫ ਸਾਈਡ ਦੇ ਦਿਤਾ ਪ੍ਰੰਤੂ 2 ਕੁ ਮਿੰਟ ਪਿਛੋਂ ਹੀ ਰੌਬਿਨੋ ਨੇ ਫਿਲਿਮ ਮੇਲੋ ਦੇ ਇਕ ਬਹੁਤ ਹੀ ਸੁੰਦਰ ਪਾਸ 'ਤੇ ਗੋਲ ਕਰਕੇ ਡਚ ਖੇਮੇ ਵਿਚ ਭਾਜੜਾਂ ਪਾ ਦੇਣ ਦੀ ਕੋਸ਼ਿਸ਼ ਕੀਤੀ। ਅਸਲ ਵਿਚ ਪਹਿਲੇ 20-25 ਮਿੰਟਾਂ ਦੌਰਾਨ ਬਰਾਜ਼ੀਲੀ ਘਟੋ ਘਟ 2-3 ਗੋਲਾਂ ਨਾਲ ਹਾਵੀ ਹੋਣੇ ਚਾਹੀਦੇ ਸਨ। ਮੈਚ ਦੇ ਇਸ ਦੌਰ ਦੌਰਾਨ ਗੇਮ ਦੀ ਪਿਚ ਦਾ ਅੰਦਾਜ਼ਾ ਇਸ ਗੱਲੋਂ ਵੀ ਲਾਇਆ ਜਾ ਸਕਦਾ ਹੈ ਕਿ ਬਰਾਜ਼ੀਲੀ ਖਿਡਾਰੀ ਸਾਰੀ ਗਰਾਊਂਡ ਵਿਚ ਚੀਤਿਆਂ ਵਾਂਗੂ ਗੇੜੇ ਦੇ ਰਹੇ ਸਨ। ਰੌਬਿਨੋ ਨੇ ਗੋਲ ਕਰਨ ਤੋਂ ਬਾਅਦ ਸ਼ੁਕਰਾਨੇ ਦੀ ਰਸਮ ਲਈ ਗੋਡੇ ਟੇਕ ਕੇ ਜਦੋਂ ਅਸਮਾਨ ਵਲ ਤਕਿਆ ਤਾਂ ਉਸਦੀ ਨਿਗਾਹ ਤੋਂ ਕਿਸੇ ਵਡੇ ਸੂਫ਼ੀ ਦਰਵੇਸ਼ ਵਾਲੀ ਸ਼ਿੱਦਤ ਜਾਂ ਵਹਿਸ਼ਤ ਟਪਕਦੀ ਨਜ਼ਰ ਆ ਰਹੀ ਸੀ।

ਮਹਾਂਭਾਰਤ ਯੁਧ ਦੇ ਅਰਜਨ ਵਾਂਗ ਡਚ ਟੀਮ ਕੋਲ ਵੀ ਸਭ ਤੋਂ ਵਡੀ ਤੋਪ ਉਨ੍ਹਾਂ ਦਾ 11 ਨੰਬਰ ਖਿਡਾਰੀ ਅਰਜਨ (ਆਰਨ) ਰੌਬਿਨ ਹੀ ਸੀ। ਡਚ ਕੋਚ ਬਰਟ ਵਾਨ ਮਾਰਵਿਕ ਦੀ ਸੂਝ ਦੀ ਦਾਦ ਦੇਣੀ ਪਵੇਗੀ ਕਿ ਦੂਸਰੇ ਅਧ ਲਈ ਉਸ ਨੇ ਜਦੋਂ ਆਪਣੀ ਟੀਮ ਨੂੰ ਮੈਦਾਨ ਵਿਚ ਉਤਾਰਿਆ ਤਾਂ ਸ਼ਨਾਈਡਰ ਨੂੰ ਸਜੇ ਦਾਅ 'ਤੇ ਰੌਬਿਨ ਦੀ ਰੇਂਜ ਅੰਦਰ ਖੜ੍ਹਾ ਕਰ ਦਿਤਾ। ਅਸਲ ਵਿਚ ਮਾਰਵਿਕ ਨੇ ਜੂਆ ਇਹ ਖੇਡਿਆ ਕਿ ਰਫੇਲ ਵਾਨ ਡੇਰ ਵਾਗ ਨੂੰ ਉਤਾਰ ਕੇ ਟੀਮ ਦੇ ਧੁਰੇ ਤੇ ਖੇਡਣ ਲਈ ਖੜ੍ਹਾ ਕਰਕੇ ਵੈਸਲੀ ਸ਼ਨਾਈਡਰ ਨੂੰ ਉਸ ਜ਼ਿੰਮੇਵਾਰੀ ਤੋਂ ਹਟਾ ਕੇ ਆਰਨ ਰੌਬਿਨ ਨਾਲ ਮਿਲ ਕੇ ਕੋਈ ਕੌਤਕੀ ਮੂਵ ਬਣਾਉਣ ਲਈ ਮੁਕਤ ਕਰ ਦਿਤਾ।

***(ਬਾਕੀ ਅਗਲੇ ਅੰਕ 'ਚ)***



**ਗੁਰਦਿਆਲ ਸਿੰਘ ਬੱਲ ਪੰਜਾਬੀ ਟ੍ਰਿਬਿਊਨ ਦੇ ਮੋਢੀ ਸੰਪਾਦਕੀ ਸਟਾਫ ਵਿਚ ਸਨ ਅਤੇ ਫਿਰ ਕਾਫੀ ਅਰਸਾ ਪੰਜਾਬੀ ਯੂਨੀਵਰਸਿਟੀ ਦੇ ਪੱਤਰਕਾਰੀ ਵਿਭਾਗ ਵਿਚ ਕੰਮ ਕਰਦੇ ਰਹੇ ਹਨ। ਉਨ੍ਹਾਂ ਦੀ ਕਲਮ ਦਾ ਇਕ ਵੱਖਰਾ ਹੀ ਰੰਗ ਹੈ।*

## ਮਛੀਲ ਪੁਲੀਸ ਮੁਕਾਬਲੇ 'ਚ 9 ਵਿਰੁਧ ਚਾਰਜਸ਼ੀਟ

**ਸ੍ਰੀਨਗਰ :** ਜੰਮੂ-ਕਸ਼ਮੀਰ ਦੇ ਕੁਪਵਾੜਾ ਜ਼ਿਲ੍ਹੇ ਵਿਚ ਮਛੀਲ ਸੈਕਟਰ 'ਚ ਇਸੇ ਸਾਲ ਅਪਰੈਲ ਮਹੀਨੇ ਹੋਏ ਇਕ ਕਥਿਤ ਝੂਠੇ ਪੁਲੀਸ ਮੁਕਾਬਲੇ ਸਬੰਧੀ ਜੰਮੂ-ਕਸ਼ਮੀਰ ਪੁਲੀਸ ਨੇ ਫੌਜ ਦੇ ਇਕ ਕਰਨਲ ਤੇ ਦੋ ਮੇਜਰਾਂ ਸਣੇ ਨੌਂ ਫੌਜੀ ਜਵਾਨਾਂ ਅਤੇ ਦੋ ਆਮ ਸ਼ਹਿਰੀਆਂ ਖ਼ਿਲਾਫ਼ ਚਾਰਜਸ਼ੀਟ ਦਾਖਲ ਕੀਤੀ ਹੈ। ਇਸ ਪੁਲੀਸ ਮੁਕਾਬਲੇ ਵਿਚ ਤਿੰਨ ਨੌਜਵਾਨ ਮਾਰੇ ਗਏ ਸਨ।

ਚਾਰਜਸ਼ੀਟ ਵਿਚ ਸ਼ਾਮਲ ਮੁਲਜ਼ਮਾਂ ਵਿਚ ਕਰਨਲ ਡੀ.ਕੇ. ਪਠਾਨੀਆ, ਮੇਜਰ ਮੋਰੀਆ, ਮੇਜਰ ਉਪਿੰਦਰ, ਸੂਬੇਦਾਰ ਸਤਬੀਰ, ਹਵਲਦਾਰ ਬੀਰ ਸਿੰਘ ਅਤੇ ਸਿਪਾਹੀ ਚੰਦਰ ਭਾਨ, ਨਗੇਂਦਰ ਸਿੰਘ ਅਤੇ ਨਰੇਂਦਰ ਸਿੰਘ ਤੇ ਟੈਰੀਟੋਰੀਅਲ ਆਰਮੀ ਦਾ ਅੱਬਾਸ ਹੁਸੈਨ ਸ਼ਾਹ ਸ਼ਾਮਲ ਹੈ। ਇਸ ਤੋਂ ਬਿਨਾਂ ਦੋ ਆਮ ਸ਼ਹਿਰੀ ਬਸ਼ਾਰਤ ਲੋਨ ਤੇ ਅਬਦੁਲ ਹਮੀਦ ਭੱਟ ਵੀ ਮੁਲਜ਼ਮਾਂ ਵਿਚ ਸ਼ਾਮਲ ਹਨ। ਇਹ ਫਰਦ ਜੁਰਮ ਵੀਰਵਾਰ ਨੂੰ ਸੋਪੋਰ ਦੀ ਇਕ ਵਿਸ਼ੇਸ਼ ਅਦਾਲਤ ਵਿਚ ਦਾਖਲ ਕੀਤੀ ਗਈ। ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ ਦੀ ਤਰੀਕ 29 ਜੁਲਾਈ ਮੁਕੱਰਰ ਕਰਦਿਆਂ ਫੌਜੀ ਅਧਿਕਾਰੀਆਂ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕਰ ਦਿੱਤੇ ਹਨ। ਸਾਰੇ ਮੁਲਜ਼ਮਾਂ ਉਤੇ ਦਫਾ 302, 364, 120-ਬੀ ਅਤੇ ਭਾਰਤੀ ਦੰਡ ਵਿਧਾਨ ਦੀ ਧਾਰਾ 34 ਲਾਈ ਗਈ ਹੈ।


Homeopathic Systems for Health Treatment
When you are tired of all treatments for any disease at any age
Try homeopathic, systems of treatment

ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

You can get all Homeopathic, Ayurvedic, Biochemic medicines at economical prices.
www.homeomedicine.net

Consultant /Practitioner
GURDIP SINGH SANDHU
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



Quik Signs
Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi






ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਫੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

| | | |
|---|---|---|
| ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ |
| ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ |

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਭਾਰਤ-ਪਾਕਿ ਸੰਬੰਧਾਂ ਦੇ ਮਾਮਲੇ 'ਚ ਕਾਹਲ ਕਦਮੀ ਤੋਂ ਬਚਿਆ ਜਾਵੇ

**ਜਤਿੰਦਰ ਪਨੂੰ**

ਬੜੀ ਗਰਮਜੋਸ਼ੀ ਵਿਖਾਈ ਗਈ ਸੀ ਪਿਛਲੇ ਦਿਨੀਂ ਪਾਕਿਸਤਾਨ ਨਾਲ ਗੱਲਬਾਤ ਦੇ ਮਾਮਲੇ ਵਿਚ। ਅੱਗੜ-ਪਿੱਛੜ ਕੇਂਦਰ ਦੇ ਮੰਤਰੀ ਇੰਜ ਓਧਰ ਨੂੰ ਤੁਰੇ ਗਏ, ਜਿਵੇਂ ਹਾਲਾਤ ਤਾਂ ਸੁਧਰੇ ਹੀ ਪਏ ਹਨ ਬਸ ਇਕ ਦੂਜੇ ਤੋਂ ਪਹਿਲਾਂ ਨੰਬਰ ਬਣਾ ਲੈਣ ਦੀ ਕਾਹਲ ਹੋਵੇ। ਸਾਰੀ ਭੱਜ-ਦੌੜ ਦਾ ਸਿੱਟਾ ਕੀ ਨਿਕਲਿਆ? ਕੁਝ ਵੀ ਨਹੀਂ ਤੇ ਜਿੰਨੀ ਕੁੜੱਤਣ ਪਹਿਲਾਂ ਹੁੰਦੀ ਸੀ, ਉਸ ਤੋਂ ਹੋਰ ਵਧਾ ਕੇ ਗੱਲ ਮੁਕਾ ਦਿੱਤੀ ਗਈ ਹੈ। ਜਦੋਂ ਭਾਰਤ ਦਾ ਵਿਦੇਸ਼ ਮੰਤਰੀ ਐਸ ਐਮ ਕ੍ਰਿਸ਼ਨਾ ਆਪਣੇ ਮੁਲਕ ਪਰਤ ਆਇਆ ਤਾਂ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਦੋਵਾਂ ਦੇ ਰਿਸ਼ਤਿਆਂ ਦੇ ਸੁਧਾਰ ਦੇ ਭਵਿੱਖ ਦੇ ਕਦਮਾਂ ਉਤੇ ਵੀ ਸੁਆਲੀਆ ਨਿਸ਼ਾਨ ਲਾ ਦਿੱਤਾ ਹੈ।

ਭਾਰਤ ਦੀ ਮੁੱਖ ਵਿਰੋਧੀ ਪਾਰਟੀ ਭਾਜਪਾ ਵਾਲੇ ਪਾਕਿਸਤਾਨ ਦੇ ਹਾਕਮਾਂ ਨੂੰ ਨਿੰਦਣ ਦੇ ਬਹਾਨੇ ਅਸਲ ਵਿਚ ਭਾਰਤ ਦੀ ਹਕੂਮਤ ਨੂੰ ਭੰਡਣ ਦਾ ਮੌਕਾ ਵਰਤ ਰਹੇ ਹਨ। ਉਹ ਕਹਿੰਦੇ ਹਨ ਕਿ ਵਾਜਪਾਈ ਸਰਕਾਰ ਵੇਲੇ ਭਾਜਪਾ ਨੇ ਜਿਹੜੀ ਭੱਲ ਖੱਟੀ ਸੀ, ਹੁਣ ਵਾਲੀ ਸਰਕਾਰ ਨੇ ਉਹ ਸਾਰੀ ਗੁਆ ਦਿੱਤੀ ਹੈ। ਜਦੋਂ ਕੋਈ ਬੇਸ਼ਰਮ ਦਾਅਵੇ ਕਰਨ ਦੇ ਰਾਹੇ ਹੀ ਪੈ ਜਾਵੇ ਤਾਂ ਉਸ ਨੂੰ ਕੋਈ ਰੋਕ ਨਹੀਂ ਸਕਦਾ ਹੁੰਦਾ। ਉਂਝ ਭੱਲ ਵਾਜਪਾਈ ਸਰਕਾਰ ਨੇ ਵੀ ਕੋਈ ਨਹੀਂ ਸੀ ਖੱਟੀ। ਭਾਰਤ ਦੀ ਸਰਕਾਰ ਦੀ ਅਗਵਾਈ ਪਿਛਲੇ ਪੰਦਰਾਂ ਸਾਲਾਂ ਦੌਰਾਨ ਜਿਸ ਦੇ ਹੱਥ ਵੀ ਆਈ, ਸਣੇ ਪਹਿਲੇ ਪੰਜਾਬੀ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ, ਪਾਕਿਸਤਾਨ ਨਾਲ ਸੰਬੰਧਾਂ ਦੇ ਸਵਾਲ ਉਤੇ ਖਾਸ ਕਾਮਯਾਬੀ ਕਿਸੇ ਨੂੰ ਵੀ ਨਹੀਂ ਸੀ ਹੋਈ। ਜੇ ਸਿਰਫ ਮੀਟਿੰਗਾਂ ਤੇ ਗੱਲਬਾਤ ਕਰਨਾ ਹੀ ਕਾਮਯਾਬੀ ਹੋਵੇ ਤਾਂ ਇਹ ਸਾਰਿਆਂ ਨੇ ਕਰ ਕੇ ਵੇਖ ਲਈ ਹੋਊਗੀ।

ਮੌਜੂਦਾ ਮੋੜ ਉੱਤੇ ਸਭ ਤੋਂ ਵਧ ਕਸੂਤੀ ਸਥਿਤੀ ਭਾਰਤ ਦੇ ਮੌਜੂਦਾ ਵਿਦੇਸ਼ ਮੰਤਰੀ ਐਸ ਐਮ ਕ੍ਰਿਸ਼ਨਾ ਦੀ ਬਣੀ ਪਈ ਹੈ। ਜਦੋਂ ਉਨ੍ਹਾਂ ਦੀ ਪਾਕਿਸਤਾਨ ਦੇ ਵਿਦੇਸ਼ ਮੰਤਰੀ ਨਾਲ ਮਤਭੇਦਾਂ ਦੇ ਖਾਤਮੇ ਬਾਰੇ ਕੋਈ ਤਹਿ ਹੀ ਨਹੀਂ ਸੀ ਬੈਠੀ ਤਾਂ ਸਾਂਝੀ ਪ੍ਰੈਸ ਕਾਨਫਰੰਸ ਲਾਉਣ ਤੋਂ ਵੀ ਬਚਣਾ ਚਾਹੀਦਾ ਸੀ। ਉਸ ਸਾਂਝੀ ਪ੍ਰੈਸ ਕਾਨਫਰੰਸ ਮੌਕੇ ਐਸ.ਐਮ. ਕ੍ਰਿਸ਼ਨਾ ਨੂੰ ਪਹਿਲੀ ਠਿੱਬੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਓਦੋਂ ਲਾ ਦਿੱਤੀ, ਜਦੋਂ ਉਸ ਨੇ ਅੰਦਰ ਦੀ ਗੱਲ ਖੁੱਲ੍ਹੇ ਤੌਰ 'ਤੇ ਕਹਿ ਦਿੱਤੀ ਕਿ ਦੋਵਾਂ ਵਿਦੇਸ਼ ਮੰਤਰੀਆਂ ਦੀ ਸਹਿਮਤੀ ਹੈ ਕਿ ਗੱਲਬਾਤ ਮੌਕੇ ਭਾਰਤ ਸਰਕਾਰ ਦੇ ਗ੍ਰਹਿ ਸਕੱਤਰ ਜੀ ਕੇ ਪਿੱਲੇ ਨੂੰ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਬਾਰੇ ਬਿਆਨ ਜਾਰੀ ਨਹੀਂ ਸੀ ਕਰਨਾ ਚਾਹੀਦਾ। ਇਸ ਮੌਕੇ ਕ੍ਰਿਸ਼ਨਾ ਦਾ ਚੁੱਪ ਵੱਟ ਜਾਣਾ, ਉਸ ਦੀ ਆਪਣੀ ਸਥਿਤੀ ਖਰਾਬ ਕਰਨ ਦਾ ਕਾਰਨ ਵੀ ਬਣਿਆ, ਭਾਰਤ ਦੇ ਗ੍ਰਹਿ ਸਕੱਤਰ ਦੀ ਸਥਿਤੀ ਖਰਾਬ ਕਰਨ ਦਾ ਵੀ ਤੇ ਪਾਕਿਸਤਾਨੀ ਵਿਦੇਸ਼ ਮੰਤਰੀ ਦੇ ਚਾਂਭਲ ਜਾਣ ਦਾ ਵੀ। ਜਦੋਂ ਉਹ ਇਕ ਵਾਰ ਚਾਂਭਲ ਗਿਆ, ਫੇਰ ਉਹ ਸਾਰੇ ਕੂਟਨੀਤਕ ਚੱਜ-ਆਚਾਰ ਨੂੰ ਲਾਂਭੇ ਰੱਖ ਕੇ ਭਾਰਤ ਦੇ ਵਿਦੇਸ਼ ਮੰਤਰੀ ਨੂੰ ਏਨੀ ਕਠਪੁਤਲੀ ਸਾਬਤ ਕਰਨ ਵੀ ਤੁਰ ਪਿਆ ਕਿ ਉਹ ਤਾਂ ਵਾਰ-ਵਾਰ ਬਾਹਰ ਜਾ ਕੇ ਦਿੱਲੀ ਨੂੰ ਫੋਨ ਕਰ ਕੇ ਹਦਾਇਤਾਂ ਲੈਂਦਾ ਸੀ।

ਭਾਰਤੀ ਵਿਦੇਸ਼ ਮੰਤਰੀ ਜਾਂ ਉਸ ਦੇ ਕਿਸੇ ਅਹਿਲਕਾਰ ਨੇ ਜੇ ਬਾਹਰ ਜਾ ਕੇ ਦਿੱਲੀ ਨੂੰ ਫੋਨ ਕੀਤਾ ਸੀ ਤਾਂ ਇਸ ਨੂੰ ਗਲਤ ਨਹੀਂ ਆਖਿਆ ਜਾ ਸਕਦਾ। ਹਰ ਦੇਸ਼ ਦੇ ਪ੍ਰਤੀਨਿਧ ਇਹੋ ਜਿਹੇ ਮਾਮਲਿਆਂ ਵਿਚ ਆਪਣੀ ਸਰਕਾਰ ਜਾਂ ਸਰਕਾਰ ਦੇ ਮੁਖੀ ਨਾਲ ਸਲਾਹਾਂ ਕਰਦੇ ਹੀ ਹੁੰਦੇ ਹਨ। ਸਵਾਲ ਤਾਂ ਇਹ ਹੈ ਕਿ ਫੋਨ ਉਨ੍ਹਾਂ ਨੇ ਬਾਹਰ ਜਾ ਕੇ ਮੋਬਾਈਲ ਫੋਨ ਤੋਂ ਕੀਤੇ ਸਨ, ਪਾਕਿਸਤਾਨ ਦੇ ਵਿਦੇਸ਼ ਮੰਤਰੀ ਨੂੰ ਕਿਵੇਂ ਪਤਾ ਲੱਗ ਗਿਆ ਕਿ ਉਨ੍ਹਾਂ ਨੇ ਦਿੱਲੀ ਨੂੰ ਫੋਨ ਵੀ ਕੀਤੇ ਤੇ ਹਦਾਇਤਾਂ ਵੀ ਲਈਆਂ ਸਨ? ਇਹ ਫੋਨ ਉਨ੍ਹਾਂ ਨੇ ਕਿਸੇ ਹੋਰ ਪਾਸੇ ਵੀ ਕੀਤੇ ਹੋ ਸਕਦੇ ਹਨ। ਸਾਫ ਹੈ ਕਿ ਕੁਰੈਸ਼ੀ ਨੂੰ ਅਗਲੇ ਪਾਸੇ ਵਾਲੇ ਫੋਨ ਦੇ ਨੰਬਰ ਵੀ ਤੇ ਗੱਲਬਾਤ ਵੀ ਤਦੇ ਹੀ ਪਤਾ ਲੱਗ ਸਕਦੀ ਹੈ, ਜੋ ਉਸ਼ ਦੀਆਂ ਖੁਫੀਆਂ ਏਜੰਸੀਆਂ ਇਨ੍ਹਾਂ ਦੇ ਸਾਰੇ ਨੰਬਰਾਂ ਦੀ ਜਾਸੂਸੀ ਕਰਵਾ ਰਹੀਆਂ ਹੋਣਗੀਆਂ। ਕਿਸੇ ਦੂਜੇ ਦੇਸ਼ ਦੇ ਦੂਤ ਦੀ ਜਾਸੂਸੀ ਕਰਨਾ ਬੜਾ ਵੱਡਾ ਗੁਨਾਹ ਮੰਨਿਆ ਜਾਂਦਾ ਹੈ। ਇਹ ਬਿਆਨ ਦੇ ਕੇ ਪਾਕਿਸਤਾਨ ਦੀ ਸਰਕਾਰ ਦੇ ਵਿਦੇਸ਼ ਮੰਤਰੀ ਨੇ ਸਾਬਤ ਕਰ ਦਿੱਤਾ ਹੈ ਕਿ ਇਸਲਾਮਾਬਾਦ ਵਿਚ ਵੀ ਹਾਲ ਵਾਟਰਗੇਟ ਵਾਲਾ ਹੀ ਬਣਿਆ ਪਿਆ ਹੈ।

ਅਗਲੀ ਘਟੀਆ ਹਰਕਤ ਸ਼ਾਹ ਮਹਿਮੂਦ ਕੁਰੈਸ਼ੀ ਨੇ ਹੋਰ ਕਰ ਦਿੱਤੀ ਹੈ। ਗੱਲਬਾਤ ਮੁੱਕਣ ਤੋਂ ਅਗਲੇ ਦਿਨ ਉਸ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਭਾਰਤ ਬਾਰੇ ਜਿਹੜੀ ਸ਼ਬਦਾਵਲੀ ਦਹਿਸ਼ਤਗਰਦ ਜਥੇਬੰਦੀ ਦਾ ਆਗੂ ਹਾਫ਼ਿਜ਼ ਸਈਦ ਵਰਤਦਾ ਹੈ, ਉਸ ਬਾਰੇ ਕੁਰੈਸ਼ੀ ਦੀ ਕੀ ਰਾਏ ਹੈ। ਉਸ ਨੇ ਜਵਾਬ ਦੇਣ ਵੇਲੇ ਭਾਰਤ ਸਰਕਾਰ ਦੇ ਹੋਮ ਸੈਕਟਰੀ ਜੀ ਕੇ ਪਿੱਲੇ ਤੇ ਹਾਫ਼ਿਜ਼ ਸਈਦ, ਦੋਵਾਂ ਨੂੰ ਇੱਕੋ ਜਿਹੇ ਬਿਆਨਬਾਜ਼ੀ ਕਰਨ ਵਾਲੇ ਕਰਾਰ ਦੇ ਦਿੱਤਾ। ਹਾਫ਼ਿਜ਼ ਸਈਦ ਇਕ ਦਹਿਸ਼ਤਗਰਦ ਹੈ, ਜੀ ਕੇ ਪਿੱਲੇ ਇਕ ਦੇਸ਼ ਦੀ ਸੰਵਿਧਾਨਕ ਸਰਕਾਰ ਦੇ ਸਾਰੇ ਮੁਲਕ ਦੇ ਸੁਰੱਖਿਆ ਦਸਤਿਆਂ ਦੀ ਕਮਾਨ ਕਰਨ ਵਾਲੇ ਮਹਿਕਮੇ ਦਾ ਇੰਚਾਰਜ ਅਫ਼ਸਰ ਹੈ ਤੇ ਕੁਰੈਸ਼ੀ ਦੀ ਤੱਕੜੀ ਦੋਵਾਂ ਨੂੰ ਬਰਾਬਰ ਤੋਲਦੀ ਹੈ। ਸਿਰਫ਼ ਭਾਰਤ ਨੇ ਹੀ ਹਾਫਿਜ਼ ਸਈਦ ਨੂੰ ਦਹਿਸ਼ਤਗਰਦ ਨਹੀਂ ਕਿਹਾ, ਅਮਰੀਕਾ ਵਾਲੇ ਵੀ ਕਹਿ ਰਹੇ ਹਨ ਤੇ ਖੁਦ ਪਾਕਿਸਤਾਨ ਦੀ ਸਰਕਾਰ ਵੀ ਉਸ ਨੂੰ ਦਹਿਸ਼ਤਗਰਦ ਕਹਿ ਚੁੱਕੀ ਹੈ। ਉਸ ਦੇ ਖਿਲਾਫ ਪਾਕਿਸਤਾਨੀ ਅਦਾਲਤ ਵਿਚ ਕੇਸ ਭਾਰਤ ਦੇ ਵਕੀਲ ਨਹੀਂ, ਪਾਕਿਸਤਾਨੀ ਸਰਕਾਰ ਦੇ ਵਕੀਲ ਪੇਸ਼ ਕਰਦੇ ਹਨ ਤੇ ਉਸ ਨੂੰ ਦਹਿਸ਼ਤਗਰਦ ਕਰਾਰ ਦੇ ਕੇ ਉਸ ਦੀ ਜ਼ਮਾਨਤ ਦਾ ਵਿਰੋਧ ਕਰਦੇ ਹਨ ਪਰ ਉਨ੍ਹਾਂ ਦੇ ਵਿਦੇਸ਼ ਮੰਤਰੀ ਕੁਰੈਸ਼ੀ ਦੀ ਨਜ਼ਰ ਵਿਚ ਉਹ ਭਾਰਤ ਦੇ ਗ੍ਰਹਿ ਸਕੱਤਰ ਜੀ ਕੇ ਪਿੱਲੇ ਦੇ ਬਰਾਬਰ ਦਾ ਹੀ ਹੈ। ਹਾਲੇ ਪਿਛਲੇ ਮਹੀਨੇ ਪਾਕਿਸਤਾਨ ਸਰਕਾਰ ਨੇ ਹਾਫਿਜ਼ ਸਈਦ ਦੀ ਜਥੇਬੰਦੀ ਦੇ ਬੈਂਕ ਖਾਤੇ ਜਾਮ ਕੀਤੇ ਤੇ ਉਸ ਦੇ ਵਿਦੇਸ਼ ਦੌਰੇ ਉੱਤੇ ਪਾਬੰਦੀ ਦਾ ਡਰਾਮਾ ਕੀਤਾ ਹੈ। ਜੇ ਉਹਨੂੰ ਭਾਰਤ ਦੇ ਗ੍ਰਹਿ ਸਕੱਤਰ ਦੇ ਬਰਾਬਰ ਹੀ ਤੋਲਣਾ ਹੈ ਤਾਂ ਲਾਈਆਂ ਗਈਆਂ ਪਾਬੰਦੀਆਂ ਵੀ ਸੰਸਾਰ ਦੇ ਅੱਖੀਂ ਘੱਟਾ ਪਾਉਣਾ ਹੀ ਸੀ, ਹੋਰ ਕੁਝ ਨਹੀਂ।



ਇਹ ਸਾਰਾ ਕੁਝ ਸ਼ਰਮਨਾਕ ਸੀ, ਪਰ ਇਸ ਤੋਂ ਭਾਜਪਾ ਦਾ ਭੁੜਕ ਕੇ ਭਾਰਤ ਸਰਕਾਰ ਨੂੰ ਭੰਡਣਾ ਤੇ ਵਾਜਪਾਈ ਸਰਕਾਰ ਦੇ ਸੋਹਲੇ ਗਾਉਣਾ ਵੀ ਸਮਝ ਤੋਂ ਪਰ੍ਹੇ ਹੈ। ਉਹ ਕਹਿੰਦੇ ਹਨ ਕਿ ਵਾਜਪਾਈ ਸਰਕਾਰ ਨੇ ਭੱਲ ਖੱਟੀ ਸੀ। ਕਿਹੜੀ ਭੱਲ ਖੱਟੀ ਸੀ? ਉਹ ਕਹਿੰਦੇ ਹਨ ਕਿ ਲਾਹੌਰ ਐਲਾਨਨਾਮਾ ਕੀਤਾ ਸੀ। ਨਵਾਜ਼ ਸ਼ਰੀਫ ਤੇ ਅਟਲ ਬਿਹਾਰੀ ਵਾਜਪਾਈ ਦੇ ਕਾਹਲਕਦਮੀ ਦੇ ਉਸ ਐਲਾਨਨਾਮੇ ਵਿਚ ਭੱਲ ਵਾਲੀ ਕਿਹੜੀ ਗੱਲ ਸੀ? ਉਹ ਕਹਿੰਦੇ ਹਨ ਕਿ ਉਸ ਵਿਚ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਮੰਨਿਆ ਸੀ ਕਿ ਉਸ ਦੀ ਧਰਤੀ ਦੀ ਵਰਤੋਂ ਭਾਰਤ ਵਿਰੋਧੀ ਸਰਗਰਮੀਆਂ ਲਈ ਨਹੀਂ ਹੋਣ ਦਿੱਤੀ ਜਾਵੇਗੀ। ਇਸ ਵਿਚ ਨਵਾਂ ਕੀ ਸੀ? ਇਹ ਗੱਲ ਤਾਂ ਉਸ ਤੋਂ ਕਈ ਸਾਲ ਪਹਿਲਾਂ ਸ਼ਿਮਲਾ ਵਿਚ ਕੀਤੇ ਸਮਝੌਤੇ ਵਿਚ ਵੀ ਪਾਕਿਸਤਾਨ ਦੇ ਓਦੋਂ ਦੇ ਪ੍ਰਧਾਨ ਮੰਤਰੀ ਜ਼ੁਲਫਕਾਰ ਅਲੀ ਭੁੱਟੋ ਨੇ ਮੰਨੀ ਹੋਈ ਸੀ। ਸਿਰਫ ਮੰਨ ਲੈਣ ਨਾਲ ਕੀ ਹੁੰਦਾ ਹੈ, ਅਮਲ ਤਾਂ ਕਦੇ ਹੋਇਆ ਨਹੀਂ। ਲਾਹੌਰ ਦੇ ਐਲਾਨ ਦੀ ਤਾਂ ਹਾਲੇ ਸਿਆਹੀ ਨਹੀਂ ਸੀ ਸੁੱਕੀ ਕਿ ਕਾਰਗਿਲ ਵਿਚ ਤੋਪਾਂ ਗੂੰਜਣ ਲੱਗ ਪਈਆਂ ਸਨ ਤੇ ਉਨ੍ਹਾਂ ਤੋਪਾਂ ਦੀ ਗੂੰਜ ਹਾਲੇ ਮੱਠੀ ਨਹੀਂ ਸੀ ਪਈ ਕਿ ਐਲਾਨ 'ਤੇ ਦਸਖਤ ਕਰਨ ਵਾਲੇ ਨਵਾਜ਼ ਸ਼ਰੀਫ ਦਾ ਰਾਜ-ਪਲਟਾ ਹੋ ਗਿਆ ਸੀ।

ਭੁੱਟੋ ਨੇ ਸ਼ਿਮਲਾ ਸਮਝੌਤਾ ਕੀਤਾ, ਫੌਜ ਨੇ ਉਸ ਨੂੰ ਗੱਦੀ ਤੋਂ ਲਾਹ ਕੇ ਫਾਂਸੀ ਟੰਗ ਦਿੱਤਾ ਤੇ ਨਵਾਜ਼ ਸ਼ਰੀਫ ਨੇ ਸਮਝੌਤਾ ਕੀਤਾ ਤਾਂ ਫੌਜ ਨੇ ਉਹਨੂੰ ਚੁੱਕ ਕੇ ਸੀਖਾਂ ਪਿੱਛੇ ਬੰਦ ਕਰ ਕੇ ਉਹਦੀ ਕੋਠੜੀ ਵਿਚ ਸੱਪ ਛੱਡ ਦਿੱਤਾ ਸੀ। ਕਿਧਰੇ ਫਾਂਸੀ ਨਾ ਟੰਗ ਦਿੱਤਾ ਜਾਵਾਂ, ਇਸ ਗੱਲੋਂ ਡਰਦਾ ਉਹ ਦਸ ਸਾਲ ਦੀ ਜਲਾਵਤਨੀ ਦਾ ਸੌਦਾ ਮਾਰ ਕੇ ਪਰਿਵਾਰ ਸਮੇਤ ਉਡਾਰੀ ਮਾਰ ਗਿਆ ਸੀ। ਓਥੇ ਅਸਲੀ ਤਾਕਤ ਲੋਕਾਂ ਦੀ ਚੁਣੀ ਹੋਈ ਸਰਕਾਰ ਦੇ ਨਹੀਂ, ਖੁਫੀਆ ਏਜੰਸੀ ਤੇ ਫੌਜ ਦੇ ਹੱਥਾਂ ਵਿਚ ਮੰਨੀ ਜਾਂਦੀ ਹੈ ਜਦੋਂ ਉਹ ਹੀ ਸਹਿਮਤ ਨਹੀਂ ਕਿ ਭਾਰਤ ਨਾਲ ਰਿਸ਼ਤੇ ਸੁਧਰਾਨੇ ਹਨ ਤਾਂ ਭਾਰਤ ਨੂੰ ਵੀ ਬਹੁਤੀ ਆਸ ਨਹੀਂ ਰੱਖਣੀ ਚਾਹੀਦੀ। ਪਾਕਿਸਤਾਨ ਵਿਚ ਇਹ ਗੱਲ ਆਮ ਕਹੀ ਜਾਂਦੀ ਹੈ ਕਿ ਉਨ੍ਹਾਂ ਦੀ ਫੌਜ ਬਾਹਰੋਂ ਜੁੱਤੀਆਂ ਖਾ ਕੇ ਆਉਂਦੀ ਹੈ ਤੇ ਆਪਣੇ ਲੋਕਾਂ ਨੂੰ ਜੂਤ ਫੇਰਦੀ ਹੈ। ਇਹੋ ਜਿਹੇ ਮੁਲਕ ਦੀ ਕਿਸੇ ਵੀ ਹਕੂਮਤ ਨਾਲ, ਕਿਸੇ ਵੀ ਦੇਸ਼ ਦੀ ਕੋਈ ਵੀ ਸਰਕਾਰ ਸਮਝੌਤਾ ਕਰਨ ਤੁਰ ਪਵੇ, ਸੌਖਾ ਕੀਤਿਆਂ ਸਿਰੇ ਨਹੀਂ ਚੜ੍ਹ ਸਕਦਾ।

ਪਾਕਿਸਤਾਨ ਸਾਡਾ ਗਵਾਂਢੀ ਦੇਸ਼ ਹੈ। ਇਸ ਤਰ੍ਹਾਂ ਦਾ ਦੇਸ਼ ਜਿਸ ਨਾਲ ਨਿਭਾਅ ਸਕਣਾ ਵੀ ਔਖਾ ਹੈ ਤੇ ਪੱਕਾ ਤੋੜ-ਵਿਛੋੜਾ ਵੀ ਨਹੀਂ ਹੋ ਸਕਦਾ। ਹੱਦਾਂ ਦੀ ਸਾਂਝ ਹੈ ਤੇ ਕਈ ਮਾਮਲਿਆਂ ਬਾਰੇ ਗੱਲ ਕਰਨੀ ਵੀ ਪੈਣੀ ਹੈ। ਓਧਰ ਦੇ ਲੋਕ ਵੀ ਸਾਂਝ ਪਾਉਣੀ ਚਾਹੁੰਦੇ ਹਨ, ਸਿਆਸੀ ਲੀਡਰ ਤੇ ਉਨ੍ਹਾਂ ਦੀ ਨਕੇਲ ਖਿੱਚਣ ਵਾਲੀ ਫੌਜ ਜਾਂ ਖੁਫੀਆ ਏਜੰਸੀ ਨਹੀਂ ਚਾਹੁੰਦੀ। ਸਾਨੂੰ ਦੋਵਾਂ ਦੇਸ਼ਾਂ ਦੇ ਲੋਕਾਂ ਦੇ ਪੱਧਰ ਉਤੇ ਸੰਪਰਕ ਬਣਾਈ ਰੱਖਣਾ ਚਾਹੀਦਾ ਹੈ, ਰਾਜਨੀਤਕ ਸਾਂਝ ਦੇ ਸਿੱਟੇ ਕੱਢਣ ਲਈ ਕਾਹਲੇ ਨਹੀਂ ਪੈਣਾ ਚਾਹੀਦਾ।

ਭਾਜਪਾ ਦੀ ਇਹ ਦਲੀਲ ਅਮਲ ਕਰਨ ਯੋਗ ਨਹੀਂ ਕਿ ਪਾਕਿਸਤਾਨ ਨਾਲ ਕਿਸੇ ਕਿਸਮ ਦੀ ਕੋਈ ਗੱਲ ਹੋਣੀ ਹੀ ਨਹੀਂ ਚਾਹੀਦੀ। ਇਹ ਗੱਲ ਕਈ ਵਾਰੀ ਆਖ ਕੇ ਉਨ੍ਹਾਂ ਦੀ ਵਾਜਪਾਈ ਸਰਕਾਰ ਨੂੰ ਵੀ ਗੱਲਬਾਤ ਕਰਨੀ ਪੈ ਜਾਂਦੀ ਰਹੀ ਸੀ। ਜਦੋਂ ਨਵਾਜ਼ ਸ਼ਰੀਫ ਦਾ ਤਖਤਾ ਪਲਟਿਆ ਗਿਆ ਸੀ, ਪ੍ਰਧਾਨ ਮੰਤਰੀ ਹੁੰਦਿਆਂ ਅਟਲ ਬਿਹਾਰੀ ਵਾਜਪਾਈ ਨੇ ਓਦੋਂ ਵੀ ਇਹ ਕਹਿ ਦਿੱਤਾ ਸੀ ਕਿ ਜਦੋਂ ਤੱਕ ਪਾਕਿਸਤਾਨ ਅੰਦਰ ਲੋਕ ਰਾਜ ਬਹਾਲ ਨਹੀਂ ਹੋ ਜਾਂਦਾ, ਉਸ ਨਾਲ ਗੱਲ ਨਹੀਂ ਕਰਨੀ, ਪਰ ਓਸੇ ਵਾਜਪਾਈ ਨੂੰ ਕੁਝ ਚਿਰ ਬਾਅਦ ਪਾਕਿਸਤਾਨ ਦੇ ਫੌਜੀ ਹਾਕਮ ਜਨਰਲ ਪ੍ਰਵੇਜ਼ ਮੁਸ਼ੱਰਫ ਨੂੰ 'ਚੁੱਲ੍ਹੇ ਨਿਉਂਦਾ' ਦੇ ਕੇ ਸੱਦਣਾ ਪਿਆ ਤੇ ਉਸ ਦੀ ਦਿੱਲੀ ਵਾਲੀ ਜੰਮਣ-ਭੋਂ 'ਨਹਿਰ ਵਾਲੀ ਹਵੇਲੀ' ਵਿਖਾ ਕੇ ਆਗਰੇ ਵਿਚ ਮੀਟਿੰਗ ਕਰਨੀ ਪਈ ਸੀ। ਹੁਣ ਪਾਕਿਸਤਾਨੀ ਵਿਦੇਸ਼ ਮੰਤਰੀ ਕੁਰੈਸ਼ੀ ਦੇ ਬਦ-ਜ਼ੌਕ ਬਿਆਨ ਨੂੰ ਆਧਾਰ ਬਣਾ ਕੇ ਭਾਜਪਾ ਬਹੁਤ ਭੜਕੀ ਪਈ ਹੈ, ਪਰ ਜਦੋਂ ਆਗਰੇ ਦੀ ਗੱਲਬਾਤ ਤਿਆਰ ਹੋ ਚੁੱਕੇ ਐਲਾਨ ਉਤੇ ਦਸਖਤ ਕਰਨ ਤੋਂ ਐਨ ਪਹਿਲਾਂ ਅਚਾਨਕ ਟੁੱਟ ਗਈ ਸੀ, ਓਦੋਂ ਜਨਰਲ ਮੁਸ਼ੱਰਫ ਨੇ ਜਾਣ ਤੋਂ ਪਹਿਲਾਂ ਪੱਤਰਕਾਰਾਂ ਨੂੰ ਇਹ ਕਿਹਾ ਸੀ, "ਸਾਰੀ ਗੱਲਬਾਤ ਇਕ ਔਰਤ, ਮੈਂ 'ਲੇਡੀ' ਨਹੀਂ ਕਹੂੰਗਾ, ਔਰਤ ਦੇ ਕਾਰਨ ਟੁੱਟੀ ਹੈ।" ਦੁਹਰਾ ਕੇ 'ਲੇਡੀ' ਦੀ ਥਾਂ 'ਔਰਤ' ਕਹਿ ਕੇ ਉਸ ਨੇ ਭਾਰਤ ਦੀ ਕਿਸ ਆਗੂ ਬੀਬੀ ਵਲ ਇਸ਼ਾਰਾ ਕੀਤਾ ਸੀ, ਇਹ ਭਾਜਪਾ ਨੂੰ ਵੀ ਪਤਾ ਸੀ, ਪਰ ਓਦੋਂ ਉਸ ਨੇ ਉਹ ਭੜਕਾਹਟ ਨਹੀਂ ਸੀ ਵਿਖਾਈ, ਜਿਹੜੀ ਹੁਣ ਵਿਖਾ ਕੇ ਆਪਣੇ ਮੁਲਕ ਨੂੰ ਸਿਰਫ ਭੰਡਣ ਦੇ ਰਾਹੇ ਤੁਰ ਪਈ ਹੈ।

ਇਹ ਮੌਕਾ ਆਪਸ ਵਿਚ ਰੱਸਾ-ਕਸ਼ੀ ਦਾ ਨਹੀਂ, ਬੀਤੇ ਤੋਂ ਸਿੱਖ ਕੇ ਅਗਲਾ ਕਦਮ ਪੁੱਟਣ ਦਾ ਹੈ। ਗੱਲਬਾਤ ਦੋਵੇਂ ਦੇਸ਼ ਆਪਣੇ ਆਪ ਹੀ ਨਹੀਂ ਕਰ ਰਹੇ। ਸਭ ਨੂੰ ਪਤਾ ਹੈ ਕਿ ਕੁਝ ਸਾਮਰਾਜੀ ਤਾਕਤਾਂ ਇਸ ਪਾਸੇ ਤੁਰਨ ਲਈ ਭਾਰਤ 'ਤੇ ਦਬਾਅ ਪਾਉਂਦੀਆਂ ਹਨ, ਇਸ ਬਾਰੇ ਸੁਚੇਤ ਹੋਣ ਦੀ ਲੋੜ ਹੈ। ਦਬਾਅ ਪਾਉਣ ਵਾਲੀਆਂ ਸਰਕਾਰਾਂ ਨੂੰ ਵੀ ਦੱਸ ਦੇਣਾ ਚਾਹੀਦਾ ਹੈ ਕਿ ਪਾਕਿਸਤਾਨ ਦੀਆਂ ਹਕੂਮਤਾਂ ਦਾ ਕਿਰਦਾਰ ਆਹ ਹੈ ।

ਭਾਰਤ ਸਰਕਾਰ ਦੇ ਕੋਲ ਫੌਰੀ ਦਲੀਲ ਉਨ੍ਹਾਂ ਆਈ ਐਸ ਆਈ ਦੇ ਕੁਝ ਅਫਸਰਾਂ ਬਾਰੇ ਹੋ ਸਕਦੀ ਹੈ, ਜਿਨ੍ਹਾਂ ਦੇ ਨਾਂ ਅਮਰੀਕੀ ਜਾਂਚ ਏਜੰਸੀਆਂ ਕੋਲ ਪਾਕਿਸਤਾਨੀ ਮੂਲ ਦੇ ਦਹਿਸ਼ਤਗਰਦ ਡੇਵਿਡ ਕੋਲਮੈਨ ਹੇਡਲੀ ਨੇ ਦੱਸੇ ਹਨ। ਪਾਕਿਸਤਾਨ ਸਰਕਾਰ ਆਪਣੀ ਸਾਜ਼ਿਸ਼ੀ ਏਜੰਸੀ ਆਈ ਐਸ ਆਈ ਦੇ ਉਨ੍ਹਾਂ ਅਧਿਕਾਰੀਆਂ ਦੇ ਬਚਾਅ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ ਤੇ ਕੋਈ ਪੱਲਾ ਨਹੀਂ ਫੜਾ ਰਹੀ। ਇਹ ਵੀ ਦੁਨੀਆ ਨੂੰ ਦੱਸ ਦੇਣਾ ਚਾਹੀਦਾ ਹੈ ਕਿ ਜਦੋਂ ਭਾਰਤ ਦਾ ਹਵਾਈ ਜਹਾਜ਼ ਅਗਵਾ ਕਰ ਕੇ ਕੰਧਾਰ ਲਿਜਾਇਆ ਗਿਆ, ਜਿੰਨੇ ਦਿਨ ਗੱਲਬਾਤ ਸਿਰੇ ਨਾ ਚੜ੍ਹ ਗਈ, ਜਹਾਜ਼ ਵਿਚ ਬੈਠੇ ਲੋਕਾਂ ਲਈ ਖਾਣੇ ਦੇ ਪੈਕਟ ਪਾਕਿਸਤਾਨ ਤੋਂ ਆਉਂਦੇ ਰਹੇ ਸਨ। ਅਗਵਾਕਾਰਾਂ ਨੂੰ ਕਿਸੇ ਵੀ ਹੋਰ ਦੇਸ਼ ਦੀ ਬਜਾਏ ਸਿਰਫ ਪਾਕਿਸਤਾਨ ਉਤੇ ਯਕੀਨ ਕਿਉਂ ਸੀ ਤੇ ਛੱਡੇ ਗਏ ਦਹਿਸ਼ਤਗਰਦ ਵੀ ਅਗਲੇ ਦਿਨ ਹੀ ਪਾਕਿਸਤਾਨ ਦੇ ਜਨਤਕ ਜਲਸਿਆਂ ਵਿਚ ਇਸੇ ਲਈ ਜਾ ਬੋਲੇ ਸਨ ਕਿ ਉਹ ਅੱਤਵਾਦੀਆਂ ਦਾ ਨਹੀਂ, ਪਾਕਿਸਤਾਨੀ ਏਜੰਸੀ ਦਾ ਹੀ ਕੀਤਾ ਹੋਇਆ ਕਾਰਾ ਸੀ।

ਸੰਸਾਰ ਦੀ ਸੱਥ ਸਾਹਮਣੇ ਭਾਰਤ ਦੀ ਹਕੂਮਤ ਨੂੰ ਕੁਝ ਹੋਰ ਤੱਥ ਵੀ ਪੇਸ਼ ਕਰਨੇ ਚਾਹੀਦੇ ਹਨ, ਜਿਨ੍ਹਾਂ ਵਿਚ ਪਹਿਲਾ ਅਫਗਾਨਿਸਤਾਨ ਵਿਰੁਧ ਅਮਰੀਕਾ ਦੀ ਜੰਗ ਬਾਰੇ ਹੈ। ਓਦੋਂ ਇਕ ਪਾਸੇ ਅਮਰੀਕੀ ਫੌਜ ਉਸ ਦੇ ਹਵਾਈ ਅੱਡਿਆਂ ਤੋਂ ਅਫਗਾਨਿਸਤਾਨ ਦੇ ਤਾਲਿਬਾਨ ਹਾਕਮਾਂ ਵਿਰੁਧ ਲੜਨ ਜਾਂਦੀ ਸੀ ਤੇ ਦੂਜੇ ਪਾਸੇ ਤਾਲਿਬਾਨ ਹਕੂਮਤ ਦਾ 'ਰਾਜਦੂਤ' ਸਵੇਰੇ-ਸ਼ਾਮ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿਚ ਪ੍ਰੈਸ ਕਾਨਫਰੰਸ ਕਰ ਕੇ ਪੱਤਰਕਾਰਾਂ ਨੂੰ ਜੰਗ ਦੇ ਹਾਲਾਤ ਬਾਰੇ ਤਾਜ਼ਾ ਜਾਣਕਾਰੀ ਦਿਆ ਕਰਦਾ ਸੀ। ਕਾਬਲ ਉਤੇ ਕਬਜ਼ੇ ਤੋਂ ਬਾਅਦ ਅਮਰੀਕੀ ਹਕੂਮਤ ਦੇ ਦਬਕੇ ਨਾਲ 'ਦੂਤਘਰ' ਤਾਂ ਬੰਦ ਹੋ ਗਿਆ, ਪਰ 'ਰਾਜਦੂਤ' ਫਿਰ ਵੀ ਕਈ ਦਿਨ ਆਪਣੇ ਘਰੋਂ ਇਹੋ ਨੌਟੰਕੀ ਕਰਦਾ ਰਿਹਾ ਸੀ।

ਮਾਮਲਾ ਕੰਧਾਰ ਦੇ ਹਵਾਈ ਜਹਾਜ਼ ਕਾਂਡ ਦਾ ਹੋਵੇ ਜਾਂ ਅਮਰੀਕਾ-ਅਫਗਾਨਿਸਤਾਨ ਜੰਗ ਦੌਰਾਨ ਪਾਕਿਸਤਾਨ ਅੰਦਰੋਂ ਤਲਿਬਾਨ ਦਾ 'ਦੂਤਘਰ' ਚਲਾਉਣ ਦਾ, ਹਰ ਗੱਲ ਵਿਚ ਓਥੋਂ ਦੇ ਹਾਕਮ ਚੋਰ ਤੇ ਸਾਧ ਦੋਵਾਂ ਨਾਲ ਸਾਂਝ ਰੱਖਣ ਦੇ ਮੁਹਾਵਰੇ ਵਾਂਗ ਦਹਿਸ਼ਤਗਰਦਾਂ ਅਤੇ ਦਹਿਸ਼ਤਗਰਦੀ ਦਾ ਨਿਸ਼ਾਨਾ ਬਣਨ ਵਾਲਿਆਂ ਨਾਲ ਦੋ-ਪਾਸੀ ਸਾਂਝ ਰੱਖਣ ਦਾ ਕਿਰਦਾਰ ਨਿਭਾਉਂਦੇ ਹਨ। ਜਿਹੜਾ ਵੀ ਬੰਦਾ ਚੋਰ ਤੇ ਸਾਧ ਦੋਵਾਂ ਨਾਲ ਸਾਂਝ ਦਾ ਸਾਂਗ ਕਰੇ, ਅਸਲ ਵਿਚ ਉਹ ਚੋਰ ਦਾ ਜੋੜੀਦਾਰ ਹੀ ਹੁੰਦਾ ਹੈ। ਇਹ ਗੱਲ ਫਿਰ ਮੰਨ ਕੇ ਤੁਰਨਾ ਚਾਹੀਦਾ ਹੈ ਕਿ ਸਾਰੀ ਬਦਨੀਤੀ ਪਾਕਿਸਤਾਨੀ ਹਕੂਮਤਾਂ ਦੀ ਹੈ, ਲੋਕਾਂ ਦੀ ਨਹੀਂ। ਜਦੋਂ ਵੀ ਭਾਰਤ-ਪਾਕਿ ਸੰਬੰਧਾਂ ਦੀ ਗੱਲ ਕੀਤੀ ਜਾਵੇ, ਪਾਕਿਸਤਾਨੀ ਹਕੂਮਤਾਂ ਦੇ ਨਾਲ-ਨਾਲ ਪਾਕਿਸਤਾਨ ਦੇ ਉਨ੍ਹਾਂ ਆਮ ਲੋਕਾਂ ਨੂੰ ਬਰਾਬਰ ਰੱਖ ਕੇ ਕਦੇ ਨਹੀਂ ਤੋਲਣਾ ਚਾਹੀਦਾ, ਜਿਹੜੇ ਆਪ ਵਿਚਾਰੇ ਨਾ ਉਡਣ ਜੋਗੇ ਹਨ, ਨਾ ਫਟਕਣ ਜੋਗੇ ਹੀ।

## ਬਰਤਾਨੀਆ ਦੀ ਵਾਤਾਵਰਣ ਮੰਤਰੀ ਦੇ ਬਚਨ ਸੁਣੋ; ਔਰਤਾਂ ਨੂੰ ਮਜ਼ਬੂਤ ਬਣਾਉਂਦਾ ਹੈ ਬੁਰਕਾ !

**ਲੰਡਨ :** ਇਕ ਪਾਸੇ ਜਿਥੇ ਯੂਰਪੀ ਦੇਸ਼ਾਂ ਵਿਚ ਔਰਤਾਂ ਦੇ ਬੁਰਕਾ ਪਹਿਨਣ ਬਾਰੇ ਬਹਿਸ ਛਿੜੀ ਹੋਈ ਹੈ, ਉਥੇ ਹੀ ਬਰਤਾਨੀਆ ਦੀ ਵਾਤਾਵਰਣ ਮੰਤਰੀ ਨੇ ਮੁਸਲਮਾਨ ਔਰਤਾਂ ਦੇ ਬੁਰਕਾ ਪਹਿਨਣ ਦੇ ਅਧਿਕਾਰ ਦਾ ਸਮਰਥਨ ਕਰਦਿਆਂ ਕਿਹਾ ਕਿ ਇਸ ਨਾਲ ਔਰਤਾਂ ਮਜ਼ਬੂਤ ਹੁੰਦੀਆਂ ਹਨ। ਵਾਤਾਵਰਣ ਮੰਤਰੀ ਕੈਰੋਲੀਨ ਸਪੇਲਮੈਨ ਨੇ ਇਹ ਗੱਲ ਉਦੋਂ ਆਖੀ ਜਦੋਂ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਡੈਮੀਅਨ ਗਰੀਨ ਨੇ ਟੋਰੀ ਪਾਰਟੀ ਵਿਚ ਬੁਰਕੇ 'ਤੇ ਪਾਬੰਦੀ ਦੀ ਉਠ ਰਹੀ ਮੰਗ ਦਾ ਵਿਰੋਧ ਕੀਤਾ।

ਗਰੀਨ ਦਾ ਕਹਿਣਾ ਸੀ ਕਿ ਬੁਰਕੇ 'ਤੇ ਪਾਬੰਦੀ ਬਰਤਾਨਵੀ ਸਭਿਆਚਾਰ ਦੇ ਵਿਰੁਧ ਹੋਵੇਗੀ। ਇੰਟਰਨੈੱਟ ਆਧਾਰਤ ਕੰਪਨੀ ਯੁਗੋਵ ਵਲੋਂ ਕਰਵਾਏ ਸਰਵੇਖਣ 'ਚ ਪਤਾ ਲੱਗਾ ਹੈ ਕਿ ਬਰਤਾਨੀਆ ਦੇ 67 ਫ਼ੀ ਸਦੀ ਲੋਕ ਬੁਰਕੇ ਨੂੰ ਗ਼ੈਰ ਕਾਨੂੰਨੀ ਕਰਾਰ ਦੇਣ ਦੇ ਪੱਖ ਵਿਚ ਹਨ। ਫ਼ਰਾਂਸ ਦੀ ਸੰਸਦ ਦੇ ਹੇਠਲੇ ਸਦਨ ਨੇ ਬਹੁਮਤ ਨਾਲ ਬੁਰਕੇ 'ਤੇ ਪਾਬੰਦੀ ਨੂੰ ਮਨਜ਼ੂਰੀ ਦੇ ਦਿਤੀ ਹੈ ਜਦਕਿ ਸਪੇਨ ਅਤੇ ਬੈਲਜੀਅਮ ਵਿਚ ਵੀ ਇਸ ਤਰ੍ਹਾਂ ਦੇ ਕਾਨੂੰਨ ਬਣਾਏ ਜਾਣ ਦੀ ਤਿਆਰੀ ਹੈ। ਬੁਰਕੇ 'ਤੇ ਪਾਬੰਦੀ ਦੇ ਸਮਰਥਕ ਟੋਰੀ ਸੰਸਦ ਮੈਂਬਰਾਂ ਵਿਚ ਫ਼ਿਲਿਪ ਹੋਲੋਬੋਨ ਵੀ ਸ਼ਾਮਲ ਹਨ। ਫ਼ਿਲਿਪ ਨੇ ਇਕ ਬਿਲ ਪੇਸ਼ ਕੀਤਾ ਹੈ ਜਿਸ ਮੁਤਾਬਕ ਜਨਤਕ ਸਥਾਨ 'ਤੇ ਮੂੰਹ ਢਕ ਕੇ ਚਲਣਾ ਗ਼ੈਰ-ਕਾਨੂੰਨੀ ਹੋਵੇਗਾ। ਕੈਰੋਲੀਨ ਦਾ ਕਹਿਣਾ ਹੈ ਕਿ ਮਹਿਲਾ ਅਧਿਕਾਰੀਆਂ ਲਈ ਬੁਰਕਾ ਪਹਿਨਣਾ ਅਹਿਮ ਹੈ। ਉਨ੍ਹਾਂ ਕਿਹਾ, "ਮੈਂ ਉਸ ਦੇਸ਼ ਵਿਚ ਇਸ ਤਰ੍ਹਾਂ ਨਹੀਂ ਰਹਿਣਾ ਚਾਹੁੰਦੀ ਜਿਥੇ ਔਰਤਾਂ ਨੂੰ ਦੱਸਿਆ ਜਾਵੇ ਕਿ ਉਹ ਕੀ ਪਹਿਨ ਸਕਦੀਆਂ ਹਨ ਅਤੇ ਕੀ ਨਹੀਂ ਪਹਿਨ ਸਕਦੀਆਂ। ਮੈਂ ਅਫ਼ਗ਼ਾਨਿਸਤਾਨ ਤੋਂ ਬਾਹਰ ਹਾਂ ਅਤੇ ਮੈਨੂੰ ਲਗਦਾ ਹੈ ਕਿ ਮੈਂ ਇਸ ਗੱਲ ਨੂੰ ਬਿਹਤਰ ਤਰੀਕੇ ਨਾਲ ਸਮਝ ਸਕਦੀ ਹਾਂ ਕਿ ਜ਼ਿਆਦਾਤਰ ਔਰਤਾਂ ਬੁਰਕਾ ਪਹਿਨਣਾ ਚਾਹੁੰਦੀਆਂ ਹਨ।"

## 22 ਬੱਚਿਆਂ ਦੀ ਮਾਂ ਵਲੋਂ 23ਵਾਂ ਬੱਚਾ ਜੰਮਣ ਦੀ ਤਿਆਰੀ

**ਬਾੜਮੇਰ :** ਰਾਜਸਥਾਨ ਵਿਚ ਸਰਹੱਦੀ ਇਲਾਕੇ ਦੇ ਕੇਰਕੋਟੀ ਪਿੰਡ ਵਿਚ ਇਕ ਪਰਿਵਾਰ ਵਿਚ 22 ਬੱਚਿਆਂ ਨੂੰ ਵਿਹੜੇ ਵਿਚ ਖੇਡਦਿਆਂ ਵੇਖ ਕੇ ਇੰਝ ਲੱਗਦਾ ਹੈ ਕਿ ਪਰਿਵਾਰ ਨਿਯੋਜਨ ਦੇ ਸੰਦੇਸ਼ ਅਤੇ ਸਰਕਾਰੀ ਦਾਅਵਿਆਂ ਦੀ ਹੱਦ ਇਥੇ ਆ ਕੇ ਖਤਮ ਹੋ ਜਾਂਦੀ ਹੈ। ਤੁਹਾਨੂੰ ਸ਼ਾਇਦ ਇਹ ਜਾਣ ਕੇ ਭਰੋਸਾ ਹੀ ਨਹੀਂ ਹੋਵੇਗਾ ਪਰ ਇਹ ਸਚਾਈ ਹੈ ਕਿ 49 ਸਾਲਾ ਜੰਨਤ ਦੇ ਵਿਹੜੇ ਵਿਚ ਇਕ-ਦੋ ਨਹੀਂ ਸਗੋਂ 22 ਬੱਚੇ ਖੇਡਦੇ ਨਜ਼ਰ ਆਉਣਗੇ। ਸਰਕਾਰ ਦੇ ਆਬਾਦੀ ਕੰਟਰੋਲ ਦੇ ਸੰਦੇਸ਼ ਦੀ ਪਹੁੰਚ ਆਮ ਆਦਮੀ ਤਕ ਹੋਣ ਦੇ ਦਾਅਵੇ ਨੂੰ ਝੁਠਲਾਉਂਦੇ ਹੋਏ ਇਸ ਜੋੜੇ ਨੇ 14 ਕੁੜੀਆਂ ਅਤੇ 8 ਮੁੰਡਿਆਂ ਨੂੰ ਜਨਮ ਦਿੱਤਾ ਹੈ। ਬਾੜਮੇਰ ਜ਼ਿਲ੍ਹੇ ਦੇ ਇਸ ਪਿੰਡ ਦੇ ਕਿਸਾਨ ਅਬਦੁਲ ਅਤੇ ਉਸ ਦੀ ਪਤਨੀ ਜੰਨਤ ਦੇ ਵਿਹੜੇ ਵਿਚ ਇਕੋ ਵੇਲੇ 22 ਬੱਚੇ ਖੇਡਦੇ ਪਿਆਰੇ ਤਾਂ ਲੱਗਦੇ ਹਨ ਪਰ ਉਨ੍ਹਾਂ ਨੂੰ ਜਨਮ ਦੇਣ ਵਾਲੀ ਮਾਂ ਨੂੰ ਬੱਚਿਆਂ ਦੇ ਠੀਕ ਤਰ੍ਹਾਂ ਨਾਂ ਵੀ ਯਾਦ ਨਹੀਂ।

ਮਹਿੰਗਾਈ ਦੇ ਜ਼ਮਾਨੇ ਵਿਚ ਇੰਨੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਬਾਰੇ ਪੁੱਛੇ ਜਾਣ 'ਤੇ ਜੰਨਤ ਕਹਿੰਦੀ ਹੈ ਕਿ ਖੁਦਾ ਨੇ ਜਦੋਂ ਧਰਤੀ 'ਤੇ ਭੇਜਿਆ ਹੈ ਤਾਂ ਖਾਣ-ਪੀਣ ਦਾ ਪ੍ਰਬੰਧ ਵੀ ਉਹ ਹੀ ਕਰੇਗਾ। ਕਈ ਲੋਕ ਅਜਿਹੇ ਵੀ ਹਨ ਜਿਨ੍ਹਾਂ ਦੇ ਬੱਚੇ ਨਹੀਂ ਹਨ, ਸਾਨੂੰ ਤਾਂ ਅੱਲ੍ਹਾ ਨੇ ਬੱਚਿਆਂ ਦੀ ਇਹ ਬਖਸ਼ਿਸ਼ ਦਿੱਤੀ ਹੈ। ਇਹ ਸਿਲਸਿਲਾ ਅਜੇ ਰੁਕਿਆ ਨਹੀਂ ਅਤੇ ਜੰਨਤ ਮੁੜ ਗਰਭਵਤੀ ਹੈ। ਉਸਦੀਆਂ 14 ਵਿਚੋਂ 9 ਕੁੜੀਆਂ ਜੁੜਵਾਂ ਹਨ। 2 ਬੱਚੇ ਮਦਰੱਸੇ ਵਿਚ ਰਹਿ ਕੇ ਪੜ੍ਹ ਰਹੇ ਹਨ। ਕੁਝ ਬੱਚੇ ਕੰਮ ਵੀ ਕਰ ਰਹੇ ਹਨ। ਕੁੜੀਆਂ ਖੇਤੀਬਾੜੀ ਦਾ ਕੰਮ ਸੰਭਾਲਣ ਵਿਚ ਆਪਣੇ ਮਾਤਾ-ਪਿਤਾ ਦੀ ਮਦਦ ਕਰਦੀਆਂ ਹਨ।

# ਛੋਲੇ ਭਟੂਰੇ ਖਾਣ ਵਾਲਾ ਵਾਈਸ ਚਾਂਸਲਰ

## ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

ਪੰਜਾਬ ਯੂਨੀਵਰਸਿਟੀ ਦੇ ਕੋਸ਼ਕਾਰੀ ਵਿਭਾਗ ਨੂੰ ਜੰਮਦਿਆਂ ਹੀ ਮੁਹਿੰਮਾਂ ਦਰਪੇਸ਼ ਸਨ। ਦਰਅਸਲ ਇਹ ਜਨਮ ਸਮੇਂ ਤਕਨੀਕੀ ਤੌਰ 'ਤੇ ਨਾ ਪੰਜਾਬ ਯੂਨੀਵਰਸਿਟੀ ਦਾ ਸੀ, ਨਾ ਕੋਸ਼ਕਾਰੀ ਸੀ, ਤੇ ਨਾ ਹੀ ਵਿਭਾਗ ਸੀ। ਇਹ ਸੀ ਮਾਤਰ 'ਇੰਗਲਿਸ਼-ਪੰਜਾਬੀ ਡਿਕਸ਼ਨਰੀ ਪ੍ਰਾਜੈਕਟ'। ਪੰਜਾਬੀ ਵਿਚ ਯੂਨੀਵਰਸਿਟੀ ਪੱਧਰ ਦੀਆਂ ਮਿਆਰੀ ਪਾਠ ਪੁਸਤਕਾਂ ਤਿਆਰ ਕਰਨ ਲਈ ਪੰਜਾਬ ਸਰਕਾਰ ਨੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦਾ ਗਠਨ ਕੀਤਾ ਸੀ। ਅੰਗਰੇਜ਼ੀ-ਪੰਜਾਬੀ ਦਾ ਵੱਡ-ਆਕਾਰੀ ਕੋਸ਼



ਪ੍ਰੀਤਮ ਸਿੰਘ ਗੋਰਾਇਆ

ਤਿਆਰ ਕਰਨਾ ਇਸ ਬੋਰਡ ਦਾ ਇਕ ਮਹੱਤਵਪੂਰਨ ਪ੍ਰਾਜੈਕਟ ਸੀ। ਬੋਰਡ ਨੇ ਪੰਜਾਬ ਯੂਨੀਵਰਸਿਟੀ ਨਾਲ ਸਮਝੌਤਾ ਕਰਕੇ ਪ੍ਰਾਜੈਕਟ ਲਈ ਗਰਾਂਟ ਦੇਣਾ ਮੰਨ ਲਿਆ ਪਰ ਇਸਦੀ ਸਮਾਪਤੀ ਉਪਰੰਤ ਭਰਤੀ ਹੋਏ "ਸਟਾਫ ਦਾ ਨਿਪਟਾਰਾ ਕਰਨ" ਦੀ ਜ਼ਿੰਮੇਵਾਰੀ ਯੂਨੀਵਰਸਿਟੀ ਦੇ ਸਿਰ ਸੁੱਟ ਦਿਤੀ। ਏਥੇ ਪੁਠੇ ਕਾਮਿਆਂ ਚ ਲਿਖਿਆ ਵਾਕਾਂਸ਼ ਅੰਗਰੇਜ਼ੀ ਚ ਲਿਖੇ ਸਮਝੌਤੇ ਦੇ "disposal of the staff" ਸ਼ਬਦਾਂ ਦਾ ਅਨੁਵਾਦ ਹੈ ਜਿਨ੍ਹਾਂ ਦੀ ਵਿਆਖਿਆ ਦਾ ਬਾਅਦ ਵਿਚ ਖੂਬ ਝਗੜਾ ਪਿਆ। ਅਸੀਂ ਕਹੀਏ ਇਸ ਦਾ ਮਤਲਬ ਸਾਨੂੰ ਯੂਨੀਵਰਸਿਟੀ ਵਿਚ ਸਮਾ ਲੈਣਾ ਹੈ, ਯੂਨੀਵਰਸਿਟੀ ਕਹੇ ਇਸਦਾ ਮਤਲਬ ਅਸੀਂ ਤੁਹਾਨੂੰ ਜਿਵੇਂ ਮਰਜ਼ੀ ਬਿਲੇ ਲਾਈਏ, ਰੱਖੀਏ ਚਾਹੇ ਕਢੀਏ।

ਦਰਅਸਲ ਦੇਸ਼ ਦੀ ਵੰਡ ਤੋਂ ਪਹਿਲਾਂ ਸਾਂਝੀ ਪੰਜਾਬ ਯੂਨੀਵਰਸਿਟੀ ਦਾ ਵੀ ਇਕ ਅੰਗਰੇਜ਼ੀ-ਪੰਜਾਬੀ ਕੋਸ਼ ਬਣਾਉਣ ਦਾ ਆਪਣਾ ਪ੍ਰਾਜੈਕਟ ਸੀ ਜੋ ਅਧੂਰਾ ਪਿਆ ਸੀ। ਇਸ ਕੋਸ਼ ਨਾਲ ਹਰਨਾਮ ਸਿੰਘ ਸ਼ਾਨ, ਸੁਰਿੰਦਰ ਸਿੰਘ ਕੋਹਲੀ, ਗੁਰਬਚਨ ਸਿੰਘ ਤਾਲਿਬ ਵਰਗੇ ਉਘੇ ਵਿਦਵਾਨ ਜੁੜੇ ਹੋਏ ਸਨ। ਇਨ੍ਹਾਂ ਨੇ ਆਪਣੇ ਵੰਡੇ ਆਏ ਅੱਖਰਾਂ ਦਾ ਖਰੜਾ ਤਿਆਰ ਕੀਤਾ ਸੀ। ਜਦ ਅਸੀਂ ਕੋਸ਼ ਤੇ ਕੰਮ ਸ਼ੁਰੂ ਕੀਤਾ ਤਾਂ ਇਹ ਖਰੜਾ ਵੀ ਸਾਨੂੰ ਦਿਤਾ ਗਿਆ। ਇਹ ਖਰੜਾ ਏਨਾ ਹਾਸੋਹੀਣਾ ਸੀ ਕਿ ਅਸੀਂ ਕੁਝ ਚਿਰ ਪਿਛੋਂ ਇਸਨੂੰ ਦੇਖਣਾ ਹੀ ਬੰਦ ਕਰ ਦਿੱਤਾ। ਇਸ ਵਿਚ ਕੋਸ਼ਕਾਰੀ ਦੀ ਕਿਸੇ ਵਿਗਿਆਨਕ ਵਿਧੀ ਨੂੰ ਨਹੀਂ ਸੀ ਅਪਨਾਇਆ ਗਿਆ। ਸਰਕਾਰੀ ਕੰਮਾਂ ਜਿਹਾ ਚਲਾਵਾਂ ਕੰਮ ਸੀ। ਪੰਜਾਬੀ ਦੇ ਢੁਕਵੇਂ ਸ਼ਬਦ ਲਭਣ ਦੀ ਬਜਾਏ ਸ਼ਬਦਾਂ ਦੀਆਂ ਵਿਆਖਿਆਵਾਂ ਦਿੱਤੀਆਂ ਹੋਈਆਂ ਸਨ। ਮਿਸਾਲ ਵਜੋਂ ਹੇਠ ਲਿਖੇ ਸ਼ਬਦ ਦਾ ਅਰਥ 'ਗਬਰੈਲਾ' ਦੇਣ ਦੀ ਬਜਾਏ ਇਸ ਤਰ੍ਹਾਂ ਲਿਖਿਆ ਮਿਲੇਗਾ:

Dung beetle, ਇਕ ਕੀੜਾ ਜੋ ਗੋਹੇ ਵਿਚ ਹੁੰਦਾ ਹੈ ਤੇ ਗੋਹੇ ਵਿਚ ਹੀ ਆਂਡੇ ਦਿੰਦਾ ਹੈ।


ਕੰਮ ਸ਼ੁਰੂ ਕਰਨ ਲਗਿਆਂ ਭਾਵੇਂ ਸਾਡੀ ਮੁਖ ਤੇ ਜਾਇਜ਼ ਲੋੜ ਸੀ ਦਫਤਰ ਲਈ ਸਨਮਾਨਯੋਗ ਸਥਾਨ ਦੀ ਪਰ ਇਸ ਖਾਤਿਰ ਅਸੀਂ ਕਦੇ ਕੋਈ ਵਿਸ਼ੇਸ਼ ਘੋਲ ਨਹੀਂ ਸੀ ਵਿਢਿਆ। ਜਿਵੇਂ ਜਿਵੇਂ ਵਿਭਾਗ ਦੀ ਮਾਨਤਾ ਵਧਦੀ ਗਈ ਤਿਵੇਂ ਤਿਵੇਂ ਸਾਨੂੰ ਬੈਠਣ ਲਈ ਵੀ ਦਰਕਾਰ ਜਗ੍ਹਾ ਮਿਲਦੀ ਗਈ। ਆਖਿਰ ਇਕ ਨਵੀਂ ਇਮਾਰਤ ਬਣੀ ਤਾਂ ਇਸ ਵਿਚ ਸਾਡੇ ਲਈ ਵਿਸ਼ੇਸ਼ ਕਮਰੇ ਰੱਖੇ ਗਏ। ਯੂਨੀਵਰਸਿਟੀ ਵਿਚ ਕੰਮ ਕਰ ਰਹੇ ਹਰ ਅਕਾਦਮੀਸ਼ੀਅਨ ਦੀ, ਭਾਵੇਂ ਉਹ ਨਾ ਵੀ ਪੜ੍ਹਾਉਂਦਾ ਹੋਵੇ, ਇਛਾ ਹੁੰਦੀ ਹੈ ਕਿ ਉਸਨੂੰ ਯੂਨੀਵਰਸਿਟੀ ਅਧਿਆਪਕਾਂ ਵਾਲੀਆਂ ਅਰਥਾਤ ਲੈਕਚਰਰ, ਰੀਡਰ, ਪ੍ਰੋਫੈਸਰ ਦੀਆਂ ਪਦਵੀਆਂ ਮਿਲਣ। ਸਾਡੀਆਂ ਪਦਵੀਆਂ ਕੋਸ਼ਕਾਰੀ ਨਾਲ ਸੰਬੰਧਤ ਸਨ ਜਿਵੇਂ ਸਹਾਇਕ ਕੋਸ਼ਕਾਰ, ਸਹਾਇਕ ਸੰਪਾਦਕ, ਸੰਪਾਦਕ ਤੇ ਮੁਖ ਸੰਪਾਦਕ। ਇਹ ਪਦਵੀਆਂ ਕ੍ਰਮਵਾਰ ਜੂਨੀਅਰ ਲੈਕਚਰਾਰ, ਲੈਕਚਰਾਰ, ਰੀਡਰ ਅਤੇ ਪ੍ਰੋਫੈਸਰ ਦੇ ਬਰਾਬਰ ਦੀਆਂ ਸਨ ਅਤੇ ਤਨਖਾਹਾਂ ਦੇ ਗਰੇਡ ਵੀ ਓਹੀ ਸਨ ਪਰ ਫਿਰ ਵੀ ਅਸੀਂ ਤਕਨੀਕੀ ਤੌਰ 'ਤੇ ਅਧਿਆਪਕ ਨਹੀਂ ਸਾਂ। ਜਦ ਕਦੇ ਵੀ ਯੂਨੀਵਰਸਿਟੀ ਦੇ ਅਧਿਆਪਕਾਂ ਨੂੰ ਕੋਈ ਵਿਤੀ ਲਾਭ ਦਿੱਤਾ ਜਾਂਦਾ ਜਾਂ ਯੂਨੀਵਰਸਿਟੀ ਦਾ ਘਰ ਲੈਣ ਜਿਹਾ ਮਾਮਲਾ ਆਉਂਦਾ ਤਾਂ ਉਹ ਸਾਡੇ 'ਤੇ ਇਕ ਦਮ ਲਾਗੂ ਨਾ ਹੁੰਦਾ ਬਲਕਿ ਸਾਨੂੰ ਲੜਾਈ ਝਗੜੇ ਦਾ ਰਾਹ ਫੜਨਾ ਪੈਂਦਾ।

ਵਿਚਾਰਾਂ ਪੱਖੋਂ ਅਸੀਂ ਸਾਰੇ ਉਦਾਰਵਾਦੀ ਤੇ ਸੈਕੂਲਰ ਸਾਂ। ਅਧਿਆਪਕਾਂ ਦਾ ਸਥਾਪਨਾ-ਵਿਰੋਧੀ ਧੜਾ ਵੀ ਇਸ ਖਾਸੇ ਵਾਲਾ ਸੀ ਤੇ ਇਹ ਪੂਟਾ (ਟੀਚਰਜ਼ ਐਸੋਸੀਏਸ਼ਨ) 'ਤੇ ਕਾਬਜ਼ ਸੀ। ਅਸੀਂ ਇਸਦੇ ਰਾਸ ਆਏ। ਬਰਾਬਰ ਦੀ ਸ਼ਕਤੀ ਦੇ ਦੋ ਧੜਿਆਂ ਵਾਲੀ ਪੂਟਾ ਦੀਆਂ ਚੋਣਾਂ ਵਿਚ ਸਾਡੀਆਂ ਅੱਠ ਵੋਟਾਂ ਮਾਅਨੇ ਰਖਾਉਂਦੀਆਂ ਸਨ। ਇਸ ਲਈ ਇਨ੍ਹਾਂ ਨੇ ਅਗਲੀਆਂ ਚੋਣਾਂ 'ਚ ਜਿੱਤ ਯਕੀਨੀ ਬਣਾਉਣ ਲਈ ਸਾਨੂੰ ਪੂਟਾ ਦੇ ਮੈਂਬਰ ਬਣਾ ਲਿਆ। ਯੂਨੀਵਰਸਿਟੀ ਅਧਿਕਾਰੀਆਂ ਤੇ ਅਧਿਆਪਕਾਂ ਦੇ ਸਥਾਪਨਾ-ਪੱਖੀ ਧੜੇ ਅੰਦਰ ਅੱਗ ਲੱਗ ਗਈ। ਕੈਮਿਸਟਰੀ ਵਿਭਾਗ ਦਾ ਪ੍ਰੋਫੈਸਰ ਰਾਮ ਪ੍ਰਕਾਸ਼ ਕੱਟੜ ਆਰੀਆ ਸਮਾਜੀ, ਪੰਜਾਬੀ ਵਿਰੋਧੀ, ਸਥਾਪਨਾ-ਪੱਖੀ ਅਧਿਆਪਕਾਂ ਦਾ ਲੀਡਰ ਅਤੇ ਵਾਈਸ ਚਾਂਸਲਰ ਆਰ.ਸੀ. ਪਾਲ ਦਾ ਮੁਖ ਸਲਾਹਕਾਰ ਸੀ। ਇਹ ਕਰੂਰ, ਜ਼ਹਿਰੀ ਅਤੇ ਤੁਅਸਬੀ ਰੁਚੀਆਂ ਵਾਲਾ ਹਰਿਆਣਵੀ ਸਾਡੀ ਹਰ ਜਾਇਜ਼ ਮੰਗ ਦੀ ਹਰ ਫੋਰਮ, ਸੈਨਿਟ, ਸਿੰਡੀਕੇਟ ਵਿਚ ਵਿਰੋਧਤਾ ਕਰਦਾ ਹੁੰਦਾ ਸੀ ਤੇ ਇਸਦੀ ਵਿਰੋਧਤਾ ਅਸਰਦਾਰ ਹੁੰਦੀ ਸੀ ਕਿਉਂਕਿ ਇਹ ਵਾਈਸ ਚਾਂਸਲਰ ਦਾ ਖਾਸ ਬੰਦਾ ਸੀ। ਇਸਨੇ ਹੋਣ ਵਾਲੀ ਸਿੰਡੀਕੇਟ ਦੀ ਮੀਟਿੰਗ ਵਿਚ ਸਾਨੂੰ ਪੂਟਾ ਦੀਆਂ ਚੋਣਾਂ ਵਿਚ ਭਾਗ ਲੈਣ ਤੋਂ ਰੋਕਣ ਲਈ ਮਤਾ ਪੇਸ਼ ਕਰ ਦਿੱਤਾ। ਸਿੰਡੀਕੇਟ ਸਥਾਪਨਾ-ਪੱਖੀ ਸੈਨੇਟਰਾਂ ਨਾਲ ਭਰੀ ਪਈ ਸੀ ਇਸ ਲਈ ਇਸ ਮਤੇ ਦਾ ਪਾਸ ਹੋ ਜਾਣਾ ਯਕੀਨੀ ਸੀ ਪਰ ਸਾਨੂੰ ਖਬਰ ਹੋ ਗਈ।

ਮੈਨੂੰ ਯਾਦ ਹੈ ਅਸੀਂ 37 ਸੈਕਟਰ ਦੇ ਇਕ ਵਕੀਲ ਸਰਵਣ ਸਿੰਘ ਕੋਲ ਕੇਸ ਲੈ ਕੇ ਗਏ। ਅਸੀਂ ਉਸ ਨੂੰ ਆਪਣਾ ਪੱਖ ਦੱਸਿਆ ਕਿ ਅਸੀਂ ਯੋਗਤਾ ਪੱਖੋਂ ਕਿਸੇ ਤਰ੍ਹਾਂ ਵੀ ਅਧਿਆਪਕਾਂ ਨਾਲੋਂ ਘਟ ਨਹੀਂ। ਕੇਰਲਾ ਦੀ ਤ੍ਰਿਵੇਂਦ੍ਰਮ ਯੂਨੀਵਰਸਿਟੀ ਦੇ ਕੋਸ਼ਕਾਰੀ ਵਿਭਾਗ ਦੇ ਕੋਸ਼ਕਾਰ ਵੀ ਕਦੇ ਅਜੇਹੇ ਮਸਲਿਆਂ ਚੋਂ ਗੁਜ਼ਰੇ ਸਨ। ਯੂਨੀਵਰਸਿਟੀ ਉਨ੍ਹਾਂ ਨੂੰ ਅਧਿਆਪਕਾਂ ਜਿੰਨਾ ਸਨਮਾਨ ਨਹੀਂ ਸੀ ਦਿੰਦੀ। ਉਹ ਕੇਰਲਾ ਹਾਈ ਕੋਰਟ 'ਚ ਕੇਸ ਲੈ ਕੇ ਗਏ ਤੇ ਹਾਈ ਕੋਰਟ ਨੇ ਰੂਲਿੰਗ ਦਿੱਤੀ ਕਿ ਇਹ ਕੋਸ਼ਕਾਰ ਤਾਂ ਅਧਿਆਪਕਾਂ ਦੇ ਵੀ ਅਧਿਆਪਕ ਹਨ। ਅਸੀਂ ਆਪਣੇ ਵਕੀਲ ਨੂੰ ਇਸ ਫੈਸਲੇ ਦੀ ਨਕਲ ਵੀ ਦਿੱਤੀ ਹੋਈ ਸੀ। ਚੰਡੀਗੜ੍ਹ ਲੋਅਰ ਕੋਰਟ ਵਿਚ ਜਦ ਉਹ ਸਾਡੇ ਪੱਖ ਵਿਚ ਕੇਸ ਪੇਸ਼ ਕਰ ਰਿਹਾ ਸੀ ਤਾਂ ਅਸੀਂ ਦੇਖਿਆ ਕਿ ਅਸੀਂ ਜੋ ਦਲੀਲਾਂ ਉਸ ਨੂੰ ਦਸੀਆਂ ਸਨ ਉਨ੍ਹਾਂ ਵਿਚੋਂ ਉਹ ਇਕ ਦੀ ਵੀ ਵਰਤੋਂ ਨਹੀਂ ਸੀ ਕਰ ਰਿਹਾ। ਅਸੀਂ ਡਰ ਗਏ ਕਿ ਵਿਦਿਅਕ ਮਾਮਲਿਆਂ ਦੀ ਸਮਝ ਤੋਂ ਕੋਰਾ ਇਹ ਵਕੀਲ ਸਾਨੂੰ ਹਰਾ ਕੇ ਰਹੇਗਾ। ਪਰ ਅਜਿਹਾ ਨਹੀਂ ਹੋਇਆ। ਉਸਨੇ ਜੱਜ ਨੂੰ ਕਾਇਲ ਕਰਕੇ ਇਹ ਫੈਸਲਾ ਕਰਵਾ ਲਿਆ ਕਿ ਸਿੰਡੀਕੇਟ ਅਧਿਆਪਕਾਂ ਦੀ ਆਪਣੀ ਚੁਣੀ ਸੰਸਥਾ ਦੇ ਮਾਮਲਿਆਂ ਵਿਚ ਦਖਲ ਨਹੀਂ ਦੇ ਸਕਦੀ। ਦਰਅਸਲ ਸਾਡੇ ਤਰਕ ਅਕਾਦਮਕ ਸਨ ਪਰ ਉਸਨੇ ਕਾਨੂੰਨੀ ਨੁਕਤਾ ਫੜਿਆ ਸੀ ਕਿ ਸਿੰਡੀਕੇਟ ਪੂਟਾ ਦੇ ਮਾਮਲਿਆਂ 'ਚ ਦਖਲ ਹੀ ਨਹੀਂ ਦੇ ਸਕਦੀ। ਅਸੀਂ ਤਾਂ ਅੰਬ ਖਾਣੇ ਸਨ, ਪੇੜ ਥੋੜੀ ਗਿਣਨੇ ਸਨ। ਉਸਨੇ ਫਟਾਫਟ ਫੈਸਲੇ ਦੀ ਕਾਪੀ ਲੈ ਕੇ ਸਾਨੂੰ ਕਿਹਾ ਕੇ ਉਸੇ ਸ਼ਾਮ ਹੋ ਰਹੀ ਮੀਟਿੰਗ ਤੋਂ ਪਹਿਲਾਂ ਪਹਿਲਾਂ ਇਹ ਕਾਪੀ ਸਿੰਡੀਕੇਟ ਕੋਲ ਪੁਜਦੀ ਕਰ ਦਿਉ। ਮੀਟਿੰਗ ਸ਼ੁਰੂ ਹੋਣ ਤੋਂ ਕੁਝ ਹੀ ਮਿੰਟ ਪਹਿਲਾਂ ਅਸੀਂ ਕੋਰਟ ਦੇ ਫੈਸਲੇ ਦੀ ਕਾਪੀ ਪੇਸ਼ ਕਰ ਦਿੱਤੀ। ਨਤੀਜੇ ਵਜੋਂ ਨਾ ਤਾਂ ਸਿੰਡੀਕੇਟ ਮੀਟਿੰਗ ਵਿਚ ਇਹ ਆਈਟਮ ਵਿਚਾਰ ਸਕੀ ਤੇ ਨਾ ਹੀ ਉਸ ਕੋਲ ਟਾਈਮ ਸੀ ਕਿ ਹੋਰ ਕਾਨੂੰਨੀ ਚਾਰਾਜੋਈ ਕਰ ਸਕਦੀ ਕਿਉਂਕਿ ਅਗਲੇ ਦਿਨ ਹੀ ਪੂਟਾ ਦੀਆਂ ਚੋਣਾਂ ਸਨ। ਸਾਡੀਆਂ ਵੋਟਾਂ ਸਦਕਾ ਸਥਾਪਨਾ-ਵਿਰੋਧੀ ਧੜਾ ਜਿੱਤ ਗਿਆ। ਰਾਮ ਪ੍ਰਕਾਸ਼ ਤੇ ਉਸਦੇ ਸਾਥੀਆਂ ਦੀਆਂ ਸਕੀਮਾਂ ਧਰੀਆਂ ਧਰਾਈਆਂ ਰਹਿ ਗਈਆਂ।

ਪੂਟਾ ਦੀ ਚੋਣ ਪਿਛੋਂ ਹੋਈ ਜਨਰਲ ਬਾਡੀ ਮੀਟਿੰਗ ਵਿਚ ਇਸ ਨੇ ਬੇਹਿਯਾਈ ਨਾਲ ਸਾਡੇ ਮੈਂਬਰ ਬਣਨ ਤੇ ਨਜ਼ਲਾ ਝਾੜਿਆ, "ਦੁਖ ਹੋ ਰਹਾ ਹੈ, ਪੂਟਾ ਲੀਡਰਸ਼ਿਪ ਨੇ ਤੋ ਟੈਂਪਰੇਰੀ ਕਾਮ ਕਰਨੇ ਵਾਲੇ ਇੰਗਲਿਸ਼-ਪੰਜਾਬੀ ਡਿਕਸ਼ਨਰੀ ਪ੍ਰਾਜੈਕਟ ਕੇ ਆਦਮੀਓਂ ਕੋ ਭੀ ਪੂਟਾ ਕੇ ਮੈਂਬਰ ਬਨਾ ਲੀਆ।" ਉਸ ਨੇ 'ਟੈਂਪਰੇਰੀ' ਅਤੇ 'ਪ੍ਰਾਜੈਕਟ' ਸ਼ਬਦਾਂ ਤੇ ਜ਼ੋਰ ਦਿੱਤਾ। ਇਹ ਹੈਂਕੜਬਾਜ਼ ਸ਼ਖਸ ਸ਼ਰ੍ਹੇਆਮ ਕਿਹਾ ਕਰਦਾ ਸੀ ਕਿ ਮੈਂ ਇਨ੍ਹਾਂ ਬੰਦਿਆਂ ਨੂੰ ਐਸਾ ਰਗੜਾ ਚਾੜ੍ਹਾਂਗਾ ਕਿ ਇਹ ਜ਼ਿੰਦਗੀ ਭਰ ਕੋਈ ਹੋਰ ਕੰਮ ਨਹੀਂ ਕਰ ਸਕਣਗੇ। ਆਪਣੀਆਂ ਕਰਤੂਤਾਂ ਕਾਰਨ ਯੂਨੀਵਰਸਿਟੀ ਦੇ ਹੋਰ ਹਲਕਿਆਂ ਵਿਚ ਵੀ ਇਹ ਘਿਰਣਾ ਤੇ ਦੁਸ਼ਮਣੀ ਦਾ ਪਾਤਰ ਬਣਿਆ ਹੋਇਆ ਸੀ। ਇੱਕ ਸ਼ਾਮ ਕੁਝ ਬੰਦਿਆਂ ਨੇ ਘੁਸਮਸੇ ਜਿਹੇ ਵਿਚ ਇਸ ਪ੍ਰੋਫੈਸਰ ਉਤੇ ਕੰਬਲ ਸੁੱਟ ਕੇ ਸਾਈਕਲ ਦੀਆਂ ਚੇਨਾਂ ਨਾਲ ਇਸਨੂੰ ਖੂਬ ਕੁਟਾਪਾ ਚਾੜ੍ਹਿਆ। ਇਕ ਵਾਰੀ ਦਾ ਇਹ ਦੁਸ਼ਮਣ ਬਣਿਆ ਇਸ ਨੇ ਸਾਡਾ ਨੱਕ ਵਿਚ ਦਮ ਕਰੀ ਰੱਖਿਆ ਤੇ ਆਪਣੀ ਵਿਰੋਧਤਾ ਤੋੜ ਤੱਕ ਨਿਭਾਈ। ਅਸੀਂ ਯੁਧਨੀਤੀ ਵਜੋਂ ਇਸ ਵੱਲ ਹੱਥ ਵੀ ਵਧਾਏ ਪਰ ਇਸ ਨੇ ਸਿਰ ਫੇਰ ਲਿਆ। ਬਾਅਦ ਵਿਚ ਇਹ ਹਰਿਆਣੇ ਦੀ ਰਾਜਨੀਤੀ ਵਿਚ ਚਲੇ ਗਿਆ ਤੇ ਮੰਤਰੀ ਵੀ ਬਣਿਆ ਰਿਹਾ।

ਉਨ੍ਹਾਂ ਦਿਨਾਂ ਵਿਚ ਬਾਇਓ ਦੇ ਕਿਸੇ ਵਿਭਾਗ ਦੇ ਇਕ ਰੀਸਰਚ ਅਸਿਸਟੈਂਟ ਨੂੰ ਵੀ.ਸੀ. ਨੇ ਨੌਕਰੀਓਂ ਕਢ ਦਿੱਤਾ। ਦਰਅਸਲ ਵੀ.ਸੀ. ਦੀ ਲੜਕੀ ਨੂੰ ਮੈਡੀਕਲ ਵਿਚ ਦਾਖਲੇ ਲਈ ਮਦਦ ਵਾਸਤੇ ਇਸ ਸਬਜੈਕਟ ਦੇ ਪੇਪਰ ਦੇ ਉਤਰ ਵਿਭਾਗ ਦੇ ਕਿਸੇ ਹੋਰ ਅਧਿਆਪਕ ਤੋਂ ਲਿਖਵਾ ਕੇ ਚੋਖੇ ਨੰਬਰ ਲਗਵਾਏ ਗਏ ਸਨ ਤੇ ਇਸ ਭਲੇਮਾਨਸ ਨੇ ਸਾਰਾ ਭੇਤ ਖੋਲ੍ਹ ਦਿੱਤਾ ਸੀ। ਪੂਟਾ ਨੇ ਇਸ ਰਿਸਰਚ ਅਸਿਸਟੈਂਟ ਨੂੰ ਬਹਾਲ ਕਰਾਉਣ ਲਈ ਸੰਘਰਸ਼ ਵਿਢ ਦਿੱਤਾ ਕਿਉਂਕਿ ਰੀਸਰਚ ਅਸਿਸਟੈਂਟ ਵੀ ਪੂਟਾ ਦੇ ਮੈਂਬਰ ਸਨ। ਪੂਟਾ ਨੇ ਪੂਰੇ ਮਾਮਲੇ ਦੀ ਜਾਂਚ ਕਰਾਉਣ ਦੀ ਵੀ ਮੰਗ ਪੇਸ਼ ਕਰ ਦਿੱਤੀ ਅਤੇ ਵੀ.ਸੀ. ਨੂੰ ਬਰਖਾਸਤ ਕਰਨ ਦੀ ਆਵਾਜ਼ ਵੀ ਜ਼ੋਰ ਫੜਨ ਲੱਗੀ। ਇਸ ਕਾਰਨ ਵੀ.ਸੀ. ਦਫਤਰ ਅੱਗੇ ਧਰਨੇ ਲਾਏ ਗਏ। ਜਿਵੇਂ ਕਹਿੰਦੇ ਹਨ ਨਵਾਂ ਬਣਿਆ ਮੁਸਲਮਾਨ ਵਧੇਰੇ ਹੀ ਸ਼ਰ੍ਹਾ ਦਾ ਪਾਬੰਦ ਹੁੰਦਾ ਹੈ, ਅਸੀਂ ਹੁਮ ਹੁਮਾ ਕੇ ਇਸ ਧਰਨੇ ਵਿਚ ਤੇ ਐਜੀਟੇਸ਼ਨ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਨਾ ਹੀ ਸਾਡੇ ਹਮਾਇਤੀ ਪੂਟਾ ਵਰਕਰਾਂ ਤੇ ਨਾ ਅਸੀਂ ਖੁਦ ਇਸ ਗੱਲ ਦਾ ਅਹਿਸਾਸ ਕੀਤਾ ਕਿ ਟੈਂਪਰੇਰੀ ਹੋਣ



ਕਾਰਨ ਸਾਨੂੰ ਇਸ ਐਜੀਟੇਸ਼ਨ ਵਿਚ ਏਨਾ ਉਘੜਵੇਂ ਰੂਪ 'ਚ ਹਿੱਸਾ ਨਹੀਂ ਸੀ ਲੈਣਾ ਚਾਹੀਦਾ। ਹਰ ਲੜਾਈ ਦੇ ਇਹ ਦਾਅਪੇਚ ਹੁੰਦੇ ਹਨ ਕਿ ਆਰਜ਼ੀ ਨੌਕਰੀਸ਼ੁਦਾ ਲੋਕਾਂ ਨੂੰ ਪਿਛੇ ਰੱਖਿਆ ਜਾਂਦਾ ਹੈ ਪਰ ਅਸੀਂ ਕੁਝ ਵਧੇਰੇ ਹੀ 'ਖਾੜਕੂ' ਨਿਕਲੇ। ਨਤੀਜਾ ਇਹ ਹੋਇਆ ਕਿ ਵੀ.ਸੀ. ਨਿੱਜੀ ਤੌਰ 'ਤੇ ਵੀ ਸਾਡਾ ਪੱਕਾ ਦੁਸ਼ਮਣ ਬਣ ਗਿਆ। ਪੰਜਾਬ ਯੂਨੀਵਰਸਿਟੀ ਦੇ ਵੀ.ਸੀ. ਵਿਚ ਬੜੀ ਤਾਕਤ ਹੁੰਦੀ ਹੈ। ਉਸਨੂੰ ਸਹਿਜੇ ਕੀਤੇ ਹਿਲਾਇਆ ਨਹੀਂ ਜਾ ਸਕਦਾ। ਸਾਰਾ ਅਮਲਾ, ਕੇਂਦਰੀ ਸਰਕਾਰ, ਪੰਜਾਬ ਤੇ ਪੰਜਾਬੀ ਵਿਰੋਧੀ ਤੁਅਸਬ ਉਸਦੀ ਪਿੱਠ ਤੇ ਹੁੰਦੇ ਹਨ। ਵੀ.ਸੀ. ਖਿਲਾਫ ਸੰਘਰਸ਼ ਸਿਰੇ ਤੇ ਪਹੁੰਚ ਗਿਆ। ਸੈਨਿਟ ਦੀ ਮੀਟਿੰਗ ਦੌਰਾਨ ਮਾਮਲੇ ਦੀ ਜਾਂਚ ਦਾ ਖੂਬ ਰੌਲਾ ਪਿਆ। ਇਕ ਸੈਨੇਟਰ ਪ੍ਰੀਤਮ ਸਿੰਘ ਗੋਰਾਇਆ ਵੀ.ਸੀ. ਦੀ ਕੁਰਸੀ 'ਤੇ ਬੈਠ ਗਿਆ। ਰੌਲੇ ਰੱਪੇ ਵਿਚ ਉਸਦੀ ਪੱਗ ਢਹਿ ਗਈ ਪਰ ਗੋਰਾਇਆ ਨੇ ਉਹ ਪੱਗ ਮੁੜ ਸਿਰ 'ਤੇ ਨਾ ਰੱਖੀ, ਮਾਨੋ ਇਸ ਮਾਮਲੇ ਨੂੰ ਆਪਣੀ ਇਜ਼ਤ ਪੱਤ ਦਾ ਮਸਲਾ ਬਣਾ ਲਿਆ। ਇਸ ਹਾਲਤ ਵਿਚ ਜਦ ਮੀਟਿੰਗ ਦੀ ਪ੍ਰਧਾਨਗੀ ਕਰ ਰਿਹਾ ਵੀ.ਸੀ. ਕੁਰਸੀ 'ਤੇ ਹੀ ਨਹੀਂ ਬੈਠ ਸਕਿਆ ਤਾਂ ਕੋਈ ਆਈਟਮ ਵਿਚਾਰੀ ਨਹੀਂ ਸੀ ਜਾ ਸਕਦੀ। ਰਾਮ ਪ੍ਰਕਾਸ਼ ਨੇ ਸੈਨਿਟ ਹਾਲ ਦੇ ਦਰਵਾਜ਼ੇ ਕੋਲ ਵੀ.ਸੀ. ਨਾਲ ਘੁਸਰ ਮੁਸਰ ਕੀਤੀ ਅਤੇ ਵੀ.ਸੀ. ਨੇ ਉਥੋਂ ਖੜੇ ਖੜੇ ਹੀ ਏਜੰਡੇ ਦੀ ਪਹਿਲੀ ਤੋਂ ਅਖੀਰਲੀ ਆਈਟਮ ਪਾਸ ਦਾ ਮਤਾ ਪੇਸ਼ ਕੀਤਾ ਤੇ ਬਿਨਾ ਜਵਾਬ ਉਡੀਕੇ ਟਿਭ ਗਏ। ਏਜੰਡਾ ਪਾਸ ਸਮਝਿਆ ਗਿਆ ਤੇ ਮੀਟਿੰਗ ਬਰਖਾਸਤ ਹੋ ਗਈ, ਸ਼ਾਇਦ ਇਸ ਵਿਚ ਬਜਟ ਵੀ ਸੀ। ਬਾਅਦ ਵਿਚ ਕੋਰਟ ਵਿਚ ਜਿੰਨੀ ਮਰਜ਼ੀ ਚੁਣੌਤੀ ਹੋਈ, ਆਖਰ ਕੀ ਬਣਨਾ ਸੀ। ਗੋਰਾਇਆ ਯੂਨੀਵਰਸਿਟੀ ਵਿਚ ਸਾਫ ਸੁਥਰੇ ਪ੍ਰਸ਼ਾਸਨ ਅਤੇ ਕੱਢੇ ਰਿਸਰਚ ਅਸਿਸਟੈਂਟ ਦੀ ਬਹਾਲੀ ਲਈ ਤਹਿ ਦਿਲੋਂ ਲੜਦਾ ਸੀ। ਉਹ ਕਈ ਦਿਨ ਇਸ ਵਧੀਕੀ ਦੇ ਖਿਲਾਫ ਵੀ.ਸੀ. ਦਫਤਰ ਦੇ ਜੰਗਲੇ ਵਾਲੇ ਦਰਵਾਜ਼ੇ ਪਿਛੇ ਬਿਨਾ ਪੱਗ ਤੋਂ ਚੌਫਾਲ ਲੰਮਾ ਪੈ ਕੇ ਧਰਨਾ ਦਿੰਦਾ ਰਿਹਾ। ਜੇ ਕੋਈ ਪੁਛਦਾ ਏਥੇ ਕਿਉਂ ਪਏ ਹੋ, ਕਹਿ ਦਿੰਦਾ, "ਬੱਸ ਯੂਨੀਵਰਸਿਟੀ ਦੇ ਮਾਲਕ ਹਾਂ।" ਸੈਨੇਟਰ ਹੋਣ ਕਾਰਨ ਉਸ ਨੂੰ ਵੀ.ਸੀ. ਦਫਤਰ ਦੇ ਅੰਦਰ ਜਾਣ ਤੋਂ ਰੋਕਿਆ ਨਹੀਂ ਸੀ ਜਾ ਸਕਦਾ। ਰੋਸ ਵਜੋਂ ਉਸਨੇ ਕਈ ਮਹੀਨੇ ਸ਼ਾਇਦ ਸਾਲ ਦੋ ਸਾਲ ਆਪਣੇ ਸਿਰ 'ਤੇ ਪੱਗ ਨਹੀਂ ਰੱਖੀ। ਯੂਨੀਵਰਸਿਟੀ ਦੀਆਂ ਸੜਕਾਂ 'ਤੇ ਉਹ ਨੰਗੇ ਸਿਰ, ਕਈ ਵਾਰ ਕੇਸ ਲਮਕਾਈ ਫਿਰਦਾ ਦੇਖਿਆ ਜਾਂਦਾ ਪਰ ਉਸਦੀ ਇਮਾਨਦਾਰੀ ਤੇ ਸ਼ੁਭ ਭਾਵਨਾ ਦੇ ਬਾਵਜੂਦ ਉਸਦੇ ਇਸ ਸਮੁਚੇ ਐਕਸ਼ਨ ਨੂੰ ਗੰਭੀਰਤਾ ਨਾਲ ਵਿਚਾਰਿਆਂ ਮਾਅਰਕੇਬਾਜ਼ੀ ਹੀ ਕਿਹਾ ਜਾ ਸਕਦਾ ਹੈ। ਇਹ ਸਾਰਾ ਵਿਸਥਾਰ ਦੱਸਣ ਦਾ ਮਕਸਦ ਇਹ ਹੈ ਕਿ ਅਸੀਂ ਸਿਧੇ ਵੀ.ਸੀ. ਖਿਲਾਫ ਛੇੜੇ ਅਜੇਹੇ ਸੰਗਰਾਮ ਵਿਚ ਸਰਗਰਮੀ ਨਾਲ ਹਿੱਸਾ ਲਿਆ। ਗੋਰਾਇਆ ਸਾਡਾ ਨਿੱਜੀ ਮਿੱਤਰ ਤੇ ਸ਼ੁਭਚਿੰਤਕ ਸੀ। ਰਾਮ ਪ੍ਰਕਾਸ਼ ਲਾਣੇ ਦਾ ਸਾਡੇ ਖਿਲਾਫ ਵਤੀਰਾ ਹੋਰ ਦ੍ਰਿੜ ਹੋ ਗਿਆ ਜਦ ਕਿ ਇਸ ਸਾਰੀ ਐਜੀਟੇਸ਼ਨ 'ਚੋਂ ਕੁਝ ਵੀ ਨਾ ਨਿਕਲਿਆ।

ਏਥੇ ਇਕ ਹੋਰ ਗੱਲ ਦੱਸਣੀ ਮੈਂ ਜ਼ਰੂਰੀ ਸਮਝਦਾ ਹਾਂ। ਯੂਨੀਵਰਸਿਟੀ ਦੇ ਗੁਰੂ ਨਾਨਕ ਸਿੱਖ ਅਧਿਐਨ ਵਿਭਾਗ ਦੇ ਉਦੋਂ ਦੇ ਮੁਖੀ ਤੇ ਪ੍ਰੋਫੈਸਰ ਨੂੰ ਆਪਣੀ ਹੈਸੀਅਤ ਕਾਰਨ ਪੰਜਾਬੀ ਦਾ ਕੰਮ ਕਰ ਰਹੇ ਬੰਦਿਆਂ ਦੇ ਸੰਘਰਸ਼ ਦੀ ਹਮਾਇਤ ਕਰਨੀ ਚਾਹੀਦੀ ਸੀ ਪਰ ਸਾਡੇ ਸਾਰੇ ਅਕਾਦਮਕ ਜੀਵਨ ਦੌਰਾਨ ਉਸਨੇ ਸਾਡੇ ਨਾਲ ਰਾਮ ਪ੍ਰਕਾਸ਼ ਜਿੰਨਾ ਹੀ ਵੈਰ ਕਮਾਇਆ ਤੇ ਸਾਡੀ ਹਰ ਗੱਲ ਦੀ ਡਟ ਕੇ ਵਿਰੋਧਤਾ ਕੀਤੀ। ਉਹ ਰਾਮ ਪ੍ਰਕਾਸ਼ ਦਾ ਪੱਕਾ ਜੋਟੀ ਸੀ ਤੇ ਆਪਣੇ ਵਿਸ਼ੇ ਵਿਚ ਪਰਲੇ ਦਰਜੇ ਦਾ ਨਾਲਾਇਕ। ਸਥਾਪਨਾ-ਰਾਜਨੀਤੀ ਵਿਚ ਉਹ ਉਸੇ ਚਾਲ ਦੀ ਉਘੜਵੀਂ ਮਿਸਾਲ ਸੀ ਜਿਸ ਅਨੁਸਾਰ ਇਕ ਘਟਗਿਣਤੀ ਦੇ ਬੰਦੇ ਨੂੰ ਨਿੱਜੀ ਲਾਭ ਦੇ ਕੇ ਤੇ ਮੋਹਰਾ ਬਣਾ ਕੇ ਉਸੇ ਘਟਗਿਣਤੀ ਦੇ ਹਿਤਾਂ ਤੇ ਸੱਟ ਮਾਰੀ ਜਾਂਦੀ ਹੈ। ਬਿਨਾ ਲਿਆਕਤ ਦੇ ਉਸ ਨੂੰ ਸਿੰਡੀਕੇਟ ਤੇ ਹੋਰ ਮਹੱਤਵਪੂਰਨ ਬਾਡੀਆਂ ਦਾ ਮੈਂਬਰ ਬਣਾਇਆ ਜਾਂਦਾ ਤੇ ਰੁਪਏ ਪੈਸੇ ਦੇ ਲਾਹੇ ਦਿੱਤੇ ਜਾਂਦੇ। ਆਪਣੇ ਵਿਭਾਗ ਦੇ ਲੰਮੇ ਕਾਰਜਕਾਲ ਦੌਰਾਨ ਉਸਨੇ ਕੋਈ ਅਕਾਦਮਕ ਕੰਮ ਨਾ ਕਰਾਇਆ। ਮੀਟਿੰਗਾਂ ਦੌਰਾਨ ਇਹ ਚੀਕ ਚੀਕ ਕੇ ਸਾਡੇ ਖਿਲਾਫ ਬੋਲਦਾ ਹੁੰਦਾ ਸੀ। ਆਰ.ਸੀ. ਪਾਲ ਤੋਂ ਬਾਅਦ ਵਾਲਾ ਵੀ.ਸੀ. ਡਾਕਟਰ ਬਾਂਬਾ ਆਖਿਆ ਕਰਦਾ ਸੀ ਕਿ ਇਹ ਪ੍ਰੋਫੈਸਰ ਇਕ ਪ੍ਰਾਇਮਰੀ ਸਕੂਲ ਦਾ ਅਧਿਆਪਕ ਲੱਗਣ ਦੇ ਕਾਬਲ ਨਹੀਂ।

ਸਾਡੇ ਭਰਾਤਰੀ ਵਿਭਾਗ ਜਿਨ੍ਹਾਂ ਵਿਚੋਂ ਮੁਖ ਤੌਰ 'ਤੇ ਤਾਂ ਪੰਜਾਬੀ ਵਿਭਾਗ ਹੀ ਸੀ, ਦੇ ਅਧਿਆਪਕਾਂ ਨਾਲ ਸਾਡਾ ਰਿਸ਼ਤਾ ਪਿਆਰ-ਨਫਰਤ ਵਾਲਾ ਹੀ ਰਿਹਾ। ਇਹ ਸ਼ਾਇਦ ਕੁਦਰਤੀ ਵੀ ਸੀ। ਪੰਜਾਬੀ ਦਾ ਮਸਲਾ ਹੋਣ ਕਰਕੇ ਉਹ ਸਾਡਾ ਵਿਰੋਧ ਨਹੀਂ ਸੀ ਕਰ ਸਕਦੇ ਪਰ ਜਦ ਉਹ ਸੰਭਾਵਨਾ ਦੇਖਦੇ ਸਨ ਕਿ ਅੱਠ ਦੇ ਅੱਠ ਹੋਰ ਪੰਜਾਬੀ ਦੇ ਬੰਦੇ ਪੱਕੇ ਹੋ ਕੇ ਉਨ੍ਹਾਂ ਦੇ ਸ਼ਰੀਕ ਬਣ ਜਾਣਗੇ ਅਤੇ ਉਨ੍ਹਾਂ ਦੀ ਅਜਾਰੇਦਾਰੀ ਖਤਮ ਹੋ ਜਾਵੇਗੀ ਤਾਂ ਉਹ ਸਾਡੇ ਨਾਲ ਵੈਰ ਭਾਵ ਰੱਖਣ ਲੱਗ ਪੈਂਦੇ ਸਨ। ਅਸਲ ਵਿਚ ਮੈਂ ਦੇਖਿਆ ਹੈ ਕਿ ਲੋਕ ਆਮ ਤੌਰ 'ਤੇ ਆਪਣੇ ਨਿੱਜੀ ਹਿਤਾਂ ਨੂੰ ਹੀ ਪਹਿਲ ਦਿੰਦੇ ਹਨ ਤੇ ਕਈ ਘਟੀਆ ਹੱਦ ਤੱਕ ਗਿਰ ਜਾਂਦੇ ਹਨ।

ਸਾਡੀਆਂ ਆਪਣੀਆਂ ਮੰਗਾਂ ਕੀ ਸਨ? ਅਧਿਆਪਕਾਂ ਵਾਲੀਆਂ ਪਦਵੀਆਂ ਲੈਣਾਂ, ਯੂਨੀਵਰਸਿਟੀ ਘਰਾਂ ਦੇ ਹੱਕਦਾਰਾਂ ਦੀ ਸੂਚੀ 'ਚ ਨਾਂ ਸ਼ਾਮਿਲ ਕਰਾਉਣਾ, ਪ੍ਰੋਮੋਸ਼ਨਾਂ ਦੇ ਹੱਕ ਲੈਣੇ, ਵਿਭਾਗ ਪੱਕਾ ਕਰਾਉਣਾ। ਇਕ ਵਾਰੀ ਸਾਡੀਆਂ ਹੀਲਾਂ ਕਢਾਉਣ ਦੇ ਇਰਾਦੇ ਨਾਲ ਯੂਨੀਵਰਸਿਟੀ ਨੇ ਹੋਰ ਅਧਿਆਪਕਾਂ ਨੂੰ ਦਿਤੇ ਗਏ ਕੋਈ ਵਿਤੀ ਲਾਭ ਸਾਡੇ 'ਤੇ ਲਾਗੂ ਨਾ ਕੀਤੇ। ਅਸੀਂ ਹਾਈ ਕੋਰਟ ਵਿਚ ਰਿਟ ਦਾਇਰ ਕਰ ਦਿੱਤੀ। ਕੇਸ ਦੀ ਸੁਣਵਾਈ ਸਮੇਂ ਅਸੀਂ ਸਾਰੇ ਕੋਰਟ ਪੁੱਜੇ ਹੋਏ ਸਾਂ। ਜਦ ਕੇਸ ਪੇਸ਼ ਕਰਦਿਆਂ ਸਾਡੇ ਵਕੀਲ ਨੇ ਪਹਿਲਾ ਹੀ ਫਿਕਰਾ ਅੰਗਰੇਜ਼ੀ ਵਿਚ ਬੋਲਿਆ ਕਿ ਪੰਜਾਬ ਯੂਨੀਵਰਸਿਟੀ ਨੇ ਮੇਰੇ ਮੁਵੱਕਲਾਂ ਨੂੰ ਹੋਰਾਂ ਨੂੰ ਦਿਤੇ ਵਿਤੀ ਲਾਭ 'ਗਰਾਂਟ ਨਹੀਂ ਕੀਤੇ' (ਨੋਟ granted, ਬਖਸ਼ੇ ਨਹੀਂ) ਤਾਂ ਜੱਜ ਚਿੜ੍ਹ ਗਏ। ਇਕ ਨੇ ਸਿਰ ਉਪਰ ਨੂੰ ਚੁਕਿਆ ਤੇ ਲਾਪ੍ਰਵਾਹੀ 'ਚ ਕੇਸ ਦੇ ਕਾਗਜ਼ ਚੁੱਕ ਕੇ ਮਾਰਦਾ ਹੋਇਆ ਬੋਲਿਆ, "ਗਰਾਂਟ ਨਹੀਂ ਕੀਤੇ? ਗਰਾਂਟ ਜਾਣਾ ਕੋਈ ਅਧਿਕਾਰ ਨਹੀਂ।" ਅਸੀਂ ਮੂੰਹ ਲਟਕਾਉਂਦੇ ਬਾਹਰ ਆ ਗਏ, ਸਾਡਾ ਕੇਸ ਪੇਸ਼ੀ 'ਤੇ ਹੀ ਬੁਰੀ ਤਰ੍ਹਾਂ ਰੱਦ ਹੋ ਗਿਆ ਸੀ। ਸ਼ਾਇਦ ਸਾਡਾ ਵਕੀਲ ਕਮਜ਼ੋਰ ਸੀ। ਸਾਨੂੰ ਇਹ ਗੱਲ ਉਦੋਂ ਸਮਝ ਲੱਗੀ ਕਿ ਤੁਹਾਡਾ ਦਾਅਵਾ ਕਿੰਨਾ ਵੀ ਪੁਖ਼ਤਾ ਤੇ ਮਜ਼ਬੂਤ ਹੋਵੇ, ਕੇਸ ਦੇ ਹਾਈ ਕੋਰਟ ਅੱਗੇ ਪੇਸ਼ੀ ਸਮੇਂ ਵਕੀਲ ਦੇ ਮੁਢਲੇ ਸ਼ਬਦ ਬਹੁਤ ਮਹੱਤਵ ਰੱਖਦੇ ਹਨ। ਸੱਚਮੁਚ ਕਾਨੂੰਨੀ ਤੌਰ 'ਤੇ ਜੇ ਆਪਣੇ ਦਾਅਵੇ ਨੂੰ ਗਰਾਂਟ ਵਜੋਂ ਪੇਸ਼ ਕੀਤਾ ਜਾਵੇ ਤਾਂ ਇਹ ਅਧਿਕਾਰ ਨਹੀਂ ਬਣਦਾ ਕਿਉਂਕਿ ਕੋਈ ਚੀਜ਼ ਦੂਜੇ ਨੂੰ ਬਖਸ਼ਣਾ ਬਖਸ਼ਣਹਾਰ ਦੀ ਫਰਾਖ ਦਿਲੀ ਜਾਂ ਰਹਿਮਦਿਲੀ ਹੈ, ਤੁਹਾਡਾ ਹੱਕ ਨਹੀਂ। ਇਸ ਤਰ੍ਹਾਂ ਅਸੀਂ ਕਿੰਨੇ ਹੀ ਕੇਸ ਲੜੇ, ਯੂਨੀਵਰਸਿਟੀ ਬਰਾਬਰ ਦੇ ਵਕੀਲ ਖੜੇ ਕਰੀ ਰੱਖਦੀ। ਅੰਤਮ ਤੌਰ 'ਤੇ ਅਸੀਂ ਕੇਸ ਜਿੱਤ ਹੀ ਜਾਂਦੇ ਤੇ ਯੂਨੀਵਰਸਿਟੀ ਨਾਮੀ ਬਕਰੀ ਨੂੰ ਮੀਂਗਣਾਂ ਪਾ ਕੇ ਦੁਧ ਦੇਣਾ ਹੀ ਪੈਂਦਾ।

ਆਪਣੀ ਕਿਸੇ ਮੰਗ ਦੇ ਸਿਲਸਿਲੇ ਵਿਚ ਅਸੀਂ ਵੀ.ਸੀ. ਪਾਲ ਨਾਲ ਮੀਟਿੰਗ ਰੱਖੀ। ਅਸੀਂ ਵਿਚਾਰ ਬਣਾਇਆ ਕਿ ਕੁਝ ਦੁਨੀਆਦਾਰੀ ਵਾਲੇ ਦਾਅਪੇਚ ਵੀ ਵਰਤ ਕੇ ਦੇਖ ਲਈਏ। ਸੋ ਅਸੀਂ ਸੋਚ ਕੇ ਗਏ ਕਿ ਵਿਭਾਗ ਵਲੋਂ ਪਾਲ ਸਾਹਿਬ ਨੂੰ ਡਿਨਰ ਦੀ ਪੇਸ਼ਕਸ਼ ਕੀਤੀ ਜਾਵੇ। ਉਸ ਦਿਨ ਵੀ.ਸੀ. ਵੀ ਸਾਨੂੰ ਖੁਸ਼ ਰਉਂ ਵਿਚ ਦਿਖਾਈ ਦਿੱਤਾ। ਉਸਨੇ ਸਾਡੇ ਸਾਹਮਣੇ ਕਿਸੇ ਨੂੰ ਫੋਨ ਕੀਤਾ, ਸ਼ਾਇਦ ਰਾਮ ਪ੍ਰਕਾਸ਼ ਨੂੰ, ਤੇ ਕਿਹਾ, "ਕਢੀਏ ਹੁਣ ਆਪਾਂ ਇਨ੍ਹਾਂ ਨੂੰ ਚੱਕਰਾਂ 'ਚੋਂ।" ਇਸ ਦਾ ਸਾਫ ਮਤਲਬ ਹੈ ਕਿ ਯੂਨੀਵਰਸਿਟੀ ਅਧਿਕਾਰੀ ਸੋਚੀ ਸਮਝੀ ਚਾਲ ਅਧੀਨ ਸਾਨੂੰ ਚੱਕਰਾਂ ਵਿਚ ਪਾਈ ਜਾ ਰਹੇ ਸਨ। ਮੀਟਿੰਗ ਦੇ ਖਤਮ ਹੋਣ ਤੇ ਜਦ ਅਸੀਂ ਡਿਨਰ ਵਾਲੀ ਪੇਸ਼ਕਸ਼ ਕੀਤੀ ਤਾਂ ਪਠਾਣਾਂ ਜਿਹੇ ਜੁੱਸੇ ਵਾਲਾ ਉਚਾ ਲੰਮਾ ਡਾ. ਪਾਲ ਕਹਿੰਦਾ, "ਛੱਡੋ ਡਿਨਰ ਕੀ ਕਰਨਾ, ਮੈਂ ਤਾਂ ਛੋਲੇ ਭਟੂਰੇ ਖਾਣ ਵਾਲਾ ਆਦਮੀ ਹਾਂ। ਤੁਸੀਂ ਹੋਏ ਮੀਟ ਮੁਰਗੇ ਤੇ ਦਾਰੂ ਛਕਣ ਵਾਲੇ ਬੰਦੇ।" ਅਸੀਂ ਕੁਝ ਨਾ ਸਮਝੇ ਕਿ ਸਾਨੂੰ ਚੱਕਰਾਂ 'ਚੋਂ ਕਢਣ ਬਾਰੇ ਵਾਕਿਆ ਹੀ ਸੋਚਿਆ ਜਾ ਰਿਹਾ ਹੈ ਜਾਂ ਸਾਡਾ ਮਜ਼ਾਕ ਹੀ ਕੀਤਾ ਜਾ ਰਿਹਾ ਹੈ। ਡਿਨਰ ਵਾਲੀ ਯੋਜਨਾ ਕਦੇ ਸਿਰੇ ਨਾ ਚੜ੍ਹੀ। ਹਾਂ, ਜਦ ਸਾਨੂੰ ਕੋਈ ਸਮੱਸਿਆ ਆਉਂਦੀ, ਅਸੀਂ ਇਕ ਦੂਜੇ ਨੂੰ ਇਹ ਜ਼ਰੂਰ ਆਖ ਦਿੰਦੇ, "ਵੀ.ਸੀ. ਨੂੰ ਛੋਲੇ ਭਟੂਰੇ ਨਾ ਖਵਾ ਦੇਈਏ?"

# ਨੌਕਰੀ ਦੀ ਭਾਲ

ਡਾ. ਗੁਰਨਾਮ ਕੌਰ

ਐਮ.ਏ. ਫਾਈਨਲ ਦਾ ਨਤੀਜਾ ਆਇਆ, ਮੈਂ "ਆਰਡਰ ਆਫ ਮੈਰਿਟ" ਵਿਚ ਫਸਟ ਕਲਾਸ ਲੈ ਕੇ ਯੂਨੀਵਰਸਿਟੀ ਵਿਚੋਂ ਸੈਕਿੰਡ ਆਈ। ਮੇਰੇ ਲਈ ਇਹ ਬਹੁਤ ਮਾਣ ਵਾਲੀ ਗੱਲ ਸੀ ਕਿ ਮੈਂ ਆਪਣੇ ਪਿੰਡ ਦੀ ਪਹਿਲੀ ਕੁੜੀ ਸੀ, ਵੱਡਿਆਂ ਦੇ ਕਹਿਣ ਅਨੁਸਾਰ, ਜਿਸ ਨੇ ਸੋਲਾਂ ਜਮਾਤਾਂ ਪਾਸ ਕੀਤੀਆਂ। ਜਦੋਂ ਵੀ ਪਿੰਡ ਆਉਂਦੀ ਤਾਂ ਜਿਸ ਬਜ਼ੁਰਗ ਨੇ ਵੀ ਮਿਲਣਾ ਤਾਂ ਦੋ ਹੀ ਸਵਾਲ ਪੁੱਛਣੇ:ਪਹਿਲਾ, ਮੈਂ ਹੁਣ ਕੌਥੀ (ਕਿਹੜੀ) ਜਮਾਤ ਵਿਚ ਹੋ ਗਈ ਸੀ ਅਤੇ ਦੂਸਰਾ ਹੋਰ ਕਿੰਨਾ ਪੜ੍ਹਨਾ ਹੈ? ਪਹਿਲੇ ਸਵਾਲ ਦਾ ਉਤਰ ਆਸਾਨ ਸੀ ਪਰ ਦੂਜੇ ਦਾ ਆਪ ਨੂੰ ਵੀ ਪਤਾ ਨਹੀਂ ਸੀ ਹੁੰਦਾ। ਹੁਣ ਸੌਖਾ ਹੋ ਗਿਆ ਸੀ ਕਹਿਣਾ ਕਿ ਮੈਂ ਐਮ.ਏ. ਪਾਸ ਕਰ ਲਈ ਹੈ। ਹੁਣ ਸਭ ਤੋਂ ਵੱਡਾ ਕੰਮ ਸੀ ਰੁਜ਼ਗਾਰ ਦੀ ਭਾਲ।


ਡਾ. ਗੁਰਨਾਮ ਕੌਰ

ਘਰ ਵਿਚ ਅੰਗਰੇਜ਼ੀ ਦਾ ਅਖ਼ਬਾਰ 'ਟ੍ਰਿਬਿਊਨ' ਲੁਆ ਲਿਆ। ਫਿਲਾਸਫ਼ੀ ਦੀਆਂ ਇਕੱਠੀਆਂ ਤਿੰਨ ਅਸਾਮੀਆਂ ਦਾ ਇਸ਼ਤਿਹਾਰ ਆਇਆ:ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਅੰਮ੍ਰਿਤਸਰ ਲੜਕੀਆਂ ਦੇ ਸਰਕਾਰੀ ਕਾਲਜ ਵਿਚ ਤਿੰਨ ਮਹੀਨੇ ਦੀ ਲੀਵ ਵਕੈਂਸੀ। ਦੂਜੀਆਂ ਅਸਾਮੀਆਂ ਲਈ ਹਾਲੇ ਸਮਾਂ ਸੀ ਅਤੇ ਨਾਲੇ ਉਨ੍ਹਾਂ ਲਈ ਫ਼ਾਰਮ ਮੰਗਾਉਣੇ ਸਨ, ਇਸ ਲਈ ਸਰਕਾਰੀ ਕਾਲਜ ਲਈ ਫਟਾਫਟ ਅਰਜ਼ੀ ਲਿਖੀ। ਜਦੋਂ ਮੈਂ ਡਾਕ ਵਿਚ ਭੇਜਣ ਲੱਗੀ ਤਾਂ ਮੇਰੇ ਬਾਪੂ ਜੀ ਬੋਲੇ, 'ਮੈਂ ਆਪ ਜਾਵਾਂਗਾ ਤੇਰੇ ਨਾਲ। ਨਾਲੇ ਅਛਰੂ ਰਾਮ ਓਥਾਂ ਨੂੰ ਮਿਲ ਆਵਾਂਗਾ। ਉਹ ਅੱਜ ਕਲ ਅੰਮ੍ਰਿਤਸਰ ਹੈ।' ਸ੍ਰੀ ਅਛਰੂ ਰਾਮ ਉਦੋਂ ਐਕਸਾਈਜ਼ ਐਂਡ ਟੈਕਸੇਸ਼ਨ ਅਫ਼ਸਰ ਸੀ। ਜਦੋਂ ਬਾਪੂ ਜੀ ਨੇ ਉਨ੍ਹਾਂ ਨੂੰ ਅਰਜ਼ੀ ਦਿਖਾਈ ਤਾਂ ਬਾਪੂ ਜੀ ਤੋਂ ਫੜ ਕੇ ਅਰਜ਼ੀ ਪਾੜ ਦਿੱਤੀ ਅਤੇ ਬੋਲੇ, "ਤਾਇਆ ਜੀ ਇਥੇ ਨਹੀਂ ਨੌਕਰੀ ਕਰਨੀ। ਭੈਣ ਨੂੰ ਮੇਰੇ ਵਲੋਂ ਕਹੋ ਕਿ ਪੰਜਾਬੀ ਯੂਨੀਵਰਸਿਟੀ ਵਿਚ ਅਪਲਾਈ ਕਰਨਾ ਹੈ।" ਨਾਲ ਹੀ ਅਖ਼ਬਾਰ ਵਿਚੋਂ ਇਸ਼ਤਿਹਾਰ ਕੱਟ ਕੇ ਫੜਾ ਦਿੱਤਾ। ਮੈਂ ਆਪਣੇ ਭਤੀਜੇ ਹਰਦੇਵ ਨੂੰ ਨਾਲ ਲੈ ਕੇ ਯੂਨੀਵਰਸਿਟੀ ਜਾ ਉਤਰੀ। ਉਦੋਂ ਪਟਿਆਲੇ ਨੂੰ ਬੱਸਾਂ ਰਾਜਪੁਰੇ ਰਾਹੀਂ ਜਾਂਦੀਆਂ ਸਨ। ਕੱਚਾ ਪਟਿਆਲਾ ਯਾਨਿ ਹੁਣ ਵਾਲੀ ਸੜਕ ਤੇ ਸਿਰਫ਼ ਪਟਿਆਲੇ ਤੋਂ ਫ਼ਤਿਹਗੜ੍ਹ ਸਾਹਿਬ ਤੱਕ ਹੀ ਬੱਸਾਂ ਜਾਂਦੀਆਂ ਸਨ। ਯੂਨੀਵਰਸਿਟੀ ਵੀ ਹੁਣ ਵਰਗੀ ਨਹੀਂ ਸੀ ਬਣੀ ਹੋਈ। ਮੁੱਖ ਲਾਇਬ੍ਰੇਰੀ ਦੀ ਜ਼ਮੀਨੀ ਮੰਜ਼ਿਲ 'ਤੇ ਪ੍ਰਬੰਧਕੀ ਦਫ਼ਤਰ ਸਨ, ਰਜਿਸਟਰਾਰ ਦਫ਼ਤਰ, ਜਨਰਲ ਬਰਾਂਚ, ਅਸਟੈਬਲਿਸ਼ਮੈਂਟ ਬਰਾਂਚ, ਅਕਾਊਂਟਸ ਬਰਾਂਚ ਆਦਿ। ਉਸ ਤੋਂ ਉਪਰ ਇਕ ਫਲੋਰ 'ਤੇ ਪ੍ਰੀਖਿਆ ਸ਼ਾਖਾ, ਇਕ 'ਤੇ ਲਾਇਬ੍ਰੇਰੀ, ਫਿਰ ਇਕ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ, ਪੰਜਾਬੀ ਸਾਹਿਤ ਅਧਿਐਨ, ਪੰਜਾਬੀ ਵਿਕਾਸ, ਪੰਜਾਬੀ ਟ੍ਰਾਂਸਲੇਸ਼ਨ ਆਦਿ ਵਿਭਾਗ ਸਨ। ਵਾਈਸ ਚਾਂਸਲਰ ਦਾ ਦਫ਼ਤਰ ਆਰਟਸ ਬਲਾਕ ਨੰਬਰ ਇਕ ਦੀ ਜ਼ਮੀਨੀ ਮੰਜ਼ਿਲ 'ਤੇ ਸੀ ਜਿਥੇ ਅੱਜ ਕਲ ਪੰਜਾਬੀ ਵਿਭਾਗ ਹੈ। ਅਸੀਂ ਸਰਟੀਫਿਕੇਟਾਂ ਦੀਆਂ ਕਾਪੀਆਂ ਨਾਲ ਲੈ ਕੇ ਗਏ ਸਾਂ। ਇਸ ਲਈ ਲਾਇਬ੍ਰੇਰੀ ਦੇ ਸਾਹਮਣੇ ਵਾਲੇ ਗਰਾਊਂਡ ਵਿਚ ਬੈਠ ਕੇ ਫ਼ਾਰਮ ਭਰਿਆ ਅਤੇ ਜਮ੍ਹਾਂ ਕਰਾ ਆਏ। ਪਬਲਿਕ ਸਰਵਿਸ ਕਮਿਸ਼ਨ ਦੀ ਪੋਸਟ ਲਈ ਵੀ ਅਪਲਾਈ ਕਰ ਦਿੱਤਾ। ਉਦੋਂ ਹੁਣ ਵਾਂਗ ਕਮਿਸ਼ਨ ਵਿਚ ਪੈਸੇ ਨਹੀਂ ਸੀ ਚੱਲਦੇ। ਇਹ ਗੱਲ ਅਗਸਤ 1969 ਦੀ ਹੈ। ਉਦੋਂ ਚਾਚਾ ਜੀ ਕਰਤਾਰ ਸਿੰਘ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਦੇ ਮੈਨੇਜਰ ਸਨ। ਪਰਿਵਾਰ ਪਿੰਡ ਰਹਿੰਦਾ ਸੀ ਅਤੇ ਉਹ ਹਰ ਸਨਿਚਰਵਾਰ ਪਿੰਡ ਆਉਂਦੇ। ਜਦੋਂ ਚਾਚਾ ਜੀ ਆਏ ਬਾਪੂ ਜੀ ਨੇ ਮੇਰੇ ਅਪਲਾਈ ਕਰਨ ਬਾਰੇ ਦੱਸਿਆ। ਚਾਚਾ ਜੀ ਹੋਰਾਂ ਦਾ ਘਰ ਦੂਸਰੀ ਗਲੀ ਵਿਚ ਸੀ। ਕਹਿੰਦੇ, "ਗੁਰਨਾਮ ਨੂੰ ਕਹੋ ਮੈਨੂੰ ਅਗਲੇ ਹਫ਼ਤੇ ਮਿਲੇ।" ਅਗਲੇ ਹਫ਼ਤੇ ਜਦੋਂ ਮੈਂ ਮਿਲਣ ਗਈ ਤਾਂ ਉਨ੍ਹਾਂ ਨੇ ਮੈਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਗਜ਼ੀਨ 'ਗੁਰਮਤਿ ਪ੍ਰਕਾਸ਼' ਅਤੇ ਡਾ. ਤਾਰਨ ਸਿੰਘ ਦੀਆਂ ਕਿਤਾਬਾਂ ਦੀ ਕਪੜੇ ਵਿਚ ਬੰਨ੍ਹੀ ਹੋਈ ਵੱਡੀ ਸਾਰੀ ਪੰਡ ਫੜਾ ਦਿੱਤੀ ਅਤੇ ਬੋਲੇ, "ਭਾਈ ਗੁਰਨਾਮ! ਇੰਟਰਵਿਊ ਤੋਂ ਪਹਿਲਾਂ ਤੁਸੀਂ ਇਹ ਸਭ ਪੜ੍ਹਨਾ ਹੈ। ਇਸ ਵਿਚ ਵਿਭਾਗ ਦੇ ਮੁਖੀ ਡਾ. ਤਾਰਨ ਸਿੰਘ ਦੇ ਸਾਰੇ ਲੇਖ ਪੜ੍ਹਨੇ ਹਨ।"

ਸਤੰਬਰ ਦੇ ਮਹੀਨੇ ਇੰਟਰਵਿਊ ਤੋਂ ਦੋ ਕੁ ਦਿਨ ਪਹਿਲਾਂ ਯੂਨੀਵਰਸਿਟੀ ਤੋਂ ਚਿੱਠੀ ਆ ਗਈ। ਬਾਪੂ ਜੀ ਬੱਸ ਚੜ੍ਹ ਕੇ ਪਟਿਆਲੇ ਚਾਚਾ ਜੀ ਕੋਲ ਪਹੁੰਚ ਗਏ ਅਤੇ ਇਸ ਵਾਰ ਹਰਦੇਵ ਤੋਂ ਛੋਟਾ ਮੇਰਾ ਭਤੀਜਾ ਮੈਨੂੰ ਮੋਟਰ ਸਾਈਕਲ 'ਤੇ ਲੈ ਕੇ ਗਿਆ। ਉਥੇ ਆਪ ਤੋਂ ਵੱਡੀ ਉਮਰ ਦੇ ਆਏ ਉਮੀਦਵਾਰਾਂ ਨੂੰ ਦੇਖ ਕੇ ਥੋੜ੍ਹੀ ਘਬਰਾਹਟ ਵੀ ਹੋਈ ਕਿ ਪਤਾ ਨਹੀਂ ਕੀ ਬਣਨਾ ਹੈ ਪਰ ਮੈਰਿਟ ਮੇਰਾ ਸਭ ਤੋਂ ਉਚਾ ਸੀ। ਸਾਰੇ ਉਮੀਦਵਾਰਾਂ ਨੂੰ ਮੁਸ਼ਕਿਲ ਨਾਲ ਪੰਦਰਾਂ-ਪੰਦਰਾਂ ਮਿੰਟ ਲੱਗੇ ਪਰ ਮੇਰੀ ਇੰਟਰਵਿਊ ਨੂੰ ਇਕ ਘੰਟਾ ਲੱਗਾ। ਇੰਟਰਵਿਊ ਲੈਣ ਵਾਲਿਆਂ ਵਿਚ ਵਾਈਸ ਚਾਂਸਲਰ ਪ੍ਰੋ. ਨਾਰੰਗ ਨਾਲ ਡਾ. ਤਾਰਨ ਸਿੰਘ, ਡਾ. ਬਲਬੀਰ ਸਿੰਘ ਦੇਹਰਾਦੂਨ ਵਾਲੇ ਅਤੇ ਗਿਆਨੀ ਲਾਲ ਸਿੰਘ ਵੀ ਸਨ। ਇਨ੍ਹਾਂ ਸਭ ਦੀ ਪਛਾਣ ਮੈਨੂੰ ਯੂਨੀਵਰਸਿਟੀ ਵਿਚ ਲੱਗਣ ਤੋਂ ਬਾਅਦ ਹੋਈ। ਦੋ ਕਲੀਨ ਸ਼ੇਵ ਵਿਸ਼ਾ ਮਾਹਿਰ ਕੌਣ ਸਨ, ਮੈਨੂੰ ਅੱਜ ਵੀ ਨਹੀਂ ਪਤਾ। ਡਾ. ਤਾਰਨ ਸਿੰਘ ਅਤੇ ਗਿਆਨੀ ਲਾਲ ਸਿੰਘ ਨੇ ਬਹੁਤੇ ਪ੍ਰਸ਼ਨ ਬਾਣੀ ਦੀਆਂ ਤੁਕਾਂ ਬੋਲ ਕੇ ਪੁੱਛੇ ਜਦਕਿ ਡਾ. ਬਲਬੀਰ ਸਿੰਘ ਨੇ ਫ਼ਿਲਾਸਫ਼ੀ ਦੇ। ਮੈਨੂੰ ਆਖਰੀ ਪ੍ਰਸ਼ਨ ਨਾਰੰਗ ਸਾਹਿਬ ਨੇ ਪੁੱਛਿਆ ਕਿ ਡਾਇਲੈਕਟੀਕਲ ਮੈਥਡ ਕੀ ਹੈ ਅਤੇ ਇਸ ਨੂੰ ਰਿਲੀਜਨ 'ਤੇ ਕਿਵੇਂ ਲਾਗੂ ਕਰੋਗੇ? ਜਦੋਂ ਮੈਂ ਹੀਗਲ ਤੋਂ ਦੱਸਦੀ ਹੋਈ ਕਾਰਲ ਮਾਰਕਸ 'ਤੇ ਪਹੁੰਚੀ, ਕਹਿੰਦੇ, 'ਬੱਸ'। ਇਸ ਤੋਂ ਬਾਅਦ ਡਾ. ਤਾਰਨ ਸਿੰਘ ਕਹਿੰਦੇ, 'ਤੁਸੀਂ ਸਾਰਾ ਗੁਰੂ ਗ੍ਰੰਥ ਸਾਹਿਬ ਪੜ੍ਹਿਆ ਹੈ?' ਮੈਂ ਨਾਂਹ ਵਿਚ ਜੁਆਬ ਦਿੱਤਾ। ਕਹਿੰਦੇ, 'ਫਿਰ ਤੁਹਾਨੂੰ ਸਿੱਖ ਧਰਮ ਦੀ ਨਾਲਜ ਕਿਵੇਂ ਹੈ?' ਮੈਂ ਕਿਹਾ, 'ਮੈਂ ਗੁਰਸਿੱਖ ਪਰਿਵਾਰ ਵਿਚ ਪੈਦਾ ਹੋਈ ਹਾਂ ਅਤੇ ਇਹ ਮੇਰਾ ਧਰਮ ਹੈ। ਮੈਨੂੰ ਏਨਾ ਕੁ ਤੇ ਪਤਾ ਹੋਣਾ ਹੀ ਚਾਹੀਦਾ ਹੈ?'

ਘਰ ਚਾਚਾ ਜੀ ਕੋਲ ਪਹੁੰਚ ਕੇ ਮੈਂ ਕਿਹਾ ਕਿ ਮੈਨੂੰ ਨਹੀਂ ਰੱਖਣਾ ਕਿਉਂਕਿ ਮੈਨੂੰ ਉਲਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਗਈ ਹੈ? ਪਰ ਅਗਲੇ ਹਫ਼ਤੇ ਜਦੋਂ ਚਾਚਾ ਜੀ ਪਿੰਡ ਆਏ ਤਾਂ ਉਨ੍ਹਾਂ ਨੇ ਦਸਿਆ ਕਿ ਮੈਂ ਚੁਣੀ ਗਈ ਹਾਂ। ਉਨ੍ਹਾਂ ਨੇ ਗਿਆਨੀ ਲਾਲ ਸਿੰਘ ਤੋਂ ਫੋਨ ਕਰਕੇ ਪੁੱਛਿਆ ਸੀ। ਕੁਝ ਦਿਨਾਂ ਬਾਅਦ ਯੂਨੀਵਰਸਿਟੀ ਤੋਂ ਚਿੱਠੀ ਆ ਗਈ ਕਿ ਮੈਂ 22 ਅਕਤੂਬਰ ਤੱਕ ਹਾਜ਼ਰ ਹੋਣਾ ਹੈ। ਹਰਦੇਵ ਮੇਰਾ ਭਰਾਵਾਂ ਵਰਗਾ ਭਤੀਜਾ ਹੈ ਕਿਉਂਕਿ ਸਾਡੀ ਉਮਰ ਦਾ ਵੀ ਬਹੁਤ ਥੋੜਾ ਫਰਕ ਹੈ ਅਤੇ ਸ਼ੁਰੂ ਤੋਂ ਇਕੱਠੇ ਇਕੋ ਜਮਾਤ ਵਿਚ ਪੜ੍ਹੇ, ਬਹੁਤੇ ਲੋਕ ਉਸ ਨੂੰ ਮੇਰਾ ਭਤੀਜਾ ਨਹੀਂ ਭਰਾ ਹੀ ਸਮਝਦੇ ਸੀ, ਮੇਰੇ ਹਰ ਕੰਮ ਵਿਚ ਮੇਰੇ ਨਾਲ ਰਿਹਾ ਹੈ ਅਤੇ ਮੇਰੀ ਜ਼ਿੰਦਗੀ ਦੇ ਅਹਿਮ ਫੈਸਲੇ ਵੀ ਉਸੇ ਦੀ ਸਲਾਹ ਨਾਲ ਹੋਏ ਕਿਉਂਕਿ ਘਰ ਵਿਚ ਉਸ ਨੂੰ ਸ਼ੁਰੂ ਤੋਂ ਹੀ ਉਮਰ ਤੋਂ ਵੱਧ ਸਿਆਣਾ ਅਤੇ ਸਮਝਦਾਰ ਮੰਨਿਆ ਜਾਂਦਾ ਹੈ। ਅਸੀਂ ਉਸ ਦੀਆਂ ਭੂਆ ਵੀ ਉਸ ਨੂੰ 'ਬਾਈ' ਕਹਿੰਦੀਆਂ ਹਾਂ। ਬਾਕੀ ਸਮਿਆਂ ਦੀ ਤਰ੍ਹਾਂ ਮੈਨੂੰ ਹੁਣ ਵੀ ਛੱਡਣ ਉਹੀ ਗਿਆ। ਅਸੀਂ ਵਿਭਾਗ ਵਿਚ ਮੁਖੀ ਡਾ. ਤਾਰਨ ਸਿੰਘ ਦੇ ਕਮਰੇ ਵਿਚ ਪਹੁੰਚੇ। ਉਨ੍ਹਾਂ ਨੇ ਸੇਵਾਦਾਰ ਨੂੰ ਭੇਜ ਕੇ ਕਿਸੇ ਨੂੰ ਬੁਲਾਇਆ ਤਾਂ ਕਮਰੇ ਵਿਚ ਇਕ ਲੰਬੀ ਤਕੜੀ ਕੁੜੀ ਜੋ ਉਮਰ ਵਿਚ ਮੇਰੇ ਨਾਲੋਂ ਤਿੰਨ-ਚਾਰ ਸਾਲ ਵੱਡੀ ਲਗਦੀ ਸੀ, ਲਾਲ ਰੰਗ ਦਾ ਸੂਟ ਪਾਈ, ਲੰਬੀ ਗੁੱਤ ਕੀਤੀ, ਸਿਰ ਢਕਿਆ ਹੋਇਆ, ਦਾਖਲ ਹੋਈ ਜਿਸ ਨਾਲ ਮੇਰਾ ਤੁਅਰਫ ਕਰਾਇਆ ਗਿਆ। ਮੈਂ ਹੋਸਟਲ ਦੇ ਹਿਸਾਬ ਸਾਮਾਨ ਲੈ ਕੇ ਗਈ ਪਰ ਉਥੇ ਜਾ ਕੇ ਪਤਾ ਲੱਗਿਆ ਕਿ ਮਿਡ ਸੈਸ਼ਨ ਵਿਚ ਸੀਟ ਨਹੀਂ ਮਿਲੇਗੀ। ਇਸ ਲਈ ਦੁਖ ਨਿਵਾਰਨ ਗੁਰਦੁਆਰੇ ਘਰ ਪਹੁੰਚ ਗਏ। ਚਾਚਾ ਜੀ ਕੋਲ ਮੈਨੇਜਰ ਹੋਣ ਕਰਕੇ ਵੱਡਾ ਘਰ ਸੀ ਜਿਸ ਵਿਚ ਸਾਰੇ ਕਮਰੇ 'ਇੰਡੀਪੈਂਡੈਂਟ' ਸਨ। ਸੋ ਇਕ ਕਮਰੇ ਦੀ ਚਾਬੀ ਮੈਨੂੰ ਦੇ ਦਿੱਤੀ ਗਈ। ਮੈਨੂੰ ਪਿੱਛੋਂ ਪਤਾ ਲੱਗਿਆ ਕਿ ਇਸ ਵਿਚ ਸੀਟ ਨਾ ਹੋਣ ਦੀ ਗੱਲ ਨਹੀਂ ਸੀ ਸਗੋਂ ਵਾਰਡਨ ਦੀ ਹਉਮੈ ਦੀ ਗੱਲ ਸੀ ਜੋ ਹੋਰ ਟੀਚਰ ਹੋਸਟਲ ਵਿਚ ਨਹੀਂ ਸੀ ਰੱਖਣਾ ਚਾਹੁੰਦੀ,

## ਰੰਗ-ਬੇਰੰਗ

ਹਾਲਾਂਕਿ ਪਹਿਲਾਂ ਵੀ ਰੀਸਰਚ ਸਕਾਲਰ ਅਤੇ ਕਾਫ਼ੀ ਟੀਚਰ ਉਥੇ ਰਹਿ ਰਹੀਆਂ ਸਨ।

ਨੌਕਰੀ 'ਤੇ ਹਾਜ਼ਰ ਹੋਣ ਤੋਂ ਥੋੜੇ ਦਿਨ ਬਾਅਦ ਹੀ ਫ਼ਿਲਾਸਫ਼ੀ ਦੇ ਮੁਖੀ ਡਾ. ਅਜਿਤ ਕੁਮਾਰ ਸਿਨਹਾ ਦੀ ਕੁਰੂਕਸ਼ੇਤਰ ਤੋਂ ਚਿੱਠੀ ਆ ਗਈ ਕਿ ਵਿਭਾਗ ਵਿਚ ਦੋ ਸਕਾਲਰਸ਼ਿਪ ਹਨ, ਇਕ ਤੇ ਮਿਸਿਜ਼ ਨਾਰੰਗ, ਮੇਰੀ ਜਮਾਤਣ ਜੋ ਫਸਟ ਆਈ ਸੀ, ਲੱਗ ਰਹੀ ਸੀ ਅਤੇ ਦੂਸਰੇ 'ਤੇ ਮੈਨੂੰ ਬੁਲਾਇਆ ਸੀ। ਮੈਂ ਚਿੱਠੀ ਲਿਖ ਕੇ ਦੱਸਿਆ ਕਿ ਮੈਂ ਪੰਜਾਬੀ ਯੂਨੀਵਰਸਿਟੀ ਵਿਚ ਲੱਗ ਗਈ ਹਾਂ, ਇਸ ਤੇ ਮੈਨੂੰ ਵਧਾਈ ਦਿੱਤੀ ਅਤੇ ਨਾਲ ਹੀ ਕਿਹਾ ਕਿ ਮੈਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਧਿਆਨ ਦੇਵਾਂ ਅਤੇ ਵਿਸ਼ਾ ਚੁਣ ਕੇ ਪੀ.ਐਚ. ਡੀ ਲਈ ਰਜਿਸਟਰੇਸ਼ਨ ਕਰਾਵਾਂ। ਨਵੰਬਰ ਦੇ ਦੂਜੇ ਸਨਿਚਰਵਾਰ ਦੋ-ਤਿੰਨ ਛੁਟੀਆਂ ਇਕੱਠੀਆਂ ਆ ਗਈਆਂ ਤੇ ਮੈਂ ਪਿੰਡ ਜਾਣ ਦੀ ਥਾਂ ਕੁਰੂਕਸ਼ੇਤਰ ਚਲੀ ਗਈ। ਉਥੇ ਮੇਰੀ ਛੋਟੀ ਭੈਣ ਨਰਮਿੰਦਰ ਅਤੇ ਰਿਸ਼ਤੇ ਵਿਚੋਂ ਲਗਦੀ ਭੈਣ ਰਣਜੀਤ ਲਿੱਟ ਇਕਨਾਮਿਕਸ ਦੀ ਐਮ.ਏ. ਵਿਚ ਦਾਖਲ ਸੀ। ਜਦੋਂ ਮੈਂ ਆਪਣੇ ਵਿਭਾਗ ਵਿਚ ਗਈ ਤਾਂ ਸਾਰੇ



ਅਧਿਆਪਕ ਬਹੁਤ ਖੁਸ਼ ਹੋਏ। ਮੇਰੇ ਇਕ ਮੈਡਮ ਜਿਹੜੇ ਪਟਿਆਲੇ ਤੋਂ ਮਹਿੰਦਰਾ ਕਾਲਜ ਤੋਂ ਫ਼ਿਲਾਸਫ਼ੀ ਦੀ ਐਮ.ਏ. ਕਰਕੇ ਗਏ ਸੀ, ਬੋਲੇ, "ਗੁਰਨਾਮ ਇਸ ਬਾਤ ਕਾ ਧਿਆਨ ਰਹੇ ਕਿ ਵਹਾਂ ਸੂਰਜ ਛਪਨੇ ਕੇ ਬਾਅਦ ਬਾਹਰ ਨਹੀਂ ਜਾਨਾ। ਪਟਿਆਲਾ ਕੇ ਸਰਦਾਰੋਂ ਕੀ ਰੈਪੂਟੇਸ਼ਨ ਕੋਈ ਜਿਆਦਾ ਅੱਛੀ ਨਹੀਂ ਮਾਨੀ ਜਾਤੀ"। ਪਰ ਯੂਨੀਵਰਸਿਟੀ ਦਾ ਸ਼ਹਿਰ ਨਾਲ ਕੋਈ ਬਹੁਤਾ ਤੁਅਲਕ ਨਹੀਂ ਸੀ। ਇਸ ਪੱਖ ਤੋਂ ਵਾਤਾਵਰਣ ਜਿਆਦਾ ਖੁਸ਼ਗਵਾਰ ਸੀ। ਇਥੇ ਰਾਤ ਨੂੰ ਵੀ ਲੜਕੀਆਂ ਮੇਨ ਗੇਟ ਤੋਂ ਬੱਸ ਤੋਂ ਉਤਰ ਕੇ ਆ ਜਾਂਦੀਆਂ ਜੋ ਕੁਰੂਕਸ਼ੇਤਰ ਸੰਭਵ ਨਹੀਂ ਸੀ।

ਇਕ ਦਿਨ ਅਚਾਨਕ ਆਪਣੇ ਵਿਭਾਗ ਦੇ ਕਿਸੇ ਕੰਮ ਵੀਰ ਅਛਰੂ ਰਾਮ ਪਟਿਆਲੇ ਆਏ ਅਤੇ ਚਾਚਾ ਜੀ ਕੋਲ ਵੀ ਆਏ, ਉਹ ਤੇ ਚਾਚਾ ਜੀ ਇਕੱਠੇ ਪੜ੍ਹੇ ਸੀ ਅਤੇ ਬੋਲੇ, "ਮੈਂ ਗੁਰਨਾਮ ਨੂੰ ਮਿਲਣਾ ਹੈ"। ਚਾਚਾ ਜੀ ਕਹਿੰਦੇ, "ਹੁਣੇ ਯੂਨੀਵਰਸਿਟੀ ਤੋਂ ਆ ਜਾਣਾ ਹੈ"। ਇਸ ਤਰ੍ਹਾਂ ਮੈਂ ਪਹਿਲੀ ਵਾਰ ਆਪਣਾ ਭਲਾ ਚਾਹੁਣ ਵਾਲੇ ਆਪਣੇ ਵੱਡੇ ਭਰਾ ਨੂੰ ਮਿਲੀ।

ਪਟਿਆਲੇ ਆਇਆਂ ਅਜੇ ਕੁਝ ਮਹੀਨੇ ਹੀ ਹੋਏ ਸਨ ਕਿ ਰਜਿੰਦਰਾ ਹਸਪਤਾਲ ਨਾਲ ਵਾਹ ਪੈ ਗਿਆ। ਮੇਰੀ ਅੱਠ ਕੁ ਸਾਲ ਦੀ ਭਤੀਜੀ, ਜੋ ਬਹੁਤ ਹੀ ਸੁਹਣੀ ਤੇ ਪਿਆਰੀ ਬੱਚੀ ਸੀ, ਨੂੰ ਅਚਾਨਕ ਸਿਰਦਰਦ ਦੇ ਨਾਲ ਉਲਟੀ ਆ ਗਈ। ਜਦੋਂ ਇਹ ਸਿਲਸਿਲਾ ਦੋ ਤਿੰਨ ਦਿਨ ਲਗਾਤਾਰ ਜਾਰੀ ਰਿਹਾ ਤਾਂ ਘਰਦਿਆਂ ਨੂੰ ਫ਼ਿਕਰ ਲੱਗ ਗਿਆ। ਉਸ ਨੂੰ ਸਮਰਾਲੇ ਡਾਕਟਰ ਨੂੰ ਦਿਖਾਇਆ ਤਾਂ ਉਸਨੂੰ ਕੋਈ ਸਮਝ ਨਾ ਲੱਗੀ ਅਤੇ ਉਸਨੇ ਲੁਧਿਆਣੇ ਭੇਜ ਦਿੱਤਾ। ਲੁਧਿਆਣੇ ਵਾਲਿਆਂ ਨੂੰ ਦਿਮਾਗ ਵਿਚ ਕੋਈ ਗੜਬੜ ਲੱਗੀ ਅਤੇ ਉਨ੍ਹਾਂ ਨੇ ਚੰਡੀਗੜ੍ਹ ਪੀ.ਜੀ.ਆਈ. ਭੇਜ ਦਿੱਤਾ। ਪੀ.ਜੀ.ਆਈ. ਐਕਸਰੇ ਵਗੈਰਾ ਅਤੇ ਹੋਰ ਟੈਸਟ ਕਰਨ ਤੇ ਪਤਾ ਲੱਗਿਆ ਕਿ ਉਸਦੇ ਦਿਮਾਗ ਵਿਚ ਟਿਊਮਰ ਸੀ। ਉਨ੍ਹਾਂ ਨੇ ਇਹ ਵੀ ਕਿਹਾ, "ਅਪਰੇਸ਼ਨ ਕਰ ਸਕਦੇ ਹਾਂ ਪਰ ਕੋਈ ਗਰੰਟੀ ਨਹੀਂ ਠੀਕ ਹੋਣ ਦੀ ਅਤੇ ਨਾ ਹੀ ਬੱਚ ਜਾਣ ਦੀ"। ਮੇਰੀ ਭਾਬੀ ਤੇ ਮੇਰਾ ਭਤੀਜਾ ਉਸ ਨੂੰ ਭਰੇ ਮਨ ਨਾਲ ਲੈ ਕੇ ਪਟਿਆਲੇ ਆ ਗਏ ਅਤੇ ਅਸੀਂ ਉਸ ਨੂੰ ਰਜਿੰਦਰਾ ਹਸਪਤਾਲ ਦਾਖਲ ਕਰਾ ਦਿੱਤਾ ਜਿਥੇ ਬੱਚਿਆਂ ਦਾ ਮਾਹਰ ਡਾਕਟਰ ਚਾਚਾ ਜੀ ਨੂੰ ਜਾਣਦਾ ਸੀ। ਰਜਿੰਦਰਾ ਹਸਪਤਾਲ ਤੋਂ ਵੀ ਇਸ ਕਿਸਮ ਦੇ ਗੰਭੀਰ ਕੇਸਾਂ ਨੂੰ ਟੈਸਟ ਕਰਾਉਣ ਲਈ ਪੀ.ਜੀ.ਆਈ. ਲੈ ਕੇ ਜਾਂਦੇ ਸੀ। ਉਸ ਨੂੰ ਵੀ ਲੈ ਕੇ ਗਏ ਪਰ ਜੁਆਬ ਫੇਰ ਉਹੀ ਸੀ। ਡਾਕਟਰਾਂ ਨੇ ਕੁਝ ਦਿਨ ਹਸਪਤਾਲ ਵਿਚ ਰੱਖ ਕੇ ਛੁੱਟੀ ਦੇ ਦਿੱਤੀ ਅਤੇ ਦੁਆਈ ਲੈਂਦੇ ਰਹਿਣ ਲਈ ਕਹਿ ਦਿੱਤਾ। ਚੰਦ ਵਰਗਾ ਸੁਹਣਾ ਅਤੇ ਮਾਸੂਮ ਚਿਹਰਾ ਹੌਲੀ-ਹੌਲੀ ਹਰ ਰੋਜ਼ ਤਿਲ ਤਿਲ ਕਰਕੇ ਕੁਮਲਾ ਰਿਹਾ ਸੀ। ਅਸੀਂ ਆਸ-ਪਾਸ ਜਿਥੇ ਕਿਸੇ ਨੇ ਦਸਿਆ ਕੋਈ ਦੇਸੀ, ਕੋਈ ਹੋਮੀਓਪੈਥ ਨਹੀਂ ਛਡਿਆ, ਹਰ ਥਾਂ ਪਹੁੰਚੇ ਪਰ ਕਿਧਰੋਂ ਵੀ ਕੋਈ ਮੋੜ ਨਹੀਂ ਸੀ ਪੈ ਰਿਹਾ। ਜਦੋਂ ਉਸਦੇ ਸਿਰ ਵਿਚ ਦਰਦ ਉਠਦਾ ਤਾਂ ਉਹ ਸਾਰੇ ਜ਼ੋਰ ਨਾਲ ਚੀਕਦੀ, "ਭੂਆ ਜੀ!" ਅਤੇ ਮੈਂ ਸਿਰ ਤੋਂ ਪੈਰਾਂ ਤੱਕ ਉਸਦੇ ਦਰਦ ਨਾਲ ਕੰਬ ਜਾਂਦੀ। ਇਕ ਦਿਨ ਜਦੋਂ ਮੈਂ ਯੂਨੀਵਰਸਿਟੀ ਤੋਂ ਘਰ ਆਈ ਤਾਂ ਮੇਰੀ ਭਾਬੀ ਬੈਠੀ ਰੋ ਰਹੀ ਸੀ। ਮੈਂ ਬਿਨਾਂ ਕੋਈ ਚਾਹ ਪਾਣੀ ਪੀਤੇ ਕੋਲ ਬੈਠ ਕੇ ਪੁੱਛਿਆ, "ਕੀ ਗੱਲ ਭਾਬੀ, ਕਿਉਂ ਰੋ ਰਹੀ ਹੈਂ?" ਭਾਬੀ ਕਹਿੰਦੀ ਚਾਚਾ ਜੀ ਬੱਚਿਆਂ ਦੇ ਇਕ ਡਾਕਟਰ ਨੂੰ ਲੈ ਕੇ ਆਏ ਸੀ"। ਏਨੀ ਗੱਲ ਕਹਿ ਕੇ ਭਾਬੀ ਨੇ ਫੇਰ ਭੁੱਬ ਮਾਰੀ। ਚਾਚਾ ਜੀ ਕਮਰੇ ਵਿਚ ਆਏ ਅਤੇ ਬੋਲੇ, "ਮੈਂ ਡਾਕਟਰ ਨੂੰ ਲੈ ਕੇ ਆਇਆ ਸੀ ਕਿ ਉਹ ਸ਼ਾਇਦ ਕੋਈ ਇਲਾਜ ਕਰ ਸਕੇ ਪਰ ਉਸ ਨੇ ਦਸਿਆ ਹੈ ਕਿ ਬੱਚੀ ਬਸ ਇਕ ਦੋ ਦਿਨ ਦੀ ਪ੍ਰਾਹੁਣੀ ਹੈ"। ਅਸੀਂ ਕਪੜੇ ਵਗੈਰਾ ਸਾਂਭ ਕੇ ਤੜਕੇ ਨੂੰ ਪਿੰਡ ਜਾਣ ਦੀ ਤਿਆਰੀ ਕਰ ਲਈ। ਚਾਚਾ ਜੀ ਨੇ ਸੇਵਾਦਾਰ ਨੂੰ ਨਾਲ ਭੇਜ ਕੇ ਸਾਨੂੰ ਪੰਜ ਵਜੇ ਵਾਲੀ ਬੱਸ ਬਿਠਾ ਦਿੱਤਾ। ਦਿਨ ਚੜ੍ਹਦੇ-ਚੜ੍ਹਾਉਂਦੇ ਅਸੀਂ ਘਰ ਪਹੁੰਚ ਗਏ। ਸਾਰੇ ਰਾਹ ਉਹ ਬੇਹੋਸ਼ੀ ਵਰਗੀ ਨੀਂਦ ਵਿਚ ਸੀ। ਜਦੋਂ ਘਰ ਪਹੁੰਚ ਕੇ ਉਸ ਨੂੰ ਬਿਸਤਰੇ 'ਤੇ ਪਾਇਆ ਅਤੇ ਸਾਰਾ ਪਰਿਵਾਰ ਦੁਆਲੇ ਇਕੱਠਾ ਹੋ ਗਿਆ ਤਾਂ ਮੇਰੀ ਮਾਂ ਨੇ ਆਵਾਜ਼ ਮਾਰੀ, "ਹਿੰਦਰ! ਦੇਖ ਬੇਟੇ ਤੂੰ ਆਪਣੇ ਘਰ ਆ ਗਈ ਹੈਂ"। ਹਰਿੰਦਰ ਨੇ ਅੱਖਾਂ ਖੋਲ੍ਹੀਆਂ ਅਤੇ ਚਾਰ ਚੁਫੇਰੇ ਨਿਗ੍ਹਾ ਘੁਮਾ ਕੇ ਸਭ ਨੂੰ ਦੇਖਿਆ। ਉਸਦੇ ਚਿਹਰੇ 'ਤੇ ਰੌਣਕ ਆ ਗਈ ਸੀ ਜਿਵੇਂ ਬਸ ਹੁਣੇ ਉਠ ਖੜ੍ਹਨਾ ਹੋਵੇ। ਉਹਨੂੰ ਤਾਂ ਘਰ ਪਹੁੰਚਣ ਦੀ, ਆਪਣੇ ਟੱਬਰ ਵਿਚ ਹੋਣ ਦੀ ਖੁਸ਼ੀ ਸੀ। ਦੀਵੇ ਦੇ ਬੁਝਣ ਤੋਂ ਪਹਿਲਾਂ ਦਾ ਬਲਣਾ। ਉਸ ਨੂੰ ਆਪਣੀ ਦਾਦੀ ਯਾਨਿ ਮੇਰੀ ਮਾਂ ਨਾਲ ਬਹੁਤ ਮੋਹ ਸੀ। ਜਦੋਂ ਮੇਰੀ ਭਾਬੀ ਤੇ ਵੀਰ ਯੂ ਪੀ ਵਾਲੀ ਜ਼ਮੀਨ 'ਤੇ ਰਹਿ ਕੇ ਖੇਤੀ ਕਰ ਰਹੇ ਸੀ ਤਾਂ ਉਸ ਨੇ ਸਕੂਲੋਂ ਆਉਂਦਿਆਂ, ਮੇਰੀ ਮਾਂ ਨੂੰ, ਜੋ ਚੁਲ੍ਹੇ 'ਤੇ ਰੋਟੀਆਂ ਰਾੜ੍ਹ ਰਹੀ ਹੁੰਦੀ ਸੀ ਅਤੇ ਛੋਟੀ ਭਾਬੀ ਪਕਾ ਰਹੀ ਹੁੰਦੀ ਸੀ, ਪਿੱਛੋਂ ਆ ਕੇ ਜੱਫੀ ਪਾ ਲੈਣੀ ਅਤੇ ਕਹਿਣਾ, "ਬੇ ਜੀ! ਭੁੱਖ ਲੱਗੀ ਹੈ"। ਬੇ ਜੀ ਨੇ ਉਦੋਂ ਹੀ ਫਟਾ-ਫਟ ਉਠ ਕੇ ਉਸ ਨੂੰ ਰੋਟੀ ਪਾ ਕੇ ਦੇਣੀ। ਅੱਜ ਬਸ ਜਿਵੇਂ ਉਸਦੀ ਜਾਨ ਉਸ ਬੇ ਜੀ ਨੂੰ ਅਤੇ ਬਾਕੀ ਪਰਿਵਾਰ ਨੂੰ ਮਿਲਣ ਲਈ ਹੀ ਅਟਕੀ ਹੋਈ ਸੀ। ਸਾਰਿਆਂ ਵੱਲ ਇਕ ਵਾਰੀ ਦੇਖ ਕੇ ਚੁਪ-ਚਾਪ ਅੱਖਾਂ ਮੀਚ ਕੇ ਤੁਰ ਗਈ। ਕੋਈ ਚੀਕ ਨਹੀਂ ਮਾਰੀ। ਕੋਈ ਮੂੰਹੋਂ 'ਹਾਇ ਰੱਬਾ' ਨਹੀਂ ਕਿਹਾ। ਮੇਰੇ ਗੁਰਮੁਖ ਤੋਂ ਛੋਟੇ ਭਤੀਜੇ ਸੁਰਮੁਖ 'ਤੇ ਇਸ ਸਦਮੇ ਦਾ ਬਹੁਤ ਗਹਿਰਾ ਅਸਰ ਹੋਇਆ। ਉਹ ਉਸਦੀ ਮੜ੍ਹੀ ਤੇ ਹਰ ਰੋਜ਼ ਜਾ ਕੇ ਉਚੀ-ਉਚੀ ਧਾਹਾਂ ਮਾਰ ਕੇ ਰੋਣ ਲੱਗ ਜਾਂਦਾ। ਮੈਂ ਵੀ ਵਾਪਸ ਪਟਿਆਲੇ ਆ ਕੇ ਕਈ ਦਿਨ ਡਰ ਡਰ ਕੇ ਉਠਦੀ ਰਹੀ। ਮੇਰੇ ਭਤੀਜੇ ਦੀ ਤਾਂ ਇਸ ਦੁਖਾਂਤ ਨੇ ਸਾਰੀ ਜ਼ਿੰਦਗੀ ਹੀ ਵਿਚਲਤ ਕਰ ਦਿੱਤੀ ਕਿਉਂਕਿ ਉਹ ਹਾਲੇ ਛੋਟਾ ਸੀ ਅਤੇ ਸਦਮੇ ਨੂੰ ਜਰਨਾ ਨਹੀਂ ਸੀ ਜਾਣਦਾ। ਉਦੋਂ ਮੈਨੂੰ ਇਹ ਨਹੀਂ ਸੀ ਪਤਾ ਕਿ ਭਵਿੱਖ ਵਿਚ ਇਕ ਵਾਰ ਫੇਰ ਮੈਨੂੰ ਅਜਿਹੇ ਹੀ ਸਦਮੇ ਵਿਚੋਂ ਗੁਜ਼ਰਨਾ ਪਵੇਗਾ ਜੋ ਇਸੇ ਤਰ੍ਹਾਂ ਮੇਰੇ ਘਰ ਦੀ ਜੀਵਨ ਧਾਰਾ ਨੂੰ ਬਦਲ ਕੇ ਰੱਖ ਦੇਵੇਗਾ।

(ਚਲਦਾ...)

## ਸਿਆਣਿਆਂ ਦਾ ਕਿਹਾ

(1) ਜਿੱਤ ਨੇ ਹਮੇਸ਼ਾ ਉਨ੍ਹਾਂ ਮੱਥਿਆਂ ਨੂੰ ਚੁੰਮਿਆ ਹੈ ਜਿਨ੍ਹਾਂ ਪਹਾੜਾਂ ਨਾਲ ਸਿਰ ਟਕਰਾਏ।

(2) ਭਾਰਤ ਵਿਚ ਸਿੱਖਾਂ ਦੇ ਲਾਏ ਮੋਰਚਿਆਂ, ਦਿਤੀਆਂ ਕੁਰਬਾਨੀਆਂ, ਫਾਂਸੀਆਂ, ਝੱਲੇ ਕਾਲੇ ਪਾਣੀਆਂ ਤੇ ਸੰਨ 1947 'ਚ ਡੁਲ੍ਹੇ ਲਹੂ ਤੋਂ ਬਾਦ ਹਰਿਮੰਦਰ ਸਾਹਿਬ ਦਾ ਜੂਨ 1984 ਦਾ ਖ਼ੂਨੀ ਸਾਕਾ ਅਤੇ ਨਵੰਬਰ 1984 ਦਾ ਸਿੱਖ ਕਤਲੇਆਮ ਦੇਸ਼ ਵਿਦੇਸ਼ ਵਿਚ ਵਸਦੀ ਸਮੁੱਚੀ ਸਿੱਖ ਕੌਮ ਲਈ ਵੰਗਾਰ ਬਣ ਚੁਕੇ ਹਨ।

(3) ਪੰਜਾਬ ਨੂੰ ਜਦ ਵੀ ਨਹਾਉਣਾ ਪਿਆ ਤਾਂ ਉਹ ਵੀ ਆਪਣੇ ਅਤੇ ਦੁਸ਼ਮਣ ਦੇ ਲਹੂ ਵਿਚ ਪੰਜਾਬ ਦੀ ਧਰਤੀ ਉਤੇ ਹੀ।

(4) ਸਿਆਸੀ ਸਿੱਖ ਲੀਡਰਾਂ ਵਲੋਂ ਬਿਜਲੀ ਪਾਣੀ ਦੇ ਮਸਲੇ 'ਤੇ ਕਿਸੇ ਤਰ੍ਹਾਂ ਦੀ ਕਮਜ਼ੋਰੀ ਦਿਖਾਉਣਾ-ਪੰਜਾਬ ਨੂੰ ਘਸਿਆਰਾ ਬਣਾਉਣ ਦੇ ਤੁਲ ਹੈ।

(5) ਜਦੋਂ ਬਾਹਰੋਂ ਮਾਰ ਪਵੇ ਘਰ ਨੂੰ ਹੀ ਭਜੀਦਾ ਹੈ ਸੋ ਆਪਣਾ ਘਰ ਜ਼ਰੂਰੀ ਹੈ।

(6) ਏਕਤਾ ਵਾਲਾ ਇਕ ਐਸਾ ਦਰਖਤ ਹੈ ਜਿਸ ਨੂੰ ਹਰ ਪ੍ਰਾਪਤੀ ਦਾ ਫਲ ਲਗਦਾ ਹੈ।

(7) ਸਿੱਖਾਂ ਵਿਚ ਪਈ ਫੁੱਟ ਪਲੇਗ ਨਹੀਂ ਹੈਜ਼ਾ ਬਣ ਚੁਕੀ ਹੈ।

(8) ਜਨੇਊ ਜੇ ਗੱਲ ਘੁਟਦਾ ਹੋਵੇ ਤਾਂ ਤੋੜਨਾ ਹੀ ਪੈਂਦਾ ਹੈ।

(9) ਅਪੀਲਾਂ ਹਿੰਦੂ-ਸਿੱਖ ਏਕਤਾ ਦੀਆਂ ਪਰ ਅਮਲ ਪਾੜੋ ਤੇ ਰਾਜ ਕਰੋ।

(10) ਕਿਸੇ ਦੀ ਮਜ਼ਬੂਰੀ ਦਾ ਫਾਇਦਾ ਉਠਾਉਣ ਵਾਲਾ ਦਿਲੀ ਹਮਦਰਦ ਨਹੀਂ ਹੋ ਸਕਦਾ।

(11) ਕਿਸੇ ਦੀ ਖਿੱਲੀ ਉਡਾਉਣ ਤੋਂ ਪਹਿਲਾਂ ਆਪਣੇ ਪਿਛਲੇ ਬੁਰੇ ਵਕਤ ਨੂੰ ਯਾਦ ਕਰੋ।

(12) ਸਿੱਖ ਕੌਮ ਕੋਲ ਜਿਤਨੀ ਸ਼ਾਂਤਮਈ ਰਹਿਣ ਦੀ ਹਿੰਮਤ ਹੈ ਉਸ ਤੋਂ ਕਿਤੇ ਜ਼ਿਆਦਾ ਜ਼ੁਲਮ ਨਾਲ ਟੱਕਰ ਲੈਣ ਦੀ ਤਾਕਤ ਵੀ ਹੈ।

(13) ਅੱਜ ਦੀ ਘੜੀ ਸਿੱਖਾਂ ਵਿਚ ਆਜ਼ਾਦੀ ਦੇ ਉਨੇ ਪ੍ਰਵਾਨੇ ਤੇ ਦੀਵਾਨੇ ਨਹੀਂ ਜਿੰਨੇ ਗੱਦਾਰ ਹਨ।

(14) ਸਿੱਖ ਧਰਮ ਸਭ ਤੋਂ ਛੋਟਾ ਪਰ ਇਤਿਹਾਸ ਸਾਰੇ ਧਰਮਾਂ ਤੋਂ ਲੰਬਾ।

(15) ਸਿੱਖ ਕੌਮ-ਹਿੰਦੋਸਤਾਨ ਲਈ ਗਲੇ ਦਾ ਹਾਰ ਅਤੇ ਕੋਹਿਨੂਰ ਤੋਂ ਘਟ ਨਹੀਂ।

(16) ਜੇ ਕਾਮਯਾਬ ਬਣਨਾ ਚਾਹੁੰਦੇ ਹੋ ਤਾਂ ਵਕਤ ਦੀ ਕਦਰ ਕਰੋ।

(17) ਮੁਲਕ ਦੀ ਰਾਖੀ ਲਈ ਸਿਪਾਹੀ ਦੀ, ਧਰਮ ਦੀ ਰਾਖੀ ਲਈ ਸੱਚੇ ਧਰਮੀ ਦੀ, ਸੰਘਰਸ਼ ਦੀ ਕਾਮਯਾਬੀ ਲਈ ਉਚੇ ਸੁਚੇ ਵਿਚਾਰਾਂ ਦੀ ਸਖ਼ਤ ਜ਼ਰੂਰਤ ਹੁੰਦੀ ਹੈ।

(18) ਜਿਤਣਾ ਚਾਹੁੰਦੇ ਹੋ ਤਾਂ ਹਾਰ ਦੇ ਨਤੀਜਿਆਂ ਨੂੰ ਵੀ ਸਾਹਮਣੇ ਰੱਖੋ।

(19) ਹਕੀਕਤ ਉਹੀ ਹੈ ਜੋ ਬੀਤ ਰਹੀ ਹੈ, ਹਕੀਕਤ ਉਹ ਨਹੀਂ ਜੋ ਖ਼ਾਬ ਹੈ।

(20) ਜ਼ਿਆਦਾ ਖ਼ਾਬ ਦੇਖਣੇ ਚੰਗੀ ਗੱਲ ਨਹੀਂ ਕਿਉਂਕਿ ਜੇ ਖ਼ਾਬ ਸੱਚ ਨਾ ਹੋਣ ਤਾਂ ਦੁੱਖ ਪਹੁੰਚਦਾ ਹੈ।

(21) ਸਿੱਖ ਧਰਮ ਸਾਰੀ ਦੁਨੀਆਂ ਵਿਚੋਂ ਅਮੀਰ ਪਰ ਸਿੱਖ ਲੀਡਰ ਪੂਰੀ ਦੁਨੀਆਂ ਵਿਚੋਂ ਨਿਕੰਮੇ।

(22) ਹਰ ਗੁਰਸਿੱਖ ਦੇ ਘਰ ਅੰਦਰ, ਗੁਰ ਸਿੱਖ ਇਤਿਹਾਸ ਸਬੰਧੀ ਲਾਇਬਰੇਰੀ ਦਾ ਹੋਣਾ ਬਹੁਤ ਜ਼ਰੂਰੀ ਹੈ।

(23) ਧਾਰਮਕ ਧੱਧਰ 'ਤੇ ਹਰ ਸਿੱਖ ਆਪਣੇ ਆਪ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੋੜੇ।

(24) ਸਿਆਸੀ ਧੱਧਰ ਤੇ ਹਰ ਸਿੱਖ ਆਪਣੇ ਆਪ ਨੂੰ ਅਕਾਲ ਤਖ਼ਤ ਸਾਹਿਬ ਨਾਲ ਜੋੜੇ।

(25) ਖਾਲਿਸਤਾਨ ਦੀ ਪ੍ਰਾਪਤੀ ਲਈ-ਹਰ ਗੁਰਸਿੱਖ ਪਰਿਵਾਰ ਦਾ ਘਟੋ ਘਟ ਇੱਕ ਮੈਂਬਰ ਕਿਸੇ ਵੀ ਪੰਥਕ ਜਥੇਬੰਦੀ ਦਾ ਮੈਂਬਰ ਜ਼ਰੂਰ ਬਣੇ।

(26) ਗੁਰੂ ਨਾਨਕ ਸਾਹਿਬ ਦੀ ਸਿੱਖੀ ਦਾ ਫਲਸਫਾ ਪੂਰੀ ਦੁਨੀਆਂ ਵਿਚੋਂ ਅੱਗੇ ਪਰ ਨਿਕੰਮੇ ਲੀਡਰਾਂ ਅਤੇ ਪ੍ਰਚਾਰਕਾਂ ਕਰਕੇ ਪੂਰੀ ਦੁਨੀਆਂ ਵਿਚ ਸਭ ਤੋਂ ਪਿਛੇ।

(27) ਜ਼ਿੰਦਗੀ ਵਿਚ ਕਾਮਯਾਬ ਰਹਿਣ ਲਈ ਜ਼ੁਬਾਨ ਦਾ ਘਟ ਦਿਮਾਗ ਅਤੇ ਅੱਖਾਂ ਦਾ ਜ਼ਿਆਦਾ ਇਸਤੇਮਾਲ ਕਰੋ।

(28) ਆਪਣੀ ਉਮਰ ਦੇ ਲਿਹਾਜ਼ ਦੁਨੀਆਂ ਦੇ ਸਭ ਧਰਮਾਂ ਦੇ ਮੁਕਾਬਲੇ ਸਿੱਖ ਧਰਮ ਨੇ ਦੁਸਰਿਆਂ ਲਈ ਸਭ ਤੋਂ ਜ਼ਿਆਦਾ ਕੁਰਬਾਨੀਆਂ ਦਿੱਤੀਆਂ।

ਪੇਸ਼ਕਾਰ-ਪਰਮਜੀਤ ਸਿੰਘ ਦਾਖਾ

# ਹਟ ਪਿੱਛੇ ਮਿੱਤਰਾਂ ਦੀ ਮੁੱਛ ਦਾ ਸਵਾਲ ਹੈ

## ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ:510-277-2592

*ਜੇ ਬਹੁਤੇ ਲੋਕ ਗੁਰਦੁਆਰਿਆਂ ਜਾਂ ਮੰਦਰਾਂ ਵਿਚ ਵਧ ਜਾਣ ਲੱਗ ਪਏ ਹਨ ਤਾਂ ਇਸ ਦਾ ਅਰਥ ਇਹ ਨਹੀਂ ਕਿ ਉਨ੍ਹਾਂ ਅੰਦਰ ਸ਼ਰਧਾ ਵਧ ਗਈ ਹੈ, ਕਾਰਨ ਅਸਲ ਵਿਚ ਇਹ ਹਨ ਕਿ ਜਾਂ ਤਾਂ ਉਨ੍ਹਾਂ ਦੀ ਉਮਰ ਵਧ ਗਈ ਹੈ ਤੇ ਜਾਂ ਫਿਰ ਉਨ੍ਹਾਂ ਦਾ ਡਰ ਵਧ ਗਿਆ ਹੈ। ਜਾਂ ਇਉਂ ਵੀ ਕਹਿ ਸਕਦੇ ਹਾਂ ਕਿ ਗ਼ਲਤੀਆਂ ਹੀ ਏਨੀਆਂ ਹੋ ਗਈਆਂ ਹਨ ਕਿ ਹਰ ਰੋਜ਼ ਭੁੱਲ ਬਖਸ਼ਾਉਣ ਲਈ ਹੱਥ ਜੋੜਨੇ ਹੀ ਪੈਣਗੇ। ਕੋਈ ਨਹੀਂ ਸੋਚਦਾ ਕਿ ਪੈਸਾ ਤੇ ਰੋਟੀ ਗੋਲ ਕਿਉਂ ਹੈ? ਜਦੋਂ ਪੈਸਾ ਗੋਲ ਨਹੀਂ ਰਹਿੰਦਾ ਤਾਂ ਇਹ ਨੋਟ ਬਣ ਜਾਂਦਾ ਹੈ ਤੇ ਰੋਟੀ ਆਕਾਰ ਬਦਲ ਕੇ ਪਰੌਂਠਾ ਅਖਵਾਉਣ ਲੱਗ ਪੈਂਦੀ ਹੈ। ਇਹ ਦੋਵੇਂ ਗੱਲਾਂ ਇਸ ਕਰਕੇ ਹਨ ਕਿ ਇਨ੍ਹਾਂ ਨੇ ਚਲਦੇ ਰਹਿਣਾ ਹੁੰਦਾ ਹੈ ਤੇ ਮਨੁੱਖ ਨੂੰ ਦੋਹਾਂ ਦੀ ਭੁੱਖ ਨੇ ਬੇਸਬਰੇ ਹੋਣ ਦਾ ਤਾਅਨਾ ਦੇਣਾ। ਚਿੜੀਆਂ ਸਿਰਫ ਚਿੜੀਆਂ ਹੋਣ ਕਰਕੇ ਹੀ ਤਰਸ ਦਾ ਪਾਤਰ ਬਣੀਆਂ ਰਹੀਆਂ ਨੇ ਤੇ ਸਾਡਾ ਸਮਾਜ ਕੁੜੀਆਂ ਤੇ ਚਿੜੀਆਂ ਵਿਚ ਫਰਕ ਸਮਝਦਾ ਹੀ ਨਹੀਂ। ਜਿਵੇਂ ਆਪਣੇ ਮੁਲਕ ਵਿਚ ਪਿਛਲੇ ਕੁਝ ਸਮੇਂ ਤੋਂ ਇਨ੍ਹਾਂ ਵਿਚਾਰੀਆਂ ਨਾਲ ਹੋ ਰਿਹਾ ਹੈ, ਲਗਦਾ ਨਹੀਂ? ਰੱਬ ਸ਼ਾਇਦ ਕਿਤੇ ਪ੍ਰਾਹੁਣਾ ਬਣ ਕੇ ਚਲੇ ਗਿਆ ਹੈ ਤੇ ਆਪਣੇ ਰਾਜ ਭਾਗ ਦੀ ਚਾਬੀ ਕਿਸੇ ਹਿਟਲਰ ਜਾਂ ਔਰੰਗਜ਼ੇਬ ਨੂੰ ਸੌਂਪ ਦਿੱਤੀ ਹੈ। ਜੇ ਹਾਲੇ ਵੀ ਇਹ ਤਾਅਨੇ-ਮਿਹਣੇ ਮਿਲ ਰਹੇ ਨੇ ਕਿ ਨਾ ਕਰ ਮੈਨੂੰ ਪਿਆਰ, ਪਿਆਰ ਕਰ ਔਖਾ ਹੋਵੇਂਗਾ... ਤਾਂ ਸੱਚ ਹੈ ਕਿ ਹਾਲੇ ਬਰਾਬਰੀ ਦੇ ਹੱਕ ਦੇਣ ਲਈ ਸਮਾਜ ਔਖਾ ਹੋ ਰਿਹਾ ਹੈ। ਸਹੁੰ ਖਾਣ ਲਈ ਇਕ ਵੀਰ ਮੰਗਣ ਵਾਲੀ ਭੈਣ ਹਾਲੇ ਵੀ ਭੋਲੀ ਹੀ ਲਗਦੀ ਹੈ ਕਿ ਰੱਖੜੀ ਬੰਨਾਉਣ ਵਾਲੇ ਗੁੱਟ ਬੜੇ ਅਣਖੀ ਹਨ, ਉਹ ਰੱਖੜੀ ਦੀ ਸ਼ਰਮ ਲਾਹ ਕੇ ਗਲ ਨੂੰ ਵੀ ਪੈਣਗੇ? ਕਈ ਵਾਰ ਪਤਾ ਨਹੀਂ ਲਗਦਾ ਕਿ ਧਰਮੀ ਬਾਬਲ ਨੂੰ ਕਿਹੜਾ ਬਾਬਲ ਕਹਿ ਕੇ ਬੁਲਾਈਏ। ਕਾਨੂੰਨ ਦੀਆਂ ਅੱਖਾਂ ਲਾਲ ਵੇਖ ਕੇ ਕੁੱਖ 'ਚ ਸੁੱਖ-ਸਾਂਦ ਪਰਤ ਆਈ ਹੋਵੇ ਤਾਂ ਚੰਗੀ ਗੱਲ ਹੈ ਪਰ ਅਸਲ ਵਿਚ ਕੁੜੀਮਾਰਾਂ ਨੇ ਸਿਰਫ ਚੋਲੇ ਦਾ ਰੰਗ ਹੀ ਬਦਲਿਆ ਹੈ। ਹੁੰਦਾ ਕਈ ਵਾਰ ਇਹ ਵੀ ਹੈ ਕਿ ਕਈ ਰਿਸ਼ਤਿਆਂ ਨੂੰ ਨਾਂ ਵੀ ਨਹੀਂ ਮਿਲਦੇ ਤੇ ਕਈ ਕਾਤਲ ਇਨਸਾਫ ਨਾਲ ਵੀ ਝਗੜ ਪੈਂਦੇ ਹਨ। ਜਿਹੜੇ ਕਹਿੰਦੇ ਨੇ ਕਿ ਰਾਤਾਂ ਸਿਰਫ ਸੌਣ ਲਈ ਹੀ ਹੁੰਦੀਆਂ ਨੇ, ਨੀਂਦ ਕਈ ਵਾਰ ਉਨ੍ਹਾਂ ਨੂੰ ਵੀ ਨਹੀਂ ਆਉਂਦੀ। ਮੁੱਛ ਜਦੋਂ ਦੀ ਨੱਕ ਤੋਂ ਉਪਰ ਉਠੀ ਹੈ, ਨੱਕ ਨੂੰ ਸ਼ਰਮ ਵਧ ਆਈ ਹੈ। ਰੋਂਦੀਆਂ ਅੱਖਾਂ ਨੇ ਬਸੰਤ ਨੂੰ ਵੀ ਨਹੀਂ ਸਲਾਹਿਆ।*

ਫੁੱਲਾਂ ਦੀ ਵਰਖਾ ਸ਼ੁਭ ਸ਼ਗਨਾਂ ਤੇ ਹੁੰਦੀ ਹੈ ਤੇ ਕਈ ਵਾਰ ਅਸਥੀਆਂ ਵੀ ਫੁੱਲਾਂ ਨਾਲ ਲੱਦ ਕੇ ਜਾਂਦੀਆਂ ਹਨ। ਜਲੀਆਂ ਹੋਈਆਂ ਹੱਡੀਆਂ ਨੂੰ ਫੁੱਲ ਇਸ ਕਰਕੇ ਕਹਿਣ ਲੱਗ ਪਏ ਹਾਂ ਕਿਉਂਕਿ ਪੁੰਨ ਤੇ ਪਾਪ, ਮਾੜੀਆਂ ਸੋਚਾਂ ਨੂੰ ਲਾਬੂੰ ਲੱਗ ਚੁੱਕਾ ਹੁੰਦਾ ਹੈ। ਫੁੱਲ ਪਵਿੱਤਰ ਹੋਣ ਕਰਕੇ ਹੀ ਇਨ੍ਹਾਂ ਨੂੰ ਗੰਗਾ ਦੀ ਪਵਿੱਤਰਤਾ ਦਾ ਸਾਂਝੀਵਾਲ ਕਈ ਵਾਰ ਬਣਾਉਣਾ ਹੁੰਦਾ ਹੈ। ਹੈਰਾਨੀ ਹੁੰਦੀ ਹੈ ਕਿ ਕੁਝ ਲੋਕਾਂ ਨੇ ਸਾਰੀ ਉਮਰ ਕੰਡੇ ਹੀ ਬੀਜੇ ਹੁੰਦੇ ਹਨ ਪਰ ਫੁੱਲ ਉਨ੍ਹਾਂ ਦੇ ਵੀ ਚੁਗਣੇ ਪੈਂਦੇ ਹਨ। ਕਈਆਂ ਲੋਕਾਂ ਨੇ ਜ਼ਿੰਦਗੀ ਵਿਚ ਅਜਿਹੇ ਫੁੱਲ ਪਾਏ ਹੁੰਦੇ ਹਨ ਕਿ ਸ਼ਰਮ ਵੀ ਉਨ੍ਹਾਂ ਦੇ ਲਾਗਿਓਂ ਸ਼ਰਮਾ ਕੇ ਲੰਘ ਜਾਂਦੀ ਹੈ। ਮੂਰਤੀਆਂ ਦੇ ਚਿਹਰਿਆਂ 'ਤੇ ਰੌਣਕ ਇਸ ਕਰਕੇ ਉਕਰੀ ਹੁੰਦੀ ਹੈ ਕਿ ਕੁਝ ਲੋਕ ਇਥੋਂ ਹੀ ਕੁਝ ਸਿੱਖ ਲੈਣ।

ਜਿਨ੍ਹਾਂ ਨੇ ਸਾਰੀ ਉਮਰ ਇਹੋ ਆਸ ਲਾਈ ਹੁੰਦੀ ਹੈ ਕਿ ਉਹ ਜਿਥੇ ਵੀ ਜਾਣਗੇ, ਉਨ੍ਹਾਂ ਦੀ ਇੱਜ਼ਤ ਹੋਵੇਗੀ, ਉਹ ਇਸ ਗੱਲ ਤੋਂ ਕੋਰੇ ਹੁੰਦੇ ਹਨ ਕਿ ਬੇਇੱਜ਼ਤ ਹੋਏ ਬਿਨਾਂ ਇੱਜ਼ਤ ਦੇ ਵੀ ਕੋਈ ਅਰਥ ਨਹੀਂ ਹੁੰਦੇ। ਜ਼ਿੰਦਗੀ ਵਿਚ ਇਨ੍ਹਾਂ ਦੋ ਪੱਖਾਂ ਦੀ ਵੀ ਉਹੋ ਜਿਹੀ ਭੂਮਿਕਾ ਹੁੰਦੀ ਹੈ ਜਿਵੇਂ ਮਕਾਨ ਉਸਾਰੀ ਵੇਲੇ ਇੱਟਾਂ ਇਕ ਦੂਜੇ ਦੇ ਵਿਰੋਧ ਵਿਚ ਰੱਖ ਕੇ ਚਿਣੀਆਂ ਜਾਂਦੀਆਂ ਹਨ। ਕੋਈ ਵੀ ਬੰਦਾ ਅਣਖ ਦੀ ਬਹੀ 'ਤੇ 'ਗੂਠਾ ਲਾ ਕੇ ਇਹ ਨਹੀਂ ਕਹਿ ਸਕਦਾ ਕਿ ਉਹਦੀ ਕਦੇ ਬੇਇੱਜ਼ਤੀ ਨਹੀਂ ਹੋਈ। ਅਧਿਆਪਕ ਸਕੂਲ ਵਿਚ ਸਫਲ ਵਿਦਿਆਰਥੀਆਂ ਦੇ ਸਾਹਮਣੇ ਨਾਲਾਇਕਾਂ ਦੇ ਕੰਨ ਖਿੱਚ ਕੇ ਇਹ ਵੀ ਸਮਝਾ ਜਾਂਦੇ ਹਨ ਕਿ ਬੇਪੱਤ ਹੋਣ ਦੀ ਸ਼ਹਿਨਸ਼ੀਲਤਾ ਵੀ ਦਿਮਾਗ ਅੰਦਰ ਸਾਂਭ ਲੈਣੀ ਚਾਹੀਦੀ ਹੈ।

ਜੇ ਭਰੂਣ ਹੱਤਿਆ ਵਧੀ ਹੈ ਤਾਂ ਇਸ ਕਰਕੇ ਕਿ ਭਲਾਮਾਣਸ ਮਨੁੱਖ ਇਹ ਸੋਚਣ ਲੱਗ ਪਿਆ ਹੈ ਕਿ ਪੁੱਤਰ ਦੀ ਹੋਂਦ ਵਿਚ ਉਹ ਸਮਾਜਿਕ ਤੇ ਆਰਥਿਕ ਤੌਰ 'ਤੇ ਵਧੇਰੇ ਸੁਰੱਖਿਅਤ ਹੀ ਨਹੀਂ ਹੋਵੇਗਾ ਸਗੋਂ ਅਣਖ ਦਾ ਛਾਂਦਾਰ ਬੂਟਾ ਵੀ ਵਧ ਵਧੇਗਾ-ਫੁੱਲੇਗਾ। ਮਾਂ ਅਤੇ ਧੀ ਦਾ ਇਕ ਪਰਦਾ ਜਾਂ ਸਾਂਝ ਇਸ ਕਰਕੇ ਵਧ ਹੁੰਦੀ ਹੈ ਕਿਉਂਕਿ ਮਾਂ ਨੇ ਹੀ ਧੀ ਨੂੰ ਦੱਸਣਾ ਹੁੰਦਾ ਹੈ ਕਿ ਮਨੁੱਖ ਦੀਆਂ ਸ਼ੈਤਾਨੀਆਂ ਤੇ ਵਧੀਕੀਆਂ ਨਾਲ ਟੱਕਰ ਕਿਵੇਂ ਲੈਣੀ ਹੈ। ਇਸੇ ਲਈ ਜਿਹੜੀਆਂ ਮਾਂਵਾਂ ਧੀਆਂ ਨੂੰ ਸਹੁਰੇ ਵਸਣ ਜੋਗੀ ਮੱਤ ਨਹੀਂ ਦੇਂਦੀਆਂ, ਫਿਰ ਉਨ੍ਹਾਂ ਧੀਆਂ ਨੂੰ ਇਹ ਮੱਤ ਮਹਿੰਗੇ ਮੁੱਲ ਲੈਣੀ ਪੈਂਦੀ ਹੈ। ਧੀ ਬਾਪ ਲਈ ਇੱਜਤ ਤੇ ਅਣਖ ਦੇ ਪਾਤਰ ਤੋਂ ਵਧ ਕੁਝ ਵੀ ਨਹੀਂ ਹੁੰਦੀ ਜਦੋਂ ਕਿ ਮਾਂ ਲਈ ਉਹ ਮਮਤਾ ਦਾ ਬਹੁਮੁੱਲਾ ਗਹਿਣਾ ਹੁੰਦੀ ਹੈ। ਰੱਖੜੀ ਪਿਆਰ ਦੀ ਨਿਸ਼ਾਨੀ ਹੀ ਨਹੀਂ ਬਲਕਿ ਇਸ ਨੂੰ ਗ਼ੈਰਤ ਦੀ ਵੰਨਗੀ ਵੀ ਮੰਨਿਆ ਜਾਂਦਾ ਹੈ।

ਧੀ ਤੇ ਪੁੱਤਰ ਵਿਚਲਾ ਅੰਤਰ ਘਟਿਆ ਜ਼ਰੂਰ ਹੈ ਪਰ ਮੁੱਕਿਆ ਨਹੀਂ। ਵਰਨਾ ਡਾਕਟਰਾਂ ਦੇ ਔਜਾਰ ਧੀਆਂ ਦੇ ਕਤਲ ਲਈ ਕੁੱਖਾਂ ਤੱਕ ਨਹੀਂ ਪਹੁੰਚਣੇ ਸਨ। ਸਮਾਜਿਕ ਵਰਤਾਰੇ ਵਿਚ ਮਰਦ ਸਾਰੇ ਅਧਿਕਾਰਾਂ 'ਤੇ ਕਾਬਜ਼ ਰਹਿਣਾ ਚਾਹੁੰਦਾ ਹੈ ਤੇ ਜਿਥੇ ਇਨ੍ਹਾਂ 'ਚ ਘੁਸਪੈਠ ਹੁੰਦੀ ਹੈ, ਉਹ ਲੋਹ ਵਾਂਗ ਤਪਦਾ ਹੀ ਨਹੀਂ, ਪਿਘਲਦਾ ਵੀ ਹੈ। ਇਸ ਸਥਿਤੀ ਨੂੰ ਕੀ ਕਹੋਗੇ ਕਿ ਇਕ ਬਾਪ ਨੇ ਆਪ ਤਾਂ ਪ੍ਰੇਮ ਵਿਆਹ ਕਰਵਾਇਆ ਸੀ ਤੇ ਜਦੋਂ ਧੀ ਨੇ ਇਹ ਹੱਕ ਮੰਗਿਆ ਤਾਂ ਤਲਵਾਰ ਤੇ ਬੰਦੂਕ ਦੋਵੇਂ ਦੁਹਾਈ ਦੇਣ ਲੱਗ ਪਈਆਂ 'ਮਰਦਾ ਤੇਰੀ ਮਰਦਾਨਗੀ ਦੀ ਰਾਖੀ ਅਸੀਂ ਬੈਠੀਆਂ ਹਾਂ ਕਰਨ ਲਈ।' ਅਸਲ ਵਿਚ ਸਮਾਜਿਕ ਪ੍ਰਬੰਧ ਨੂੰ ਤਾਂ ਲੋਹੇ ਵਾਂਗ ਜੰਗਾਲ ਨੇ ਖਾਧਾ ਪਿਆ ਹੈ ਪਰ ਅਣਖੀ ਮਰਦ ਆਪਣੇ ਆਪ ਨੂੰ ਸੋਨੇ ਦਾ ਕੰਗਣ ਸਮਝਣ ਲੱਗ ਪਿਆ ਹੈ।

ਆਮ ਭਾਸ਼ਾ ਵਿਚ ਕਹਿ ਤਾਂ ਦੇਂਦੇ ਹਾਂ ਕਿ ਔਰਤ ਗੁੱਤ ਨਾਲ ਤੇ ਮਰਦ ਮੁੱਛ ਨਾਲ ਹੁੰਦਾ ਹੈ ਪਰ ਔਰਤ ਤਾਂ ਸਮਝੌਤੇ ਕਰ ਲੈਂਦੀ ਹੈ ਜਦੋਂਕਿ ਮਰਦ ਇਸ ਨੂੰ ਅਮਰੀਕਾ ਵਾਂਗ ਦੁਨੀਆਂ 'ਤੇ ਹਕੂਮਤ ਕਰਨ ਦੀ ਨਿਸ਼ਾਨੀ ਸਮਝਣ ਲੱਗ ਪਿਆ ਹੁੰਦਾ ਹੈ। ਕਾਲਜ ਪੜ੍ਹਦਿਆਂ ਨੇ ਮੁੱਛਾਂ 'ਤੇ ਇਕ ਲੇਖ ਪੜ੍ਹਿਆ ਸੀ ਕਿ ਇਨ੍ਹਾਂ ਤੋਂ ਪਤਾ ਲਗਦਾ ਹੈ ਕਿ ਬੰਦਾ ਕਿਹੜੀ ਜਾਤ ਜਾਂ ਮਜ਼ਹਬ ਨਾਲ ਸੰਬੰਧਿਤ ਹੈ। ਜੰਗਲ ਦੇ ਸ਼ਹਿਨਸ਼ਾਹ ਵੀਰੱਪਨ ਦੀ ਡਾਕੂ ਨਾਲੋਂ ਵੀ ਮੁੱਛਾਂ ਕਰਕੇ ਵਧ ਪਛਾਣ ਸੀ। ਖੜੀਆਂ ਤੇ ਬੈਠੀਆਂ ਮੁੱਛਾਂ ਵਾਲੇ ਮਰਦਾਂ ਦਾ ਸੁਭਾਅ ਅਤੇ ਬੋਲ-ਚਾਲ 'ਚ ਅੰਤਰ ਜ਼ਮੀਨ-ਅਸਮਾਨ ਜਿੱਡਾ ਹੁੰਦਾ ਹੈ। ਵਾਲ ਰੰਗਣ ਵਾਲੀਆਂ ਕਾਲੀਆਂ ਮਹਿੰਦੀਆਂ ਵਾਂਗ ਜੇ ਬਾਜ਼ਾਰ ਵਿਚ ਬੜੀ ਦੇਰ ਤੱਕ 'ਮੁੱਛ-ਮਰੋੜ' ਵਿਕਦਾ ਰਿਹਾ ਹੈ ਤਾਂ ਕਹਿ ਨਹੀਂ ਸਕਦੇ ਕਿ ਆਕੜ ਤੇ ਹਉਮੈ ਮੁੱਲ ਵੀ ਵਿਕਦੀ ਰਹੀ ਹੈ। ਕਈ ਮਰ ਤਾਂ ਗਏ ਪਰ ਮੁੱਛ ਨਹੀਂ ਡਿੱਗਣ ਦਿੱਤੀ। ਕਈਆਂ ਨੇ ਸਾਰੀ ਉਮਰ ਹੋਰ ਕੁਝ ਕੀਤਾ ਹੀ ਨਹੀਂ, ਸਾਰਾ ਜ਼ੋਰ ਮੁੱਛਾਂ 'ਤੇ ਹੀ ਲਗਾਈ ਰੱਖਿਆ ਹੈ। ਹੈਰਾਨੀ ਨਹੀਂ ਕਿ ਕਈਆਂ ਦੇ ਚਿਹਰਿਆਂ 'ਤੇ ਕੱਫਣ ਵੀ ਚਾਰ ਇੰਚਾਂ ਦੀਆਂ ਮੁੱਛਾਂ ਨੇ ਉਤਾਂਹ ਨੂੰ ਚੁੱਕੀ ਰੱਖਿਆ ਹੈ। ਕਈ ਅੰਗੂਠੇ ਤੇ ਉਂਗਲੀਆਂ ਸਿਰਫ ਮੁੱਛਾਂ ਦੀ ਖਾਤਰਦਾਰੀ ਲਈ ਵੱਟ ਦੇਣ ਜੋਗੀਆਂ ਹੀ ਰਹੀਆਂ। ਦਾੜ੍ਹੀ ਵਾਂਗ ਮੁੱਛਾਂ ਵਧਾਉਣ ਦੇ ਵਿਸ਼ਵ ਰਿਕਾਰਡ ਵੀ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡ 'ਚ ਦਰਜ ਹਨ। ਮਰਦ ਦੀ ਮੁੱਛ ਜਿਥੇ ਵੀ ਅਣਖ ਦੀ ਮੋਮਬੱਤੀ ਬਣੀ ਹੈ, ਇਹਦੇ ਵਿਚ ਭੁਮੱਕੜ ਵਾਂਗ ਸੜ ਕੇ ਮਰਨਾ ਵਿਚਾਰੀ ਔਰਤ ਦੇ ਹਿੱਸੇ ਹੀ ਆਇਆ ਹੈ।

ਮੁੰਡਿਆਂ ਵਾਂਗ ਜੇ ਹੁਣ ਕੁੜੀਆਂ ਦੀਆਂ ਵੀ ਕਿਤੇ-ਕਿਤੇ ਲੋਹੜੀਆਂ ਵੰਡੀਆਂ ਜਾਣ ਲੱਗੀਆਂ ਹਨ ਤਾਂ ਲਗਦਾ ਨਹੀਂ ਸਤਲੁਜ ਤੇ ਜਮਨਾ 'ਕੱਠੇ ਵਹਿਣ ਲੱਗੇ ਹਨ। ਚੰਗੀ ਗੱਲ ਹੈ ਕਿ ਸਰਕਾਰੀ ਤੌਰ 'ਤੇ ਪੰਜਾਬ ਵਿਚ ਕਿਤੇ-ਕਿਤੇ ਮੰਤਰੀ-ਸੰਤਰੀ ਜਨਵਰੀ ਮਹੀਨੇ ਕੁੜੀਆਂ ਦੇ ਇਸ ਸ਼ਗਨ ਵਿਚ ਗੁੜ-ਰੋੜੀਆਂ, ਧੂਣੇ ਤਪਾ ਕੇ ਵੰਡਣ ਲੱਗੇ ਹਨ। ਇਹ ਜ਼ਾਬਤੀ ਖੈਰ! ਵਧ ਤਾਂ ਰਹੀ ਹੈ ਪਰ ਕੋਹੜ ਘਟ ਨਹੀਂ ਰਿਹਾ ਕਿਉਂਕਿ ਕੋਹੜ ਕਿਰਲਿਆਂ ਦੀਆਂ ਧੌਣਾਂ ਪਾਟੇ ਬਾਂਸ ਵਾਂਗ ਆਕੜੀਆਂ ਪਈਆਂ ਹਨ।

ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਲੱਗਾ ਸੀ, 'ਹੈਂ! ਬੰਦੇ ਨੂੰ ਕੀ ਹੋ ਗਿਆ ਹੈ, ਕੁੜੀਆਂ ਦੀ ਲੋਹੜੀ?' ਵਰ੍ਹਾ 1986 ਦਾ ਸੀ। ਆਪਣੇ ਮੁਲਕ ਦਾ ਇਕ ਵੱਡਾ ਸ਼ਹਿਰ। ਮੈਂ ਤੇ ਮੇਰਾ ਇਕ ਰਿਸ਼ਤੇਦਾਰ ਲੋਹੜੀ ਤੋਂ ਪਹਿਲੀ ਰਾਤ ਆਪਣੇ ਇਕ ਮਿੱਤਰ ਤਹਿਸੀਲਦਾਰ ਦੇ ਘਰ ਠਹਿਰੇ ਹੋਏ ਸਾਂ। ਸਵੇਰੇ ਤੁਰਨ ਲੱਗੇ ਤਾਂ ਉਹ ਕਹਿਣ ਲੱਗੇ, 'ਅੱਜ ਰੁਕੋ, ਤੁਹਾਨੂੰ ਇਕ ਕੁੜੀ ਦੀ ਲੋਹੜੀ 'ਤੇ ਲੈ ਕੇ ਚਲਦੇ ਹਾਂ।' ਮੇਰੇ ਲਈ ਇਹ ਪਹਿਲੀ ਘਟਨਾ ਸੀ। ਮੈਂ ਤੇ ਜਤਿੰਦਰ ਨੇ ਇਸ ਅਹਿਮ ਘੜੀ ਵਿਚ ਸ਼ਾਮਲ ਹੋਣ ਲਈ ਹਾਮੀ ਭਰ ਦਿੱਤੀ। ਅਸੀਂ ਲਾਲ ਬੱਤੀ ਵਾਲੀ ਉਹਦੀ ਜੀਪ ਵਿਚ ਉਸ ਘਰੇ ਜਾ ਪਹੁੰਚੇ ਜਿਥੇ ਕੁੜੀ ਦੀ ਲੋਹੜੀ ਵੰਡੀ ਜਾਣੀ ਸੀ। ਕਰੀਬ ਇਕ ਕਿੱਲੇ ਵਿਚ ਆਲੀਸ਼ਾਨ ਟੈਂਟ ਲਗਾਇਆ ਹੋਇਆ ਸੀ। ਦੁਪਹਿਰ ਤੋਂ ਚੱਲਿਆ ਸਮਾਗਮ ਢਲਦੀ ਸ਼ਾਮ ਤੀਕਰ ਕਈ ਰੰਗਾਂ ਵਿਚ ਬਦਲਦਾ ਗਿਆ।

ਪਤਾ ਲੱਗਾ ਕਿ ਹਾਕਮ ਸਿੰਘ ਦੇ ਘਰ ਵਿਆਹ ਤੋਂ ਕਰੀਬ ਅਠਾਰਾਂ ਸਾਲਾਂ ਬਾਅਦ ਇਸ ਭਾਗਾਂਵਾਲੀ ਬੇਟੀ ਨੇ ਜਨਮ ਲਿਆ ਸੀ ਤੇ ਹਾਕਮ ਸਿੰਘ ਦਾ ਸੋਨੇ ਦਾ ਵੱਡਾ ਕਾਰੋਬਾਰ ਸੀ। ਉਨ੍ਹਾਂ ਦਿਨਾਂ 'ਚ ਵੀ ਉਹ ਕਰੋੜਪਤੀ ਸੀ। ਤਹਿਸੀਲਦਾਰ ਨੇ ਦੱਸਿਆ ਸੀ ਕਿ ਲੋਹੜੀ ਦਾ ਹੀ ਆਮ ਸ਼ਗਨ ਨਹੀਂ ਬਲਕਿ ਖਾਸ ਇਹ ਵੀ ਹੈ ਕਿ ਕੁੜੀ ਦੇ ਬਾਪ ਦੀਆਂ ਮੁੱਛਾਂ ਵੀ ਇਕ ਅਜੂਬੇ ਵਰਗੀਆਂ ਹਨ। ਗੱਲ ਉਹੀ ਹੋਈ ਕਿ ਮੇਰੀ ਤਾਂ ਅੱਖ ਵੀ ਝਪਕਣ ਦਾ ਨਾਂ ਨਾ ਲਵੇ। ਚੂਹੇ ਦੀ ਪੂਛ ਵਰਗੀਆਂ ਆਕੜੀਆਂ ਮੁੱਛਾਂ ਅੱਖਾਂ ਦੇ ਭਰਵੱਟਿਆਂ ਤੀਕਰ ਪੁੱਜਦੀਆਂ ਸਨ ਤੇ ਹਾਕਮ ਸਿੰਘ ਵੀ ਮਿੰਟ ਕੁ ਪਿੱਛੋਂ ਅੱਖਾਂ ਹੇਠਾਂ ਨੂੰ ਉਲੱਦ ਕੇ, ਇਨ੍ਹਾਂ ਨੂੰ ਹੋਰ ਵੱਟ ਦੇ ਕੇ ਸਿੱਧੀਆਂ ਕਰ ਲਿਆ ਕਰੇ। ਕੁੜੀ ਦੀ ਲੋਹੜੀ ਬਾਰੇ ਜੋ ਸਤਰਾਂ ਸਵਾਗਤੀ ਗੇਟ ਨਾਲ ਲਟਕਦੇ ਬੈਨਰ ਹੇਠ ਲਿਖੀਆਂ ਹੋਈਆਂ ਸਨ, ਉਹ ਵੀ ਧਿਆਨ ਖਿੱਚਦੀਆਂ ਸਨ ਕਿ 'ਬੱਬਲ ਕੀਰਤਨ ਸਿੰਘ ਦੀ ਲੋਹੜੀ ਮਨਾਉਣ ਦਾ ਅਰਥ ਹੈ ਕਿ ਅੱਜ ਤੋਂ ਕੁੜੀਆਂ ਅਤੇ ਮੁੰਡਿਆਂ ਵਿਚਲਾ ਅੰਤਰ ਘਟਾਉਣ ਲਈ ਇਨਕਲਾਬ ਦਾ ਬਿਗਲ'।

ਤਹਿਸੀਲਦਾਰ ਕਹਿਣ ਲੱਗਾ ਕਿ ਇਹ ਇਨਕਲਾਬ ਦੀਆਂ ਟਾਹਰਾਂ ਤਾਂ ਐਵੇਂ ਮਾਰਦੈ ਕਿਉਂਕਿ ਵੱਡੇ ਆਪ੍ਰੇਸ਼ਨ ਨਾਲ ਇਸ ਕੁੜੀ ਦਾ ਜਨਮ ਹੋਇਐ ਤੇ ਅੱਗੋਂ ਬੱਚਾ ਪੈਦਾ ਨਹੀਂ ਹੋ ਸਕਦਾ।

ਮੈਂ ਕਿਹਾ, 'ਚਲੋ ਇਹ ਗੱਲ ਸਾਰਿਆਂ ਨੂੰ ਤਾਂ ਨਹੀਂ ਪਤਾ ਪਰ ਊਂ ਸੋਚ ਤਾਂ ਚੰਗੀ ਹੈ।'

'ਬੱਬਲ ਕੀਰਤਨ ਸਿੰਘ' ਮੁੰਡਿਆਂ ਵਰਗਾ ਨਾਂ ਹਾਕਮ ਸਿੰਘ ਨੇ ਇਸ ਕਰਕੇ ਰੱਖਿਆ ਸੀ ਕਿ ਇਕ ਤਾਂ ਮੈਂ ਇਸ ਨੂੰ ਪੁੱਤਾਂ ਨਾਲੋਂ ਵੀ ਵਧ ਪਿਆਰ ਦਿਆਂਗਾ ਤੇ ਦੂਜਾ ਸਾਡੀ ਵੀਰਾਨ ਜ਼ਿੰਦਗੀ ਵਿਚ ਵਾਹਿਗੁਰੂ ਨੇ ਸੱਚੀਂ-ਮੁਚੀਂ ਹੀ ਰਾਗ ਛੇੜ ਦਿੱਤਾ ਹੈ।

ਹਾਕਮ ਸਿੰਘ ਤੇ ਉਹਦੀ ਪਤਨੀ ਗੀਤਾ ਹਰ ਆਉਣ ਵਾਲੇ ਦਾ ਸਵਾਗਤ ਕਰਦੇ। ਨਾਂਹ-ਨਾਂਹ ਕਰਦਿਆਂ ਵੀ ਰਿਸ਼ਤੇਦਾਰ, ਸਾਕ-ਸਬੰਧੀ ਤੋਹਫੇ ਭੇਟ ਕਰੀ ਜਾਂਦੇ ਸਨ। ਹੋਰ ਵੀ ਦਿਲਚਸਪੀ ਵਾਲੀ ਗੱਲ ਇਹ ਸੀ ਕਿ ਨਿੱਕੀ ਜਿਹੀ ਬੱਬਲ ਨੂੰ ਜਿਸ ਪੰਘੂੜੇ ਵਿਚ ਪਾਇਆ ਗਿਆ ਸੀ, ਉਹਦੇ ਹਾਰ-ਸ਼ਿੰਗਾਰ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ ਸੀ।

ਅਸੀਂ ਸ਼ਗਨ ਦਿੱਤਾ ਤਾਂ ਤਹਿਸੀਲਦਾਰ ਨੇ ਮਜ਼ਾਕ 'ਚ ਕਿਹਾ, 'ਹਾਕਮ ਸਿਹਾਂ ਬੱਚੀ ਕਿਸਮਤ ਵਾਲੀ ਐ ਜੀਹਨੇ ਥੋਡੇ ਘਰ ਜਨਮ ਲਿਐ, ਜਿੱਦਣ ਇਹਦੇ ਹੱਥ ਪੀਲੇ ਕਰਨੇ ਨੇ, ਉਦੋਂ ਵੀ ਯਾਦ ਕਰੀਂ।'

'ਭੁੱਲ ਕਿਵੇਂ ਜਾਵਾਂਗਾ ਜਨਾਬ ਪੰਜਾਹ ਕਿੱਲਿਆਂ ਦੀ ਰਜਿਸਟਰੀ ਥੋਡੇ ਹੱਥਾਂ ਨਾਲ ਹੋਈ ਹੈ। ਬੱਬਲ ਦੇ ਵਿਆਹ ਵੇਲੇ ਬੈਠਣ ਵਾਲੀਆਂ ਕੁਰਸੀਆਂ ਵੀ ਸੋਨੇ ਦੀਆਂ ਬਣਾ ਦਿਆਂਗਾ। ਇਹ ਮੇਰਾ ਜ਼ਿਗਰ ਵੀ ਹੈ, ਦਿਲ ਵੀ ਤੇ ਇਹਦੇ ਤੋਂ ਤਾਂ ਮੈਂ ਸਭ ਕੁਰਬਾਨ ਕਰ ਦਿਆਂਗਾ।' ਹਾਕਮ ਸਿੰਘ ਲਗਾਤਾਰ ਕਿੰਨਾ ਕੁਝ ਇੱਕੋ ਸਾਹੇ ਕਹਿ ਗਿਆ।

ਆਥਣ ਤੱਕ ਬੜੇ ਢੋਲਕੀਆਂ ਵਾਜੇ ਵੱਜੇ, ਗਾਉਣ ਵਾਲੇ ਵੀ ਆਏ, ਨੱਚਣ ਵਾਲੇ ਵੀ। ਗਰੀਬਾਂ ਨੇ ਖਾਣ-ਪੀਣ ਦੇ ਲੱਲ੍ਹੇ ਹੀ ਨਹੀਂ ਲਾਹੇ ਸਗੋਂ ਨੋਟਾਂ ਨਾਲ ਵੀ ਜੇਬਾਂ ਭਰ ਲਈਆਂ। ਹਾਲਾਤ ਏਦਾਂ ਦੇ ਸਨ ਕਿ ਜਿਵੇਂ ਮਹਾਰਾਜਾ ਰਣਜੀਤ ਸਿੰਘ ਨੇ ਖਜ਼ਾਨੇ ਦੇ ਸਾਰੇ ਦਰਵਾਜ਼ੇ ਖੋਲ੍ਹ ਦਿੱਤੇ ਹੋਣ। ਉਹ ਸੌ-ਸੌ ਦੇ ਨੋਟ ਰੁੱਗ ਭਰ ਕੇ ਲੋਕਾਂ ਨੂੰ ਦੇਂਦਾ।

ਆਪ ਹਾਕਮ ਸਿੰਘ ਭਾਵੇਂ ਘੁੱਟ ਨਾ ਵੀ ਲਾਉਂਦਾ ਹੋਵੇ ਪਰ ਉਹਨੇ ਘੁੱਟ ਲਾਉਣ ਦੇ ਸ਼ੌਕੀਨਾਂ ਲਈ ਇਕ ਵੱਖਰਾ ਤੰਬੂ ਲਾਇਆ ਹੋਇਆ ਸੀ। ਸੱਤ ਹਲਵਾਈ ਮੱਛੀ ਤੇ ਮੁਰਗਾ ਹੀ ਤਲੀ ਜਾਂਦੇ ਸਨ। ਮੇਰੀ ਜ਼ਿੰਦਗੀ ਦੇ ਉਦੋਂ ਤੱਕ ਦੇ ਤਜਰਬੇ ਵਿਚ ਇਹ ਇਕ ਵੱਡੀ ਘਟਨਾ ਸੀ। ਧਰਮ ਸਥਾਨਾਂ 'ਤੇ ਤਾਂ ਲੋਹ ਲੰਗਰ ਤਪਦੇ ਵੇਖੇ ਸਨ ਪਰ ਇਕ ਧੀ ਦੀ ਲੋਹੜੀ? ਤੇ ਇਸ ਮੌਕੇ ਵੀ ਜੋ ਆਵੇ ਸੋ ਰਾਜ਼ੀ ਜਾਵੇ ਵਾਲੀ ਸਥਿਤੀ ਸੀ।

ਬਾਜ਼ੀਗਰਨੀਆਂ ਵੀ ਨੱਚੀਆਂ, ਖੁਸਰੇ ਵੀ ਨੱਚੇ, ਪੁਲਿਸ ਆਲੇ ਵੀ ਨੱਚੇ, ਅਫਸਰ ਵੀ, ਤਕੜੇ ਵੀ, ਮਾੜੇ ਵੀ, ਗਰੀਬ ਵੀ, ਵੱਡੇ-ਵੱਡੇ ਵਪਾਰੀ ਵੀ ਤੇ ਲਾਟੂਆਂ ਦੀ ਲੋਅ ਦੇ ਨਾਲ ਫਿਰ ਧੂਣਾ ਉਹ ਭਖਿਆ ਕਿ ਉਸ ਦਿਨ ਪਤਾ ਲੱਗਾ ਕਿ ਨੱਚਣ ਵਾਲਿਆਂ ਦੀ ਅੱਡੀ ਸੱਚੀਂ ਹੀ ਨਹੀਂ ਰਹਿੰਦੀ। ਮੋਟੇ ਹਿਸਾਬ ਨਾਲ ਇਸ ਲੋਹੜੀ ਦਾ ਬਜਟ ਲੱਖਾਂ 'ਚ ਹੀ ਹੋਵੇਗਾ। ਜਾਣ ਲੱਗਿਆਂ ਨੂੰ ਸ਼ਗਨਾਂ ਦੀ ਕੀਮਤੀ ਮਠਿਆਈ ਦੇ ਡੱਬੇ ਤੇ ਪਿਆਕੜਾਂ ਲਈ ਮਹਿੰਗੇ ਭਾਅ ਦੀਆਂ ਬੋਤਲਾਂ ਚੱਕਵੀਆਂ ਵੀ ਵੰਡੀਆਂ ਗਈਆਂ।

ਖੁਸਰਿਆਂ ਦੀ ਪੁੱਤਾਂ ਵਰਗੀ ਵਧਾਈ ਵੇਲੇ ਨੋਟ ਝਾੜੂ ਨਾਲ ਕੱਠੇ ਕਰਨ ਵਰਗੀ ਪੁਜ਼ੀਸ਼ਨ ਸੀ। ਹਾਕਮ ਸਿੰਘ ਨੇ ਨੋਟਾਂ ਦੇ ਛੱਟੇ ਦਿੱਤੇ ਸਨ।

ਬੜੀ ਦੇਰ ਤੱਕ ਸੋਚਦਾ ਰਿਹਾ ਕਿ 'ਸੱਚਿਆ ਪਾਤਸ਼ਾਹ' ਜੇ ਧੀਆਂ ਦੇਣੀਆਂ ਨੇ ਤਾਂ ਹਾਕਮ ਸਿੰਘ ਵਰਗੇ ਬੰਦਿਆਂ ਦੇ ਘਰ ਦੇਹ। ਫਿਰ ਕੋਈ ਧੀ ਤੈਨੂੰ ਉਲਾਂਭਾਂ ਦੇਣ ਦਾ ਬਹਾਨਾ ਕਰ ਹੀ ਨਹੀਂ ਸਕਦੀ।

ਫਿਰ ਉਹ ਦਿਨ ਗਿਆ, ਮੈਂ ਹਾਕਮ ਸਿੰਘ ਨਾਲ ਨੇੜਤਾ ਕਰ ਲਈ। ਮੈਂ ਉਸ ਭਾਗਾਂਵਾਲੀ ਕੀਰਤਨ ਸਿੰਘ ਨੂੰ ਅੱਖੀਂ ਵਧਦੀ-ਫੁੱਲਦੀ ਵੇਖ ਕੇ ਬਾਗੋ-ਬਾਗ ਹੁੰਦਾ ਰਿਹਾ। ਘਰ ਵਿਚ ਵੀ ਉਹ ਮੁੰਡਿਆਂ ਵਾਲੇ ਕੱਪੜੇ ਪਾ ਕੇ ਰੱਖਦੀ, ਕਾਲਜ ਜਾਣ ਲੱਗੀ ਤਾਂ ਉਹਨੇ ਔਰਤਾਂ ਵਾਲੇ ਪਹਿਰਾਵੇ ਨੂੰ ਇਕ ਤਰ੍ਹਾਂ ਨਾਲ ਅਲਵਿਦਾ ਹੀ ਆਖ ਦਿੱਤੀ। ਡਲਹੌਜ਼ੀ ਪੜ੍ਹੀ ਤੇ ਫਿਰ ਦੇਹਰਾਦੂਨ ਪੜ੍ਹਨ ਚਲੀ ਗਈ।

ਤੇ ਫਿਰ? ਹਾਕਮ ਸਿੰਘ ਨਾਲੋਂ ਮੇਰਾ ਸੰਪਰਕ ਟੁੱਟ ਗਿਆ। ਮੈਂ ਦੇਸੋਂ ਪਰਦੇਸੀ ਹੋ ਗਿਆ। ਇਹ ਸਾਰੀ ਘਟਨਾ ਮੇਰੇ ਜ਼ਿਹਨ 'ਚੋਂ ਸੁਪਨੇ ਵਾਂਗ ਗੁਆਚ ਗਈ।

ਦੋ ਕੁ ਮਹੀਨੇ ਪਹਿਲਾਂ ਮੈਂ ਆਪਣੇ ਰਿਸ਼ਤੇਦਾਰ ਜਤਿੰਦਰ ਨੂੰ ਫੋਨ ਕੀਤਾ ਤਾਂ ਸੁੱਖ-ਸਾਂਦ ਉਪਰੰਤ ਉਹ ਕਹਿਣ ਲੱਗਾ 'ਉਹ ਮੁੱਛਾਂ ਵਾਲੇ ਹਾਕਮ ਸਿਹੁੰ ਦਾ ਵੀ ਕਦੇ ਫੋਨ ਆਇਐ?'

'ਨਾ, ਕਦੇ ਵੀ ਨਹੀਂ, ਮੈਂ ਵੀ ਨਹੀਂ ਕਰ ਸਕਿਆ। ਉਹਦਾ ਕਿਤੇ ਨੰਬਰ ਹੀ ਗੁਆਚ ਗਿਐ। ਕਿੱਦਾਂ ਉਹਨੇ ਕੀਰਤਨ ਸਿੰਘ ਵਿਆਹ ਲਈ?'

'ਕੀਰਤਨ ਦਾ ਤਾਂ ਵਿਚਾਰੀ ਦਾ ਕੀਰਤਨ ਸੋਹਲਾ ਪੜ੍ਹ ਹੋ ਗਿਐ ਮਿੱਤਰਾ।'

'ਕੀ ਗੱਲ ਹੋ ਗਈ?'

'ਏਨੀ ਬੁਰੀ ਤਰ੍ਹਾਂ ਉਹਦਾ ਕਤਲ ਹੋਇਆ ਕਿ ਵੇਖਿਆ ਨਹੀਂ ਜਾਂਦਾ ਸੀ।'

'ਕਿਵੇਂ?'

'ਵਿਚਾਰੀ ਦੀਆਂ ਗੋਡਿਆਂ ਤੋਂ ਹੇਠੋਂ ਲੱਤਾਂ ਵੱਢ ਦਿੱਤੀਆਂ ਸਨ। ਅੱਖਾਂ 'ਚ ਦਰਵਾਜ਼ਿਆਂ 'ਚ ਲੱਗਣ ਵਾਲੇ ਛੇ-ਛੇ ਇੰਚ ਵਾਲੇ ਕਿੱਲ ਠੋਕੇ ਹੋਏ ਸਨ। ਜੀਭ ਵਿਚਾਰੀ ਦੀ ਵਿਚਾਲਿਓਂ ਵੱਢੀ ਹੋਈ ਸੀ।'

'ਕਰਦੀ ਕੀ ਸੀ ਹੁਣ?'

'ਐਮ.ਬੀ.ਏ. ਕਰਕੇ ਹਟੀ ਸੀ।'

'ਫੇਰ?'

'ਜਿੰਨੀ ਆਪ ਸੋਹਣੀ ਸੀ, ਉਨੇ ਹੀ ਕਿਸੇ ਸੁਨੱਖੇ ਮੁੰਡੇ ਨਾਲ ਪਿਆਰ ਕਰ ਬੈਠੀ। ਕਤਲ ਤੋਂ ਹਫਤਾ ਕੁ ਪਹਿਲਾਂ ਹੀ ਦੋਹਾਂ ਨੇ ਲਾਵਾਂ ਲਈਆਂ ਸਨ।'

'ਐਂ ਤਾਂ ਦੱਸ ਵਿਚਾਰੀ ਮਾਰੀ ਕਿਉਂ?'

'ਬੰਦਾ ਹੱਥ ਤਾਂ ਚੁਬਾਰੇ ਨੂੰ ਲਾਉਣ ਲੱਗ ਪੈਂਦਾ ਏ ਤੇ ਗੋਤਾਂ-ਜਾਤਾਂ 'ਚ ਫਸ ਕੇ ਜੋਕ ਵਾਂਗ ਸੁੰਗੜ ਕੇ ਕੱਠਾ ਹੋਈ ਜਾਂਦੈ।'

'ਮੁੰਡਾ ਵਿਚਾਰਾ ਠੀਕ ਐ?'

'ਕਾਹਨੂੰ ਐਹੋ ਤਾਂ ਪੰਗਾ ਸੀ। ਪਹਿਲਾਂ ਮੁੰਡੇ ਦੇ ਮੂੰਹ 'ਚ ਕੱਪੜਾ ਤੁੰਨਿਆ ਤੇ ਫਿਰ ਉਹਦੇ ਸਾਹਮਣੇ ਪਹਿਲਾਂ ਕੁੜੀ ਵੱਢੀ ਤੇ ਫਿਰ ਉਹਦੇ ਟੁਕੜੇ ਕਰ'ਤੇ। ਕੀਰਤਨ ਤਾਂ ਸੀ ਕਾਰੂ ਬਾਦਸ਼ਾਹ ਦੀ ਕੁੜੀ ਤੇ ਉਹ ਸੀ ਵਿਚਾਰਾ ਸਿਵਲ ਹਸਪਤਾਲ 'ਚ ਕੰਮ ਕਰਦੇ ਸਫਾਈ ਸੇਵਕ ਚੁਰੰਜੀ ਲਾਲ ਦਾ ਮੁੰਡਾ ਨਰੇਸ਼ ਕੁਮਾਰ।'

'ਹੈ ਥੋਡੀ ਬੇੜੀ ਬਹਿ ਜੇ। ਏਡੀ ਸੁਨੱਖੀ ਭਾਗਾਂਵਾਲੀ ਭਾਗੋ ਕੀਰਤਨ ਜਿਹਦੀ ਲੋਹੜੀ ਵੰਡਣ ਦਾ ਵੀ ਸ਼ਾਇਦ ਵਿਸ਼ਵ ਰਿਕਾਰਡ ਬਣਿਆ ਸੀ। ਜਤਿੰਦਰ, ਇਹ ਕੂੰਜ ਕਾਂਵਾਂ 'ਚ ਘਿਰ ਕਿਵੇਂ ਗਈ? ਕਾਤਲ ਕੋਈ ਫੜ੍ਹਿਆ ਗਿਆ ਕਿ ਨਹੀਂ?'

'ਦੂਜੇ ਦਿਨ ਫੜ੍ਹ ਲਿਆ ਸੀ।'

'ਕੌਣ ਐ ਇਹ ਪਾਪੀ?'

'ਉਹੀ ਮੁੱਛਾਂ ਵਾਲਾ ਹਾਕਮ ਸਿੰਘ।'

'ਹੈਂ ਤੇਰਾ ਬਹਿ ਜਾਵੇ ਬੇੜਾ ਤੇਰਾ ਪਾਪੀਆ। ਤੂੰ ਤਾਂ ਆਹੰਦਾ ਸੀ ਸੋਨੇ ਦੀਆਂ ਕੁਰਸੀਆਂ 'ਤੇ ਬਿਠਾਊਂ? ਲੱਗ ਜੇ ਅੱਗ ਤੇਰੇ ਨੋਟਾਂ ਨੂੰ। ਕਰ'ਤੀਆਂ ਹੋਣੀਆਂ ਨੇ ਮੁੱਛਾਂ ਪੁਲਿਸ ਨੇ ਹੇਠਾਂ ਨੂੰ?'

'ਤਹਿਸੀਲਦਾਰ ਹੀ ਮਿਲਿਆ ਸੀ। ਆਹੰਦਾ ਜਦੋਂ ਪੁਲਿਸ ਕਚਹਿਰੀ ਪੇਸ਼ ਕਰਨ ਆਈ ਤਾਂ ਆਂਢ-ਗੁਆਂਢ ਨੂੰ ਮੁੱਛਾਂ ਨੂੰ ਵੱਟ ਦੇ ਕੇ ਦਸਦਾ ਸੀ, ਧੀ ਈ ਮਰੀ, ਹਾਕਮ ਸਿਹੁੰ ਦੀ ਅਣਖ ਤਾਂ ਨ੍ਹੀ ਗਈ।'

ਲਗਦਾ ਨਹੀਂ? ਇਨਕਲਾਬ ਜਿਥੋਂ ਸ਼ੁਰੂ ਹੋਇਆ ਸੀ, ਉਥੇ ਹੀ ਫੂਕਿਆ ਗਿਆ।

ਕਈ ਅਰਦਾਸਾਂ ਸੁਣ ਕੇ ਪਰਮਾਤਮਾ ਵੀ ਖਿੜ-ਖਿੜਾ ਕੇ ਹੱਸ ਪੈਂਦਾ ਹੋਣੈ।

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਜ਼ਮਾਨਾ ਬਦਲ ਗਿਆ ...

ਘਪਲੇ ਕਰਕੇ ਨਾਅਰੇ ਲਾਉਂਦੇ,
ਲੁੱਟ ਕੇ ਦੇਸ਼, ਧਮਾਲਾਂ ਪਾਉਂਦੇ,
ਜਿਨ੍ਹਾਂ ਦੇ ਹੱਥ ਕਮਾਨ
ਜ਼ਮਾਨਾ ਬਦਲ ਗਿਆ...
ਚੋਰਾਂ ਗਲ ਸਾਧਾਂ ਦਾ ਬਾਣਾ
ਠੇਕੇ ਨੇੜੇ ਬਣ ਗਿਆ ਠਾਣਾ
ਪੈਂਦੀ ਕਿਵੇਂ ਧਮਾਲ
ਜ਼ਮਾਨਾ ਬਦਲ ਗਿਆ...
ਬਾਪੂ ਨੂੰ ਪੁੱਤ ਘੂਰਨ ਲੱਗੇ
ਬੈਠ ਸਿਆਣੇ ਝੂਰਨ ਲੱਗੇ
ਕਿੱਦਾਂ ਨਿਕਲੂ ਜਾਨ
ਜ਼ਮਾਨਾ ਬਦਲ ਗਿਆ...
ਘਰ ਬਣੇ ਨੇ ਜੰਗ ਦੇ 'ਖਾੜੇ
ਨਕਲੀ ਵਹੁਟੀਆਂ, ਨਕਲੀ ਲਾੜੇ
ਨਕਲੀ ਸਾਜ਼-ਸਾਮਾਨ
ਜ਼ਮਾਨਾ ਬਦਲ ਗਿਆ...
ਜੀਜੇ ਦੇ ਨਾਲ ਭੱਜ'ਗੀ ਸਾਲੀ
ਛੇਕ ਨੀਂ ਕੀਤੇ, ਭੰਨ'ਤੀ ਥਾਲੀ
ਹੁਣ ਰਾਖਾ ਭਗਵਾਨ
ਜ਼ਮਾਨਾ ਬਦਲ ਗਿਆ...
ਖੋਟਾ ਪੈਸਾ ਬਣ ਗਿਆ ਬੰਦਾ
ਪੈਸੇ ਦੇ ਲਈ ਕਰਦਾ ਧੰਦਾ।
ਬੰਦਾ ਵੀ ਗਲਤਾਨ
ਜ਼ਮਾਨਾ ਬਦਲ ਗਿਆ...
ਹੁਣ ਨਸ਼ਿਆਂ ਨੂੰ ਦੱਬੀਏ ਕਿਥੇ
ਇਹ ਵੀ ਦੱਸੋ ਲੱਭੀਏ ਕਿਥੇ
ਦਾਰੇ ਜਹੇ ਭਲਵਾਨ
ਜ਼ਮਾਨਾ ਬਦਲ ਗਿਆ।

# ਸ਼੍ਰੋਮਣੀ ਕਮੇਟੀ ਚੋਣਾਂ:ਸਿੱਖਾਂ ਦਾ ਸੁਚੇਤ ਹੋਣਾ ਬਣਦਾ

**ਖਾਲਸਾ ਪੰਥ**

**ਬਲਵੰਤ ਸਿੰਘ ਖੇੜਾ**

ਸਿੱਖਾਂ ਦੀ ਸਿਰਮੌਰ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਸਰਗਰਮੀਆਂ ਸ਼ੁਰੂ ਹੋ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ (ਬ) ਤਾਂ ਇਸ ਸੰਸਥਾ ਦੇ ਸਿਰ 'ਤੇ ਹੀ ਸਿਆਸਤ ਕਰਦਾ ਆਇਆ ਹੈ। ਹੁਣ ਵੀ ਉਹ ਸਰਕਾਰੀ ਰਸੂਖ ਨਾਲ ਇਸ ਉੱਤੇ ਕਬਜ਼ਾ ਕਰਨਾ ਚਾਹੁੰਦਾ ਹੈ ਅਤੇ ਵਧ ਤੋਂ ਵਧ ਵੋਟਾਂ ਬਣਾਉਣ ਦਾ ਉਪਰਾਲਾ ਕਰ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸਿੱਖ ਦੀ ਜਿਹੜੀ ਪਰਿਭਾਸ਼ਾ ਰੱਖੀ ਹੈ, ਉਸ ਕਾਰਨ ਇਸ ਵਾਰ ਬਹੁਤ ਘੱਟ ਵੋਟਾਂ ਬਨਣਗੀਆਂ ਅਤੇ ਸਿੱਖਾਂ ਦੀ ਗਿਣਤੀ ਕਰੋੜਾਂ ਤੋਂ ਕੁਝ ਲੱਖ ਹੀ ਰਹਿ ਜਾਵੇਗੀ। ਅਕਾਲੀ ਦਲ ਦੀ ਸਰਪ੍ਰਸਤੀ ਹੇਠ ਚੱਲਣ ਵਾਲੀ ਪ੍ਰਬੰਧਕ ਕਮੇਟੀ ਦੇ ਸਮੇਂ ਦੌਰਾਨ ਗੁਰੂ-ਘਰਾਂ ਦੇ ਪ੍ਰਬੰਧ ਵਿਚ ਨਿਘਾਰ ਆਇਆ ਹੈ। ਇਸ ਸਬੰਧੀ ਸੰਗਤਾਂ ਵਿਚ ਚਰਚਾ ਹੁੰਦੀ ਰਹਿੰਦੀ ਹੈ। ਸਵਰਗੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਕਈ ਵਾਰ ਪ੍ਰਧਾਨ ਚੁਣੇ ਜਾਂਦੇ ਰਹੇ ਹਨ, ਜਿਵੇਂ ਕਿ ਉਨ੍ਹਾਂ ਤੋਂ ਬਿਨਾਂ ਪੰਥ ਵਿਚ ਹੋਰ ਕੋਈ ਚੰਗਾ ਪ੍ਰਬੰਧਕ ਹੀ ਪੈਦਾ ਨਹੀਂ ਸੀ ਹੋਇਆ। ਉਨ੍ਹਾਂ ਤੋਂ ਪਿੱਛੋਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਹੁਰਾਂ ਨੇ ਇਕ ਅਨੈਤਿਕ ਤੇ ਅਧਾਰਮਿਕ ਰੀਤ ਚਲਾਈ, ਜਿਸ ਰਾਹੀਂ ਹੁਣ ਇਸ ਸੰਸਥਾ ਦੇ ਪ੍ਰਧਾਨ ਲਿਫਾਫਿਆਂ ਵਿਚੋਂ ਨਿਕਲਦੇ ਹਨ। ਇਕ ਵਾਰ ਤਾਂ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਭੇਡਾਂ ਵਾਂਗ ਆਪਣੇ ਹਰਿਆਣਾ ਵਿਚਲੇ ਫਾਰਮ-ਹਾਊਸ ਵਿਚ ਛੁਪਾ ਕੇ ਰੱਖਿਆ ਅਤੇ ਵੋਟਾਂ ਪੈਣ ਸਮੇਂ ਹੀ ਸਮੁੰਦਰੀ ਹਾਲ ਵਿਖੇ ਲੈ ਕੇ ਆਏ। ਚੁਣੇ ਗਏ ਸ਼੍ਰੋਮਣੀ ਕਮੇਟੀ ਮੈਂਬਰਾਂ ਵਿਚੋਂ ਕਈ ਅਯੋਗ, ਭ੍ਰਿਸ਼ਟਾਚਾਰੀ, ਨਸ਼ਈ, ਖੁਦਗਰਜ਼ ਅਤੇ ਗੁਰਮਤਿ ਸਿਧਾਂਤ ਤੋਂ ਕੋਰੇ ਹਨ। ਇਨ੍ਹਾਂ ਵਿਚੋਂ ਕੁਝ ਤਾਂ ਡੇਰੇਦਾਰ ਬਾਬੇ ਬਣੇ ਹੋਏ ਹਨ। ਇਨ੍ਹਾਂ ਨੇਤਾਵਾਂ ਦੇ ਪਰਿਵਾਰਾਂ ਦੇ ਵਧੇਰੇ ਮੈਂਬਰ ਪਤਿਤ ਹਨ।

ਇਤਿਹਾਸਕ ਗੁਰਦੁਆਰਿਆਂ ਦੇ ਚੰਗੇਰੇ ਪ੍ਰਬੰਧ ਦਾ ਸੁਫ਼ਨਾ ਸਿੰਘ ਸਭਾ ਲਹਿਰ ਦੇ ਆਗੂਆਂ ਨੇ ਵੇਖਿਆ ਸੀ। ਉਨ੍ਹਾਂ ਨੇ ਭ੍ਰਿਸ਼ਟਾਚਾਰੀ ਮਹੰਤਾਂ, ਮਨਮਤ ਕਰਨ ਵਾਲੇ ਬਾਬਿਆਂ ਤੇ ਭ੍ਰਿਸ਼ਟਾਚਾਰ ਵਿਚ ਲਿੱਬੜੇ, ਅੰਗਰੇਜ਼ ਸਰਕਾਰ ਦੀ ਸਰਪ੍ਰਸਤੀ ਵਾਲੇ ਟੋਲੇ ਨੂੰ ਚਲਦਾ ਕਰਨ ਲਈ ਜਾਨ-ਹੂਲਵਾਂ ਸੰਘਰਸ਼ ਕੀਤਾ ਸੀ। ਇਸ ਧਰਮ ਯੁੱਧ ਵਿਚ ਹਜ਼ਾਰਾਂ ਸਿੰਘਾਂ ਨੇ ਜੇਲ੍ਹੀਂ ਜਾ ਕੇ ਅਤੇ ਤਰ੍ਹਾਂ-ਤਰ੍ਹਾਂ ਦੀਆਂ ਮੁਸੀਬਤਾਂ ਝੱਲ ਕੇ ਅਤੇ ਫਾਂਸੀ ਦੇ ਰੱਸਿਆਂ ਨੂੰ ਚੁੰਮ ਕੇ ਕੁਰਬਾਨੀਆਂ ਕੀਤੀਆਂ ਸਨ। ਗੁਰੂ-ਘਰਾਂ ਨੂੰ ਸੁਤੰਤਰ ਕਰਾਉਣ ਲਈ ਕਈ ਅਕਾਲੀ ਜਥੇ ਬਣ ਗਏ ਸਨ, ਜਿਨ੍ਹਾਂ ਨੂੰ ਇਕ ਪਲੇਟਫਾਰਮ 'ਤੇ ਲਿਆ ਕੇ 1920 ਦੇ ਲਾਗੇ ਸ਼੍ਰੋਮਣੀ ਅਕਾਲੀ ਦਲ ਬਣਾਇਆ ਗਿਆ ਸੀ। ਇਨ੍ਹਾਂ ਕੁਰਬਾਨੀਆਂ ਸਦਕਾ ਹੀ 1 ਨਵੰਬਰ 1925 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਸੀ। ਇਸ ਲਹਿਰ ਨੇ ਕੁਰਬਾਨੀ ਵਾਲੇ ਹਜ਼ਾਰਾਂ ਸਿੱਖਾਂ ਤੇ ਸੈਂਕੜੇ ਚੰਗੇ ਚਾਲ-ਚਲਣ ਵਾਲੇ ਗੁਰਸਿੱਖ ਆਗੂਆਂ ਨੂੰ ਪੈਦਾ ਕੀਤਾ। ਇਸ ਲਹਿਰ ਦੇ ਮੋਢੀਆਂ ਦੇ ਕਿਰਦਾਰ 'ਤੇ ਅਸੀਂ ਫ਼ਖ਼ਰ ਕਰ ਸਕਦੇ ਹਾਂ। ਪਿਛਲੇ ਕੁਝ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਪੰਥਕ ਏਜੰਡੇ ਅਤੇ ਪੰਥਕ ਸੱਭਿਆਚਾਰ ਨੂੰ ਤਿਲਾਂਜਲੀ ਦੇ ਗਿਆ ਹੈ।



ਇਸ ਪਾਰਟੀ ਨੇ ਆਪਣਾ ਜਿਹੜਾ ਸੰਵਿਧਾਨ ਭਾਰਤ ਦੇ ਚੋਣ ਕਮਿਸ਼ਨ ਨੂੰ ਭੇਜਿਆ ਹੈ, ਉਹ ਆਪਣੀ ਕਾਰਜਕਾਰਨੀ ਜਾਂ ਜਨਰਲ ਹਾਊਸ ਤੋਂ ਵੀ ਪ੍ਰਵਾਨ ਨਹੀਂ ਸੀ ਕਰਵਾਇਆ। ਇਸੇ ਕਾਰਨ ਇਹ ਪਾਰਟੀ ਮੁਕੱਦਮਿਆਂ ਤੇ ਵਿਵਾਦਾਂ ਵਿਚ ਫਸੀ ਹੋਈ ਹੈ। ਇਹ ਬੇਸ਼ੱਕ ਪੰਜਾਬੀ ਭਾਸ਼ਾ ਨੂੰ ਲਾਗੂ ਕਰਾਉਣ ਦੀਆਂ ਟਾਹਰਾਂ ਮਾਰਦੀ ਰਹੀ ਹੈ, ਪਰ ਇਸ ਦਾ ਆਪਣਾ ਵਿਧਾਨ ਪੰਜਾਬੀ ਵਿਚ ਉਪਲਬਧ ਨਹੀਂ ਹੈ। ਇਸ ਨੇ ਆਪਣਾ ਪੰਥਕ ਮੁਖੌਟਾ ਲਾਹ ਦਿੱਤਾ ਹੈ ਅਤੇ ਇਸ ਦੇ ਬਹੁਤੇ ਅਹੁਦੇਦਾਰ ਮੋਨੇ-ਘੋਨੇ ਹਨ। ਇਸ ਲਈ ਇਸ ਨੂੰ ਮੋਨਾ ਅਕਾਲੀ ਦਲ ਵੀ ਆਖਿਆ ਜਾ ਸਕਦਾ ਹੈ। ਇਹ ਪਾਰਟੀ ਦੂਜੀਆਂ ਰਾਜਸੀ ਪਾਰਟੀਆਂ, ਅਰਥਾਤ ਕਾਂਗਰਸ, ਭਾਰਤੀ ਜਨਤਾ ਪਾਰਟੀ, ਬਹੁਜਨ ਸਮਾਜ ਪਾਰਟੀ, ਆਦਿ ਵਾਂਗ ਭ੍ਰਿਸ਼ਟਾਚਾਰ, ਹੇਰਾਫੇਰੀ, ਦੋਗਲੇਪਣ ਅਤੇ ਖਾਨਦਾਨੀ ਨੇਤਾਵਾਂ ਨੂੰ ਉਤਸ਼ਾਹਿਤ ਕਰ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਹਰ ਜਾਇਜ਼-ਨਜਾਇਜ਼ ਢੰਗ ਨਾਲ ਗੁਰੂ-ਘਰਾਂ ਦੀਆਂ 300 ਕਰੋੜ ਰੁਪਏ ਦੀਆਂ ਗੋਲਕਾਂ 'ਤੇ ਕਬਜ਼ਾ ਕਾਇਮ ਰੱਖਣਾ ਚਾਹੁੰਦਾ ਹੈ, ਇਸ ਨਾਲ ਉਸ ਨੂੰ ਜਿੱਥੇ ਬੇਤਹਾਸ਼ਾ ਫੰਡ ਮਿਲ ਜਾਂਦੇ ਹਨ, ਉਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਹਜ਼ਾਰਾਂ ਮੁਲਾਜ਼ਮ ਤੇ ਟਾਸਕ ਫੋਰਸ ਦੇ ਮੈਂਬਰ ਆਪਣੀਆਂ ਸਰਗਰਮੀਆਂ ਵਾਸਤੇ ਵਰਤਣ ਲਈ ਮਿਲ ਜਾਂਦੇ ਹਨ। ਅਕਾਲੀ ਦਲ ਵਿਚੋਂ ਹੋਰ ਵੀ ਕਈ ਧੜੇ ਨਿਕਲ ਕੇ ਇਸ ਲੁੱਟ ਦੀ ਲੜਾਈ ਵਿਚ ਆਪਣਾ ਬਣਦਾ ਹਿੱਸਾ ਵੰਡਾਉਣ ਲਈ ਕਾਹਲੇ ਹਨ। ਇਨ੍ਹਾਂ ਨਵੇਂ ਬਣੇ ਧੜਿਆਂ ਵਿਚ ਕਈ ਗੁਰਮੁਖ ਸਿਆਣੇ ਤੇ ਸੱਚੇ-ਸੁੱਚੇ ਆਗੂ ਵੀ ਹਨ, ਪਰ ਉਹ ਅਕਾਲੀ ਦਲ ਵਿਚ ਲੰਮਾ ਸਮਾਂ ਕਿਵੇਂ ਗੁਜ਼ਾਰ ਕੇ ਆਏ ਹਨ, ਉਨ੍ਹਾਂ ਤੋਂ ਪੁੱਛਿਆ ਜਾ ਸਕਦਾ ਹੈ।

ਅਕਾਲੀ ਦਲ ਦੇ ਵੱਖ-ਵੱਖ ਰੰਗਾਂ ਦੇ ਆਗੂਆਂ ਦੇ ਬਿਆਨਾਂ ਨੂੰ ਅਖ਼ਬਾਰਾਂ ਵਿਚ ਪੜ੍ਹ ਕੇ ਸੰਗਤ ਭੰਬਲਭੂਸੇ ਵਿਚ ਪਈ ਹੋਈ ਹੈ। ਇਸ ਗੁੰਝਲਦਾਰ ਹਾਲਤ ਵਿਚੋਂ ਕਿਵੇਂ ਨਿਕਲਿਆ ਜਾਵੇ? ਮੈਂ ਇਸ ਸੰਬੰਧੀ ਕੁਝ ਸੁਝਾਅ ਦੇਣ ਜਾ ਰਿਹਾ ਹਾਂ, ਜਿਸ ਅਨੁਸਾਰ ਹਰ ਹਲਕੇ ਦੀ ਸੰਗਤ ਵਲੋਂ ਕਿਸੇ ਕੇਂਦਰੀ ਗੁਰੂ-ਘਰ ਵਿਚ ਇਕੱਠ ਕਰ ਕੇ ਸਰਬ-ਸੰਮਤੀ ਨਾਲ ਸਾਂਝੇ ਉਮੀਦਵਾਰ ਖੜ੍ਹੇ ਕਰਨ ਦਾ ਉਪਰਾਲਾ ਹੋਣਾ ਚਾਹੀਦਾ ਹੈ ਤਾਂ ਜੁ ਇਹ ਮਹਾਨ ਸੰਸਥਾ ਲੁਟੇਰਿਆਂ ਤੋਂ ਬਚਾਈ ਜਾ ਸਕੇ। ਗੁਰਦੁਆਰਾ ਚੋਣ ਕਮਿਸ਼ਨ ਨੂੰ ਵੀ ਕਿਸੇ ਸਿਆਸੀ, ਧਾਰਮਿਕ ਜਾਂ ਸਮਾਜਿਕ ਸੰਗਠਨ ਨੂੰ ਚੋਣ ਨਿਸ਼ਾਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤਾਂ ਜੁ ਸਿੱਖ ਸੰਗਤ ਚੰਗੇ ਕਿਰਦਾਰ ਵਾਲੇ ਆਜ਼ਾਦ ਉਮੀਦਵਾਰਾਂ ਨੂੰ ਇਸ ਪਵਿੱਤਰ ਸੰਸਥਾ ਦੇ ਪ੍ਰਬੰਧਕਾਂ ਵਜੋਂ ਭੇਜ ਸਕੇ।

ਸ਼੍ਰੋਮਣੀ ਕਮੇਟੀ ਸਿੱਖਾਂ ਦੀ ਸਰਬ ਉੱਚ ਸੰਸਥਾ ਹੈ ਤੇ ਉਸ ਦੇ ਪ੍ਰਬੰਧ ਲਈ ਕੇਵਲ ਗੁਰਸਿੱਖ ਤੇ ਸੇਵਾ ਭਾਵਨਾ ਵਾਲੇ ਹੀ ਮੈਂਬਰ ਚੁਣੇ ਜਾਣੇ ਚਾਹੀਦੇ ਹਨ। ਹਲਕਾਵਾਰ ਬੈਠਕਾਂ ਵਿਚ ਯੋਗ ਉਮੀਦਵਾਰਾਂ ਦੀ ਚੋਣ ਨਿਮਨ-ਲਿਖਤ ਕਸੌਟੀ 'ਤੇ ਪਰਖ ਕੇ ਹੀ ਹੋਣੀ ਚਾਹੀਦੀ ਹੈ। ਕਿਸੇ ਉਮੀਦਵਾਰ ਤੋਂ ਪ੍ਰਾਰਥਨਾ-ਪੱਤਰ ਨਹੀਂ ਲੈਣਾ ਚਾਹੀਦਾ ਅਤੇ ਨਾ ਹੀ ਜਿਹੜਾ ਉਮੀਦਵਾਰ ਆਪ ਹੀ ਉਮੀਦਵਾਰ ਬਣਨ ਦਾ ਚਾਹਵਾਨ ਹੈ, ਉਸ ਨੂੰ ਉਮੀਦਵਾਰ ਬਣਾਇਆ ਜਾਵੇ, ਕਿਉਂਕਿ ਸੇਵਾ ਦੇ ਕੰਮ ਲਈ ਦਰਖਾਸਤਾਂ ਮੰਗਣੀਆਂ ਉਚਿਤ ਨਹੀਂ ਹਨ, ਸਗੋਂ ਸੰਗਤ ਨੂੰ ਫੈਸਲਾ ਲੈਣਾ ਚਾਹੀਦਾ ਹੈ ਕਿ ਉਸ ਨੇ ਕਿਸ ਤੋਂ ਸੇਵਾ ਲੈਣੀ ਹੈ ਅਤੇ ਕੀ ਉਹ ਸੱਜਣ ਇਸ ਕਸੌਟੀ 'ਤੇ ਪੂਰਾ ਵੀ ਉੱਤਰਦਾ ਹੈ।

1. ਕੋਈ ਵੀ ਉਮੀਦਵਾਰ ਕਿਸੇ ਰਾਜਸੀ ਪਾਰਟੀ ਦਾ ਕਾਰਕੁਨ ਨਹੀਂ ਹੋਣਾ ਚਾਹੀਦਾ।

2. ਹਰ ਉਮੀਦਵਾਰ ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਤ ਰਹਿਤ ਮਰਿਆਦਾ ਮੁਤਾਬਕ ਜੀਵਨ ਬਿਤਾਉਣ ਵਾਲਾ ਹੋਣਾ ਚਾਹੀਦਾ ਹੈ।

3. ਉਸ ਦਾ ਪਰਿਵਾਰ ਧਰਮ ਦੀ ਕਿਰਤ ਕਰ ਕੇ ਆਪਣਾ ਨਿਰਬਾਹ ਕਰਨ ਵਾਲਾ ਹੋਣਾ ਚਾਹੀਦਾ ਹੈ ਅਤੇ ਆਪਣੀ ਕਮਾਈ ਵਿਚੋਂ ਪਿਛਲੇ ਸਮੇਂ ਦੌਰਾਨ ਦਸਵੰਧ ਕੱਢਦਾ ਰਿਹਾ ਹੋਣਾ ਚਾਹੀਦਾ ਹੈ।

4. ਉਸ ਦੀ ਸਿੱਖਿਆ ਘੱਟੋ-ਘੱਟ ਦਸਵੀਂ ਪਾਸ ਹੋਣੀ ਚਾਹੀਦੀ ਹੈ।

5. ਉਸ ਦਾ ਪਿਛੋਕੜ ਅਪਰਾਧਿਕ ਬਿਲਕੁੱਲ ਨਹੀਂ ਹੋਣਾ ਚਾਹੀਦਾ।

6. ਉਸ ਦਾ ਸਮਾਜ ਸੇਵਾ ਜਾਂ ਗੁਰੂ ਘਰਾਂ ਦੀ ਸੇਵਾ ਦਾ ਰਿਕਾਰਡ ਵੀ ਜਾਂਚਣਾ ਚਾਹੀਦਾ ਹੈ।

7 ਉਹ ਲਾਲਚ ਤੇ ਦਬਾਅ ਥੱਲੇ ਆਉਣ ਵਾਲਾ ਨਹੀਂ ਹੋਣਾ ਚਾਹੀਦਾ।

ਇਸ ਪ੍ਰਕਾਰ ਸੰਗਤ ਉਮੀਦਵਾਰਾਂ ਨੂੰ ਪਰਖੇਗੀ। ਇਹ ਸੰਗਤ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇਨ੍ਹਾਂ ਦੀ ਸਫਲਤਾ ਲਈ ਰਾਤ ਦਿਨ ਇਕ ਕਰ ਦੇਵੇ ਅਤੇ ਉਸ ਨੂੰ ਚੋਣ ਜਿੱਤਣ ਲਈ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਨਾ ਹੋਣਾ ਪਵੇ। ਆਮ ਚੋਣਾਂ ਵਾਂਗ ਰਾਜਸੀ ਪਾਰਟੀਆਂ ਨੇ ਇਸ ਚੋਣ ਨੂੰ ਵੀ ਭ੍ਰਿਸ਼ਟ ਬਣਾ ਦਿੱਤਾ ਹੈ। ਉਹ ਕਾਲੇ ਧਨ ਦਾ ਕਰੋੜਾਂ ਰੁਪਿਆ ਖਰਚ ਕੇ ਲੋਕਾਂ ਨੂੰ ਮੂਰਖ ਬਣਾਉਂਦੀਆਂ ਹਨ। ਇਨ੍ਹਾਂ ਚੋਣਾਂ ਵਿਚ ਸੰਗਤ ਨੂੰ ਇਸ ਪ੍ਰਕਾਰ ਚੋਣ ਮੁਹਿੰਮ ਚਲਾਉਣ ਵਾਲੇ ਉਮੀਦਵਾਰਾਂ ਨੂੰ ਘੇਰ ਕੇ ਪ੍ਰਸ਼ਨ ਕਰਨੇ ਚਾਹੀਦੇ ਹਨ ਕਿ ਉਨ੍ਹਾਂ ਨੇ ਪਿਛਲੇ ਸਮੇਂ ਦੌਰਾਨ ਸੰਗਤ ਦਾ ਕੀ ਸੰਵਾਰਿਆ ਹੈ ਤੇ ਅੱਗੋਂ ਕੀ ਸੰਵਾਰਨ ਜਾ ਰਹੇ ਹਨ।

ਪਿਛਲੇ ਮੈਂਬਰਾਂ ਦੀ ਕਾਰਗੁਜ਼ਾਰੀ ਦਾ ਵੀ ਸੰਗਤਾਂ ਨੂੰ ਜਾਇਜ਼ਾ ਲੈਣ ਦਾ ਪੂਰਾ ਹੱਕ ਹੈ। ਉਨ੍ਹਾਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਗੁਰਦੁਆਰਾ ਪ੍ਰਬੰਧ ਵਿਚ ਪਿਛਲੇ ਸਮੇਂ ਦੇ ਵਿਗਾੜਾਂ ਲਈ ਕੌਣ ਜ਼ਿੰਮੇਵਾਰ ਹੈ? ਉਨ੍ਹਾਂ ਨੇ ਇਸ ਦੇ ਸੁਧਾਰ ਲਈ ਕੀ-ਕੀ ਉਪਰਾਲੇ ਕੀਤੇ ਹਨ? ਉਨ੍ਹਾਂ ਵਲੋਂ ਕਮੇਟੀ ਦੀਆਂ ਬੈਠਕਾਂ ਵਿਚ ਕਿੰਨੀ ਵਾਰ ਭਾਗ ਲਿਆ ਗਿਆ ਜਾਂ ਪ੍ਰਸ਼ਨ ਉਠਾਏ ਗਏ? ਇਸ ਪ੍ਰਕਾਰ ਇਹ ਇਕ ਉਸਾਰੂ ਲਹਿਰ ਵਜੋਂ ਸੰਗਤ ਨੂੰ ਸੱਚ ਤੋਂ ਜਾਣੂ ਕਰਾਉਣ ਅਤੇ ਗੁਰਦੁਆਰਾ ਪ੍ਰਬੰਧ ਨੂੰ ਠੀਕ ਲੀਹੇ ਪਾਉਣ ਵਿਚ ਸਫਲ ਹੋਵੇਗੀ। ਇਸ ਸਬੰਧੀ ਹਲਕਾਵਾਰ/ਜ਼ਿਲ੍ਹਾਵਾਰ ਵਿਚਾਰ ਗੋਸ਼ਟੀਆਂ ਦਾ ਪ੍ਰਬੰਧ ਕਰਕੇ ਗੁਰੂ ਨਾਨਕ ਤੇ ਦਸਮੇਸ਼ ਪਾਤਸ਼ਾਹ ਦੇ ਉੱਚੇ ਤੇ ਸੁੱਚੇ ਫਲਸਫੇ ਨੂੰ ਬਚਾਇਆ ਜਾ ਸਕਦਾ ਹੈ।

# ਵਿਦੇਸ਼ੀ ਗੁਰਦੁਆਰਿਆਂ ਸਬੰਧੀ ਕੁਝ ਅੱਖੀਂ ਡਿੱਠੇ, ਕੰਨੀਂ ਸੁਣੇ ਪੱਖ

**–ਪਰਮਜੀਤ ਕੌਰ ਸਰਹਿੰਦ**

ਇੰਗਲੈਂਡ ਦੇ ਕਿਸੇ ਵੀ ਸ਼ਹਿਰ 'ਚ ਕਿਸੇ ਗੁਰਦੁਆਰਾ ਸਾਹਿਬ ਜਾਓ ਤਾਂ ਲਗਦਾ ਹੈ ਜਿਵੇਂ ਅਸੀਂ ਪੰਜਾਬ ਵਿਚ ਹੀ ਬੈਠੇ ਹਾਂ। ਸਿੱਖ ਸਰਦਾਰਾਂ, ਬੀਬੀਆਂ ਭੈਣਾਂ ਤੇ 'ਵਲਾਇਤੀ ਪੰਜਾਬੀਆਂ' ਦਾ ਖਾਸ ਕਰ ਐਤਵਾਰ ਨੂੰ ਬੜਾ ਇਕੱਠ ਹੁੰਦਾ ਹੈ। ਆਮ ਦਿਨਾਂ ਵਿਚ ਵੀ ਇਹ ਆਵਾਜਾਈ ਲੱਗੀ ਰਹਿੰਦੀ ਹੈ।

ਪਿਛਲੇ ਦਿਨੀਂ ਸਾਨੂੰ ਬਰਮਿੰਘਮ (ਇੰਗਲੈਂਡ) ਜਾਣ ਦਾ ਮੌਕਾ ਮਿਲਿਆ। ਅਸੀਂ ਕਈ ਇਤਿਹਾਸਕ ਥਾਵਾਂ ਤੋਂ ਬਿਨਾਂ ਕਈ ਗੁਰਦੁਆਰਿਆਂ ਦੇ ਦਰਸ਼ਨ ਵੀ ਕੀਤੇ, ਜਿਨ੍ਹਾਂ ਨੇ ਮੈਨੂੰ ਪ੍ਰਭਾਵਿਤ ਕੀਤਾ। ਬੇਸ਼ੱਕ ਅਜੋਕੇ ਸਮੇਂ ਆਪਣੇ ਦੇਸ਼, ਵਿਸ਼ੇਸ਼ ਤੌਰ 'ਤੇ ਪੰਜਾਬ ਵਿਚ ਵੀ ਗੁਰੂਘਰਾਂ ਵਿਚ, ਇੱਕਾ-ਦੁੱਕਾ ਨੂੰ ਛੱਡ ਕੇ, ਲੰਗਰ ਦਾ ਪ੍ਰਬੰਧ ਬਹੁਤ ਵਧੀਆ ਹੈ, ਪਰ ਜੋ ਖੂਬੀਆਂ, ਸਫਾਈ ਅਤੇ ਸੁਚੱਜਾ ਪ੍ਰਬੰਧ ਵਿਦੇਸ਼ ਦੇ ਲੰਗਰਾਂ ਵਿਚ ਦੇਖਿਆ ਉਹ ਸ਼ਲਾਘਾਯੋਗ ਹੈ। ਗੁਰਦੁਆਰਾ ਸਾਹਿਬ ਵਿਚ ਸਾਫ-ਸੁਥਰੇ ਕਾਰਪੈਟ, ਲੰਗਰ ਦੇ ਲਿਸ਼-ਲਿਸ਼ ਕਰਦੇ ਫਰਸ਼, ਨਾ ਦਾਗ, ਨਾ ਧੱਬਾ। ਝੂਠੇ ਬਰਤਨ ਧੋਣ ਤੇ ਫਿਰ ਰੱਖਣ ਦੀਆਂ ਆਧੁਨਿਕ ਸੁੱਖ-ਸਹੂਲਤਾਂ। ਲੰਗਰਾਂ ਵਿਚ ਜ਼ਿਆਦਾਤਰ ਸੰਗਤ ਤੇ ਪੰਗਤ ਦੀ ਪ੍ਰਥਾ ਹੀ ਹੈ, ਪਰ ਕਿਤੇ-ਕਿਤੇ ਮੇਜ਼, ਕੁਰਸੀ ਵਾਲੇ ਵੀ ਲੰਗਰ ਸਨ। ਪੰਗਤ ਲਈ ਸਾਫ-ਸੋਹਣੇ ਤੱਪੜ ਵਿਛੇ ਹੁੰਦੇ ਨੇ, ਪਰ ਬਿਰਧਾਂ ਅਤੇ ਨਿੱਕੇ ਬੱਚਿਆਂ ਦੀਆਂ ਮਾਵਾਂ ਲਈ ਇਕ ਪਾਸੇ ਮੇਜ਼, ਕੁਰਸੀ ਦੀ ਸਹੂਲਤ ਵੀ ਹੁੰਦੀ ਹੈ। ਲੰਗਰ ਵਿਚ ਚਾਹ ਸਾਰਾ ਦਿਨ ਚਲਦੀ ਹੈ, ਜਿਸ ਨਾਲ ਆਮ ਤੌਰ 'ਤੇ ਵੇਸਣ ਦੀ ਬਰਫੀ, ਲੱਡੂ ਅਤੇ ਜਲੇਬੀ ਵਰਤਾਈ ਜਾਂਦੀ ਹੈ, ਵਿਸ਼ੇਸ਼ ਮੌਕੇ ਮਿਠਾਈ ਤੋਂ ਬਗੈਰ ਸਮੋਸੇ, ਸਪਰਿੰਗ ਰੋਲ, ਪਕੌੜੇ ਤੇ ਆਲੂ ਦੇ ਚਿਪਸ ਬੀਨਜ਼ ਨਾਲ ਪਰੋਸੇ ਜਾਂਦੇ ਹਨ।

ਗੁਰਦੁਆਰਾ ਸਾਹਿਬ ਮੱਥਾ ਟੇਕਣ ਗਿਆ ਹਰ ਸ਼ਰਧਾਲੂ ਲੰਗਰ ਜ਼ਰੂਰ ਛਕ ਕੇ ਆਉਂਦਾ ਹੈ, ਇਹ ਉਥੇ ਰਵਾਇਤ ਜਿਹੀ ਹੀ ਬਣੀ ਹੋਈ ਹੈ। ਲੰਗਰ ਵਿਚ ਮੱਕੀ ਤੇ ਕਣਕ ਦੇ ਗਰਮਾ-ਗਰਮ ਪ੍ਰਸ਼ਾਦੇ ਇੱਛਾ ਅਨੁਸਾਰ ਲਏ ਜਾਂਦੇ ਹਨ। ਘੱਟੋ-ਘੱਟ ਦੋ-ਤਿੰਨ ਸਬਜ਼ੀਆਂ ਤੇ ਇਕ ਦਾਲ ਬਣੀ ਹੁੰਦੀ ਹੈ ਅਤੇ ਹਫਤੇ ਵਿਚ ਇਕ ਦਿਨ ਕੜ੍ਹੀ ਵੀ ਬਣਦੀ ਹੈ। ਚੌਲ ਨਮਕੀਨ, ਮਿੱਠੇ ਜਾਂ ਫਿੱਕੇ ਲੰਗਰ 'ਚ ਜ਼ਰੂਰ ਵਰਤਦੇ ਹਨ। ਦੋਵੇਂ ਵੇਲੇ ਲੰਗਰ ਸਮੇਂ ਖੀਰ ਜਾਂ ਸੇਵੀਆਂ ਵੀ ਬਣਦੀਆਂ ਹਨ। ਦਿਨੇ ਰੋਜ਼ਾਨਾ ਆਉਣ ਵਾਲੇ ਸ਼ਰਧਾਲੂ ਲੰਗਰ ਪਰੋਸਣ ਦੀ ਸੇਵਾ ਵੀ ਕਰਦੇ ਹਨ ਤੇ ਬਰਤਨ ਧੋਣ ਦੀ ਵੀ, ਲੋੜ ਵੇਲੇ ਲੰਗਰ ਪਕਾਉਣ ਦੀ ਮਦਦ ਵੀ ਕਰਦੇ ਹਨ। ਬਰਤਨਾਂ ਲਈ ਤੇ ਹੱਥ ਧੋਣ ਲਈ ਗਰਮ ਤੇ ਠੰਢੇ ਪਾਣੀ ਦੀਆਂ ਸਹੂਲਤਾਂ ਵੀ ਹਨ। ਜ਼ਿਕਰਯੋਗ ਹੈ ਕਿ ਵਿਦੇਸ਼ੀ ਲੋਕ ਖਾਣੇ ਨਾਲ ਪਾਣੀ ਬਹੁਤ ਘੱਟ ਪੀਂਦੇ ਹਨ, ਉਹ 'ਕੋਲਡ ਡਰਿੰਕ' ਜਾਂ 'ਜੂਸ' ਹੀ ਪੀਂਦੇ ਹਨ, ਇਸ ਲਈ ਲੰਗਰ ਵਿਚ ਕਈ ਤਰ੍ਹਾਂ ਦੇ ਪੀਣ ਵਾਲੇ ਪਦਾਰਥ ਰੱਖੇ ਹੁੰਦੇ ਹਨ, ਜੋ ਕੋਈ ਚਾਹੇ ਲੈ ਸਕਦਾ ਹੈ। ਲੰਗਰ ਵਿਚ ਸਲਾਦ ਅਤੇ ਦਹੀਂ ਵੀ ਜ਼ਰੂਰ ਵਰਤਾਇਆ ਜਾਂਦਾ ਹੈ। ਇਕ ਗੱਲ ਦੇਖਣ ਵਿਚ ਆਈ ਹੈ ਕਿ ਤਕਰੀਬਨ ਹਰ ਲੰਗਰ ਵਿਚ ਆਲੂ ਬੈਂਗਣ ਦੀ ਸਵਾਦਿਸ਼ਟ ਸਬਜ਼ੀ ਜ਼ਰੂਰ ਬਣੀ ਹੁੰਦੀ ਹੈ ਤੇ ਕਈ ਵਾਰ ਮਈ-ਜੂਨ ਦੇ ਮਹੀਨੇ ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਵੀ ਪੰਜਾਬ ਦੀ ਯਾਦ ਤਾਜ਼ਾ ਕਰਵਾ ਦਿੰਦੀ ਹੈ। ਕੁੱਲ ਮਿਲਾ ਕੇ ਮਨ ਬੜਾ ਖੁਸ਼ ਹੋਇਆ। ਬਾਣੀ ਦਾ ਪ੍ਰਵਾਹ ਸਾਰਾ ਦਿਨ ਚਲਦਾ ਤੇ ਸਵੇਰੇ-ਸ਼ਾਮ ਨਿੱਤਨੇਮ ਦੀਆਂ ਬਾਣੀਆਂ ਪੜ੍ਹੀਆਂ ਜਾਂਦੀਆਂ ਨੇ। ਕੀਰਤਨੀਏ ਸਿੰਘ ਸੰਗਤ ਨੂੰ ਬੰਨ੍ਹ ਕੇ ਬਿਠਾ ਲੈਣ ਦੀ ਸਮਰੱਥਾ ਰੱਖਦੇ ਹਨ। ਸ਼ਰਧਾਵਾਨ ਸੰਗਤ ਵੀ ਹੈ ਕੇਵਲ ਲੰਗਰ ਛਕਣ ਵਾਲੇ ਹੀ ਨਹੀਂ, ਅੰਮ੍ਰਿਤ ਬਾਣੀ ਦੇ ਪਿਆਸੇ ਵੀ ਹਨ। ਹਫਤੇ 'ਚ ਇਕ ਦਿਨ 'ਸੁਖਮਨੀ ਸਾਹਿਬ' ਦਾ ਪਾਠ ਵੀ ਹੁੰਦਾ ਹੈ।

ਵਿਦੇਸ਼ 'ਚ ਆਪਣੇ ਧਰਮ ਅਤੇ ਵਿਰਸੇ ਦੀ ਪ੍ਰਫੁੱਲਤਾ ਦੇਖ-ਸੁਣ ਕੇ ਮੈਂ ਬਹੁਤ ਖੁਸ਼ੀ ਮਹਿਸੂਸ ਕਰ ਰਹੀ ਸਾਂ, ਪਰ ਇਹ ਖੁਸ਼ੀ ਛੇਤੀ ਹੀ ਕਿਰਕਿਰੀ ਹੋ ਗਈ। ਉੱਥੋਂ ਦੇ ਚਰਚਿਤ ਮੈਗਜ਼ੀਨ 'ਸਾਹਿਬ' ਦੇ ਸੰਪਾਦਕ ਰਣਜੀਤ ਸਿੰਘ ਰਾਣਾ ਨੂੰ ਪ੍ਰਸਿੱਧ ਪੰਜਾਬੀ ਲੇਖਕ ਸ਼ਿਵਚਰਨ ਜੱਗੀ ਕੁੱਸਾ ਨੇ ਮੇਰੇ ਬਾਰੇ ਦੱਸਿਆ। ਜੱਗੀ ਕੁੱਸਾ ਨਾਲ ਮੇਰਾ ਫੋਨ 'ਤੇ ਸੰਪਰਕ ਰਹਿੰਦਾ ਸੀ। ਰਾਣਾ ਜੀ ਘਰ ਆਏ ਤੇ ਮੈਨੂੰ ਟੀ.ਵੀ. ਦੇ 'ਸਿੱਖ ਚੈਨਲ' 'ਤੇ ਰੂ-ਬ-ਰੂ ਪ੍ਰੋਗਰਾਮ ਲਈ ਸੱਦਾ ਦਿੱਤਾ। ਦੋ ਵਾਰ 'ਸਰਹਿੰਦ' ਅਤੇ 'ਬਾਬਾ ਬੰਦਾ ਬਹਾਦਰ' ਬਾਰੇ ਵਿਚਾਰ ਚਰਚਾ ਹੋਈ ਤੇ ਤੀਜੀ ਵਾਰ 'ਇਤਿਹਾਸ ਵਿਚ ਸਿੱਖ ਬੀਬੀਆਂ ਦਾ ਯੋਗਦਾਨ' ਦਾ ਵਿਸ਼ਾ ਰੱਖਿਆ। ਇਸ ਪ੍ਰੋਗਰਾਮ ਸਦਕਾ ਉਥੋਂ ਦੇ ਬਹੁਤ ਸਾਰੇ ਸਾਹਿਤਕ, ਧਾਰਮਿਕ ਤੇ ਆਮ ਪੰਜਾਬੀਆਂ ਨਾਲ ਵਾਹ ਪਿਆ। ਕੁਝ ਸੱਜਣ ਘਰ ਮਿਲਣ ਆਏ ਤੇ ਉਨ੍ਹਾਂ ਦੱਸਿਆ ਕਿ 'ਇਥੇ ਗੁਰਦੁਆਰਿਆਂ ਵਿਚ ਪ੍ਰਬੰਧਕ ਕਮੇਟੀ ਦਾ ਹੀ ਰਾਜ ਚਲਦਾ ਹੈ, ਅੰਦਰਖਾਤੇ ਰਾਗੀ ਜਾਂ ਗ੍ਰੰਥੀ ਸਿੰਘਾਂ ਦਾ ਕੋਈ ਆਦਰ ਨਹੀਂ ਹੈ, ਆਦਿ।' ਇਕ ਦੋ ਤੋਂ ਸੁਣ ਕੇ ਤਾਂ ਮੈਂ ਯਕੀਨ ਹੀ ਨਾ ਕੀਤਾ, ਪਰ ਜਦੋਂ ਹੋਰ ਬਹੁਤ ਸਾਰਿਆਂ ਨੇ ਇਹੋ ਕੁਝ ਦੱਸਿਆ ਤਾਂ ਸੁਣ ਕੇ ਮਨ ਨੂੰ ਬੜੀ ਠੇਸ ਲੱਗੀ। ਉਨ੍ਹਾਂ 'ਚੋਂ ਕਈ ਗੁਰਦੁਆਰਾ ਕਮੇਟੀ ਦੀ ਨੌਕਰੀ ਛੱਡ ਕੇ ਕਿਸੇ ਹੋਰ ਕਿੱਤੇ ਜਾ ਲੱਗੇ ਸਨ। ਕਿਸੇ ਦੱਸਿਆ ਕਿ ਤੜਕੇ ਤਿੰਨ-ਚਾਰ ਵਜੇ ਉੱਠ ਕੇ ਸਾਫ-ਸਫਾਈ ਕਰਦੇ ਹਾਂ, ਕੜਾਹ ਪ੍ਰਸ਼ਾਦ ਬਣਾਉਂਦੇ ਹਾਂ, ਲੰਗਰ-ਪਾਣੀ ਵੀ ਤਿਆਰ ਕਰਦੇ ਹਾਂ ਤੇ ਨਾਲ ਗ੍ਰੰਥੀ ਜਾਂ ਰਾਗੀ ਦੀ ਸੇਵਾ ਵੀ ਨਿਭਾਉਂਦੇ ਹਾਂ। ਸੱਚਾਈ ਦੇ ਧੁਰ ਤੱਕ ਜਾਣ ਦੀ ਮੇਰੀ ਜਗਿਆਸਾ ਵਧ ਗਈ, ਮੈਂ ਕਿਸੇ ਹੋਰ ਤੋਂ ਜਾਣਕਾਰੀ ਲੈਣੀ ਚਾਹੀ ਤਾਂ ਉਸ ਸੱਜਣ ਨੇ ਦੱਸਿਆ ਕਿ ਗੱਲਾਂ ਠੀਕ ਨੇ। ਮੇਰੀ ਤਸੱਲੀ ਅਜੇ ਵੀ ਨਾ ਹੋਈ। ਮੈਂ ਕਿਸੇ ਹੋਰ ਧਾਰਮਿਕ ਬੰਦੇ ਨੂੰ ਪੁੱਛਿਆ ਤਾਂ ਉਸ ਭਰੇ ਮਨ ਨਾਲ ਕਿਹਾ, ''ਇਹ ਚਿੱਟੇ ਚੋਲੇ ਪਾ ਕੇ ਅਸੀਂ 'ਟੁਆਇਲਟਾਂ' ਸਾਫ ਕਰਦੇ ਹਾਂ, ਇਹ ਲੋਕ ਸਾਨੂੰ ਰਾਗੀ ਜਾਂ ਗ੍ਰੰਥੀ ਨਹੀਂ, ਬਲਕਿ ਨੌਕਰ ਨਾਲੋਂ ਨਿੱਜੀ ਨੌਕਰ ਵਧੇਰੇ ਸਮਝਦੇ ਹਨ।'' ਉਸ ਦੀਆਂ ਗੱਲਾਂ ਸੁਣ ਕੇ ਮੇਰੀ ਰੂਹ ਝੰਜੋੜੀ ਗਈ। ਜੋ ਖੁਸ਼ੀ ਤੇ ਮਾਣ ਮੈਂ ਗੁਰਦੁਆਰਿਆਂ ਦੇ ਦਰਸ਼ਨ ਕਰਕੇ ਕੀਤਾ ਸੀ, ਉਹ ਦੁੱਖ ਤੇ ਅਫਸੋਸ 'ਚ ਬਦਲ ਗਿਆ।

ਜਦੋਂ ਇਕ-ਦੋ ਧਾਰਮਿਕ ਮੁਖੀਆਂ ਤੇ ਜ਼ਿੰਮੇਵਾਰ ਬੰਦਿਆਂ ਨੂੰ ਇਸ ਬਾਰੇ ਸੱਚ-ਝੂਠ ਦਾ ਨਿਤਾਰਾ ਕਰਨ ਬਾਰੇ ਕਿਹਾ ਤਾਂ ਉਨ੍ਹਾਂ ਬੜੀ ਸਪੱਸ਼ਟ ਗੱਲ ਕੀਤੀ ਕਿ 'ਵਿਦੇਸ਼ ਜਾਣ ਦੀ ਲਾਲਸਾ ਅਧੀਨ ਪੰਜਾਬੀ ਜਾਂ ਹੋਰ ਸੂਬੇ ਦੇ ਭਾਰਤੀ, ਇਕ ਦੋ ਸ਼ਬਦ ਹਰਮੋਨੀਅਮ 'ਤੇ ਸਿੱਖ ਕੇ ਅਤੇ ਕੱਚੀ-ਪੱਕੀ ਬਾਣੀ ਪੜ੍ਹਨੀ ਸਿੱਖ ਕੇ ਏਥੇ ਆ ਜਾਂਦੇ ਨੇ, ਉਨ੍ਹਾਂ ਨੂੰ ਕੀ, ਇਹ ਸਭ ਚਲਦਾ ਹੈ। ਪਰ ਜੋ ਕਾਬਲੀਅਤ ਵਾਲੇ ਬੰਦੇ ਹਨ ਉਹ ਬਹੁਤ ਹੀਣ-ਭਾਵਨਾ ਮਹਿਸੂਸ ਕਰਦੇ ਹਨ ਅਤੇ ਕਈ ਵਾਰ ਤਕਰਾਰ ਤੇ ਟਕਰਾਅ ਦੀ ਨੌਬਤ ਵੀ ਆ ਜਾਂਦੀ ਹੈ। ਉਨ੍ਹਾਂ ਹੋਰ ਸਨਸਨੀਖੇਜ਼ ਖੁਲਾਸਾ ਕੀਤਾ ਕਿ ਜੇ ਕੋਈ ਕਿਸੇ ਧਾਰਮਿਕ ਇਕੱਠ ਵਿਚ ਸਿੱਖੀ ਸਿਧਾਂਤਾਂ ਦੀ ਗੱਲ ਕਰਦਿਆਂ ਰੋਮਾਂ ਦੀ ਬੇਅਦਬੀ ਨਾ ਕਰਨ ਲਈ ਨੌਜਵਾਨਾਂ ਨੂੰ ਸੇਧ ਦਿੰਦਾ ਹੈ ਤਾਂ ਵੀ ਉਸ 'ਤੇ ਕਿੰਤੂ ਕੀਤਾ ਜਾਂਦਾ ਹੈ। ਇਸ ਪ੍ਰਚਾਰ ਦੀ ਤਾਂ ਉਥੇ ਬਹੁਤ ਲੋੜ ਹੈ ਕਿਉਂਕਿ ਨੌਜਵਾਨ ਵਰਗ ਪਤਿਤ ਹੋ ਰਿਹਾ ਹੈ। ਮੁੰਡੇ ਹੀ ਨਹੀਂ, ਬਹੁਤੇ ਸਿੱਖ ਪਰਿਵਾਰਾਂ ਦੀਆਂ ਕੁੜੀਆਂ ਵੀ ਕੇਸ ਕਟਵਾਈ ਫਿਰਦੀਆਂ ਹਨ। ਬੇਸ਼ੱਕ ਸਿੱਖੀ ਨਾਲ ਸਬੰਧਤ ਸਾਰੇ ਇਤਿਹਾਸਕ ਦਿਹਾੜੇ ਬਹੁਤ ਹੀ ਸ਼ਾਨੋ-ਸ਼ੌਕਤ ਨਾਲ ਮਨਾਏ ਜਾਂਦੇ ਹਨ, ਪਰ ਬਹੁਤ ਘੱਟ ਨੌਜਵਾਨ ਸਿੱਖੀ ਸਰੂਪ 'ਚ ਦੇਖਣ ਨੂੰ ਮਿਲਦੇ ਹਨ। ਟਾਵਾਂ-ਟਾਵਾਂ ਕੋਈ ਸਾਰੇ ਦਾ ਸਾਰਾ ਪਰਿਵਾਰ ਗੁਰੂ ਵਾਲਾ ਹੈ।

ਇਕ ਗੁਰਦੁਆਰਾ ਸਾਹਿਬ ਵਿਚ ਅਸੀਂ ਕਿਸੇ ਪ੍ਰਤੱਖ ਹੁੰਦੀ ਮਨਮੱਤ ਬਾਰੇ ਗਿਲਾ ਜ਼ਾਹਰ ਕੀਤਾ, ਉਹ ਸੇਵਾਦਾਰ ਸਾਡੀ ਕੋਈ ਤਸੱਲੀ ਨਾ ਕਰਵਾ ਸਕੇ। ਦਿਲੋਂ ਉਹ ਵੀ ਔਖੇ ਸਨ, ਪਰ ਸਾਨੂੰ ਉਹ ਬੜੇ ਹੀ ਬੇਵਸ ਜਿਹੇ ਜਾਪੇ, ਜੋ ਚਾਹੁੰਦੇ ਹੋਏ ਵੀ ਕੁਝ ਨਹੀਂ ਸਨ ਕਰ ਸਕਦੇ। ਉਥੇ ਕਈਆਂ ਨੇ ਸਾਨੂੰ ਕਿਹਾ ਕਿ ਸਾਡੀ ਆਵਾਜ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੱਕ ਪਹੁੰਚਾਓ। ਅਸੀਂ ਕਿਸੇ ਰਾਗੀ ਸਿੰਘ ਨੂੰ 'ਗੁਰੂ ਕਾ ਕੀਰਤਨੀਆ' ਤੇ ਗ੍ਰੰਥੀ ਸਿੰਘ ਨੂੰ 'ਗੁਰੂ ਕਾ ਵਜ਼ੀਰ' ਕਹਿ ਕੇ ਮਾਣ ਦਿੰਦੇ ਹਾਂ, ਆਦਰ ਵਜੋਂ ਉਮਰ 'ਚ ਛੋਟਿਆਂ ਨੂੰ ਵੀ 'ਬਾਬਾ ਜੀ' ਕਹਿਕੇ ਆਦਰ ਦਿੰਦੇ ਹਾਂ, ਪਰ ਵਿਦੇਸ਼ਾਂ 'ਚ ਇਨ੍ਹਾਂ ਗੁਰੂ ਪਿਆਰਿਆਂ ਦਾ ਨਿਰਾਦਰ ਹੁੰਦਾ ਦੇਖ-ਸੁਣ ਕੇ ਗਹਿਰਾ ਦੁੱਖ ਹੋਇਆ। ਇਹ ਵੀ ਵਿਚਾਰਨਯੋਗ ਹੈ ਕਿ ਵਿਦੇਸ਼ ਜਾਣ ਵਾਲੇ ਰਾਗੀ ਜਾਂ ਗ੍ਰੰਥੀ ਸਿੰਘ ਕਿਸੇ ਮਾਨਤਾ ਪ੍ਰਾਪਤ ਗੁਰਮਤਿ ਵਿਦਿਆਲੇ ਤੋਂ ਸਿੱਖਿਅਤ ਹੋਣ, ਉਹ ਵੀ ਕੇਵਲ ਤੇ ਕੇਵਲ ਵਿਦੇਸ਼ ਜਾਣ ਦੇ ਲਾਲਚ ਵਿਚ, ਪੈਸੇ ਪਿੱਛੇ ਸਿੱਖੀ ਦਾ ਨਕਾਬ ਪਹਿਨ ਕੇ ਇਨ੍ਹਾਂ ਆਦਰਯੋਗ ਪਦਵੀਆਂ ਨੂੰ ਨਾ ਰੋਲਣ। ਬੇਸ਼ੱਕ ਇਹ ਗੱਲਾਂ ਸਾਰੇ ਵਿਦੇਸ਼ੀ ਗੁਰਦੁਆਰਿਆਂ ਵਿਚ ਨਾ ਹੋਣ, ਪਰ ਫਿਰ ਵੀ ਜਿੱਥੇ ਇਹ ਹੋ ਰਿਹਾ ਹੈ, ਉਥੇ ਸੁਧਾਰ ਜ਼ਰੂਰੀ ਹੈ। ਵਿਦੇਸ਼ੀ ਗੁਰਦੁਆਰਾ ਕਮੇਟੀਆਂ ਨੂੰ ਚਾਹੀਦਾ ਹੈ ਕਿ ਉਹ ਸੰਬੰਧਤਾਂ ਦੀ ਯੋਗਤਾ ਬਾਰੇ ਪੂਰੀ ਪੜਤਾਲ ਕਰਕੇ ਹੀ ਉਨ੍ਹਾਂ ਨੂੰ ਇਹ ਸੇਵਾ ਸੌਂਪਣ ਤੇ ਪੂਰਾ ਮਾਣ-ਸਤਿਕਾਰ ਦੇਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਵਿਦੇਸ਼ੀ ਗੁਰਦੁਆਰਾ ਕਮੇਟੀਆਂ ਨਾਲ ਰਾਬਤਾ ਰੱਖ ਕੇ ਨਿਗਰ ਤੇ ਉਸਾਰੂ ਉਪਰਾਲੇ ਕਰਨੇ ਚਾਹੀਦੇ ਹਨ ਤੇ ਦਿਸ਼ਾ-ਨਿਰਦੇਸ਼ ਦੇਣੇ ਚਾਹੀਦੇ ਹਨ। ਸ੍ਰੀ ਅਕਾਲ ਤਖਤ ਸਾਹਿਬ ਦੇ ਮਾਣਯੋਗ ਜਥੇਦਾਰ ਸਾਹਿਬ ਨੂੰ ਵੀ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ਤਾਂ ਜੋ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਢਾਅ ਨਾ ਲੱਗੇ, ਜੋ ਕਿ ਸਿੱਖਾਂ ਵਲੋਂ ਹੀ ਲਾਈ ਜਾ ਰਹੀ ਹੈ। ਇਕ ਸ਼ਾਇਰ ਮੱਲੋ-ਮੱਲੀ ਕਲਮ ਦੇ ਮੂੰਹ 'ਤੇ ਆ ਗਿਆ;

ਮਤ ਪੂਛ ਗੁਜ਼ਰ ਜਾਤੀ ਹੈ ਕਿਆ ਜ਼ਖ਼ਮੇ ਜ਼ਿਗਰ ਪਰ,
ਜਬ ਅਪਨੇ ਹੀ ਰਖਤੇ ਹੈਂ ਨਮਕ ਡਾਲ ਕੇ ਮਰਹਮ।

# ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

**ਸਫਰਨਾਮਾ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਉਥੋਂ ਅਸੀਂ ਕੋਈ 8 ਕੁ ਵਜੇ ਚਲ ਪਏ ਹੋਵਾਂਗੇ। ਪਹਿਲਾਂ ਉਹਨੇ ਟੈਕਸੀ ਪਿਸ਼ਾਵਰ ਵਾਲੀ ਜੀ.ਟੀ. ਰੋਡ 'ਤੇ ਹੀ ਪਾਈ ਤੇ ਅੱਗੋਂ ਥੋੜ੍ਹੀ ਦੂਰ ਜਾ ਕੇ ਪਿਸ਼ਾਵਰ ਤੋਂ ਲਾਹੌਰ ਨੂੰ ਜਿਹੜਾ ਹਾਈਵੇ ਆਉਂਦਾ ਹੈ, ਉਸ ਵਿਚ ਪੈ ਕੇ ਨਨਕਾਣਾ ਸਾਹਿਬ ਨੂੰ ਚਲਣਾ ਸੀ। ਹਸਨ ਅਬਦਾਲ ਜ਼ਿਲ੍ਹਾ ਅਟਕ ਵਿਚ ਪੈਂਦਾ ਹੈ ਤੇ ਅਟਕ ਪੰਜਾਬ ਦਾ ਅਖੀਰਲਾ ਜ਼ਿਲ੍ਹਾ ਹੈ। ਇਸ ਤੋਂ ਅੱਗੇ ਪੇਸ਼ਾਵਰ ਜ਼ਿਲ੍ਹਾ ਆਉਂਦਾ ਹੈ,



**ਮਝੈਲ ਸਿੰਘ ਸਰਾਂ**

ਜਿਹੜਾ ਦੂਜੇ ਸੂਬੇ ਵਿਚ ਹੈ। ਉਥੇ ਵੀ ਗੁਰਦੁਆਰੇ ਹਨ ਪਰ ਉਥੇ ਹਾਲਾਤ ਜ਼ਿਆਦਾ ਹੀ ਖਰਾਬ ਹਨ ਤੇ ਸਰਕਾਰ ਕਿਸੇ ਵੀ ਬਾਹਰਲੇ ਨਾਗਰਿਕ ਨੂੰ ਉਥੇ ਜਾਣ ਦੀ ਇਜਾਜ਼ਤ ਨਹੀਂ ਦਿੰਦੀ। ਉਦਾਂ ਵੀ ਸਾਡੇ ਵੀਜ਼ੇ ਪੰਜਾਬ ਤਕ ਹੀ ਸੀਮਤ ਸਨ, ਉਦੋਂ ਸਭ ਤੋਂ ਵਧ ਹਿੰਸਕ ਵਾਰਦਾਤਾਂ ਪੇਸ਼ਾਵਰ ਵਿਚ ਹੀ ਹੋ ਰਹੀਆਂ ਸਨ। ਬਾਬੂ ਖਾਂ ਨੇ ਸਾਨੂੰ ਟੈਕਸੀ ਵਿਚ ਬਹਿੰਦਿਆਂ ਹੀ ਦੱਸਿਆ ਕਿ ਪੁਲਿਸ ਵਾਲੇ ਦਸਦੇ ਸਨ ਕਿ ਅੱਜ ਰਾਤੀਂ ਹੀ ਇਥੋਂ 20 ਕੁ ਮੀਲ ਦੂਰ ਇਕ ਪੁਲਿਸ ਥਾਣੇ 'ਤੇ ਹਮਲਾ ਹੋਇਆ ਜਿਸ ਵਿਚ ਕੁਝ ਪੁਲਿਸ ਵਾਲੇ ਮਾਰੇ ਗਏ ਤੇ ਕੁਝ ਜ਼ਖ਼ਮੀ ਹੋ ਗਏ।

ਪੇਸ਼ਾਵਰ-ਲਾਹੌਰ ਹਾਈਵੇ 500 ਕੁ ਕਿਲੋਮੀਟਰ ਲੰਬਾ ਹੋਣਾ ਤੇ ਜਿਥੋਂ ਅਸੀਂ ਲਾਹੌਰ ਵਲ ਨੂੰ ਉਸ ਹਾਈਵੇ 'ਤੇ ਚੜ੍ਹੇ ਸੀ, ਉਥੋਂ ਪਿਸ਼ਾਵਰ 100 ਕੁ ਕਿਲੋਮੀਟਰ ਦੀ ਦੂਰੀ 'ਤੇ ਹੈ। ਪਾਕਿਸਤਾਨ ਦਾ ਇਹ ਹਾਈਵੇ ਬਹੁਤ ਵਧੀਆ ਹੈ ਤੇ ਜੇ ਸੱਚ ਪੁੱਛੋ ਤਾਂ ਅਮਰੀਕਾ ਦੇ ਫਰੀਵੇਅ ਨਾਲੋਂ ਵੀ ਜੇ ਬਿਹਤਰ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ। ਸਾਰੇ ਹਾਈਵੇ ਦੇ ਵਿਚਾਲੇ ਕੰਕਰੀਟ ਦਾ ਡਿਵਾਈਡਰ ਬਣਿਆ ਹੋਇਆ ਹੈ ਤੇ ਕਿਤੇ ਵੀ ਖਾਲੀ ਥਾਂ ਨਹੀਂ ਛੱਡੀ, ਦੋਹੀਂ ਪਾਸੀ ਤਿੰਨ-ਤਿੰਨ ਲੇਨਾਂ ਹਨ ਤੇ ਦੁਆਲੇ ਇਕ ਲੇਨ ਅਜੇ ਵੀ ਖਾਲੀ ਰੱਖੀ ਹੋਈ ਹੈ। ਖਾਸ ਗੱਲ ਇਹ ਹੈ ਕਿ ਸਾਰੇ ਹੀ ਹਾਈਵੇ ਦੇ ਦੋਹੀਂ ਪਾਸੀਂ 6 ਫੁੱਟ ਉਚੀ ਲੋਹੇ ਦੀ ਤਾਰ ਵਾਲੀ ਜਾਲੀਦਾਰ ਫੈਂਸ ਬਣੀ ਹੋਈ ਹੈ, ਕਿਤੇ ਵੀ ਇਹੋ ਜਿਹਾ ਨਹੀਂ ਕਿ ਲੰਘਣ ਲਈ ਕਿਤੇ ਫੈਂਸ ਨੂੰ ਤੋੜਿਆ ਹੋਵੇ ਜਾਂ ਨੀਵਾਂ ਕੀਤਾ ਹੋਵੇ। ਇਹ ਫੈਂਸ ਪੱਕੀ ਸੜਕ ਤੋਂ 10-15 ਫੁੱਟ ਦੂਰ ਬਣਾਈ ਹੋਈ ਹੈ। ਉਦਾਂ ਤਾਂ ਆਬਾਦੀ ਵੀ ਘੱਟ ਹੀ ਦਿਸੀ ਪਰ ਜਿਥੇ ਕਿਤੇ ਇਕ ਪਿੰਡ ਜਾਂ ਕਸਬੇ ਤੋਂ ਦੂਜੇ ਪਾਸੇ ਜਾਣਾ ਸੀ ਜਾਂ ਤਾਂ ਹਾਈਵੇ ਦੇ ਉਤੋਂ ਦੀ ਜਾਂ ਹੇਠੋਂ ਦੀ ਸੜਕ ਕੱਢੀ ਹੋਈ ਸੀ। ਕਾਰ ਦੀ ਸਪੀਡ ਵੀ 120 ਕਿਲੋਮੀਟਰ ਹਾਈਵੇ 'ਤੇ ਮਨਜ਼ੂਰ ਕੀਤੀ ਹੋਈ ਹੈ। ਟਰੈਫਿਕ ਘੱਟ ਹੋਣ ਕਰਕੇ ਇਸ ਤੋਂ ਘੱਟ ਕੋਈ ਕਾਰ ਚਲਾਉਂਦਾ ਵੀ ਨਹੀਂ ਲੱਗਾ। ਇਸ ਹਾਈਵੇ ਦਾ ਕੰਟਰੋਲ ਹਾਈਵੇ ਪੁਲਿਸ ਕੋਲ ਹੀ ਹੈ, ਜਿਸਦੀ ਐਡਮਨਿਸਟਰੇਸ਼ਨ ਪੁਲਿਸ ਅਧੀਨ ਨਹੀਂ। ਸਾਨੂੰ ਤਕਰੀਬਨ ਇਕ ਘੰਟੇ ਵਿਚ ਘੱਟੋ-ਘੱਟ ਇਕ ਪੈਟਰੋਲ ਕਰਦੀ ਗੱਡੀ, ਜੋ ਕਿ ਵਾਧੂ ਲੇਨ ਵਿਚ ਕਾਫੀ ਹੌਲੀ ਹੁੰਦੀ ਸੀ, ਮਿਲਦੀ ਰਹੀ। ਹਾਈਵੇ ਦੇ ਐਂਟਰੀ ਪੁਆਇੰਟ 'ਤੇ ਐਗਜ਼ਿਟ ਪੁਆਇੰਟ ਬੜੇ ਖੁੱਲ੍ਹੇ ਬਣਾਏ ਹੋਏ ਹਨ।

ਡਰਾਈਵਰ ਦਸਦਾ ਸੀ ਕਿ ਇਹ ਹਾਈਵੇ ਚਾਲੂ ਹੋਏ ਨੂੰ 20 ਕੁ ਸਾਲ ਹੋ ਗਏ ਹਨ ਤੇ ਅੱਲਾ ਤਾਲਾ ਦੀ ਇਨਾਇਤ ਹੈ ਕਿ ਕੋਈ ਵੱਡਾ ਐਕਸੀਡੈਂਟ ਨਹੀਂ ਹੋਇਆ। ਹਾਈਵੇ ਪੁਲਿਸ ਬਾਰੇ ਉਸਨੇ ਦੱਸਿਆ ਕਿ ਇਹਦੇ ਵਿਚ ਪੁਲਿਸ ਨਾਲੋਂ ਜ਼ਿਆਦਾ ਪੜ੍ਹੇ-ਲਿਖੇ ਭਰਤੀ ਕਰਦੇ ਹਨ ਤੇ ਇਸਦੇ ਸਿਪਾਹੀ ਕੋਲ ਜੁਰਮਾਨਾ ਕਰਨ ਦੇ ਅਖਤਿਆਰ ਹਨ। ਵੱਡੀ ਗੱਲ ਜੋ ਉਸ ਦੱਸੀ, ਇਹ ਸੀ ਕਿ ਹਾਈਵੇ ਪੁਲਿਸ ਵਿਚ ਰਿਸ਼ਵਤਖੋਰੀ ਬਿਲਕੁਲ ਨਹੀਂ ਚਲਦੀ। ਪਹਿਲਾਂ ਪਹਿਲ ਲੋਕੀਂ ਟਰੈਫਿਕ ਦੇ ਕਾਨੂੰਨ ਤੋੜਨ 'ਤੇ ਫੜੇ ਜਾਣ 'ਤੇ ਪੈਸੇ ਦੇ ਕੇ ਰਫਾ-ਦਫਾ ਕਰਨ ਲਈ ਜਦੋਂ ਇਨ੍ਹਾਂ ਨੂੰ ਕਹਿੰਦੇ ਸਨ ਤਾਂ ਇਨ੍ਹਾਂ ਪੁਲਿਸ ਵਾਲਿਆਂ ਨੂੰ ਅਖਤਿਆਰ ਸੀ ਕਿ ਜੁਰਮਾਨੇ ਦੀ ਰਕਮ ਦਸ ਗੁਣਾ ਵਧਾ ਸਕਦੇ ਤੇ ਇਨ੍ਹਾਂ ਨੇ ਕੀਤਾ ਵੀ ਇੱਦਾਂ, ਹੁਣ ਲੋਕੀਂ ਇਨ੍ਹਾਂ ਨੂੰ ਰਿਸ਼ਵਤ ਦੇਣ ਦੀ ਵੀ ਕੋਸ਼ਿਸ਼ ਨਹੀਂ ਕਰਦੇ। ਉਸ ਦੱਸਿਆ ਕਿ ਵੈਸੇ ਇਹ ਨਾਜਾਇਜ਼ ਕਿਸੇ ਨੂੰ ਤੰਗ ਵੀ ਨਹੀਂ ਕਰਦੇ ਸਗੋਂ ਹਮਦਰਦੀ ਨਾਲ ਪੇਸ਼ ਆਉਂਦੇ ਹਨ।

ਕਿਤੇ-ਕਿਤੇ ਹਾਈਵੇ 'ਤੇ ਬੜੇ ਵੱਡੇ ਰੈਸਟੋਰੈਂਟ ਵੀ ਬਣੇ ਹੋਏ ਹਨ ਤੇ ਕਾਰਾਂ ਤੇ ਕੋਚਾਂ ਵਰਗੀਆਂ ਬੱਸਾਂ ਉਥੇ ਰੁਕਦੀਆਂ ਹਨ, ਇਕ 'ਤੇ ਸਾਡਾ ਡਰਾਈਵਰ ਵੀ ਰੁਕ ਗਿਆ ਕਿਉਂਕਿ ਉਸਨੂੰ ਚਾਹ ਦੀ ਤਲਬ ਮਹਿਸੂਸ ਹੋਈ। ਉਦਾਂ ਉਹ ਖਾਣ-ਪੀਣ ਦੇ ਸੰਬੰਧ ਵਿਚ ਬਹੁਤ ਹੀ ਸਬਰ ਵਾਲਾ ਲੱਗਾ। ਮੇਰੇ ਭਰਾ ਨੇ ਉਹਨੂੰ ਕਿਹਾ ਕਿ ਤੂੰ ਕੁਝ ਖਾ ਵੀ ਲੈ ਪਰ ਉਹ ਕਹਿੰਦਾ ਜੇ ਤੁਸੀਂ ਕੁਝ ਨਹੀਂ ਖਾਣਾ ਤਾਂ ਮੈਨੂੰ ਵੀ ਜ਼ਰੂਰਤ ਨਹੀਂ। ਜਦੋਂ ਉਹਨੂੰ ਦੱਸਿਆ ਕਿ ਅਸੀਂ ਤਾਂ ਗੁਰਦੁਆਰੇ ਚਾਹ ਦੇ ਨਾਲ ਹੀ ਪ੍ਰਸ਼ਾਦੇ ਛਕ ਲਏ ਸਨ, ਉਹ ਕਹਿੰਦਾ, ਫਿਰ ਵੀ ਕੋਈ ਗੱਲ ਨਹੀਂ ਪਰ ਮੇਰੇ ਭਰਾ ਨੇ ਉਹਨੂੰ ਮੱਲੋਮੱਲੀ ਪੈਸੇ ਦੇ ਕੇ ਕਿਹਾ ਕਿ ਪਹਿਲਾਂ ਕੁਝ ਖਾ ਤਾਂ ਅੱਗੇ ਚੱਲਣਾ। ਅਸੀਂ ਵੀ ਖੜੇ ਸੋਢਾ ਪੀਣ ਲੱਗ ਪਏ ਤਾਂ ਦੋ ਬੰਦੇ, ਜਿਹੜੇ ਦੇਖਣ ਨੂੰ ਬਹੁਤ ਹੀ ਸੋਬਰ ਲੱਗਦੇ ਸਨ, ਸਾਡੇ ਕੋਲ ਆ ਗਏ। ਉਨ੍ਹਾਂ ਗੱਲਬਾਤ ਇਥੋਂ ਹੀ ਸ਼ੁਰੂ ਕੀਤੀ ਕਿ ਸਰਦਾਰ ਜੀ, ਕਿਹੜੇ ਜ਼ਿਲ੍ਹੇ ਦੇ ਹੋ? ਉਸਨੇ ਦੱਸਿਆ ਕਿ ਉਸ ਦਾ ਜ਼ਿਲਾ ਵੀ ਕਪੂਰਥਲਾ ਸੀ, ਹੁਣ ਜ਼ਿਲਾ ਮੁਲਤਾਨ ਵਿਚ ਰਹਿੰਦੇ ਹਾਂ। ਉਹਦੇ ਗੱਲਬਾਤ ਦੇ ਲਹਿਜ਼ੇ ਤੋਂ ਹੀ ਪਤਾ ਲਗਦਾ ਸੀ ਕਿ ਵਧੀਆ ਇਨਸਾਨ ਹੈ।

ਉਥੋਂ ਅਸੀਂ ਛੇਤੀ ਹੀ ਚਲ ਪਏ। ਜਿੰਦਾਂ ਸਿਆਲਕੋਟ ਦੁਆਲੇ ਸਾਰੀ ਝੋਨੇ ਦੀ ਹੀ ਫਸਲ ਦਿਸਦੀ ਸੀ, ਇਸ ਪਾਸੇ ਕਾਫੀ ਲੰਬੀ ਬੈਲਟ ਵਿਚ ਕਮਾਦ ਦਿਸਦਾ ਸੀ। ਵਿਚ ਜਿਹੇ ਪਰਾਲੀ ਜਿਹੇ ਵਾਲਾ ਏਰੀਆ ਵੀ ਆਇਆ। ਇਸ ਹਾਈਵੇ 'ਤੇ ਹੀ ਇਕ ਜਗ੍ਹਾ ਲੂਣ ਦੇ ਪਹਾੜ ਆਏ। ਸਰਗੋਧਾ ਸ਼ਹਿਰ ਵੀ ਇਸੇ ਹਾਈਵੇ 'ਤੇ ਹੈ। ਸਰਗੋਧਾ ਲੰਘਣ ਤੋਂ ਬਾਅਦ ਅਸੀਂ ਹਾਈਵੇ ਛੱਡ ਦਿੱਤਾ ਕਿਉਂਕਿ ਨਨਕਾਣਾ ਸਾਹਿਬ ਤੋਂ ਪਹਿਲਾਂ ਗੁਰਦੁਆਰਾ ਸੱਚਾ ਸੌਦਾ ਆਉਂਦਾ ਹੈ ਜੋ ਇਕ ਪਾਸੇ ਨੂੰ ਹੈ। ਸੱਚਾ ਸੌਦਾ ਚੂਹੜਕਾਣੇ ਸ਼ਹਿਰ ਦੇ ਨਾਲ ਹੈ। ਅੱਜ-ਕਲ ਚੂਹੜਕਾਣੇ ਦਾ ਨਾਂ ਫਾਰੂਖਾਬਾਦ ਹੈ ਪਰ ਰੇਲਵੇ ਸਟੇਸ਼ਨ ਦਾ ਨਾਂ 'ਸੱਚਾ ਸੌਦਾ ਰੇਲਵੇ ਸਟੇਸ਼ਨ' ਲਿਖਿਆ ਹੋਇਆ ਹੈ। ਇਹ ਸ਼ਹਿਰ ਨਾ ਤਾਂ ਬਹੁਤਾ ਵੱਡਾ ਹੈ ਤੇ ਨਾ ਹੀ ਛੋਟਾ। ਡਰਾਈਵਰ ਨੇ ਦੱਸਿਆ ਕਿ ਪੁਰਾਣੇ ਜ਼ਮਾਨੇ ਵਿਚ ਇਹ ਸ਼ਹਿਰ ਵਪਾਰ ਦਾ ਵੱਡਾ ਕੇਂਦਰ ਰਿਹਾ ਹੈ। ਸ਼ਾਇਦ ਬਾਬੇ ਨਾਨਕ ਸਮੇਂ ਵੀ ਹੋਵੇ, ਤਾਹੀਓਂ ਤਾਂ 35 ਕਿਲੋਮੀਟਰ ਦੂਰ ਨਨਕਾਣਾ ਸਾਹਿਬ ਤੋਂ ਇਥੇ ਬਾਬੇ ਨਾਨਕ ਨੂੰ 20 ਰੁਪਏ ਦੇ ਕੇ ਪਿਤਾ ਮਹਿਤਾ ਕਾਲੂ ਜੀ ਨੇ ਵਪਾਰ ਕਰਨ ਭੇਜਿਆ ਹੋਣਾ।

ਗੁਰਦੁਆਰਾ ਸੱਚਾ ਸੌਦਾ ਸ਼ਹਿਰ ਤੋਂ 1-2 ਕਿਲੋਮੀਟਰ ਹੈ। ਇਹਦੇ ਕੋਲ ਇਕ ਪਿੰਡ ਹੈ। ਗੁਰਦੁਆਰੇ ਨੂੰ ਇੱਟਾਂ ਦਾ ਵਾਗਲਾ ਕੀਤਾ ਹੋਇਆ ਹੈ ਤੇ ਬਾਹਰ ਗੇਟ ਹੈ। ਸਾਡੇ ਗੇਟ ਸਾਹਮਣੇ ਰੁਕਣ 'ਤੇ ਅੰਦਰੋਂ ਇਕ ਬੰਦੇ ਨੇ ਆ ਕੇ ਖੋਲ੍ਹ ਦਿੱਤਾ ਸ਼ਾਇਦ ਸਕਿਓਰਿਟੀ ਵਾਲਾ ਹੋਵੇਗਾ। ਅੰਦਰ ਬਾਗ ਵੀ ਲੱਗਾ ਹੋਇਆ ਹੈ। ਸਾਰਾ ਏਰੀਆ ਡੇਢ ਜਾਂ ਦੋ ਕਿਲੋਮੀਟਰ ਹੋਵੇਗਾ। ਗੁਰਦੁਆਰਾ ਕਾਫੀ ਉਚਾ ਹੈ ਤੇ ਕੋਈ 15 ਕੁ ਪੌੜੀਆਂ ਚੜ੍ਹ ਕੇ ਹੈ। ਪਹਿਲਾਂ ਦਰਸ਼ਨੀ ਡਿਓੜੀ ਵਾਂਗ ਲੰਘ ਕੇ ਫਿਰ ਅੰਦਰ ਥੋੜ੍ਹਾ ਜਿਹਾ ਥਾਂ ਖਾਲੀ ਹੈ ਤੇ ਵਿਚ ਗੁਰਦੁਆਰਾ ਬਣਿਆ ਹੋਇਆ ਹੈ। ਉਥੇ ਵੀ ਪਾਕਿਸਤਾਨ ਕਮੇਟੀ ਨੇ ਪੱਕੇ ਸੇਵਾਦਾਰ ਦੀ ਨਿਯੁਕਤੀ ਕੀਤੀ ਹੋਈ ਹੈ। ਉਸ ਦਿਨ ਉਹ ਅਤੇ ਦੋ ਹੋਰ ਸਿੰਘ ਅੰਦਰੋਂ, ਗੁਰਪੁਰਬ ਕਰਕੇ, ਸਜਾਉਣ ਲੱਗੇ ਹੋਏ ਸਨ। ਗੁਰਦੁਆਰੇ ਦੇ ਨਾਲ ਹੀ ਅੰਦਰ ਵਾਰ ਇਕ ਪੁਰਾਣਾ ਦਰੱਖਤ ਹੈ, ਜਿਸਨੂੰ ਭਾਈ ਜੀ ਨੇ ਕਰੀਰ ਦੱਸਿਆ ਤੇ ਨਾਲੇ ਕਹਿੰਦਾ ਕਿ ਕਿਹਾ ਜਾਂਦੈ ਇਹ ਬਾਬੇ ਨਾਨਕ ਦੇ ਵੇਲੇ ਦਾ ਹੀ ਹੈ ਤੇ ਇਸੇ ਥਾਂ 'ਤੇ ਬਾਬੇ ਨੇ ਚੂਹੜਕਾਣੇ ਤੋਂ ਜੋ 20 ਰੁਪਿਆਂ ਦਾ ਸੌਦਾ ਵਪਾਰ ਕਰਨ ਲਈ ਖਰੀਦਿਆ ਸੀ, ਉਹ ਕਈ ਦਿਨਾਂ ਤੋਂ ਭੁੱਖੇ ਸਾਧੂ-ਸੰਤਾਂ ਨੂੰ ਲੰਗਰ ਬਣਾ ਕੇ ਛਕਾ ਦਿੱਤਾ ਸੀ ਤੇ ਬਾਬੇ ਨਾਨਕ ਨੇ ਜਿਹੜਾ 500 ਤੋਂ ਵੀ ਵਧ ਸਾਲ ਪਹਿਲਾਂ ਲੰਗਰ ਸ਼ੁਰੂ ਕੀਤਾ ਸੀ, ਅੱਜ ਦੁਨੀਆਂ ਭਰ ਦੇ ਜੇ ਸਾਰੇ ਹੀ ਗੁਰਦੁਆਰਿਆਂ ਦਾ ਕਿਤੇ ਇਕ ਦਿਨ ਦਾ ਹਿਸਾਬ ਹੋ ਜਾਵੇ ਤਾਂ ਹਜ਼ਾਰਾਂ ਕੁਇੰਟਲ ਅੰਨ ਪੱਕ ਕੇ ਲੋਕਾਂ ਦੇ ਮੂੰਹ ਪੈਂਦਾ ਹੈ। ਇਸੇ ਕਰਕੇ ਬਾਬੇ ਨੇ ਇਸ ਨੂੰ ਖਰਾ ਸੌਦਾ ਕਿਹਾ ਸੀ।

ਧਾਰਮਿਕ ਜਗ੍ਹਾ ਵਿਚ ਸਭ ਤੋਂ ਪਹਿਲਾਂ ਜੇ ਕਿਸੇ ਰਹਿਬਰ ਨੇ ਭੁੱਖੇ ਢਿੱਡ ਲਈ ਰੋਟੀ ਦਾ ਪ੍ਰਬੰਧ ਕੀਤਾ ਤਾਂ ਉਹ ਬਾਬਾ ਨਾਨਕ ਹੀ ਹੈ ਤੇ ਉਸ ਜਗ੍ਹਾ ਦੇ ਦਰਸ਼ਨ ਕਰਕੇ ਜਿਥੇ ਇਹ ਸ਼ੁਰੂਆਤ ਹੋਈ, ਦਿਲ ਬੜਾ ਖੁਸ਼ ਹੋਇਆ। ਬਾਬਾ ਨਾਨਕ ਇਹ ਜਾਣਦਾ ਸੀ ਕਿ ਭੁੱਖੇ ਢਿੱਡ ਰੱਬ-ਰੱਬ ਵੀ ਨਹੀਂ ਕਰ ਹੋਣਾ। ਉਥੋਂ ਦੇ ਸੇਵਾਦਾਰ ਸਿੰਘ ਨੇ ਸਾਨੂੰ ਵੀ ਅੰਨ-ਜਲ ਛਕਣ ਲਈ ਕਿਹਾ ਪਰ ਕਿਉਂਕਿ ਉਥੇ ਸਿਰਫ ਦੋ ਕੁ ਹੀ ਸਿੰਘ ਸਨ, ਇਸ ਕਰਕੇ ਅਸੀਂ ਸੋਚਿਆ ਕਿ ਵਿਚਾਰੇ ਕਿਥੇ ਸਾਡੇ ਲਈ ਬਣਾਉਣਗੇ ਪਰ ਉਸਨੇ ਦੱਸਿਆ ਕਿ ਦਾਲ ਵੀ ਹੈਗੀ ਤੇ ਪ੍ਰਸ਼ਾਦੇ ਵੀ ਹੈਗੇ ਤੇ ਤੁਸੀਂ ਛਕੋ ਜ਼ਰੂਰ। ਭੁੱਖ ਤਾਂ ਸਾਨੂੰ ਵੀ ਸੀ ਤੇ ਉਨ੍ਹਾਂ ਨੇ ਬੜੇ ਪਿਆਰ ਨਾਲ ਪ੍ਰਸ਼ਾਦਾ ਛਕਾਇਆ ਤੇ ਨਾਲ-ਨਾਲ ਸਾਨੂੰ ਗੁਰਦੁਆਰੇ ਬਾਰੇ ਜਾਣਕਾਰੀ ਵੀ ਦਿੱਤੀ। ਉਸਨੇ ਹੀ ਦੱਸਿਆ ਕਿ ਇਹ ਗੁਰਦੁਆਰਾ ਵੀ 1947 ਤੋਂ ਲੈ ਕੇ 1993 ਤੱਕ ਬੰਦ ਰਿਹਾ, ਜਦੋਂ 1993 ਵਿਚ ਸੰਗਤਾਂ ਦੇ ਦਰਸ਼ਨ ਲਈ ਖੋਲ੍ਹਿਆ ਤਾਂ ਅੰਦਰ ਜਾਣਾ ਮੁਸ਼ਕਲ ਸੀ। ਐਨੇ ਛੋਟੇ-ਛੋਟੇ ਦਰੱਖਤ, ਝਾੜੀਆਂ, ਘਾਹ ਸੀ ਕਿ ਦਰਵਾਜ਼ੇ ਵੀ ਨਹੀਂ ਖੁੱਲ੍ਹਦੇ ਸਨ। ਕੋਈ 46 ਸਾਲ ਬੰਦ ਰਹਿਣ ਕਰਕੇ ਦਰਸ਼ਨੀ ਡਿਓੜੀ ਤੇ ਹਾਲ ਦੀ ਛੱਤ ਬਹੁਤ ਖਰਾਬ ਹੋ ਗਈ ਸੀ ਪਰ ਗੁਰਦੁਆਰੇ ਦੇ ਗੁੰਬਦ ਸਭ ਠੀਕ ਸਨ। ਅਜੇ ਵੀ ਕਈ ਥਾਵਾਂ ਤੋਂ ਮੁਰੰਮਤ ਕੀਤੀ ਜਾ ਰਹੀ ਸੀ। ਇਹ ਗੁਰਦੁਆਰਾ ਵੀ ਮਹਾਰਾਜਾ ਰਣਜੀਤ ਸਿੰਘ ਨੇ ਹੀ ਬਣਵਾਇਆ ਹੈ। ਸੇਵਾਦਾਰ ਸਿੰਘ ਨੇ ਦੱਸਿਆ ਕਿ ਇਥੇ ਸਿੱਖ ਸੰਗਤ ਤਾਂ ਕੋਈ ਹੈ ਨਹੀਂ, ਉਹ ਹੀ ਆਪਣੇ ਪਰਿਵਾਰ ਨਾਲ ਇਥੇ ਰਹਿੰਦਾ ਹੈ। ਉਦਾਂ ਉਹ ਵੀ ਨਨਕਾਣਾ ਸਾਹਿਬ ਦਾ ਰਹਿਣ ਵਾਲਾ ਹੈ। ਜਦੋਂ ਦੀ ਉਹਦੀ ਪੱਕੀ ਡਿਊਟੀ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਥੇ ਲਾਈ ਗਈ ਹੈ ਤਾਂ ਹਰ ਰੋਜ਼ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਬਾਬੇ ਦੇ ਖਰੇ ਸੌਦੇ ਵਿਚੋਂ ਅਸੀਂ ਵੀ ਢਿੱਡ ਭਰ ਕੇ ਨਨਕਾਣਾ ਸਾਹਿਬ ਲਈ ਚੱਲ ਪਏ।



*ਗੁਰਦੁਆਰਾ ਸੱਚਾ ਸੌਦਾ, ਪਾਕਿਸਤਾਨ*

ਉਥੋਂ ਅਸੀਂ ਇਕ ਪਿੰਡ ਦੀ ਬੀਹੀ ਵਿਚੋਂ ਨਿਕਲ ਕੇ ਅੱਗੇ ਨਨਕਾਣਾ ਸਾਹਿਬ ਵਾਲੀ ਸੜਕ 'ਤੇ ਪੈਣਾ ਸੀ। ਆਪਣੇ ਪਿੰਡਾਂ ਵਾਂਗ ਹੀ ਇਕ ਕੰਧ 'ਤੇ ਕਲੀ ਕਰਕੇ ਉਰਦੂ ਵਿਚ ਕੋਈ ਮਸ਼ਹੂਰੀ ਲਿਖੀ ਹੋਈ ਸੀ। ਪਿੰਡ ਵਿਚੋਂ ਲਾਊਡ ਸਪੀਕਰ ਦੀ ਆਵਾਜ਼ ਵੀ ਆ ਰਹੀ ਸੀ, ਜਿੱਦਾਂ ਕੋਈ ਪ੍ਰੋਗਰਾਮ ਹੁੰਦਾ। ਡਰਾਈਵਰ ਨੇ ਦੱਸਿਆ ਕਿ ਇਹ ਸ਼ਾਇਦ ਮਸੀਤ ਵਿਚੋਂ ਆ ਰਹੀ ਹੋਣੀ ਹੈ ਕਿਉਂਕਿ ਉਸ ਦਿਨ ਸ਼ੁੱਕਰਵਾਰ ਸੀ ਤੇ ਉਸ ਦੱਸਿਆ ਕਿ ਜੁਮੇ ਵਾਲੇ ਦਿਨ ਮਸੀਤਾਂ ਵਿਚ ਇਕੱਠ (ਦੀਵਾਨ) ਹੁੰਦਾ ਤੇ ਧਾਰਮਿਕ ਪ੍ਰਚਾਰ ਵੀ ਕੀਤਾ ਜਾਂਦਾ ਹੈ। ਇਹ ਪਿੰਡ ਵੀ ਆਮ ਪਾਕਿਸਤਾਨੀ ਪਿੰਡਾਂ ਵਰਗਾ ਹੀ ਸੀ, ਮਤਲਬ ਕੱਚੇ-ਪੱਕੇ ਰਲਵੇਂ-ਮਿਲਵੇਂ ਜਿਹੇ ਘਰ ਸਨ। ਆਪਣੇ ਪਿੰਡਾਂ ਵਾਂਗ ਹੀ ਢੇਰ ਵੀ ਲੱਗੇ ਸਨ ਤੇ ਉਨ੍ਹਾਂ 'ਤੇ ਕੁੱਕੜ ਵੀ ਦਿਸੇ। ਥੋੜ੍ਹਾ ਚੱਲ ਕੇ ਇਕ ਸੜਕ ਜਿਹੜੀ ਲਿੰਕ ਸੜਕਾਂ ਨਾਲੋਂ ਚੌੜੀ ਸੀ ਤੇ ਇਕ ਡਰੇਨ ਜਿਹੀ ਦੇ ਨਾਲ-ਨਾਲ ਜਾਂਦੀ ਸੀ, ਉਸ 'ਤੇ ਸਾਡੀ ਕਾਰ ਚੱਲ ਪਈ। ਆਲੇ-ਦੁਆਲੇ ਝੋਨੇ ਦੇ ਹੀ ਜ਼ਿਆਦਾ ਖੇਤ ਸਨ, ਜ਼ਮੀਨ ਪੱਧਰੀ ਹੈ। ਇਸ 'ਤੇ ਆਵਾਜਾਈ ਹੈ ਪਰ ਬਹੁਤੀ ਜ਼ਿਆਦਾ ਨਹੀਂ। ਜਿੱਦਾਂ ਆਪਣੇ ਵਲ ਦੇ ਪਿੰਡਾਂ ਵਿਚ ਹੁੰਦੀ ਹੈ। ਇਥੋਂ ਸੜਕ ਨਨਕਾਣਾ ਸਾਹਿਬ ਨੂੰ ਜਾਂਦੀ ਹੈ, ਇਸਨੇ ਜਦੋਂ ਫੈਸਲਾਬਾਦ ਤੋਂ ਲਾਹੌਰ ਵਾਲੀ ਮੇਨ ਸੜਕ ਨੂੰ ਪਾਰ ਕੀਤਾ ਤਾਂ ਅੱਗੇ ਬਹੁਤ ਵੱਡਾ ਗੇਟ ਬਣਿਆ ਹੋਇਆ ਸੀ, ਜਿਸ 'ਤੇ ਪੰਜਾਬੀ ਵਿਚ ਵੱਡੇ-ਵੱਡੇ ਅੱਖਰਾਂ ਵਿਚ ਲਿਖਿਆ ਹੋਇਆ ਸੀ, 'ਨਨਕਾਣਾ ਸਾਹਿਬ'। ਇਥੋਂ ਇਹ ਸੜਕ ਦੋਹਰੀ ਹੈ ਭਾਵ ਆਉਣ-ਜਾਣ ਲਈ ਵੱਖਰੀ ਹੈ, ਵਿਚ ਲਾਈਨ ਹੈ। ਬਾਬੂ ਖਾਂ ਨੇ ਹੀ ਦੱਸਿਆ ਕਿ ਜਦੋਂ ਦਾ ਨਨਕਾਣਾ ਸਾਹਿਬ ਨੂੰ ਜ਼ਿਲ੍ਹਾ ਬਣਾਇਆ, ਉਦੋਂ ਹੀ ਇਹ ਸੜਕ ਚੌੜੀ ਬਣਾਈ ਹੈ।

ਸੜਕ 'ਤੇ ਲੰਘਦਿਆਂ ਬਿਲਕੁਲ ਦੋ ਕੁ ਪਿੰਡ ਉਪਰ ਹੀ ਸਨ ਤੇ ਨਨਕਾਣਾ ਸਾਹਿਬ ਦੇ ਨੇੜੇ ਵੀ ਉਨ੍ਹਾਂ ਦੀ ਦਿੱਖ ਚਮਕ-ਦਮਕ ਵਾਲੀ ਲੱਗੀ। ਥੋੜ੍ਹਾ ਜਿਹਾ ਹੋਰ ਚੱਲੇ ਤਾਂ ਕਾਰ ਸਾਡੀ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ ਬਾਹਰ ਜਾ ਰੁਕੀ। ਗੁਰਦੁਆਰੇ ਦੇ ਅੱਗੇ ਬਾਜ਼ਾਰ ਹੈ। ਬਾਹਰ ਦਾ ਮੇਨ ਗੇਟ ਬਹੁਤ ਵੱਡਾ ਹੈ ਪਰ ਬੰਦ ਕੀਤਾ ਹੋਇਆ ਸੀ, ਆਉਣ-ਜਾਣ ਲਈ ਨਾਲ ਇਕ ਛੋਟਾ ਗੇਟ ਹੈ। ਬਾਬੂ ਖਾਂ ਸਾਡਾ ਡਰਾਈਵਰ ਹਰ 3-4 ਘੰਟਿਆਂ ਬਾਅਦ ਸੈਲ ਫੋਨ 'ਤੇ ਕਾਦਿਰ ਭਾਈ ਨੂੰ ਦੱਸ ਰਿਹਾ ਸੀ ਕਿ ਅਸੀਂ ਕਿਥੇ ਹਾਂ ਜਾਂ ਉਹਦਾ ਹੀ ਫੋਨ ਆ ਜਾਂਦਾ ਸੀ। ਸ਼ਾਇਦ ਉਹਦਾ ਫੋਨ ਹੀ ਡਰਾਈਵਰ ਨੂੰ ਉਸ ਵੇਲੇ ਆਇਆ ਤਾਂ ਉਹ ਕਹਿੰਦਾ ਕਿ ਸਾਡੇ ਕੋਲ ਹੁਣ ਵੀ ਟਾਈਮ ਕਾਫੀ ਹੈ, ਜੇ ਹੁਣ ਬਾਕੀ ਗੁਰਦੁਆਰੇ ਦੇਖਣੇ ਹਨ ਤਾਂ ਦੱਸੋ, ਜੇ ਸਵੇਰੇ ਦੇਖਣੇ ਆ ਤਾਂ ਹੁਣ ਆਰਾਮ ਕਰ ਲਓ। ਮੇਰੇ ਭਰਾ ਨੇ ਕਿਹਾ ਕਿ ਹੁਣੇ ਹੀ ਦੇਖਦੇ ਹਾਂ, ਅਜੇ ਲੌਢਾ ਵੇਲਾ ਤਾਂ ਹੈ। ਨਾਲੇ ਡਰਾਈਵਰ ਨੇ ਦੱਸ ਵੀ ਦਿੱਤਾ ਸੀ ਕਿ ਸਾਰੇ ਗੁਰਦੁਆਰੇ ਨੇੜੇ-ਨੇੜੇ ਹੀ ਹਨ ਤੇ ਸ਼ਹਿਰ ਦੇ ਵਿਚ ਹੀ ਹਨ। ਦੋ ਕੁ ਘੰਟਿਆਂ ਵਿਚ ਸਾਰਿਆਂ ਦੇ ਦਰਸ਼ਨ ਹੋ ਜਾਣਗੇ। ਉਸਨੇ ਸਾਨੂੰ ਦੁਬਾਰਾ ਕਾਰ ਵਿਚ ਬਿਠਾਇਆ ਤੇ ਕਾਰ ਬਾਜ਼ਾਰ ਵਲ ਨੂੰ ਮੋੜ ਲਈ। ਬਾਜ਼ਾਰ ਵਿਚ ਭੀੜ ਨਹੀਂ ਸੀ ਕਿਉਂਕਿ ਪਾਕਿਸਤਾਨ ਵਿਚ ਬਾਜ਼ਾਰ ਸ਼ੁੱਕਰਵਾਰ ਨੂੰ ਬੰਦ ਹੁੰਦਾ, ਟਾਵੀਂ-ਟਾਵੀਂ ਕੋਈ ਦੁਕਾਨ ਖੁੱਲ੍ਹੀ ਵੀ ਸੀ। ਬਾਬੂ ਖਾਂ ਨੇ ਦੱਸਿਆ ਕਿ ਹਫਤੇ ਦੇ ਬਾਕੀ ਦਿਨ ਇਸ ਬਾਜ਼ਾਰ ਵਿਚ ਬਹੁਤ ਭੀੜ ਹੁੰਦੀ ਹੈ। ਇਹੋ ਹੀ ਨਨਕਾਣਾ ਸਾਹਿਬ ਦਾ ਮੇਨ ਬਾਜ਼ਾਰ ਹੈ।

ਸਭ ਤੋਂ ਪਹਿਲਾਂ ਜਿਹੜੇ ਗੁਰਦੁਆਰੇ ਵਿਚ ਗਏ, ਉਸਦਾ ਨਾਂ 'ਗੁਰਦੁਆਰਾ ਪਾਤਸ਼ਾਹੀ ਪੰਜਵੀਂ' ਹੈ। ਛੋਟਾ ਜਿਹਾ ਗੁਰਦੁਆਰਾ ਹੈ, ਨਿਸ਼ਾਨ ਸਾਹਿਬ ਵੀ ਹੈ, ਗੁਰਦੁਆਰਾ ਉਸ ਦਿਨ ਤਾਂ ਖੁੱਲ੍ਹਾ ਹੀ ਸੀ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਹੀਂ ਕੀਤਾ ਹੋਇਆ। ਇਸ ਗੁਰਦੁਆਰੇ ਦੇ ਇਤਿਹਾਸ ਬਾਰੇ ਉਥੇ ਇੰਨਾ ਕੁ ਹੀ ਲਿਖਿਆ ਹੋਇਆ ਸੀ ਕਿ ਗੁਰੂ ਅਰਜਨ ਦੇਵ ਜੀ ਬਾਬੇ ਨਾਨਕ ਦੇ ਜਨਮ ਅਸਥਾਨ ਦੀ ਯਾਤਰਾ 'ਤੇ ਨਨਕਾਣਾ ਸਾਹਿਬ ਆਏ ਸਨ ਤਾਂ ਇਸ ਜਗ੍ਹਾ 'ਤੇ ਹੀ ਆ ਕੇ ਠਹਿਰੇ ਸਨ। ਨਾਲ ਹੀ 'ਗੁਰਦੁਆਰਾ ਪਾਤਸ਼ਾਹੀ ਛੇਵੀਂ' ਹੈ। ਉਸ ਬਾਰੇ ਇਸ ਤਰ੍ਹਾਂ ਲਿਖਿਆ ਹੋਇਆ ਸੀ ਕਿ ਗੁਰੂ ਹਰਗੋਬਿੰਦ ਸਾਹਿਬ ਜੀ ਕਸ਼ਮੀਰ ਤੋਂ ਮੁੜਦੇ ਵਕਤ ਇਥੇ ਠਹਿਰੇ ਸਨ। ਉਥੇ ਇਕ ਦਰੱਖਤ ਹੈ, ਮੈਨੂੰ ਪਤਾ ਨਹੀਂ ਲੱਗਾ ਕਾਹਦਾ ਹੈ ਕਿਉਂਕਿ ਆਪਣੇ ਚੜ੍ਹਦੇ ਪੰਜਾਬ ਵਾਲੇ ਦਰੱਖਤਾਂ ਦੀ ਨਸਲ ਦਾ ਨਹੀਂ ਸੀ। ਏਸ ਦਰੱਖਤ ਨਾਲ ਗੁਰੂ ਜੀ ਨੇ ਘੋੜਾ ਬੰਨ੍ਹਿਆ ਸੀ। ਇਨ੍ਹਾਂ ਦੋਹਾਂ ਗੁਰਦੁਆਰਿਆਂ ਬਾਰੇ ਸਾਨੂੰ ਦੱਸਣ ਵਾਲਾ ਤਾਂ ਕੋਈ ਨਹੀਂ ਸੀ, ਜੋ ਕੁਝ ਉਥੇ ਪੁਰਾਣੇ ਪਏ ਬੋਰਡਾਂ 'ਤੇ ਲਿਖਿਆ ਹੋਇਆ, ਉਹੋ ਹੀ ਉਪਰ ਲਿਖਿਆ ਹੈ। ਉਦਾਂ ਇਸ ਤੋਂ ਪਹਿਲਾਂ ਅਸੀਂ ਕਦੇ ਵੀ ਸੋਚਿਆ ਨਹੀਂ ਸੀ ਕਿ ਨਨਕਾਣਾ ਸਾਹਿਬ ਕਦੀ ਕੋਈ ਦੂਜੇ ਗੁਰੂ ਸਾਹਿਬਾਨ ਵੀ ਗਏ ਹੋਣਗੇ। ਉਹ ਤਾਂ ਇਨ੍ਹਾਂ ਗੁਰਦੁਆਰਿਆਂ ਤੋਂ ਹੀ ਪਤਾ ਲੱਗਾ।

ਇਸ ਤੋਂ ਬਾਅਦ ਅਸੀਂ ਗੁਰਦੁਆਰਾ 'ਮਾਲ ਜੀ ਸਾਹਿਬ' ਗਏ। ਇਹ ਉਹੋ ਥਾਂ ਹੈ, ਜਿਥੇ, ਕਹਿੰਦੇ ਨੇ ਕਿ ਬਾਬੇ ਨਾਨਕ ਨੂੰ ਸੱਪ ਨੇ ਆਪਣੇ ਫਨ ਨਾਲ ਛਾਂ ਕੀਤੀ। ਗੁਰਦੁਆਰੇ ਦੀ ਬਿਲਡਿੰਗ ਪੁਰਾਣੀ ਹੈ। ਨਾਲ ਹੀ ਦਰੱਖਤਾਂ ਦਾ ਝੁੰਡ ਜਿਹਾ ਵੀ ਤੇ ਸ਼ਾਇਦ ਉਹ ਇਸੇ ਗੱਲ ਦੇ ਪ੍ਰਤੀਕ ਵਜੋਂ ਰੱਖਿਆ ਹੋਣਾ ਕਿ ਉਹ ਸੱਪ ਇਸੇ ਝਾੜ ਝੀਂਡੇ ਵਿਚੋਂ ਨਿਕਲਿਆ ਹੋਵੇਗਾ।

ਫਿਰ ਅਸੀਂ ਗੁਰਦੁਆਰਾ 'ਕਿਆਰਾ ਸਾਹਿਬ' ਗਏ। ਇਸ ਗੁਰਦੁਆਰੇ ਦਾ ਹਾਲ ਵੀ ਵੱਡਾ ਹੈ ਤੇ ਇਥੇ ਸਰੋਵਰ ਵੀ ਬਣਿਆ ਹੋਇਆ ਹੈ। ਇਸ ਤੋਂ ਅੰਦਾਜ਼ਾ ਲਗਦਾ ਸੀ ਕਿ 1947 ਤੋਂ ਪਹਿਲਾਂ ਇਸ ਗੁਰਦੁਆਰੇ ਵਿਚ ਵੀ ਵੱਡੇ ਦੀਵਾਨ ਲੱਗਦੇ ਰਹੇ ਹੋਣੇ ਨੇ। ਹੁਣ ਤਾਂ ਸਰੋਵਰ ਸੁੱਕਾ ਪਿਆ ਹੈ। ਉਸ ਦਿਨ ਕੁਝ ਬੰਦੇ (ਮੁਸਲਮਾਨ) ਗੁਰਦੁਆਰੇ ਨੂੰ ਰੰਗ-ਰੋਗਨ ਕਰਨ ਲੱਗੇ ਹੋਏ ਸਨ। ਉਸ ਗੁਰਦੁਆਰੇ ਵਿਚ ਪੁਲਿਸ ਦਾ ਸਕਿਓਰਿਟੀ ਸਿਪਾਹੀ ਪੂਰੀ ਵਰਦੀ ਪਾ ਕੇ ਫਿਰ ਰਿਹਾ ਸੀ, ਸਾਨੂੰ ਦੇਖ ਕੇ ਸਾਡੇ ਕੋਲ ਆ ਗਿਆ ਤੇ ਸਤਿ ਸ੍ਰੀ ਅਕਾਲ ਬੁਲਾ ਕੇ ਇਕੋ ਹੀ ਗੱਲ ਪੁੱਛੀ ਕਿ ਸਰਦਾਰ ਸਾਹਿਬ, ਕਿਹੜੇ ਜ਼ਿਲ੍ਹੇ ਤੋਂ ਤਸ਼ਰੀਫ ਲਿਆਏ ਹੋ? ਉਹਨੇ ਆਪਣੇ ਬਜ਼ੁਰਗਾਂ ਦਾ ਜ਼ਿਲ੍ਹਾ ਵੀ ਜਲੰਧਰ ਹੀ ਦੱਸਿਆ। ਉਹ ਬੜੀ ਖੁੱਲ੍ਹੀ-ਡੁੱਲ੍ਹੀ ਗੱਲ ਕਰਦਾ ਸੀ। ਸਾਨੂੰ ਲੱਗਾ ਕਿ ਉਹ ਬੜੀਆਂ ਗੱਲਾਂ ਕਰਨੀਆਂ ਚਾਹੁੰਦਾ ਸੀ ਕਿਉਂਕਿ ਉਥੇ ਉਸਦੀ ਇਕੱਲੇ ਦੀ ਹੀ ਡਿਊਟੀ ਰਹਿੰਦੀ ਹੈ, ਸਾਰਾ ਦਿਨ ਕੋਈ ਆਉਂਦਾ ਤਾਂ ਹੈ ਨਹੀਂ ਤੇ ਚੁੱਪ ਉਹਨੂੰ ਸਤਾਉਂਦੀ ਲਗਦੀ ਸੀ। ਇਹ ਉਸਦੀਆਂ ਗੱਲਾਂ ਤੋਂ ਮੈਂ ਮਹਿਸੂਸ ਕੀਤਾ। ਹਰ ਗੱਲ ਉਹ ਹੱਸ-ਹੱਸ ਕੇ ਕਰਦਾ ਸੀ ਤੇ ਉਹਦੇ ਸੁਭਾਅ ਵਿਚ ਪੇਂਡੂ ਨਿਰਛੱਲਤਾ ਵੀ ਭਾਅ ਮਾਰਦੀ ਸੀ। ਉਹ ਕਹਿੰਦਾ ਕਿ ਮੇਰਾ ਪਿੰਡ ਸੱਚਾ ਸੌਦਾ ਫਰੂਖਾਬਾਦ ਦੇ ਨੇੜੇ ਹੈ। ਉਥੇ ਸਾਡੇ ਪੰਜ ਪਿੰਡ ਇਕੱਠੇ ਹੀ ਡੋਗਰ ਜੱਟਾਂ ਦੇ ਆ ਤੇ ਇਲਾਕੇ ਦੇ ਹੋਰ ਲੋਕੀਂ ਸਾਨੂੰ ਸਰਦਾਰਾਂ ਦੇ ਪਿੰਡ ਕਰਕੇ ਜਾਣਦੇ ਆ, ਅਸਲ ਵਿਚ ਵੰਡ ਤੋਂ ਪਹਿਲਾਂ ਇਹ ਪੰਜੇ ਪਿੰਡ ਹੀ ਸਿੱਖ ਸਰਦਾਰਾਂ ਦੇ ਸਨ। ਸਾਡੇ ਕਿਸੇ ਇਧਰਲੇ ਰਿਸ਼ਤੇਦਾਰ ਨੂੰ ਪਤਾ ਲੱਗ ਗਿਆ ਕਿ ਇਹ ਪੰਜੇ ਈ ਪਿੰਡ ਖਾਲੀ ਹੋ ਗਏ ਹਨ ਤਾਂ ਉਸਨੇ ਸਾਡੇ ਬਜ਼ੁਰਗਾਂ ਨੂੰ ਸੁਨੇਹਾ ਭੇਜ ਦਿੱਤਾ ਕਿ ਸਾਰੀ ਬਰਾਦਰੀ ਇਨ੍ਹਾਂ ਹੀ ਪਿੰਡਾਂ ਵਿਚ ਬੈਠ ਜਾਓ ਤਾਂ ਕਿ ਮਗਰੋਂ ਪੱਕੀ ਅਲਾਟਮੈਂਟ ਵੇਲੇ ਸਾਰਿਆਂ ਨੂੰ ਉਠਾਉਣਾ ਮੁਸ਼ਕਲ ਹੋਵੇ। ਇਹ ਸਕੀਮ ਰਹੀ ਵੀ ਵਧੀਆ। ਨਾਲੇ ਕਹਿੰਦਾ ਕਿ ਸਾਡੇ ਪੰਜਾਂ ਹੀ ਪਿੰਡਾਂ ਵਿਚ ਏਕਾ ਵੀ ਬੜਾ ਹੈ, ਇਸ ਕਰਕੇ ਅੱਜ ਵੀ ਸਾਡੇ ਪਿੰਡ ਸਰਦਾਰਾਂ ਦੇ ਪਿੰਡਾਂ ਨਾਲ ਮਸ਼ਹੂਰ ਹਨ। ਬਹੁਤੇ ਲੋਕੀਂ ਤਾਂ ਸਾਨੂੰ ਵੀ ਸਰਦਾਰ ਕਹਿ ਕੇ ਬੁਲਾਉਂਦੇ ਆ। ਨਾਲੇ ਜ਼ੋਰ ਨਾਲ ਹੱਸ ਪਿਆ, ਨਾਲੇ ਕਹਿੰਦਾ, ਸਾਡੇ ਸਰਦਾਰਾਂ ਦੇ 12 ਵਜੇ ਵਾਲੀ ਗੱਲ ਵੀ ਮਸ਼ਹੂਰ ਹੈ।

ਮੈਂ ਉਹਨੂੰ ਪੁੱਛ ਲਿਆ ਕਿ ਪੁਲਿਸ ਦੀ ਨੌਕਰੀ ਕਿੱਦਾਂ ਦੀ ਹੈ? ਮਸਤੀ ਜਿਹੀ ਵਿਚ ਕਹਿੰਦਾ, "ਮੌਜਾਂ ਨੇ, ਸੁਹਣੀ ਤਨਖਾਹ ਮਿਲ ਜਾਂਦੀ ਹੈ, ਪਿੰਡ ਖੇਤੀ ਹੈਗੀ ਆ, ਐਥੇ ਮੇਰੀ ਕਿਹੜੀ ਵੇਲਣੇ 'ਚ ਬਾਂਹ ਦਿੱਤੀਓ ਆ, ਵਰਦੀ ਪਾ ਕੇ ਬੈਠਾ ਹੀ ਰਹਿੰਨਾਂ।" ਉਸ ਦੀਆਂ ਗੱਲਾਂ ਵਿਚੋਂ ਸਾਨੂੰ ਵੀ ਸੁਆਦ ਜਿਹਾ ਆਉਣ ਲੱਗ ਪਿਆ। ਜੇ ਕਿਤੇ ਖੁੱਲ੍ਹਾ ਟਾਈਮ ਹੁੰਦਾ ਤਾਂ ਇਹੋ ਜਿਹੇ ਇਨਸਾਨ ਕੋਲੋਂ ਬਹੁਤ ਸੱਚਾਈ ਵਾਲੀ ਜਾਣਕਾਰੀ ਮਿਲਣੀ ਸੀ, ਬਹਿ ਕੇ ਗੱਲਾਂ ਕਰਕੇ। ਗੁਰਦੁਆਰੇ ਬਾਰੇ ਵੀ ਉਹ ਜਾਣਕਾਰੀ ਰੱਖਦਾ ਸੀ। ਉਸਨੇ ਦੱਸਿਆ ਕਿ ਇਹ ਗੁਰਦੁਆਰਾ ਉਸ ਥਾਂ 'ਤੇ ਬਣਿਆ ਹੋਇਆ ਜਿਥੇ ਬਾਲਕ ਬਾਬਾ ਨਾਨਕ ਮੱਝਾਂ ਚਾਰਦਾ ਹੁੰਦਾ ਸੀ ਤੇ ਆਪ ਤਾਂ ਉਹ ਰੱਬ ਨਾਲ ਹੀ ਜੁੜਿਆ ਰਹਿੰਦਾ ਸੀ, ਡੰਗਰ ਆਪੇ ਹੀ ਚਰ ਕੇ ਆ ਜਾਂਦੇ ਸਨ ਤੇ ਨਾਨਕ ਘਰ ਮੋੜ ਲਿਆਉਂਦਾ ਸੀ। ਇਕ ਦਿਨ ਮੱਝਾਂ ਚਰਦੀਆਂ ਨੇ ਕਿਸੇ ਦੀ ਫਸਲ ਵੀ ਖਾ ਲਈ ਤੇ ਉਹਨੇ ਮੌਕੇ 'ਤੇ ਜਾ ਕੇ ਦੇਖਿਆ ਤਾਂ ਨਾਨਕ ਤਾਂ ਕਿਤੇ ਦਿਸਿਆ ਨਾ। ਉਸਨੇ ਜਾ ਕੇ ਚੌਧਰੀ ਰਾਇ ਬੁਲਾਰ ਨੂੰ ਸ਼ਿਕਾਇਤ ਕਰ ਦਿੱਤੀ ਕਿ ਪਟਵਾਰੀ ਦੇ ਮੁੰਡੇ ਨੇ ਮੇਰੀ ਫਸਲ ਉਜਾੜ ਦਿੱਤੀ, ਡੰਗਰ ਮੇਰੇ ਖੇਤ 'ਚ ਵਾੜ ਕੇ ਆਪ ਕਿਤੇ ਉਥੇ ਦੀਂਹਦਾ ਈ ਨਹੀਂ। ਰਾਇ ਬੁਲਾਰ ਪਹਿਲਾਂ ਹੀ ਬਾਲ ਬਾਬਾ ਨਾਨਕ ਦੇ ਕੌਤਕਾਂ ਤੋਂ ਪ੍ਰਭਾਵਤ ਹੋ ਕੇ ਮਨੋਂ ਉਹਨੂੰ ਅੱਲਾ ਰਸੂਲ ਤਸੱਵਰ ਕਰ ਚੁੱਕਿਆ ਸੀ। ਫਿਰ ਵੀ ਉਹ ਉਸ ਕਿਸਾਨ ਦੇ ਨਾਲ ਖੇਤ ਦੇਖਣ ਚਲਾ ਗਿਆ ਤਾਂ ਰਾਇ ਬੁਲਾਰ

*(ਬਾਕੀ ਸਫਾ 35 'ਤੇ)*

ਅਤੀਤ ਦੇ ਪ੍ਰਛਾਵੇਂ

# ਅਣਖਾਂ ਦੇ ਪਹਿਰੇਦਾਰ

**ਸੁਖਦੇਵ ਸਿੱਧੂ**


ਰੇੜ੍ਹਵਾਂ ਦੇ ਲੋਕ ਬੜੇ ਬਦਮਾਸ਼ ਜੀ।
ਬੜੀ ਧਾਂਕ ਲਾਗੇ ਬੰਨੇ ਆਸ ਪਾਸ ਜੀ।
ਉਧੋਵਾਲ ਜੰਞ ਭਾਵੇਂ ਲੈ ਕੇ ਆਵਣੀ ਨਾ।
ਮੰਗ ਜੋ ਹੈ ਸਾਡੀ ਛੱਡ ਕੇ ਵੀ ਜਾਵਣੀ ਨਾ।

ਇਹ ਤੁਕਾਂ ਕਿਸੇ ਕਵੀਸ਼ਰ ਨੇ ਜੋੜੀਆਂ ਸਨ। ਪੂਰਾ ਕਿੱਸਾ ਹੀ ਸੀ। ਪਰ ਨਾ ਕਿਸੇ ਨੇ ਛਾਪਿਆ, ਨਾ ਕਿਸੇ ਨੇ ਸਾਂਭਿਆ ਹੋਣਾ। ਆਹ ਸਤਰਾਂ ਮੇਰੇ ਬਾਲ ਮਨ 'ਚ ਉਦੋਂ ਦੀਆਂ ਹੀ ਬੈਠੀਆਂ ਹੋਈਆਂ ਹਨ। ਕਿੱਸਾਕਾਰ ਆਪ ਵੀ ਤਾਂ ਉਧੋਵਾਲ ਦਾ ਨਹੀਂ ਸੀ। ਨਾ ਉਹਨੇ ਵਾਕਿਆ ਦੇਖਿਆ ਸੀ। ਬਸ ਲੋਕਾਂ ਤੋਂ ਮੂੰਹੋਂ ਮੂੰਹੀਂ ਗੱਲਾਂ ਸੁਣ-ਸੁਣ ਕੇ ਕਿੱਸਾ ਜੋੜ ਦਿੱਤਾ ਹੋਣਾ। ਮੱਕੀਆਂ ਸਿਰ ਕੱਢਵੀਆਂ ਸਨ। ਛੱਲੀਆਂ ਨੂੰ ਬੂਰ ਪੈ ਹਟਿਆ ਸੀ। ਲੋਕਾਂ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ। ਸੰਨ 1965 ਤੇ ਸਤੰਬਰ ਕੁ ਦਾ ਮਹੀਨਾ। ਪਾਕ ਹਿੰਦ ਦੀ ਦੂਜੀ ਲੜਾਈ ਜ਼ੋਰਾਂ 'ਤੇ ਸੀ। ਰੋਜ਼ ਬਲੈਕ ਆਊਟ ਹੋ ਜਾਣੀ। ਸਰਕਾਰ ਵਲੋਂ ਬੱਤੀਆਂ ਜਗਾਉਣ ਦਾ ਹੁਕਮ ਨਹੀਂ ਸੀ। ਰਾਤਾਂ ਨੂੰ ਨ੍ਹੇਰ ਘੁੱਪ ਹੁੰਦਾ। ਕੋਈ ਬੰਦਾ ਪਰਿੰਦਾ ਬਾਹਰ ਨਾ ਨਿਕਲਦਾ। ਬੀਬੀਆਂ ਨਿਆਣਿਆਂ ਨੂੰ ਹਦਾਇਤਾਂ ਕਰਦੀਆਂ; ਕੋਈ ਚੀਜ਼ ਲੱਭੇ, ਚੱਕਣੀ ਨਹੀਂ। ਭਾਵੇਂ ਕਿੰਨੇ ਵੀ ਮੁੱਲ ਦੀ ਹੋਵੇ। ਭਾਵੇਂ ਕਿੰਨੀ ਦੁਰਲੱਭ ਹੋਵੇ। ਆਮ ਇਹ ਰੌਲਾ ਸੀ ਕਿ ਪਾਕਿਸਤਾਨੀ ਜਸੂਸ ਘੜੀਆਂ ਵਗੈਰਾ ਸੁੱਟ ਦਿੰਦੇ ਹਨ, ਜੋ ਅਸਲ ਵਿਚ ਬੰਬ ਹੁੰਦੇ ਹਨ। ਚੁੱਕਣ ਤੋਂ ਬਾਅਦ ਉਹ ਫਟ ਜਾਂਦੇ ਹਨ ਤੇ ਨੁਕਸਾਨ ਕਰਦੇ ਹਨ। ਸਿਰੋਂ ਉਪਰ ਨਿਕਲ ਗਈਆਂ ਮੱਕੀਆਂ ਵਿਚ ਡਰਦਾ ਕੋਈ ਵੜਦਾ ਨਹੀਂ ਸੀ। ਇਹ ਗੱਲ ਵੀ ਆਮ ਸੀ ਕਿ ਪਾਕਿਸਤਾਨੀ ਛਾਤਾਬਰਦਾਰ ਜਾਸੂਸ ਮੱਕੀਆਂ ਵਿਚ ਲੁਕੇ ਰਹਿੰਦੇ ਸੀ ਤੇ ਵੇਲਾ ਮਿਲੇ 'ਤੇ ਬਾਹਰ ਆ ਕੇ ਆਪਣਾ ਕਾਰਾ ਕਰ ਜਾਂਦੇ ਸੀ। ਲੋਕਾਂ ਬੜੀਆਂ ਗੱਲਾਂ ਬਣਾਈਆਂ ਹੋਈਆਂ ਸਨ। ਸਭ ਲੋਕ ਦਹਿਲੇ ਹੋਏ ਸਨ। ਅਸੀਂ ਤਾਂ ਉਦੋਂ ਛੋਟੇ ਛੋਟੇ ਹੀ ਹੁੰਦੇ ਸਾਂ। ਅੱਠਾਂ-ਅੱਠਾਂ ਦਸਾਂ-ਦਸਾਂ ਸਾਲਾਂ ਦੇ। ਮਾਈਆਂ ਸਾਨੂੰ ਬੁੱਕਲਾਂ 'ਚ ਲੁਕੋਈ ਰੱਖਦੀਆਂ। ਘਰੋਂ ਬਾਹਰ ਨਾ ਨਿਕਲਣ ਦਿੰਦੀਆਂ। ਪਿੰਡ ਦੇ ਸਕੂਲੇ ਹੀ ਪੜ੍ਹਦੇ ਸਾਂ। ਬਹੁਤੀ ਸੁਰਤ ਨਹੀਂ ਸੀ। ਸੁਣੀਆਂ ਸੁਣਾਈਆਂ ਗੱਲਾਂ 'ਗਾਂਹ ਤੋਰੀ ਜਾਇਆ ਕਰਦੇ ਸਾਂ। ਬੀ ਹੁਣ ਔਹ ਹੋ ਗਿਆ...ਤੇ ਹੁਣ ਆਹ ਹੋ ਗਿਆ।

ਰੇਡੀਓ ਓਦੋਂ ਵੱਡੀ ਗੱਲ ਹੁੰਦੀ ਸੀ। ਮਸਾਂ ਇਕ ਅੱਧ ਹੀ ਹੁੰਦਾ ਸੀ, ਪਿੰਡਾਂ 'ਚ। ਖੇਲਾ ਭਲਵਾਨ ਰੋਜ਼ ਖ਼ਬਰਾਂ ਸੁਣਨ ਲੱਧੇ ਰਾਮ ਦੀ ਹੱਟੀਏ ਜਾਇਆ ਕਰੇ। ਪੁਰਾਣੇ ਪਿੰਡ ਦੋ ਹੀ ਹੱਟੀਆਂ ਸਨ; ਲੱਧੇ ਰਾਮ ਦੀ ਤੇ ਇਹਦੇ ਛੋਟੇ ਭਰਾ ਭਗਵਾਨ ਦੀ ਉਦੋਂ ਸਾਂਝੀ ਹੱਟੀ ਸੀ। ਰਤਾ ਕੁ ਪਰ੍ਹੇ ਕਰਕੇ ਗੰਗਾ ਰਾਮ ਦੀ ਸੀ। ਖੇਲੇ ਭਲਵਾਨ ਦਾ ਅਸਲੀ ਨਾਂ ਕਰਤਾਰ ਸਿੰਘ ਵਲਦ ਬੱਗਾ ਸਿੰਘ ਸੀ। ਗੋਤ ਤੂਰ। ਖੇਲੇ ਇਨ੍ਹਾਂ ਦੀ ਅੱਲ ਪੈ ਗਈ ਸੀ। ਕਰਤਾਰ ਖੇਲਾ ਜੁਆਨੀ ਵੇਲੇ ਭਲਵਾਨੀ ਕਰਦਾ ਸੀ। ਦਰਸ਼ਨੀ ਜੁਆਨ ਸੀ। ਬੜੇ ਮੋਟੇ ਮੋਟੇ ਹੱਡ ਸੀ ਇਹਦੇ। ਇਲਾਕੇ ਦਾ ਤਕੜਾ ਮੱਲ ਸੀ। ਏਹਨੇ ਕਈ ਵੱਡੇ-ਵੱਡੇ ਲਾਟੀਕੀਨਾਂ ਦੇ ਮੋਢੇ ਲਾਏ ਸੀ। ਅਜੇ ਵੀ ਪੁਰਾਣੇ ਬੰਦੇ ਇਹਦੀਆਂ ਗੱਲਾਂ ਕਰਦੇ ਹਨ। ਭਲਵਾਨ ਨੇ ਆਪਣੇ ਵੇਲਿਆਂ 'ਚ ਬੜੇ ਕੰਮ ਕੀਤੇ ਸੀ। ਭਲਵਾਨੀ ਦੇ ਨਾਲ-ਨਾਲ ਟਾਂਗਾ ਵੀ ਵਾਹਿਆ। ਕਾਂਗਰਸੀਆਂ ਦਾ ਹਮਾਇਤੀ ਵੀ ਰਿਹਾ। ਵੋਟਾਂ ਵੇਲੇ ਇਹ ਉਨ੍ਹਾਂ ਦੇ ਨਾਲ ਤੁਰਦਾ। ਮਹਿਤਪੁਰੋਂ ਇਹ ਟਾਂਗਾ ਨਕੋਦਰ ਨੂੰ ਜਾਂ ਲਾਗੇ ਬੰਨੇ ਦੇ ਪਿੰਡਾਂ ਨੂੰ ਲੈ ਕੇ ਜਾਂਦਾ। ਇਹਦੇ ਚਾਰ ਪੁੱਤ ਸਨ, ਇਕ ਧੀ ਸਭ ਤੋਂ ਛੋਟੀ। ਲਾਡਲੀ। ਸਭ ਤੋਂ ਵੱਡਾ ਜਗੀਰ ਪੁਲਿਸ 'ਚ ਸੀ ਤੇ ਸਾਰਿਆਂ ਤੋਂ ਛੋਟਾ ਜੈਲਾ ਮਿਲਟਰੀ 'ਚ। ਵਿਚਕਾਰਲੇ ਦੋਵੇਂ ਵਾਹੀ ਖੇਤੀ ਕਰਦੇ। ਰੂੜਾ ਇਹਦਾ ਛੜਾ ਭਾਈ ਸੀ, ਭਲਵਾਨ ਤੋਂ ਵੱਡਾ। ਬੜੇ ਜੁਆਨ। ਸਾਰੇ ਦੇ ਸਾਰੇ ਈ ਛੇ, ਸਵਾ ਛੇ-ਛੇ ਫੁੱਟ ਦੇ ਗੇੜ 'ਚ। ਸਾਨੂੰ ਨਿਆਣਿਆਂ ਨੂੰ ਹੋਰ ਵੀ ਲੰਮੇ ਲਗਦੇ। ਵੱਡੇ ਵੱਡੇ-ਦਿਓ ਦੇ ਦਿਓ।

ਓਦੋਂ ਪਿੰਡ ਭਾਈਚਾਰਿਆਂ ਆਸਰੇ ਹੀ ਹੁੰਦੇ ਸਨ। ਇਤਫਾਕ ਵੀ ਬੜਾ ਸੀ। ਬਲੈਕ ਆਊਟ ਹੋਈ ਤਾਂ ਵੀ ਲੋਕ ਰਲ ਕੇ ਬਾਹਰ ਪੈ ਲੈਂਦੇ। ਕਈ ਕਈ ਘਰ ਰਲ ਕੇ ਕੱਚਿਆਂ ਘਰਾਂ ਦੇ ਖੁੱਲ੍ਹੇ ਵਿਹੜਿਆਂ 'ਚ ਬਾਹਰ ਸੌਂ ਜਾਇਆ ਕਰਦੇ। ਪੰਜਾਂ ਸੱਤਾਂ ਘਰਾਂ ਦੀਆਂ ਧੀਆਂ-ਧਿਆਣੀਆਂ, ਨਿਆਣੇ ਤੇ ਬੀਬੀਆਂ ਖੁੱਲ੍ਹੇ ਵਿਹੜੇ 'ਚ ਪਏ ਸਨ। ਮੰਜਿਆਂ ਦੀਆਂ ਡਾਰਾਂ ਲੱਗੀਆਂ ਹੋਈਆਂ ਸਨ। ਸਾਢੇ ਨੌਂ ਦੀਆਂ ਖ਼ਬਰਾਂ ਮੁੱਕੀਆਂ ਈ ਸਨ ਕਿ ਇਕ ਦਮ ਰੌਲਾ ਪੈ ਗਿਆ; ਓ ਬਘਿਆੜ ਆ ਗਿਆ। ਓ ਬਘਿਆੜ ਆ ਗਿਆ। ਭਲਵਾਨ ਬਾਹਰ ਨਿਕਲਿਆ। ਇਹਨੇ ਕਿਸੇ ਬੜੇ ਬਾਬੇ ਕੋਲੋਂ ਮੋੜ੍ਹੀ ਫੜ ਲਈ-ਬਘਿਆੜ ਭਜਾਉਣ ਨੂੰ।

ਜਦੋਂ ਬਾਹਰ ਨਿਕਲ ਕੇ ਦੇਖਿਆ ਤਾਂ ਬਘਿਆੜ ਜੋ ਥੀਂ ਘੋੜੀਆਂ ਵਾਲਿਆਂ ਹੇਠਲੀ ਉਤੇ ਲਿਆਂਦੀ ਹੋਈ ਸੀ। ਚੀਕ ਚਿਹਾੜਾ। ਰੋਣ ਪਿੱਟਣ। ਹਾਲ ਪਾਰ੍ਹਿਆ। ਘੋੜੀਆਂ ਦੇ ਪੌੜ ਖੜਕਣ। ਹਿਣਕਣੀਆਂ ਸੁਣਨ। ਧੀਆਂ-ਧਿਆਣੀਆਂ ਭੱਜ ਕੇ ਲਾਗਲੇ ਘਰਾਂ 'ਚ ਵੜ ਗਈਆਂ। ਤੀਵੀਂਆਂ ਦਾ ਰੋਣ ਕੁਰਲਾਉਣ; ਵੇ ਬਚਾਓ ਵੇ ਸਾਨੂੰ, ਲੋਕੋ। ਅਸੀਂ ਮਾਰੇ ਗਏ ਵੇ, ਲੋਕੋ। ਅਸੀਂ ਲੁੱਟੇ ਗਏ ਵੇ, ਲੋਕੋ। ਹੱਟੀਓਂ ਬਾਹਰ ਨਿਕਲ ਕੇ ਭਲਵਾਨ ਨੇ ਦੇਖਿਆ ਤਾਂ ਲੋਕ 'ਕੱਠੇ ਹੋਏ ਹੋਏ। ਸਭ ਡਰੇ ਹੋਏ। ਕੋਈ 'ਗਾਂਹ ਵੀ ਨਾ ਹੋਵੇ। ਬਹੁਤ ਸਾਰੇ ਤਮਾਸ਼ਬੀਨ। ਇਹ ਹੋਰ ਨੇੜੇ ਹੋਇਆ ਤਾਂ ਫੇਰ ਆਵਾਜ਼ ਆਈ; ਮੈਂ ਤਾਂ ਰੋੜੀ ਆਂ, ਭਗਵਾਨ ਦੇਈ; ਮੈਂ ਸ਼ਿੰਦੋ ਨਹੀਂ। ਮੈਂ ਰੋੜੀ ਆਂ, ਮੈਂ ਸ਼ਿੰਦੋ ਨਹੀਂ। ਸ਼ਿੰਦੋ ਤਾਂ ਪਹਿਲਾਂ ਹੀ ਫੁਰਤੀ ਨਾਲ ਪਰ੍ਹੇ ਹੋ ਗਈ ਸੀ-ਉਹਨੂੰ ਸੂਹ ਹੋਣੀ ਆਂ। ਹੋਰ ਕੁੜੀਆਂ ਬੁੜੀਆਂ ਵੀ ਭੱਜ ਗਈਆਂ ਸਨ। ਘੋੜੀਆਂ ਵਾਲਿਆਂ ਸ਼ਿੰਦੋ ਭੁਲਾਵੇਂ ਗੰਗਾ ਰਾਮ ਦੀ ਨੂੰਹ, ਭਗਵਾਨ ਦੇਵੀ ਚੱਕ ਲਈ। ਉਹ ਇਹਨੂੰ ਘੋੜੀ 'ਤੇ ਚੜਾਉਂਦੇ ਸਨ। ਉਹ ਮੋਹਰਿਓਂ ਉਜ਼ਰ ਕਰਦੀ ਸੀ-ਕਰਨਾ ਹੀ ਸੀ। ਰੌਲਾ ਪਾਉਂਦੀ ਸੀ। ਘੋੜੀਆਂ ਵਾਲੇ ਇਹਦੀ ਸੁਣਦੇ ਨਹੀਂ ਸਨ। ਇਹ ਦੇਖ ਕੇ ਭਲਵਾਨ ਨੇ ਜਾਣ ਲਿਆ, ਬਈ ਸਭ ਅੱਛਾ ਨਹੀਂ। ਇਹਨੇ ਹੱਥ ਵਾਲੀ ਮੋੜ੍ਹੀ ਮਾਰ-ਮਾਰ ਕੇ ਘੋੜੀਆਂ ਭਜਾ ਦਿੱਤੀਆਂ। ਘੋੜੀਆਂ ਮਤਾਣੀਆਂ ਗਈਆਂ। ਖੇਲੇ ਭਲਵਾਨ ਦੀਆਂ ਭਜਾਈਆਂ ਘੋੜੀਆਂ 'ਚੋਂ ਇਕ ਫਿਰ ਮੁੜ ਕੇ ਆ ਗਈ। ਭਲਵਾਨ ਆਪ ਘੋੜਿਆਂ ਦਾ ਜਾਣੂੰ ਸੀ। ਟਾਂਗਾ ਵਾਹੁੰਦਾ ਰਿਹਾ ਸੀ। ਖਰਖਰੇ ਕਰਦਾ ਰਿਹਾ ਸੀ। ਆਪ ਨਿਆਰੀਆਂ ਦਿੰਦਾ ਰਿਹਾ ਸੀ। ਇਹਨੇ ਘੋੜੀ ਨੂੰ ਮੋਹਰਿਓਂ ਫੜ ਲਿਆ। ਕੰਡਿਆਲੇ ਤੋਂ। ਆਵਦੀ ਵਲੋਂ ਕਾਬੂ ਕਰ ਲਿਆ। ਅਗਲੇ ਤਿਆਰ ਹੋ ਕੇ ਆਏ ਸੀ। ਕਿਰਪਾਨਾਂ, ਬਰਛਿਆਂ, ਛੁਰਿਆਂ, ਟਕੂਇਆਂ ਨਾਲ ਪੂਰੀ ਤਰ੍ਹਾਂ ਲੈਸ। ਡਰ ਸੀ ਕਿ ਇਨ੍ਹਾਂ ਕੋਲ ਬੰਦੂਕ ਵੀ ਸੀ। ਜਦੋਂ ਹੀ ਭਲਵਾਨ ਨੇ ਘੋੜੀ ਨੂੰ ਹੱਥ ਪਾਇਆ। ਘੋੜ ਸਵਾਰ ਨੇ ਮੋਹਰਿਓਂ ਭਲਵਾਨ ਨੂੰ ਧੀ ਦੀ ਗਾਲ੍ਹ ਕੱਢੀ। ਜੱਟ ਦਾ ਪੁੱਤ ਤੇ ਧੀ ਦੀ ਗਾਲ੍ਹ ਕਦੋਂ ਜਰਦਾ ਹੈ। ਇਹਨੂੰ ਪਤਾ ਸੀ ਕਿ ਇਹ 'ਕੱਲਾ ਤੇ ਨਿਹੱਥਾ ਸੀ। ਅਗਲੇ ਪੰਜ ਸੱਤ ਸੀ। ਕੋਲ ਹਥਿਆਰ। ਭਲਵਾਨ ਨੇ ਰੌਲਾ ਪਾਇਆ: ਓ ਪਿੰਡਾ ਆ ਜਾਓ, ਓ ਡਾਕੂ ਆ ਗਏ। ਓ ਪਿੰਡਾ ਆ ਜਾਓ, ਓ ਡਾਕੂ ਆ ਗਏ। ਜੇ ਕਿਸੇ ਨੇ ਨਹੀਂ ਆਉਣਾ, ਤਾਂ ਮੇਰੇ ਮੁੰਡਿਆਂ ਨੂੰ ਸੱਦ ਦਿਓ। ਭਲਵਾਨ ਦਾ ਰੌਲਾ ਸੁਣ ਕੇ ਲੋਕ ਡਰਦੇ ਡਰਦੇ ਬਾਹਰ ਆ ਗਏ।



ਇਉਂ ਭਲਵਾਨ ਭਿੜਦਾ ਖਹਿੰਦਾ ਪਰ੍ਹੇ ਜ਼ੈਲਦਾਰਾਂ ਦੇ ਦੀਵਾਨਖਾਨੇ ਕੋਲ ਚਲੇ ਗਿਆ ਸੀ। ਇਹਨੇ ਘੋੜੀਆਂ ਡਰਾ ਦਿੱਤੀਆਂ ਸਨ। ਉਨ੍ਹਾਂ ਬਦਮਾਸ਼ਾਂ 'ਚੋਂ ਇਕ ਦੋ ਖੜਕਾ ਵੀ ਕੱਢੇ। ਉਨ੍ਹਾਂ ਫੋਕਾ ਦਬਕਾ ਮਾਰਿਆ; ਓਏ ਬੰਤਿਆ ਚਲਾ ਦੇ ਗੋਲੀ ਹੁਣ। ਜਦੋਂ ਮਰ ਗਏ ਫੇਰ ਈ ਚਲਾਉਣੀ ਆ। ਕੋਠਿਆਂ 'ਤੇ ਖੜੇ ਤਮਾਸ਼ਬੀਨ ਗੋਲੀ ਦਾ ਨਾਂ ਸੁਣ ਕੇ ਇਕਦਮ ਛੱਤਾਂ 'ਤੇ ਹੀ ਲੰਮੇ ਪੈ ਗਏ। ਡਰ ਗਏ ਕਿ ਕਿਤੇ ਖੜਿਆਂ ਨੂੰ ਗੋਲੀ ਨਾ ਲੱਗ ਜਾਵੇ। ਓਧਰ ਭਲਵਾਨ ਰੇੜ੍ਹਵਾਂ ਵਾਲਿਆਂ ਨਾਲ ਡਟਿਆ ਹੋਇਆ ਸੀ। 'ਕੱਲਾ ਸੂਰਮਾ।'

ਬੰਤੇ ਨੂੰ ਸਾਰੇ ਜਾਣਦੇ ਸੀ। ਰੇੜ੍ਹਵਾਂ ਦਾ ਮਸ਼ਹੂਰ ਬੰਤਾ ਬਦਮਾਸ਼। ਇਲਾਕੇ 'ਚ ਨਾਂ ਚਲਦਾ ਸੀ ਉਹਦਾ। ਦਹਿਲ ਵੀ ਸੀ। ਕਹਿੰਦੇ ਆ ਬਈ ਰੌਲਿਆਂ ਵੇਲੇ ਇਹਨੇ ਸ਼ਾਹਕੋਟ ਵਾਲੇ ਅਸਲਮ ਦੇ ਕਤਲੇਆਮ ਨੂੰ ਡੱਕ ਲਾਇਆ ਸੀ। ਬਾਅਦ 'ਚ ਪਤਾ ਚੱਲਿਆ ਬਈ ਬੰਤਾ ਇਨ੍ਹਾਂ ਨਾਲ ਨਹੀਂ ਸੀ ਤੁਰਿਆ। ਦੱਸਣ ਵਾਲੇ ਦੱਸਦੇ ਨੇ ਕਿ ਬੰਤਾ ਡਾਕੇ ਮਾਰਦਾ ਸੀ। ਫੀਮ-ਡੋਡੇ ਵੇਚਦਾ ਸੀ। ਸਮਗਲਿੰਗ ਕਰਦਾ ਸੀ। ਵਾਹਰਾਂ 'ਤੇ ਜਾਂਦਾ ਸੀ। ਹੋਰ ਵੀ ਪੁੱਠੇ ਕੰਮ ਕਰਦਾ ਸੀ ਪਰ ਧੀ-ਭੈਣ ਵਲ ਕਿਸੇ ਨੂੰ ਨਹੀਂ ਸੀ ਦੇਖਣ ਦਿੰਦਾ। ਸਗੋਂ ਵੇਲੇ ਕੁਵੇਲੇ ਮਦਦ ਲਈ ਬਹੁੜ ਪੈਂਦਾ ਸੀ। ਇਹਦੇ ਕਰਕੇ ਬੰਦੇ ਦੀ ਭੱਲ ਬਣ ਜਾਂਦੀ ਸੀ। ਲੋਕਾਂ ਕਹਿ ਦੇਣਾ; ਚਲੋ ਡਾਕਾ ਮਾਰ ਗਿਆ, ਇਹ ਤਾਂ ਇਹਦਾ ਕੰਮ ਸੀ ਪਰ ਧੀ ਭੈਣ ਦੀ ਪੱਤ ਵਲ ਤਾਂ ਨਹੀਂ ਦੇਖਿਆ। ਇਸ ਮਾਜਰੇ ਪਿਛੇ ਸਾਰੀ ਗੱਲ ਇਹ ਸੀ; ਹਮਾਤੜ ਪਰ ਸਾਊ ਜੱਟਾਂ ਦੀ ਧੀ ਦਾ ਰਿਸ਼ਤਾ ਸ਼ਰੀਕਾਂ ਨੇ ਰੇੜ੍ਹਵੀਂ ਕਰਵਾਇਆ ਸੀ। ਫੀਰੋ, ਸੋਹਣੀ ਤੇ ਮੋਹਣੀ ਤਿੰਨ ਭਾਈਆਂ ਦੀ 'ਕੱਲੀ ਭੈਣ ਸੀ, ਸ਼ਿੰਦੋ। ਇਹ ਵਿਚਾਰੇ ਈ ਸੀ। ਜ਼ਮੀਨ ਵੀ ਵੰਡੇ ਈ ਸੀ। ਰਿਸ਼ਤੇ ਤਾਂ ਭਰਾਵਾਂ ਨੂੰ ਵੀ ਨਹੀਂ ਸੀ ਹੋਏ। ਅੱਕ ਕੇ ਵੱਡਾ ਫੀਰੋ, ਕੁਦੇਸਣ ਬਿਮਲਾ ਨੂੰ ਮੁੱਲ ਲੈ ਆਇਆ ਸੀ। ਛੋਟੇ ਸੋਹਣੀ ਨੇ ਵੀ ਏਦਾਂ ਦਾ ਹੀ ਕੁਛ ਤੁਥ-ਮੁਥ ਕੀਤਾ ਸੀ ਪਰ ਉਹ ਵੀ ਸਿਰੇ ਨਾ ਸੀ ਚੜ੍ਹਿਆ। ਸਭ ਤੋਂ ਛੋਟਾ ਮੋਹਣੀ ਬੀਮਾਰ ਰਹਿੰਦਾ ਸੀ। ਤਕੜੇ ਜ਼ਿੰਮੀਦਾਰਾਂ ਨਾਲ ਲੱਗਾ ਰਹਿੰਦਾ-ਰੋਟੀ ਪਾਣੀ ਮਿਲ ਜਾਂਦਾ। ਬਾਪ ਬੜਾ ਪਹਿਲਾਂ ਹੀ ਤੁਰ ਗਿਆ ਸੀ। ਇਨ੍ਹਾਂ ਨੂੰ ਬਿਸ਼ਨੋ ਕਾ ਟੱਬਰ ਕਹਿੰਦੇ ਸੀ। ਬਿਸ਼ਨੋ ਇਨ੍ਹਾਂ ਦੀ ਮਾਈ ਦਾ ਨਾਂ ਸੀ। ਸ਼ਿੰਦੋ ਦਾ ਰਿਸ਼ਤਾ ਇਨ੍ਹਾਂ ਦੇ ਘਰਾਂ 'ਚੋਂ ਲਗਦੇ ਚਾਚੇ-ਤਾਏ ਨੇ ਰੇੜ੍ਹਵੀਂ ਕਰਵਾ ਦਿੱਤਾ ਸੀ। ਬੰਤੇ ਦੇ ਭਤੀਜੇ ਨੂੰ। ਮਗਰੋਂ ਸ਼ਰੀਫ ਬਿਸ਼ਨੋ ਤੇ ਪੁੱਤਾਂ ਨੂੰ ਸੂਹ ਲੱਗ ਗਈ ਕਿ ਸ਼ਰੀਕਾਂ ਨੇ ਸਾਡੇ ਹੱਥ ਤਾਂ ਬਦਮਾਸ਼ਾਂ ਨਾਲ ਜੋੜ ਦਿੱਤੇ ਆ। ਇਨ੍ਹਾਂ ਨੂੰ ਹੱਥਾਂ-ਪੈਰਾਂ ਦੀਆਂ ਪੈ ਗਈਆਂ। ਉਹ ਤਾਂ ਵਿਚਾਰੇ ਸਿੱਧੇ-ਸਾਧੇ ਸੀ। ਕੰਮ ਧੰਦੇ ਵਾਲੇ ਬੰਦੇ। ਸਿਰੇ ਦੇ ਸ਼ਰੀਫ਼। ਇਨ੍ਹਾਂ ਨੇ ਰਿਸ਼ਤਾ ਤੋੜ ਕੇ ਸ਼ੰਕਰ ਕਰ ਦਿੱਤਾ ਸੀ। ਵਿਆਹ ਰੱਖਣ ਦੀਆਂ ਗੱਲਾਂ ਹੋ ਰਹੀਆਂ ਸਨ। ਬੰਤੇ ਦੇ ਭਤੀਜਿਆਂ ਨੇ ਕਿੜ ਖਾਧੀ। ਕਹਿੰਦੇ ਆਵਦੀ ਮੰਗ ਤਾਂ ਕੋਈ ਵੀ ਨਹੀਂ ਛੱਡਦਾ ਹੁੰਦਾ। ਅਸੀਂ ਤਾਂ ਫੇਰ ਰੇੜ੍ਹਵਾਂ ਵਾਲੇ ਆਂ। ਬੰਤੇ ਦੇ ਭਤੀਜੇ। ਉਹ ਕਹਿੰਦੇ, ਸ਼ਿੰਦੋ ਸਾਡੀ ਮੰਗ ਆ। ਅਸੀਂ ਇਹ ਕਿੱਦਾਂ ਛੱਡ ਦਈਏ। ਘੈਂਸ-ਘੈਂਸ ਹੁੰਦੀ ਤੋਂ ਗੱਲ ਵਧਦੀ ਗਈ। ਵਿਚੋਲਾ ਰਾਜ਼ੀਬੰਦਾ ਕਰਵਾ ਦਿੰਦਾ, ਤਾਂ ਹੋ ਜਾਣਾ ਸੀ। ਏਨੀ ਜੋਗਾ ਉਹ ਹੈ ਵੀ ਸੀ। ਉਹ ਤਾਂ ਰੇੜ੍ਹਵਾਂ ਵਾਲਿਆਂ ਨਾਲ ਰਲ ਗਿਆ। ਕੋਈ ਪੁਰਾਣਾ ਗੋਤ ਪਾਲੀ ਬੈਠਾ ਸੀ।

ਹੋਣੀ ਵਾਲੇ ਦਿਨ ਬੰਤੇ ਦੇ ਭਤੀਜੇ ਉਧੋਵਾਲ ਆਏ। ਘੋੜੀਆਂ 'ਤੇ ਸਵਾਰ ਹੋ ਕੇ। ਬਿਸ਼ਨੋ ਕੇ ਸ਼ਰੀਕਾਂ ਦੇ ਖੂਹ 'ਤੇ ਬੈਠੇ। ਟਹਿਲ ਸੇਵਾ ਹੋਈ। ਘਰ ਦੀ ਕੱਢੀ ਦਾਰੂ ਪੀਤੀ। ਫੂਕਾਂ ਛਕਾਈਆਂ ਗਈਆਂ। ਫੀਰੋ ਕਿਆਂ ਨੂੰ ਵੀ ਸੁੱਧਕ ਤਾਂ ਹੋਊਗੀ ਕਿ ਸਭ ਅੱਛਾ ਨਹੀਂ। ਕੁਛ ਹੋਣਾ ਜ਼ਰੂਰ ਆ। ਸ਼ਰੀਕਾਂ ਦੇ ਖੂਹ 'ਤੇ ਪੰਜ ਸੱਤ ਬੰਦੇ ਸ਼ਰਾਬ ਪੀਂਦੇ ਸੀ-ਉਤੋਂ ਰੇੜ੍ਹਵਾਂ ਵਾਲੇ ਬੰਤੇ ਦੇ ਭਤੀਜੇ। ਪਰ ਇਹ ਵਿਚਾਰੇ ਸੀ, ਇਨ੍ਹਾਂ ਨਾਲ ਵੀ ਕਿਸੇ ਨਹੀਂ ਸੀ ਤੁਰਨਾ। ਇਨ੍ਹਾਂ ਦਾ ਤਾਂ 'ਆਵਦਾ' ਹੀ ਰੇੜ੍ਹਵਾਂ ਵਾਲਿਆਂ ਨਾਲ ਰਲ ਗਿਆ ਸੀ। ਗੱਲਾਂ-ਬਾਤਾਂ ਹੁੰਦੀਆਂ ਰਹੀਆਂ। ਬੋਤਲਾਂ ਦੇ ਡੱਟ ਪੱਟੇ। ਬੋਤਲਾਂ ਖਾਲੀ ਹੋਈਆਂ। ਹੌਸਲੇ ਬੁਲੰਦ ਹੋਏ। ਛਾਤੀਆਂ ਹੰਕਾਰ ਨਾਲ ਫੁੱਲੀਆਂ। ਅਖੇ ਅਸੀਂ ਰੇੜ੍ਹਵਾਂ ਵਾਲੇ ਬੰਤੇ ਬਦਮਾਸ਼ ਦੇ ਭਤੀਜੇ ਆਂ ਤੇ ਸ਼ਿੰਦੋ ਸਾਡੀ ਮੰਗ ਆ। ਇਨ੍ਹਾਂ ਦੀ ਇਹ ਮਜਾਲ ਬਈ ਸਾਡੀ ਮੰਗ ਕਿਤੇ ਹੋਰ ਤੋਰ ਦੇਣ। ਇਹ ਅਸੀਂ ਹੀ ਵਿਆਹੁਣੀ ਆ। ਜੇ ਇਨ੍ਹਾਂ ਨੇ ਨਹੀਂ ਵਿਆਹੁਣੀ ਤਾਂ ਅਸੀਂ ਓਦਾਂ ਹੀ ਚੱਕ ਕੇ ਲੈ ਜਾਣੀ ਆ। ਉਹ ਪਿੰਡੋਂ ਤੁਰਨ ਲੱਗੇ ਵਿਆਹ ਵਾਲੇ ਸਾਰੇ ਸ਼ਗਨ ਵਿਹਾਰ ਕਰਕੇ ਤੁਰੇ ਸੀ। ਤੱਕ ਕੇ ਆਏ ਸੀ। ਜੇ ਡੋਲੀ ਨਹੀਂ ਆਉਂਦੀ ਨਾ ਸਹੀ। ਮੰਗ ਜ਼ਰੂਰ ਲੈ ਕੇ ਆਵਾਂਗੇ।

ਸ਼ਰੀਕ ਖੂਹ ਤੋਂ ਇਨ੍ਹਾਂ ਨੂੰ ਪਿੰਡ ਲਿਆਇਆ। ਬੜ੍ਹੇ ਕੋਲ ਦੀ ਤੰਗ ਜਿਹੀ ਗਲੀ ਵਿਚ ਦੀ ਵਾੜ ਦਿੱਤੇ। ਕਹਿੰਦਾ, ਹਈਥੇ ਹੀ ਉਨ੍ਹਾਂ ਦਾ ਘਰ ਤੇ ਆਹ ਵਿਹੜੇ 'ਚ ਸ਼ਿੰਦੋ ਪਈ ਆ। ਉਹ ਘੋੜੀਆਂ 'ਤੇ ਚੜ੍ਹੇ ਦਗੜ-ਦਗੜ ਕਰਦੇ ਆ ਵੜੇ ਤੇ ਇਕ ਦਮ ਤਰਥੱਲੀ ਮਚ ਗਈ।

ਭਲਵਾਨ ਨੂੰ ਪਤਾ ਸੀ ਬਈ ਜੇ ਇਹਨੇ ਘੋੜੀ ਦਾ ਕੜਿਆਲਾ ਛੱਡ ਦਿੱਤਾ ਤਾਂ ਇਹਦੀ ਜਾਨ ਗਈ। ਅਗਲਿਆਂ ਕੋਲ ਹਥਿਆਰ ਸੀ। ਉਹ ਚਲਾਉਂਦੇ ਵੀ ਸੀ। ਇਹਦੇ ਕੋਲ ਤਾਂ ਮੋਹੜੀ ਸੀ ਤੇ ਉਹ ਵੀ ਟੁੱਟ ਗਈ ਸੀ। ਹਾਂ ਘੋੜੀ ਦਾ ਕੜਿਆਲਾ ਇਹਦੇ ਹੱਥ 'ਚ ਸੀ। ਬੰਤੇ ਦਾ ਭਤੀਜਾ ਸ਼ਰਾਬੀ ਵੀ ਸੀ। ਪਰ ਘੋੜੀ ਭਲਵਾਨ ਦੇ ਕਾਬੂ ਸੀ। ਵਾਰ ਤੋਂ ਬਚਦਾ ਬਚਾਉਂਦਾ, ਘੋਲ ਘਲੇਂਦੇ 'ਚ ਭਲਵਾਨ ਘੋੜੀ ਫੜੀ ਜ਼ੈਲਦਾਰਾਂ ਦੇ ਦੀਵਾਨਖਾਨੇ ਵੱਲ ਆ ਗਿਆ। ਉਹ ਹਮਲਾ ਕਰਦੇ ਵੀ। ਇਹ ਘੋੜੀਆਂ ਭਜਾ ਦਿੰਦਾ। ਆਖਰ ਕਰਤਾਰੇ ਭਲਵਾਨ ਨੇ ਇਕ ਘੋੜ ਸਵਾਰ ਹੱਥਲ ਕਰ ਲਿਆ। ਫੇਰ ਲਾਹ ਕੇ ਥੱਲੇ ਸੁੱਟ ਲਿਆ। ਉਹਦਾ ਰੌਲਾ ਸੁਣ ਕੇ ਬੰਤੇ ਦੇ ਦੂਸਰੇ ਭਤੀਜੇ ਵੀ ਆ ਗਏ। ਇਹਦੇ 'ਤੇ ਵਾਰ ਕਰਨ ਲੱਗੇ। ਖੇਲੇ ਭਲਵਾਨ ਨੂੰ ਪਤਾ ਸੀ ਕਿ ਹੁਣ ਔਖੀ ਘੜੀ ਹੈ। ਉਹਨੇ ਬੰਤੇ ਦੇ ਭਤੀਜੇ ਦਾ ਜੱਫਾ ਭਰਕੇ ਆਪਣੇ ਉਤੇ ਸੁੱਟ ਲਿਆ; ਆਪ ਹੇਠਾਂ ਪੈ ਗਿਆ। ਓਹਦੀਆਂ ਬਾਹਵਾਂ ਵੀ ਕਾਬੂ ਕਰ ਲੀਆਂ ਤੇ ਲੱਤਾਂ ਵੀ। ਕਹਿੰਦੇ ਰੇੜ੍ਹਵਾਂ ਵਾਲਾ ਵੀ ਭਲਵਾਨ ਹੀ ਸੀ। ਉਹ ਰੌਲੀ ਪਾਵੇ: ਓ ਮੈਂ ਭਲਵਾਨ ਆ, ਓ ਮੈਂ ਭਲਵਾਨ ਆ। ਕਰਤਾਰੇ ਭਲਵਾਨ ਨੇ ਉਹਨੂੰ ਬੋਲਣੋਂ ਵੀ ਹਟਾ ਲਿਆ। ਉਹਦਾ ਹੇਠਲਾ ਬੁੱਲ੍ਹ ਦੰਦਾਂ 'ਚ ਲੈ ਕੇ ਚਿੱਥ ਦਿੱਤਾ। ਫੇਰ ਉਹ ਓਂ-ਓਂ, ਐਂ-ਐਂ ਹੀ ਕਰਨ ਜੋਗਾ ਰਹਿ ਗਿਆ ਸੀ। ਰੇੜ੍ਹਵਾਂ ਵਾਲੇ ਖੇਲਾ ਭਲਵਾਨ ਸਮਝ ਕੇ ਆਵਦੇ ਭਲਵਾਨ ਦੇ ਹੀ ਕਿਰਪਾਨਾਂ ਮਾਰੀ ਗਏ। ਰੇੜ੍ਹਵਾਂ ਵਾਲਾ ਭਲਵਾਨ ਮਧਰਾ ਸੀ। ਖੇਲਾ ਭਲਵਾਨ ਲੰਮਾ ਸੀ-ਸਵਾ ਛੇ ਫੁੱਟੇ ਸਰੀਰ ਦਾ। ਇਹਦਾ ਸੱਜਾ ਗੋਡਾ ਖੜਾ ਰਹਿ ਗਿਆ ਸੀ। ਹੋਰ ਸੱਟਾਂ ਤੋਂ ਬਚ ਗਿਆ ਸੀ ਪਰ ਗੋਡੇ ਦੀ ਚੱਪਣੀ ਮਧਾਣੀ ਰੁਕ ਵੱਢੀ ਗਈ। ਚਾਰ ਡੱਕਰੇ ਹੋ ਗਏ ਸੀ। ਭਲਵਾਨ ਏਦੂੰ ਬਾਅਦ ਸਿੱਧਾ ਨਹੀਂ ਸੀ ਤੁਰ ਸਕਿਆ। ਇਹਦਾ ਉਹ ਗੋਡਾ ਸਿੱਧਾ ਹੀ ਨਹੀਂ ਸੀ ਹੁੰਦਾ।

ਦੇਖੋ ਦੇਖੀ ਹੋਰ ਬੰਦੇ ਵੀ ਖੇਲੇ ਭਲਵਾਨ ਦੀ ਮਦਦ ਨੂੰ ਹੋ ਗਏ। ਉਦੋਂ ਤਾਂਈ ਭਲਵਾਨ ਦਾ ਭਾਈ ਰੂੜਾ ਤੇ ਦੋਵੇਂ ਪੁੱਤ ਵੀ ਆ ਗਏ। ਬਾਹਰੋਂ ਆ ਕੇ ਪਿੰਡ ਵਸਿਆ ਮਿਸਤਰੀ ਜੀਤ ਸਿਓਂ ਵੀ ਨਾਲ ਹੋ ਗਿਆ। ਇਸ ਮਿਸਤਰੀ ਦਾ ਸਰੀਰ ਬੜਾ ਗੱਠਵਾਂ ਸੀ। ਕੱਦ ਮਧਰਾ ਸੀ। ਗੋਲ ਮੋਲ ਈ ਸੀ। ਇਹਨੇ ਵੀ ਬੜੀ ਡਾਂਗ ਵਰ੍ਹਾਈ। ਇਹ ਨ੍ਹੇਰੀ ਵਾਂਗੂੰ ਵਗਿਆ। ਇਹਦੇ ਸੱਟਾਂ ਵੀ ਲੱਗੀਆਂ। ਫੇਰ ਤਾਂ ਇਨ੍ਹਾਂ ਨੇ ਧੂਹ ਹੀ ਪਾ ਦਿੱਤੀ। ਰੇੜ੍ਹਵਾਂ ਦੇ ਭਜਨਾ ਤੇ ਬਹਾਦਰ ਥਾਂ ਹੀ ਮਾਰੇ ਗਏ। ਇਕ ਸਹਿਕਦਾ ਮੱਕੀਆਂ 'ਚ ਲੁਕਦਾ ਕਿਤੇ ਦੀ ਕਿਤੇ ਜਾ ਨਿਕਲਿਆ। ਬਾਕੀ ਦੇ ਨਿਕਲ ਕੇ ਰਿਸ਼ਤੇਦਾਰੀ 'ਚ ਚਲੇ ਗਏ। ਉਹ ਕਹਿੰਦੇ ਸੀ ਅਸੀਂ ਉਧੋਵਾਲੀਆਂ ਦੇ ਦੋ ਬੰਦੇ ਮਾਰ ਆਏ ਆਂ।

ਰੇੜ੍ਹਵਾਂ ਵਾਲਿਆਂ ਦਾ ਭਲਵਾਨ ਮਾਰਿਆ ਗਿਆ ਸੀ। ਇਕ ਦਾ ਵਾਰ ਕਰਨ ਲੱਗੇ ਦਾ ਗੁੱਟ ਵੱਢਿਆ ਗਿਆ ਸੀ: ਬਾਂਹ ਨਾਲੋਂ ਵੱਢਿਆ ਗੁੱਟ ਕਿਰਪਾਨ ਸਣੇ ਪਰ੍ਹੇ ਡਿੱਗਿਆ ਹੋਇਆ ਸੀ। ਉਹ ਬੜੀ ਦੇਰ ਤੱਕ ਪਾਣੀ ਮੰਗਦਾ ਰਿਹਾ। ਫੇਰ ਧਮਕੀਆਂ ਦੇਣ ਲੱਗ ਪਿਆ: ਇਕ ਵਾਰ ਮੈਨੂੰ ਪਾਣੀ ਦੇ ਦਿਓ, ਫੇਰ ਦੇਖਿਓ ਮੈਂ ਸਵੇਰੇ ਨੂੰ ਕੀ ਕਰਦਾਂ। ਮੈਂ ਤੁਹਾਡੀ ਮਾਂ ਨੂੰ...। ਮੈਂ ਤੁਹਾਡੀ ਧੀ...। ਸਾਰੇ ਪਿੰਡ ਨੂੰ ਗੰਦ ਬਕੇ-ਗਾਲ੍ਹਾਂ ਕੱਢੇ। ਇਹੀ ਸਾਰਿਆਂ 'ਚੋਂ ਕੈੜਾ ਸੀ। ਪੂਰਾ ਕੱਬਾ। ਏਦਾਂ ਦੇ ਨੂੰ ਪਾਣੀ ਕੀਹਨੇ ਦੇਣਾ ਸੀ। ਸੁਣ ਕੇ ਗੁਰਬਖ਼ਸ਼ਾ ਖਾਲਸਾ ਡਾਂਗ ਚੱਕੀ ਫਿਰਦਾ ਕੋਲ ਆਇਆ। ਕਹਿੰਦਾ, ਓ ਸਾਲਿਆ ਅਜੇ ਵੀ ਨਹੀਂ ਹਟਦਾ ਤੂੰ। ਉਹਨੇ ਇੱਕੋ ਡਾਂਗ ਇਹਦੇ ਸਿਰ 'ਚ ਛੱਡੀ। ਕਹਿੰਦਾ ਚੱਲ ਤੂੰ ਵੀ ਇਸੇ ਕੰਜਰ ਕੋਲ। ਖਾਲਸਾ ਤਕੜਾ ਜੁਆਨ ਸੀ। ਉਹਦੇ ਇੱਕੋ ਵਾਰ ਨਾਲ ਹੀ ਇਹ ਪਾਰ ਬੋਲ ਗਿਆ। ਮੁੜ ਨਾ ਬੋਲਿਆ। ਇਹਨੂੰ ਪਾਣੀ ਮੰਗਦੇ ਨੂੰ ਮੱਕੀਆਂ 'ਚ ਲੁਕਿਆ ਰੇੜ੍ਹਵਾਂ ਵਾਲਿਆਂ ਦਾ ਇਕ ਹੋਰ ਬੰਦਾ ਸੁਣਦਾ ਵੀ ਰਿਹਾ ਸੀ। ਪਰ ਉਹ ਕੀ ਕਰਦਾ। ਬਾਹਰੋਂ ਵੀ ਡਰ ਸੀ। ਉਹ ਤਾਂ ਆਪ ਆਪਣੀ ਜਾਨ ਲੁਕੋਈ ਬੈਠਾ ਸੀ। ਸੁਣਿਆ ਬਈ ਬਾਅਦ 'ਚ ਉਹ ਕਹਿੰਦਾ ਸੀ, ਮੈਂ ਉਹਨੂੰ ਮੋਢਿਆਂ 'ਤੇ ਚੁੱਕ ਕੇ ਲੈ ਜਾਣਾ ਸੀ ਪਰ ਕੀ ਕਰਦਾ ਮੇਰਾ ਸੂਤ ਨਹੀਂ ਸੀ ਲੱਗਦਾ। ਲੋਕ ਤੁਰੇ ਫਿਰਦੇ ਸੀ। ਤੇ ਜਦੋਂ ਖਾਲਸੇ ਨੇ ਉਹਨੂੰ ਪਾਰ ਬੁਲਾਇਆ, ਲੁਕਿਆ ਬੰਦਾ ਵੀ ਮੱਕੀਓਂ ਮੱਕੀ ਹੁੰਦਾ ਦੂਰ ਪਿੰਡੀਂ ਚਲੇ ਗਿਆ ਸੀ। ਬਾਅਦ 'ਚ ਇਹ ਕਹਿੰਦਾ: ਮੇਰਾ ਦਿਲ ਹੀ ਪੁੱਛਿਆ ਜਾਣਦਾ ਸੀ, ਜਦੋਂ ਮੇਰਾ ਭਰਾ ਪਾਣੀ ਮੰਗਦਾ ਸੀ ਤੇ ਮੈਥੋਂ ਉਹਦੇ ਲਈ ਕੁਛ ਨਹੀਂ ਕਰ ਹੋਇਆ।

ਪਿੰਡ 'ਚ ਹੋਰ ਵੀ ਦਹਿਲ ਪੈ ਗਿਆ। ਦੋ ਲਾਸ਼ਾਂ ਪਈਆਂ ਸਨ। ਕੋਈ ਪੁੱਛੇ ਨਾ। ਕੋਈ ਪੁਲਿਸ ਨੂੰ ਦੱਸਣ ਵੀ ਨਾ ਜਾਵੇ। ਡਰਦੇ ਵੀ ਸੀ। ਸ਼ਾਹਕੋਟ ਦਾ ਠਾਣਾ ਰੇੜ੍ਹਵਾਂ ਵਲ ਨੂੰ ਹੀ ਪੈਂਦਾ ਸੀ। ਪੁਲਿਸ ਓਦੋਂ ਏਡੀ ਛੇਤੀ ਨਹੀਂ ਸੀ ਆਉਂਦੀ ਹੁੰਦੀ। ਆਖਰ ਨਕੋਦਰ ਵਲ ਦੀ ਹੋ ਕੇ ਠਾਣੇ ਖ਼ਬਰ ਕੀਤੀ। ਜਦੋਂ ਠਾਣੇ ਵਾਲਿਆਂ ਰੇੜ੍ਹਵਾਂ ਵਾਲਿਆਂ ਨੂੰ ਦੱਸਿਆ ਤਾਂ ਉਹ ਕਹਿਣ ਸਾਡਾ ਤਾਂ ਬੰਦਾ ਹੀ ਕੋਈ ਨਹੀਂ ਮਰਿਆ। ਅਸੀਂ ਤਾਂ ਉਨ੍ਹਾਂ ਦੇ ਮਾਰ ਕੇ ਆਏ ਆਂ। ਲੋਕ ਕਹਿਣ ਰੇੜ੍ਹਵਾਂ ਵਾਲੇ ਹੁਣ ਬਦਲਾ ਲੈਣਗੇ। ਹੁਣ ਬੰਤਾ ਜ਼ਰੂਰ ਆਊਗਾ। ਜੋ ਮਰਜ਼ੀ ਹੋਵੇ, ਹੈਗੇ ਤਾਂ ਉਹਦੇ ਭਤੀਜੇ ਈ ਆ। ਬੰਤੇ ਦਾ ਆਵਦਾ ਖੂਨ। ਭਰਾ ਦੀ ਅਣਸ। ਹੁਣ ਮੌਤ ਨੱਚੂਗੀ। ਉਹ ਪਿੰਡ ਦੇ ਬੰਦੇ ਮਾਰੂਗਾ। ਲੋਕਾਂ ਦੇ ਦਿਲਾਂ 'ਚ ਭੈਅ ਵਧ ਗਿਆ ਸੀ। ਇੱਧਰੋਂ ਭਲਵਾਨ ਖੇਲੇ ਦੀ ਬੱਲੇ ਬੱਲੇ ਹੋ ਗਈ ਸੀ। ਇਹਨੇ ਪਿੰਡ ਦੀ ਰੱਖ ਵਿਖਾਈ। ਧੀ ਭੈਣ ਦੀ ਰਾਖੀ ਲਈ ਮਰਨ ਨੂੰ ਤਿਆਰ ਹੋ ਗਿਆ ਸੀ। ਸਾਰੀ ਰਾਤ ਲਾਸ਼ਾਂ ਪਈਆਂ ਰਹੀਆਂ। ਮੌਤ ਦਾ ਸਹਿਮ ਸੀ। ਲੋਕ ਡਰਦੇ ਹੌਲੀ ਹੌਲੀ ਬਾਹਰ ਨਿਕਲਣੇ ਸ਼ੁਰੂ ਹੋਏ। ਜਿਹੜੇ ਰਾਤੀਂ ਕੁਸਕੇ ਨਹੀਂ ਸੀ, ਰਜਾਈਆਂ 'ਚ ਮੂੰਹ ਦੇ ਕੇ ਲੁਕੇ ਰਹੇ ਉਹ ਵੀ ਬਾਹਰ ਨਿਕਲ ਆਏ। ਨੰਦੇ ਦਾ ਕੈਲਾ ਮੋਢੇ 'ਤੇ ਹਾਕੀ ਰੱਖੀ ਆਵੇ। ਪਿੰਡ ਵਾਲੇ ਇਹਨੂੰ ਟੰਡਾ ਵੀ ਕਹਿੰਦੇ ਸੀ। ਇਹ ਮਰੇ ਪਏ ਬੰਦੇ ਦੇ ਸਿਰ 'ਚ ਹਾਕੀ ਮਾਰ ਕੇ ਕਹਿੰਦਾ, ਤੈਂ ਰਾਤੀਂ ਬੜੀ ਅਤ ਚੁੱਕੀ ਹੋਈ ਸੀ ਓਏ, ਹੁਣ ਬੋਲ ਜ਼ਰਾ। ਦੇਖਾਂ ਤੈਨੂੰ ਵੱਡੇ ਸੂਰਮੇ ਨੂੰ। ਲੋਕ ਹੱਸ ਪਏ। ਇਹ ਗੱਲ ਬੜਾ ਚਿਰ ਕੈਲੇ ਨਾਲ ਜੁੜੀ ਰਹੀ। ਇਹਨੂੰ ਛੇੜਨ ਹਿਤ ਕਈਆਂ ਨੇ ਕਹਿਣਾ, ਬਈ ਟੰਡੇ ਨੇ ਵੀ ਰੇੜ੍ਹਵਾਂ ਵਾਲਿਆਂ ਦੇ ਪੰਜ ਸੱਤ ਬੰਦੇ ਮਾਰੇ ਸੀ। ਕਹਿੰਦੇ ਨੇ ਬੰਤਾ ਫੇਰ ਆਇਆ ਵੀ। ਲਾਸ਼ਾਂ ਦੇਖ ਕੇ ਦੁਖੀ ਹੋਇਆ। ਚੰਗਾ ਹੋਵੇ ਜਾਂ ਮਾੜਾ, ਆਪਣੇ ਖੂਨ ਦਾ ਦੁੱਖ ਤਾਂ ਹੁੰਦਾ ਹੀ ਹੈ। ਬੰਤਾ ਕਹਿੰਦਾ, ਲੈ ਕਮਲਿਆਂ ਨੇ ਐਵੇਂ ਜਾਨਾਂ ਗੁਆ ਲਈਆਂ। ਭੰਗ ਦੇ ਭਾੜੇ। ਇਹ ਕਿਤੇ ਵਿਆਹ ਹੋਣੋਂ ਰਹਿ ਚੱਲੇ ਸੀ। ਸਾਡੇ ਤਾਂ ਕੁੱਤੇ ਵੀ ਵਿਆਹੇ ਜਾਂਦੇ ਨੇ। ਮੈਨੂੰ ਬਿਨਾਂ ਦੱਸਿਆਂ ਹੀ ਆ ਗਏ।

ਅਸੀਂ ਨਕੋਦਰ ਹਸਪਤਾਲ ਦੇਖਣ ਗਏ। ਸਾਡੇ ਪਿੰਡ ਦਾ ਭਲਵਾਨ, ਉਹਦਾ ਪੁਤ ਗਿੰਦਾ ਤੇ ਜੀਤ ਸਿਉਂ ਮਿਸਤਰੀ ਵੀ। ਸਭ ਵਰਾਂਡੇ 'ਚ ਪਏ ਸੀ। ਭਲਵਾਨ ਦੇ ਗੋਡੇ ਨੂੰ ਪਲੱਸਤਰ ਕੀਤਾ ਹੋਇਆ ਸੀ। ਗਿੰਦੇ ਦੇ ਸਿਰ 'ਤੇ ਪੱਟੀ ਬੱਧੀ ਹੋਈ ਸੀ। ਜੀਤ ਸਿਉਂ ਦੀ ਬਾਂਹ ਬੰਨ੍ਹੀ ਹੋਈ ਸੀ। ਰਤਾ ਕੁ ਪਰ੍ਹੇ ਕਰਕੇ ਓਸੇ ਵਰਾਂਡੇ 'ਚ ਰੇੜ੍ਹਵਾਂ ਵਾਲੇ ਵੀ ਪਏ ਸੀ। ਪੱਟੀਆਂ ਪਲੱਸਤਰਾਂ 'ਚ ਲਪੇਟੇ ਹੋਏ। ਜਿਹੜੇ ਦੋ-ਤਿੰਨ ਦਿਨ ਪਹਿਲਾਂ ਮਰਨ ਮਾਰਨ ਨੂੰ ਫਿਰਦੇ ਸਨ, ਹੁਣ ਟਿਕਟਿਕਾ ਤੋਂ ਬੜੇ 'ਰਾਮ ਨਾਲ ਮੰਜਿਆਂ 'ਤੇ ਪਏ ਸਨ। ਇਕ ਦੂਜੇ ਦੇ ਲਾਗੇ ਲਾਗੇ। ਚੋਰ ਅੱਖ ਨਾਲ ਇਹ ਦੂਜੇ ਵਲ ਵੀ ਦੇਖ ਲੈਂਦੇ ਤੇ ਪਤਾ ਲੈਣ ਆਇਆਂ ਨੂੰ ਵੀ।

ਰੇੜ੍ਹਵਾਂ ਵਾਲਿਆਂ 'ਤੇ ਡਾਕੇ ਦਾ ਤੇ ਸੱਟਾਂ ਮਾਰਨ ਦਾ ਕੇਸ ਪੈ ਗਿਆ। ਪਿੰਡ ਦਿਆਂ 'ਤੇ ਸੱਟਾਂ ਮਾਰਨ ਦਾ। ਅਰੋੜੇ ਡਰਦੇ ਸਹਾਰਨਪੁਰ ਚਲੇ ਗਏ। ਓਥੋਂ ਤਰੀਕਾਂ ਭੁਗਤਣ ਆਉਂਦੇ ਰਹੇ। ਮਿਸਤਰੀ ਜੀਤ ਸਿਓਂ ਵੀ ਪਿੰਡੋਂ ਕਿਤੇ ਹੋਰ ਚਲੇ ਗਿਆ। ਨਾ ਕੋਈ ਏਧਰੋਂ ਬੋਝਾ, ਨਾ ਓਧਰੋਂ। ਦੋ ਤਿੰਨ ਜਾਨਾਂ ਚਲੀਆਂ ਗਈਆਂ-ਨਾ ਕਿਸੇ ਖੂਹ ਨਾ ਖਾਤੇ। ਰੇੜ੍ਹਵਾਂ ਵਾਲੇ ਬੰਤੇ ਦਾ ਇਕ ਭਤੀਜਾ, ਜਾਗਰ, ਆਜ਼ਾਦ ਬੱਸ 'ਚ ਡਰੈਵਰ ਸੀ। ਰੂਟ ਨਕੋਦਰੋਂ ਸ਼ਾਹਕੋਟ ਦਾ ਸੀ। ਉਹਨੇ ਜਦੋਂ ਬੱਸ ਲੈ ਕੇ ਜਾਣੀ ਤੇ ਉਧੋਵਾਲ ਵਲ ਦੇਖਣਾ। ਫੇਰ ਮੂੰਹ ਦੂਜੇ ਪਾਸੇ ਕਰ ਲੈਣਾ। ਫੇਰ ਪਤਾ ਲੱਗਾ ਕਿ ਇਹ ਵਾਰਦਾਤ 'ਚ ਵੀ ਨਾਲ ਈ ਸੀ। ਉਹਨੂੰ ਉਧੋਵਾਲ ਕੋਲ ਦੀ ਲੰਘਦੇ ਨੂੰ ਭਾਈਆਂ ਦੀਆਂ ਲਾਸ਼ਾਂ ਯਾਦ ਆਉਂਦੀਆਂ ਹੋਣਗੀਆਂ। ਜਾਂ ਬਈ ਉਧੋਵਾਲ ਦਾ ਖੇਲਾ ਭਲਵਾਨ ਏਹਨਾਂ 'ਤੇ ਭਾਰਾ ਪੈ ਗਿਆ ਸੀ। ਫੇਰ ਇਹ ਮੁੰਡਿਆਂ ਨਾਲ ਪਿੰਡ ਆਉਣ ਲੱਗ ਪਿਆ। ਇਹਨੇ ਕਹਿਣਾ, ਓਦਣ ਸਾਡੀ ਕਿਸਮਤ ਮਾੜੀ ਸੀ। ਸਾਨੂੰ ਮਾਰ ਗਈ।

ਖੇਲੇ ਭਲਵਾਨ ਦੀ ਬੱਲੇ ਬੱਲੇ ਹੋ ਗਈ। ਪਿੰਡਾਂ 'ਚ ਗੱਲਾਂ ਤੁਰੀਆਂ। ਲੋਕਾਂ ਕਹਿਣਾ, ਆਹ ਹੋਇਆ ਨਾ ਮਰਦਾਂ ਵਾਲਾ ਕੰਮ। ਧੀਆਂ ਭੈਣਾਂ ਸਭ ਦੀਆਂ। ਇੱਜ਼ਤਾਂ ਸਭ ਦੀਆਂ ਸਾਂਝੀਆਂ। ਸ਼ਿੰਦੋ ਸਾਰੇ ਪਿੰਡ ਦੀ ਧੀ ਸੀ। ਕੇਸ ਚੱਲਿਆ। ਏਦਾਂ ਦੇ ਕੇਸਾਂ 'ਚ ਕੀ ਹੋਣਾ ਹੁੰਦਾ। ਸਾਰਾ ਪਿੰਡ ਭਲਵਾਨ ਦੇ ਨਾਲ ਸੀ। ਇਲਾਕਾ ਵੀ। ਰੇੜ੍ਹਵਾਂ ਵਾਲੇ ਧਾੜ ਲੈ ਕੇ ਆਏ ਸੀ। ਮਾਰੇ ਗਏ। ਭਲਵਾਨ ਦੀ ਮਹਿਮਾ ਬਾਹਰ ਵੀ ਪਹੁੰਚੀ। ਉਹਨੂੰ ਪੈਸੇ ਵਲੈਤ 'ਚੋਂ ਗਏ। ਲਿੱਤਰਾਂ ਦੇ ਕਰਤਾਰ ਸਿਓਂ ਤੇ ਪਿੰਡ ਦੇ ਧੰਨੇ ਨੇ ਘੱਲੇ-ਹੋਰਨਾਂ ਵੀ ਘੱਲੇ ਹੋਣਗੇ। ਭਲਵਾਨ ਦੀ ਬਹਾਦਰੀ ਦਾ ਇਨਾਮ। ਪਿੰਡ ਦੀ ਧੀ ਭੈਣ ਦੀ ਇੱਜ਼ਤ ਰੱਖਣ ਦਾ ਮਾਣ। ਲੋਕਾਂ ਕਹਿਣਾ ਇਹ ਉਧੋਵਾਲ ਦਾ ਭਲਵਾਨ ਆ, ਜਿਹਨੇ ਰੇੜ੍ਹਵਾਂ ਵਾਲੇ ਬਦਮਾਸ਼ਾਂ ਨੂੰ ਮਾਰਿਆ ਸੀ। ਬੜਾ ਚਿਰ ਇਹਦੀ ਜੈ ਜੈ ਕਾਰ ਹੁੰਦੀ ਰਹੀ।

### ਗ਼ਜ਼ਲ

ਉਪਰੋਂ ਹਰ ਇਕ ਸ਼ਖਸ ਪਿਆਰਾ ਲੱਗਦਾ ਏ।
ਅੰਦਰੋਂ ਸਭ ਕੁਝ ਸ਼ਾਹੂਕਾਰਾ ਲੱਗਦਾ ਏ।
ਨਵੀਂ ਆਸ ਵਿਚ ਰੋਜ਼ ਸਵੇਰੇ ਉਠਦੇ ਹਾਂ,
ਹਰ ਦਿਨ ਪਿਛਲੇ ਤੋਂ ਵੀ ਭਾਰਾ ਲੱਗਦਾ ਏ।
ਕੱਲ੍ਹ ਜਿਹੜਾ ਗੁਲਕੰਦ ਤੋਂ ਮਿੱਠਾ ਲੱਗਦਾ ਸੀ,
ਉਸ ਦਾ ਅੱਜ ਹਰ ਬੋਲ ਵੀ ਖਾਰਾ ਲੱਗਦਾ ਏ।
ਝੂਠ ਨੇ ਸੱਚ ਨੂੰ ਐਨੀ ਵਾਰੀ ਲੁੱਟਿਆ ਏ,
ਸੱਚ ਸੁਣਾਂ ਤਾਂ ਹੁਣ ਉਹ ਲਾਰਾ ਲੱਗਦਾ ਏ।
ਸੁੱਕੇ, ਪਿਆਸੇ, ਛਾਂਗੇ ਹੋਏ ਰੁੱਖਾਂ ਨੂੰ,
ਹਰ ਬੰਦਾ ਹੀ ਲੱਕੜਹਾਰਾ ਲੱਗਦਾ ਏ।
ਜਿਸ ਦੇ ਬੋਲਾਂ ਦੇ ਵਿਚ ਸੂਰਜ ਦਗਦਾ ਸੀ,
ਅੱਜ ਉਹ ਬੁਝਿਆ ਹੋਇਆ ਤਾਰਾ ਲੱਗਦਾ ਹੈ।
ਜੀਵਣ ਦੀ ਜਦ ਸ਼ਾਮ ਪਈ ਤਾਂ ਬੰਦੇ ਨੂੰ,
ਸਭ ਕੁਝ ਹੀ ਇਕ ਝੂਠ ਪਿਟਾਰਾ ਲੱਗਦਾ ਏ।
ਮਨ ਦਾ ਜੋਗੀ ਜਦ ਦੁੱਖਾਂ ਵਿਚ ਘਿਰ ਜਾਵੇ,
ਮਹਿਲਾਂ ਵਰਗਾ ਘਰ ਵੀ ਢਾਰਾ ਲੱਗਦਾ ਏ।

*-ਰਾਜਿੰਦਰ ਜਿੰਦ, ਨਿਊ ਯਾਰਕ*
*ਫੋਨ:917-776-9956*

---

### ਕਲਮਾਂ

ਸਲਾਮਤ ਰਹਿਣ ਕਲਮਾਂ,
ਸੱਚਾਈ ਕਹਿਣ ਵਾਲੀਆਂ,
ਨਿਆਂ ਭਗਤਾਉਣ ਵਾਲੀਆਂ,
ਹਕੀਕਤ ਜਗਾਉਣ ਵਾਲੀਆਂ,
ਅੱਤਿਆਚਾਰ ਹਰਾਉਣ ਵਾਲੀਆਂ,
ਮੁਆਹਿਦੇ ਪੁਗਾਉਣ ਵਾਲੀਆਂ।
ਗਰਕ ਜਾਣ ਵਿਕਾਊ ਕਲਮਾਂ,
ਹੁਕਮ ਵਜਾਉਣ ਵਾਲੀਆਂ,
ਸਿਰ ਝੁਕਾਉਣ ਵਾਲੀਆਂ,
ਸੁਪਾਰੀ ਚਾਹੁਣ ਵਾਲੀਆਂ,
ਖਿਆਨਤ ਮਚਾਉਣ ਵਾਲੀਆਂ,
ਇਵਜ਼ਾਨਾ ਪਾਉਣ ਵਾਲੀਆਂ।
ਸੌਂ ਜਾਣ ਚਾਪਲੂਸ ਕਲਮਾਂ,
ਮੱਖਣ ਲਾਉਣ ਵਾਲੀਆਂ,
ਪਰਦੇ ਪਾਉਣ ਵਾਲੀਆਂ,
ਡੰਗ ਟਪਾਉਣ ਵਾਲੀਆਂ,
ਯਥਾਰਥ ਛੁਪਾਉਣ ਵਾਲੀਆਂ।
ਬਖਸ਼ੀਸ਼ਾਂ ਹੰਢਾਉਣ ਵਾਲੀਆਂ।
ਟੁੱਟ ਜਾਣ ਖ਼ੁਦਗਰਜ਼ ਕਲਮਾਂ,
ਅਫਵਾਹਾਂ ਫੈਲਾਉਣ ਵਾਲੀਆਂ,
ਆਤੰਕ ਮਚਾਉਣ ਵਾਲੀਆਂ,
ਅੰਬਰ ਢਾਹੁਣ ਵਾਲੀਆਂ,
ਵਿਤਕਰੇ ਪਾਉਣ ਵਾਲੀਆਂ
ਜਨਤਾ ਗੁਮਰਾਹੁਣ ਵਾਲੀਆਂ।
ਜਿੰਦਾ ਰਹਿਣ ਧੱਕੜ ਕਲਮਾਂ,
ਧਰਤ ਹਿਲਾਉਣ ਵਾਲੀਆਂ,
ਜੁੱਗ ਪਲਟਾਉਣ ਵਾਲੀਆਂ,
ਕ੍ਰਾਂਤੀ ਲਿਆਉਣ ਵਾਲੀਆਂ,
ਸ਼ਾਂਤੀ ਵਰਸਾਉਣ ਵਾਲੀਆਂ,
ਸੁਰਮੇਲ ਵਰਤਾਉਣ ਵਾਲੀਆਂ।

---

# ਕਾਵਿ-ਮੰਚ

### ਮਾਨਵਤਾ

ਇਹ ਮਾਨਵਤਾ
ਆਪਣੇ ਹੱਥ ਵਿਚ,
ਐਟਮ ਦੀ ਚਿੰਗਿਆੜੀ ਫੜ ਕੇ
ਗਗਨ ਉਡਾਰੀਆਂ ਲਾ ਆਈ ਹੈ।
ਸਾਇੰਸ ਸੂਝ ਦਾ ਲੈ ਸਹਾਰਾ,
ਟਿੱਕਾ ਆਪਣੇ ਪਦ ਚਿੰਨ੍ਹਾਂ ਦਾ,
ਚੰਨ ਦੇ ਮੱਥੇ ਲਾ ਆਈ ਹੈ।
ਇਹ ਮਾਨਵਤਾ,
ਉਨਤੀ ਦੀ ਪੌੜੀ ਦੇ ਡੰਡੇ,
ਚੜ੍ਹਦੀ ਜਾਵੇ, ਚੜ੍ਹਦੀ ਜਾਵੇ,
'ਮੈਂ' ਹੀ 'ਮੈਂ' ਵਿਚ ਮਦਹੋਸ਼ ਹੈ,
ਤੂੰ, ਤੁਸਾਂ ਦੀ ਕੋਈ ਖਬਰ ਨਾ,
ਪੀਲਾ-ਪੀਲਾ ਇਸ ਦਾ ਚਿਹਰਾ,
ਥੱਕੀ-ਥੱਕੀ, ਹਾਰੀ-ਹਾਰੀ,
ਬੇ-ਬਲ ਤੇ ਬੇ-ਬੱਸ ਜਿਹੀ ਹੈ।
ਇਹ ਮਾਨਵਤਾ
ਜਿਸ ਦੇ ਹਾਸੇ ਵਿਚ ਵੀ ਖਿਝ ਹੈ,
ਜਿਸ ਦੇ ਪੈਰਾਂ ਵਿਚ ਹੈ ਚੱਕਰ,
ਦੌੜ ਰਹੀ ਹੈ, ਦੌੜ ਰਹੀ ਹੈ,
ਰੁੱਝੀ-ਰੁੱਝੀ ਅੱਗੇ ਵਧਦੀ,
ਐਸ਼-ਅਰਾਮ ਦੇ ਸਾਧਨਾਂ ਨੂੰ,
ਇਕੱਠਿਆਂ ਕਰਦੀ, ਜੋੜੀ ਜਾਂਦੀ,
ਪਰ ਉਨ੍ਹਾਂ ਨੂੰ ਮਾਨਣ ਦਾ ਵੀ,
ਸਮਾਂ ਨਹੀਂ ਹੈ, ਵਿਹਲ ਨਹੀਂ ਹੈ।
ਇਹ ਮਾਨਵਤਾ,
ਦੁਨੀਆਂ ਦੇ ਕਰਤੇ-ਧਰਤੇ ਨੂੰ,
ਆਤਮਾ ਦੇ ਪਰਮ ਪਿਤਾ,
ਅਜੇ ਨਹੀਂ ਭੁੱਲੀ, ਇਸੇ ਲਈ ਤਾਂ,
ਧਰਮ ਨੂੰ ਉਚਿਆਂ ਕਰਨ ਦੀ ਖਾਤਰ,
ਲੋੜ ਪਵੇ ਤਾਂ,
'ਖਤਰਾ ਹੈ' ਦਾ ਨਾਹਰਾ ਲਾ ਕੇ,
ਬੜੇ ਜੋਸ਼ ਵਿਚ ਆ ਜਾਂਦੀ ਹੈ,
ਫਿਰ ਆਪਣੇ ਹੀ ਅੰਗਾਂ ਨੂੰ ਕੱਟ ਕੇ,
ਖੂਨ ਦੀ ਨਦੀ ਵਹਾ ਜਾਂਦੀ ਹੈ।

*-ਅਮਰਜੀਤ ਸਿੰਘ ਕਲਸੀ*

---

### ਗ਼ਜ਼ਲ

ਭੱਥੇ 'ਚ ਤੀਰ ਇੱਕ-ਦੂਜੇ ਨਾ' ਗੱਲਾਂ ਕਰ ਰਹੇ।
ਇਹ ਕੌਣ ਹੋਣਗੇ ਜੋ ਮਰਨੋਂ ਨਹੀਂ ਡਰ ਰਹੇ।
ਲੱਖਾਂ ਕਰੋੜਾਂ ਲੋਕ ਨੇ ਜੋ ਖੁਦ ਲਈ ਜੀਅ ਰਹੇ,
ਕਿੰਨੇ ਕੁ ਹੋਣਗੇ ਜੋ ਦੂਜਿਆਂ ਲਈ ਮਰ ਰਹੇ।
ਦੂਰ ਨਾ ਜਾ ਕੋਲ ਖੜੇ ਰੁੱਖਾਂ ਤੋਂ ਸਬਕ ਸਿੱਖ,
ਸਿਰ ਧੁੱਪਾਂ ਝੱਲ ਕੇ ਛਾਂਵਾਂ ਹੋਰਾਂ ਨੂੰ ਕਰ ਰਹੇ।
ਖੰਜਰ ਹਾਂ, ਤਿੱਖਾ ਹਾਂ, ਮੈਂ ਖਤਰਨਾਕ ਹਾਂ,
ਮੁਜਰਿਮ ਢੂੰਡੋ ਕਿਉਂ ਮੇਰੇ 'ਤੇ ਦੋਸ਼ ਧਰ ਰਹੇ।
ਛੱਡ 'ਪੁਰੇਵਾਲ' ਹੁਣ ਯਾਰ ਹੋਰ ਪਰਖਣੇ,
ਇੱਕੋ ਹੀ ਮਾਂ ਦੇ ਜਾਏ ਨਿੱਤ ਧੋਖੇ ਕਰ ਰਹੇ।

*-ਇੰਦਰਜੀਤ ਪੁਰੇਵਾਲ, ਨਿਊ ਯਾਰਕ*
*ਫੋਨ:845-702-1886*

---

### ਨਹੀਂ ਹੋਣਾ...

ਪਤਾ ਏ ਮੇਰੇ ਖਾਲੀ ਦਿਲ ਵਿਚ
ਤੇਰੇ ਕੋਲੋਂ ਬਹਿ ਨਹੀਂ ਹੋਣਾ।
ਫਿਰ ਵੀ ਗੂੰਗੇ ਬੋਲੇ ਦਿਲ ਤੋਂ
ਤੈਨੂੰ ਕੁਝ ਵੀ ਕਹਿ ਨਹੀਂ ਹੋਣਾ।
ਆਪਣੇ ਆਪਣੇ ਸੱਚ ਨੂੰ ਆਪਾਂ
ਦਿਲ ਦੇ ਵਿਚ ਹੀ ਮਾਰ ਲਵਾਂਗੇ,
ਤੇਰੇ ਕੋਲੋਂ ਕਹਿ ਨਹੀਂ ਹੋਣਾ
ਮੇਰੇ ਕੋਲੋਂ ਸਹਿ ਨਹੀਂ ਹੋਣਾ।
ਝੂਠ ਦੇ ਕੋਮਲ ਫੁੱਲਾਂ ਦੇ ਨਾਲ
ਹੱਸ ਕੇ ਯਾਰੀ ਲਾ ਲਈ ਮੈਂ ਤਾਂ,
ਪਤਾ ਸੀ ਸੱਚ ਦੇ ਕੰਡਿਆਂ ਦੇ ਨਾਲ
ਮੇਰੇ ਕੋਲੋਂ ਖਹਿ ਨਹੀਂ ਹੋਣਾ।
ਪਤਾ ਏ ਤੇਰਾ ਹੋਵਣ ਦੇ ਲਈ
ਤੇਰੇ ਦਰ 'ਤੇ ਢਹਿਣਾ ਪੈਂਦਾ,
ਪਰ ਇਸ ਮਨ ਦੇ ਬੰਦੇ ਕੋਲੋਂ
ਤੇਰੇ ਦਰ 'ਤੇ ਢਹਿ ਨਹੀਂ ਹੋਣਾ।
ਮੈਂ ਮਨ ਦੀ ਸੁੰਦਰਤਾ ਵੇਖਾਂ
ਤੂੰ ਤਨ 'ਤੇ ਹੀ ਠਹਿਰ ਗਿਆਂ ਏ,
ਏਸ ਵਣਜ ਵਿਚ ਤੇਰਾ ਮੇਰਾ
ਇਹ ਸੌਦਾ ਤਾਂ ਤੈਅ ਨਹੀਂ ਹੋਣਾ।
ਉਹ ਤਾਂ ਮੇਰੀ ਰਗ-ਰਗ ਦੇ ਵਿਚ
ਖੂਨ ਦੇ ਵਾਂਗੂ ਤੁਰਿਆ ਫਿਰਦਾ,
'ਜਿੰਦ' ਗਰਜ਼ੀ ਤੋਂ ਉਸ ਦੇ ਦਿਲ ਵਿਚ
ਏਨਾ ਡੂੰਘਾ ਲਹਿ ਨਹੀਂ ਹੋਣਾ।

*-ਰਾਜਿੰਦਰ ਜਿੰਦ, ਨਿਊ ਯਾਰਕ*

---

### ਇੱਕੋ

ਇੱਕੋ ਰੱਬ ਨੇ ਇੱਕੋ ਸੰਸਾਰ ਬੱਧਾ
ਇੱਕੋ ਕੁਦਰਤ 'ਚ ਉਹ ਤਾਂ ਸਮਾ ਰਿਹਾ ਏ।
ਇੱਕੋ ਗਿਆਨ ਹੀ ਇੱਕੋ ਹੀ ਗੁਰੂ ਬਣ ਕੇ
ਸਾਰੇ ਜਗਤ ਨੂੰ ਅੱਜ ਰੁਸ਼ਨਾ ਰਿਹਾ ਏ।
ਇੱਕੋ ਨਿਯਮ ਦੇ ਰੂਪ ਵਿੱਚ ਸਰਬਸਾਂਝਾ
ਇੱਕੋ ਧਰਮ ਉਸ ਦਿੱਤਾ ਸੰਸਾਰ ਤਾਈਂ,
ਇੱਕੋ ਪੰਥ ਲਈ ਇੱਕੋ ਗ੍ਰੰਥ ਹੋ ਕੇ
ਇੱਕੋ ਤਖਤ ਤੋਂ ਗੱਲ ਸਮਝਾ ਰਿਹਾ ਏ।

*-ਡਾ. ਗੁਰਮੀਤ ਸਿੰਘ ਬਰਸਾਲ*
*ਫੋਨ:408-209-7072*

---

### ਨਾਰੀ ਦੀ ਉਸਤਤ

ਨੌਂ ਮਹੀਨੇ ਜਿਸ ਨੇ ਗਰਭ 'ਚ ਰੱਖਿਆ
ਭੁੱਲ'ਗੇ ਉਸ ਅਹਿਸਾਨਾਂ ਨੂੰ।
ਕੁੱਖਾਂ ਵਿਚੋਂ ਨਾ ਕੱਢ ਕੇ ਮਾਰੋ,
ਇਨ੍ਹਾਂ ਨਿੱਕੀਆਂ ਨਿੱਕੀਆਂ ਜਾਨਾਂ ਨੂੰ।
ਬਾਬੇ ਨਾਨਕ ਨੇ ਵੀ ਉਸਤਤ ਕੀਤੀ,
ਜੱਗ ਜਣਨੀ ਇਸ ਨਾਰੀ ਦੀ।
ਪੜ੍ਹ-ਸੁਣ ਕੇ ਵੀ ਭੁੱਲ'ਗੇ
ਬਾਬੇ ਨਾਨਕ ਦੇ ਫੁਰਮਾਨਾਂ ਨੂੰ।
ਪੱਪੂ ਹਠੂਰ ਸੱਚੀ ਗੱਲ ਸੁਣਾਵੇ,
ਔਰਤ ਹੀ ਸੂਰਮੇ ਕੌਮਾਂ ਦੀ ਝੋਲੀ ਪਾਵੇ।
ਅੱਜ ਉਹੀ ਔਰਤ ਕਿਵੇਂ ਸਮਝਾਵੇ,
ਇਨ੍ਹਾਂ ਦਰਿੰਦੇ ਬਣੇ ਇਨਸਾਨਾਂ ਨੂੰ।

*-ਪੱਪੂ ਹਠੂਰ, ਮਾਡੈਸਟੋ*

## ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

*(ਸਫਾ 33 ਦੀ ਬਾਕੀ)*

ਨੇ ਪਹਿਲਾਂ ਨਾਨਕ ਨੂੰ ਲੱਭਣ ਲਈ ਕਿਹਾ। ਜਦੋਂ ਦੇਖਿਆ ਕਿ ਬਾਲ ਨਾਨਕ ਇਕ ਇਕਾਂਤ ਥਾਂ 'ਤੇ ਆਪਣੇ ਪਰਵਦਗਾਰ ਨਾਲ ਲਿਵ ਲਾਈ ਬੈਠਾ ਸੀ। ਕਹਿੰਦੇ, ਰਾਇ ਬੁਲਾਰ ਨੇ ਉਹਨੂੰ ਸਜਦਾ ਕੀਤਾ ਤਾਂ ਕਿਸਾਨ ਹੈਰਾਨ ਹੋ ਗਿਆ ਕਿ ਇਹ ਕੀ? ਉਹਨੂੰ ਡਾਂਟਣ ਦੀ ਬਜਾਏ ਉਹਦੇ ਅੱਗੇ ਐਡਾ ਵੱਡਾ ਇਲਾਕੇ ਦਾ ਚੌਧਰੀ ਸਿਰ ਝੁਕਾਅ ਗਿਆ? ਉਸਦੇ ਮਨ ਦੀ ਗੱਲ ਬੁੱਝ ਕੇ ਰਾਇ ਬੁਲਾਰ ਨੇ ਕਿਹਾ ਕਿ ਤੂੰ ਨਹੀਂ ਜਾਣਦਾ, ਆਪਣੀ ਰਾਇ-ਭੋਇ ਦੀ ਤਲਵੰਡੀ ਵਿਚ ਆਪ ਖ਼ੁਦਾ 'ਨਾਨਕ' ਦੇ ਰੂਪ ਵਿਚ ਆਇਆ ਹੋਇਆ ਹੈ। ਤੂੰ ਜਾਹ ਆਪਣੇ ਘਰ, ਜਿੰਨੀ ਤੇਰੀ ਫਸਲ ਦਾ ਨੁਕਸਾਨ ਹੋਇਆ, ਮੈਥੋਂ ਆ ਕੇ ਲੈ ਜਾਈਂ। ਅਸਲ ਵਿਚ ਇਸ ਸਾਰੀ ਜ਼ਮੀਨ ਦਾ ਮਾਲਕ ਆਪ ਚੌਧਰੀ ਰਾਇ ਬੁਲਾਰ ਸੀ ਤੇ ਮੁਜ਼ਾਰੇ ਕੱਚੀ ਅਲਾਟਮੈਂਟ 'ਤੇ ਖੇਤੀ ਕਰਕੇ ਮਾਮਲਾ ਚੌਧਰੀ ਨੂੰ ਹੀ ਦਿੰਦੇ ਸਨ। ਕਹਿੰਦੇ ਨੇ, ਕੁਝ ਦਿਨਾਂ ਬਾਅਦ ਜਦ ਉਹ ਕਿਸਾਨ ਫਿਰ ਖੇਤ ਗਿਆ ਤਾਂ ਫਸਲ ਮੁੜ ਹਰੀ-ਭਰੀ ਪਹਿਲਾਂ ਨਾਲੋਂ ਵੀ ਭਾਰੀ ਸੀ ਤਾਂ ਉਹਨੇ ਜਾ ਕੇ ਰਾਇ ਬੁਲਾਰ ਨੂੰ ਕਿਹਾ ਕਿ ਸੱਚੀਂ 'ਨਾਨਕ' ਤਾਂ ਖੁਦਾ ਹੈ, ਮੇਰੀ ਉਹੋ ਉਜੜੀ ਫਸਲ ਤਾਂ ਪਹਿਲਾਂ ਨਾਲੋਂ ਭਾਰੀ ਹੈ। ਅਸਲ ਵਿਚ ਰਾਇ ਬੁਲਾਰ ਬਾਬੇ ਨਾਨਕ ਦੀ ਅਜ਼ਮਤ ਨੂੰ ਪਛਾਣਨ ਵਾਲਾ ਪਹਿਲਾ ਇਨਸਾਨ ਸੀ। ਜੇ ਐਦਾਂ ਵੀ ਕਹਿ ਲਈਏ ਕਿ ਬਾਬੇ ਨਾਨਕ ਦਾ ਪਹਿਲਾ ਸਿੱਖ ਰਾਇ ਬੁਲਾਰ ਬਣਿਆ ਤਾਂ ਕੋਈ ਅਤਿਕਥਨੀ ਨਹੀਂ।

ਰਾਇ ਬੁਲਾਰ 1500 ਮੁਰੱਬੇ ਜ਼ਮੀਨ ਦਾ ਮਾਲਕ ਸੀ। ਇਕ ਤਰ੍ਹਾਂ ਤਲਵੰਡੀ ਦਾ ਸਾਰਾ ਇਲਾਕਾ ਉਹਦਾ ਸੀ, ਉਹਨੇ ਜਦੋਂ ਕਿਸਾਨ ਦੇ ਮੂੰਹੋਂ ਸੁਣਿਆ ਕਿ ਉਹਦੀ ਫਸਲ ਤਾਂ ਪਹਿਲਾਂ ਨਾਲੋਂ ਵੀ ਭਾਰੀ ਹੈ ਤਾਂ ਚੌਧਰੀ 'ਨਾਨਕ' ਤੋਂ ਐਨਾ ਪ੍ਰਭਾਵਤ ਹੋ ਗਿਆ ਕਿ ਉਹਨੇ ਆਪਣੀ ਅੱਧੀ ਜ਼ਮੀਨ ਮਤਲਬ 750 ਮੁਰੱਬੇ ਨਾਨਕ ਦੇ ਨਾਂ ਲੁਆ ਦਿੱਤੀ, ਇਹਦਾ ਭਾਵ 18750 ਕਿੱਲੇ ਜ਼ਮੀਨ ਹੋਈ, ਜਿਸਦਾ ਮਾਲਕ ਬਾਬਾ ਨਾਨਕ ਬਣਿਆ।

*(ਬਾਕੀ ਅਗਲੇ ਅੰਕ 'ਚ)*

## ਔਰਤ ਦਾ ਗਹਿਣਾ ਚੁੰਨੀ ਏ...

ਔਰਤ ਦਾ ਗਹਿਣਾ ਚੁੰਨੀ ਏ ਚੁੰਨੀ ਨਾ ਸਿਰ ਤੋਂ ਲਾਹਿਆ ਕਰ
ਇਸ ਸ਼ਰਮ ਹਯਾ ਦੇ ਗਹਿਣੇ ਨੂੰ ਤੂੰ ਆਪਣੇ ਸਿਰ ਤੇ ਪਾਇਆ ਕਰ।

ਉਹ ਔਰਤ ਕਾਹਦੀ ਔਰਤ ਹੈ ਜੋ ਕੱਪੜੇ ਪੂਰੇ ਪਾਵੇ ਨਾ
ਉਹ ਬੇਟੀ ਕਾਹਦੀ ਬੇਟੀ ਹੈ ਜੋ ਸ਼ਰਮ ਨਾਲ ਝੁਕ ਜਾਵੇ ਨਾ
ਗੁੱਤ ਕਰਕੇ ਕਾਲਿਆਂ ਕੇਸਾਂ ਦੀ ਸਿਰ ਚੁੰਨੀ ਨਾਲ ਸਜਾਇਆ ਕਰ-
ਔਰਤ ਦਾ ਗਹਿਣਾ ਚੁੰਨੀ ਏ...

ਤੂੰ ਪੜ੍ਹ ਗਈ ਏਂ ਤੂੰ ਲਿਖ ਗਈ ਏਂ ਤੈਨੂੰ ਰੱਜ ਕੇ ਮਿਲ ਗਈ ਸ਼ੋਹਰਤ ਹੈ
ਉਡ ਰਹੀ ਏਂ ਵਿਚ ਅਸਮਾਨਾਂ ਦੇ ਪਰ ਫਿਰ ਵੀ ਤੂੰ ਇਕ ਔਰਤ ਹੈਂ
ਤੈਰ ਰੱਬ ਨੇ ਸ਼ਰਮਾਂ ਦਿੱਤੀਆਂ ਨੇ ਜ਼ਰਾ ਆਪਣਾ ਆਪ ਲੁਕਾਇਆ ਕਰ
ਔਰਤ ਦਾ ਗਹਿਣਾ ਚੁੰਨੀ ਏ...

ਤੂੰ ਜਿਸ ਸਮਾਜ ਵਿਚ ਜੀਣਾ ਏ ਉਹ ਸਭ ਸਮਾਜ ਹੈ ਬੰਦਿਆਂ ਦਾ
ਕੋਈ ਬਾਪ ਨਹੀਂ, ਕੋਈ ਵੀਰ ਨਹੀਂ ਇਹ ਯੁੱਗ ਹੈ ਕਾਲਿਆਂ ਧੰਦਿਆਂ ਦਾ,
ਤੈਨੂੰ ਸਿਖਰ ਦੁਪਹਿਰੇ ਲੁੱਟ ਲੈਣਗੇ ਇਨ੍ਹਾਂ ਤੋਂ ਨਜ਼ਰ ਬਚਾਇਆ ਕਰ-
ਔਰਤ ਦਾ ਗਹਿਣਾ ਚੁੰਨੀ ਏ...

ਤੂੰ ਅੱਖੀਆਂ ਖੋਹਲਕੇ ਤਕ ਤਾਂ ਸਹੀ ਤੈਨੂੰ ਬੰਦੇ ਵੇਚੀ ਜਾ ਰਹੇ ਨੇ
ਤੇਰੇ ਤਨ ਤੋਂ ਕੱਪੜੇ ਘੱਟ ਗਏ ਨੇ ਸਭ ਬੰਦੇ ਜਸ਼ਨ ਮਨਾ ਰਹੇ ਨੇ
ਤੇਰੇ ਬਦਨ ਤੇ ਬਿਜ਼ਨਸ ਚਲ ਰਹੇ ਨੇ ਨਾਂਅ ਆਪਣਾ ਜਿਸਮ ਵਿਖਾਇਆ ਕਰ-
ਔਰਤ ਦਾ ਗਹਿਣਾ ਚੁੰਨੀ ਏ...

ਜਿਸ ਐਸ਼ ਪਿੱਛੇ ਤੂੰ ਮਰ ਰਹੀ ਏਂ ਇਹ ਧੋਖਿਆਂ ਦੀ ਹੈ ਐਸ਼ ਕੁੜੇ
ਤੇਰੇ ਬਦਨ ਤੇ ਐਡਾਂ ਕਰ ਕਰ ਕੇ ਤੇਰੇ ਜਿਸ ਦਾ ਵੱਟ ਰਹੇ ਕੈਸ਼ ਕੁੜੇ।
ਨਾ ਜਿਸਮ ਨੂੰ ਨੰਗਿਆਂ ਕਰ ਕੁੜੀਏ ਭਾਵੇਂ ਰੁਖੀ-ਸੁਕੀ ਖਾਇਆ ਕਰ-
ਔਰਤ ਦਾ ਗਹਿਣਾ ਚੁੰਨੀ ਏ...

ਤੈਨੂੰ ਸ਼ਰਮ ਜੋ ਰੱਬ ਨੇ ਦਿੱਤੀ ਏ ਉਹੀਓ ਤੇ ਤੇਰਾ ਗਹਿਣਾ ਏ,
ਜਦ ਸ਼ਰਮਾਂ ਹੀ ਤੂੰ ਲਾਹ ਸੁੱਟੀਆਂ ਫਿਰ ਕੋਲ ਤੇਰੇ ਕੀ ਰਹਿਣਾ ਏ,
ਕਰ ਸ਼ਰਮ ਤੇ ਕਪੜੇ ਪਾ ਤਨ ਤੇ ਮਨ ਆਪਣੇ ਨੂੰ ਸਮਝਾਇਆ ਕਰ-
ਔਰਤ ਦਾ ਗਹਿਣਾ ਚੁੰਨੀ ਏ...

ਕਟਰੀਨ ਅਤੇ ਕਰੀਨਾ ਦੀ ਨਾਂ ਰੀਸ ਕਦੀ ਵੀ ਕਰਿਆ ਕਰ
ਰੱਖ ਆਪਣਾ ਆਪ ਸੰਭਾਲ ਕੇ ਤੂੰ ਨਾ ਰੀਸਾਂ ਦੇ ਵਿਚ ਮਰਿਆ ਕਰ
ਜੇ ਬਣ ਸਕਦੀ ਏ ਕਲਪਨਾ ਬਣੇਂ, ਕਦੀ ਇੰਦਰਾ ਵੀ ਬਣ ਜਾਇਆ ਕਰ-
ਔਰਤ ਦਾ ਗਹਿਣਾ ਚੁੰਨੀ ਏ.........................

ਕਦੀ ਦੁਨੀਆਂ ਵਿਚ ਤੂੰ ਤੱਕਿਆ ਏ ਬੰਦੇ ਵੀ ਕਪੜੇ ਲਾਹੁੰਦੇ ਨੇ
ਦੁਨੀਆਂ ਦੇ ਹਰ ਇਕ ਮੰਚ ਉਤੇ ਤੈਨੂੰ ਹੀ ਪਈ ਨਚਾਉਂਦੇ ਨੇ
ਜ਼ਰਾ ਆਪਣਾ ਆਪ ਸੰਭਾਲ ਕੁੜੇ ਕਠਪੁਤਲੀ ਨਾ ਬਣ ਜਾਇਆ ਕਰ-
ਔਰਤ ਦਾ ਗਹਿਣਾ ਚੁੰਨੀ ਏ.........................

## ਸਾਉਣ ਮਹੀਨਾ ਆ ਗਿਆ

ਪਿੱਪਲਾਂ ਉਤੇ ਪੀਂਘਾਂ ਪਈਆਂ ਸਾਉਣ ਮਹੀਨਾ ਆ ਗਿਆ
ਕਾਲੀਆਂ ਘੋਰ ਘੱਟਾਵਾਂ ਚੱਲੀਆਂ, ਹਰ ਇਕ ਮਨ ਹਰਸ਼ਾ ਗਿਆ

ਠੰਢੀਆਂ ਠੰਢੀਆਂ ਚਲਣ ਹਵਾਵਾਂ, ਹਰ ਕੋਈ ਫਿਰਦਾ ਏ ਵਿਚ ਚਾਵਾਂ,
ਚੂੜੇ ਛੱਣਕ ਰਹੇ ਵਿਚ ਬਾਹਵਾਂ, ਤੱਕਕੇ ਮੰਨ ਨਸ਼ਿਆ ਗਿਆ
ਪਿੱਪਲਾਂ ਉਤੇ ਪੀਂਘਾਂ ਪਈਆਂ..

ਪੀਓ ਪੀਓ ਪਪੀਹੇ ਗਾਉਂਦੇ, ਡੱਡੂ ਗੜੈਂ ਗੜੈਂ ਰੌਲਾ ਪਾਉਂਦੇ
ਮੱਛਰ ਆਪਣੇ ਡੰਗ ਚਲਾਉਂਦੇ ਕੰਨ ਵਿਚ ਭੀਂ ਭੀਂ ਸੁਣਾ ਗਿਆ
ਪਿੱਪਲਾਂ ਉਤੇ ਪੀਂਘਾਂ ਪਈਆਂ...

ਛੱਪੜੀ ਦੇ ਵਿਚ ਚਿੜੀ ਨਹਾਵੇ, ਅੰਬ ਤੇ ਲੈਚੀ ਕੋਇਲ ਗਾਵੇ
ਮੋਰ ਕਿਤੇ ਪਿਆ ਪੈਲਾਂ ਪਾਵੇ-ਸੱਜਣਾਂ ਦੀ ਯਾਦ ਦਿਵਾ ਗਿਆ
ਪਿੱਪਲਾਂ ਉਤੇ ਪੀਂਘਾਂ ਪਈਆਂ...

ਮਿੱਠੇ ਮਿੱਠੇ ਪੂੜੇ ਪੱਕਦੇ ਬਬਲੂ ਕਾਕਾ ਬੈਠੇ ਤੱਕਦੇ,
ਖੀਰ ਦਾ ਭਰਿਆ ਵੇਖ ਪਤੀਲਾ ਮੂੰਹ ਵਿਚ ਪਾਣੀ ਆ ਗਿਆ,
ਪਿੱਪਲਾਂ ਉਤੇ ਪੀਂਘਾਂ ਪਈਆਂ...

ਹਰ ਪਾਸੇ ਛਾਈ ਹਰਿਆਲੀ ਹਰ ਚਿਹਰੇ ਤੇ ਚਮਕੇ ਲਾਲੀ,
ਬਾਸਮਤੀ ਨਾਲ ਝੋਨੇ ਲੱਗਦੇ ਬੀਂਡਾ ਬੀਨ ਵਜਾ ਗਿਆ,
ਪਿੱਪਲਾਂ ਉਤੇ ਪੀਂਘਾਂ ਪਈਆਂ...

ਖੀਰ ਦਾ ਕੋਲਾ ਮੂੰਹ ਤੱਕ ਭਰਕੇ ਦੋ ਤਿੰਨ ਪੂੜੇ ਥਾਲ 'ਚ ਧਰਕੇ
ਸਭਨਾਂ ਕੋਲੋਂ ਅੱਖ ਬਚਾਕੇ ਜੱਸੀ ਝੱਟ-ਪੱਟ ਕਾ ਗਿਆ,
ਪਿੱਪਲਾਂ ਉਤੇ ਪੀਂਘਾਂ ਪਈਆਂ...

ਤਿਤਲੀਆਂ ਵਾਂਗਰ ਸਜੀਆਂ ਕੁੜੀਆਂ, ਜਿਉਂ ਹੋਵਣ ਜਾਦੂ ਦੀਆਂ ਪੁੜੀਆਂ,
ਅੱਧ ਅਸਮਾਨੀ ਪੀਂਗ ਚੜ੍ਹਾਕੇ ਕਾਹਤੋਂ ਮਨ ਸ਼ਰਮਾ ਗਿਆ,
ਪਿੱਪਲਾਂ ਉਤੇ ਪੀਂਘਾਂ ਪਈਆਂ...

ਹੱਥਾਂ ਉਤੇ ਮਹਿੰਦੀ ਸਜਦੀ ਪੈਰਾਂ ਦੇ ਵਿਚ ਝਾਂਜਰ ਵੱਜਦੀ
ਪਹਿਲਾ ਸਾਵਣ ਪਹਿਲੀਆਂ ਤੀਆਂ ਖਬਰੇ ਭੀ ਸਮਝਾ ਗਿਆ,
ਪਿੱਪਲਾਂ ਉਤੇ ਪੀਂਘਾਂ ਪਈਆਂ...

ਇਕ ਲਾਡੋ ਦਾ ਕੰਤ ਨਾ ਆਇਆ ਝੂਠੇ ਨੇ ਨਾ ਵਚਨ ਪੁਗਾਇਆ
ਫੁੱਲਾਂ ਵਰਗਾ ਸੋਹਮਾ ਮੁਖੜਾ ਯਾਦਾਂ ਵਿਚ ਕੁਮਲਾ ਗਿਆ।
ਪਿੱਪਲਾਂ ਉਤੇ ਪੀਂਘਾਂ ਪਈਆਂ...

ਸਾਵਣ ਸ਼ਰਮ ਮਨਾਂ ਘਣ ਵਰਸੇ ਫਿਰ ਵੀ ਕਿਰਨ ਬੈਠੀ ਤਰਸੇ
ਘੋਰ ਘੱਟਾਵਾਂ ਸਾਉਣ ਮਹੀਨਾ ਕਿਰਨ ਨੂੰ ਤੜਪ ਗਿਆ,
ਪਿੱਪਲਾਂ ਉਤੇ ਪੀਂਘਾਂ ਪਈਆਂ...

ਗ਼ਜ਼ਲ, ਕਹਾਣੀ, ਗੀਤ ਵੀ ਖੁਸ਼ ਹੈ, ਸਾਵਣ ਵਿਚ ਸੁਰਜੀਤ ਵੀ ਖੁਸ਼ ਹੈ,
ਲੱਖ ਸ਼ੁਕਰਾਨੇ ਰੱਬ ਦੇ ਕਰੀਏ ਜੋ ਸਾਵਣ ਵਰਸਾ ਗਿਆ।
ਪਿੱਪਲਾਂ ਉਤੇ ਪੀਂਘਾਂ ਪਈਆਂ...

**ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ**
**ਫੋਨ:916-687-3536**



## ਯਾਦਾਂ ਦੀ ਪਟਾਰੀ

# ਕੋਈ ਨਹੀਂ ਲੈ ਸਕਦਾ ਵਾਰਾਂ ਦੇ ਬਾਦਸ਼ਾਹ ਗੁਰਦਾਸਪੁਰੀ ਦੀ ਥਾਂ

**-ਗੁਲਜ਼ਾਰ ਸਿੰਘ ਸੰਧੂ**

ਮੇਰੀ ਪੱਤਰਕਾਰੀ ਦੇ ਮੁੱਢਲੇ ਦਿਨਾਂ ਵਿਚ ਦੋ ਹੀ ਬਾਦਸ਼ਾਹ ਮਸ਼ਹੂਰ ਸਨ। ਇਕ ਸਨ ਪੰਥ ਦੇ ਬੇਤਾਜ ਬਾਦਸ਼ਾਹ ਬਾਬਾ ਖੜਕ ਸਿੰਘ ਅਤੇ ਦੂਜਾ ਵਾਰਾਂ ਦਾ ਬਾਦਸ਼ਾਹ ਹਜ਼ਾਰਾ ਸਿੰਘ ਗੁਰਦਾਸਪੁਰੀ। ਸਪਤਾਹਿਕ ''ਫਤਹਿ'' ਜਿਸ ਦਾ ਕਿ ਮੈਂ ਉਪ ਸੰਪਾਦਕ ਸਾਂ, ਵਿਚ ਹਰ ਦੂਜੇ ਹਫਤੇ ਇਨ੍ਹਾਂ ਵਿਚੋਂ ਇਕ ਬਾਦਸ਼ਾਹ ਦਾ ਜ਼ਿਕਰ ਜ਼ਰੂਰ ਆਉਂਦਾ ਸੀ। ਦੋਹਾਂ ਦੀ ਬਾਦਸ਼ਾਹਤ ਵੱਖੋ-ਵੱਖਰੀ ਸੀ। ਇਕ ਦਾ ਖੇਤਰ ਰਾਜਨੀਤੀ ਸੀ ਅਤੇ ਦੂਜੇ ਦਾ ਸਾਹਿਤ।

ਸਾਹਿਤ ਰਚਨਾ ਵਾਸਤੇ ਗੁਰਦਾਸਪੁਰੀ ਆਪਣੇ ਰਾਜਨੀਤਕ ਪਿਛੋਕੜ ਦੀ ਰੱਜ ਕੇ ਵਰਤੋਂ ਕਰਦਾ ਸੀ। ਆਪਣੀ ਜਵਾਨੀ ਵਿਚ ਸੁਤੰਤਰਤਾ ਸੰਗਰਾਮੀ ਰਹਿ ਚੁੱਕਣ ਕਾਰਨ ਉਸ ਦੀ ਸ. ਪ੍ਰਤਾਪ ਸਿੰਘ ਕੈਰੋਂ, ਗਿਆਨੀ ਜ਼ੈਲ ਸਿੰਘ ਅਤੇ ਗਿਆਨੀ ਗੁਰਮੁਖ ਸਿੰਘ ਮੁਸਾਫਰ ਆਦਿ ਅਨੇਕ ਨੇਤਾਵਾਂ ਨਾਲ ਨੇੜੇ ਦੀ ਸਾਂਝ ਸੀ-ਟਿੱਚਰ ਮਖੌਲ ਵਾਲੀ। ਇਸ ਰਾਜਨੀਤਕ ਰਸੂਖ ਦਾ ਸਦਕਾ ਬਾਵਾ ਬਚਿੱਤਰ ਸਿੰਘ ਵਰਗੇ ਧਨੀ ਗੁਰਦਾਸਪੁਰੀ ਦੀ ਹਰ ਤਰ੍ਹਾਂ ਨਾਲ ਮਾਇਕ ਸਹਾਇਤਾ ਵੀ ਕਰਦੇ ਸਨ। ਗੁਰਦਾਸਪੁਰੀ ਨਾਲ ਬੈਠਣਾ ਉਠਣਾ ਤੇ ਸੰਪਰਕ ਰੱਖਣਾ ਸੁਤੰਤਰਤਾ ਦੇ ਸੰਗਰਾਮ ਵਿਚੋਂ ਲੰਘਣ ਵਾਂਗ ਹੈ।

ਉਂਝ ਤਾਂ ਉਸ ਦੇ ਗੀਤਾਂ ਤੇ ਗ਼ਜ਼ਲਾਂ ਅਤੇ ਕਵਿਤਾਵਾਂ ਦੀ ਚਰਚਾ ਵੀ ਘੱਟ ਨਹੀਂ ਹੋਈ ਪਰ ਜਿਸ ਸਾਹਿਤ ਰੂਪ ਵਿਚ ਉਸ ਨੂੰ ਪੂਰਨ ਵਿਲੱਖਣਤਾ ਮਿਲੀ ਹੈ, ਉਹ ਵਾਰਾਂ ਹੀ ਹਨ। ਉਸ ਦੀਆਂ ਵਾਰਾਂ ਪੜ੍ਹਦੇ ਤੇ ਸੁਣਦੇ ਸਮੇਂ ਪਾਠਕ ਇਕ ਤਰ੍ਹਾਂ ਨਾਲ ਮੁਕੰਮਲ ਘੋਲ ਵਿਚੋਂ ਲੰਘਦਾ ਹੈ। ਇਕ ਸੰਗਰਾਮ ਵਿਚੋਂ। ਇਕ ਯੋਧੇ ਵਾਂਗ।

ਪਾਠਕ ਨੂੰ ਇਸ ਤਰ੍ਹਾਂ ਕਿਉਂ ਲਗਦਾ ਹੈ? ਇਸ ਦੀ ਵਿਆਖਿਆ ਗੁਰਦਾਸਪੁਰੀ ਦੇ ਸ਼ਬਦਾਂ ਵਿਚ ਇੰਝ ਹੈ, ''ਗੀਤ ਦੀ ਰਚਨਾ ਲਈ ਸੋਹਣਾ ਮਾਹੌਲ ਚਾਹੀਦਾ ਹੈ। ਮੁਹੱਬਤ ਦਾ ਅਹਿਸਾਸ ਤੇ ਚੰਗੇ ਸ਼ਬਦਾਂ ਦੀ ਬਹੁਲਤਾ ਪਰ ਵਾਰ ਲਿਖਣਾ ਰਣ-ਭੂਮੀ ਵਿਚ ਲੜਾਈ ਲੜਨ ਦੇ ਸਾਮਾਨ ਹੈ। ਆਪਣੀ ਦਾੜ੍ਹੀ ਤੇ ਮੁੱਛਾਂ ਦੇ ਵਾਲ ਮੈਂ ਆਪਣੇ ਹੀ ਹੱਥਾਂ ਨਾਲ ਕਈ ਵਾਰ ਪੁੱਟੇ ਹਨ। ਜਦੋਂ ਕਿਸੇ ਯੋਧੇ ਵਲੋਂ ਜੰਗ ਦੀ ਤਿਆਰੀ ਵਾਸਤੇ ਦਾੜ੍ਹੀ 'ਤੇ ਹੱਥ ਫੇਰਨ ਅਤੇ ਮੁੱਛਾਂ ਨੂੰ ਤਾਅ ਦੇਣ ਦਾ ਵਰਨਣ ਕਰਨਾ ਹੋਵੇ ਤਾਂ ਇਸ ਅਮਲ ਵਿਚੋਂ ਲੰਘੇ ਬਿਨਾਂ ਗੱਲ ਨਹੀਂ ਲਿਖੀ ਜਾਂਦੀ। ਮੇਰੇ ਬਹੁਤੇ ਯੋਧੇ ਸਿੱਖੀ ਸਰੂਪ ਵਾਲੇ ਹਨ ਜਿਨ੍ਹਾਂ ਨੇ ਦੇਸ਼ ਦੀ ਰੱਖਿਆ ਵਾਸਤੇ ਆਪਣੀਆਂ ਜਾਨਾਂ ਦਿੱਤੀਆਂ। ਉਨ੍ਹਾਂ ਦਾ ਵਰਨਣ, ਉਨ੍ਹਾਂ ਦਾ ਗੁੱਸਾ, ਉਨ੍ਹਾਂ ਦੀ ਸ਼ਕਤੀ ਲਿਖਣ ਸਮੇਂ ਦਾੜ੍ਹੀ ਤੇ ਮੁੱਛਾਂ ਨੂੰ ਮੇਰੇ ਹੱਥਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਵਾਰ ਕੋਈ ਕਥਾ ਕਹਾਣੀ ਨਹੀਂ ਹੁੰਦੀ ਕਿ ਗੱਲ ਨਾਲ ਗੱਲ ਜੋੜਦੇ ਚਲੇ ਜਾਓ।'' ਉਹ ਆਪਣੇ ਕੋਲ ਬੈਠੇ ਕਿਸੇ ਕਹਾਣੀਕਾਰ ਨੂੰ ਤਾਅਨਾ ਮਾਰ ਕੇ ਉਚੀ ਉਚੀ ਹਸਦਾ ਹੈ।

ਮੈਨੂੰ ਪਤਾ ਲੱਗਿਆ ਕਿ ਗੁਰਦਾਸਪੁਰੀ ਦੀ ਸਿਹਤ ਠੀਕ ਨਹੀਂ ਰਹਿੰਦੀ। ਬੱਤੀ-ਤੇਤੀ ਵਰ੍ਹੇ ਦੀ ਜਾਣ ਪਛਾਣ ਵਾਲੇ ਇਸ ਦੋਸਤ ਦੀ ਸਿਹਤ ਬਾਰੇ ਸੁਣ ਕੇ ਮੈਨੂੰ ਬੜਾ ਦੁੱਖ ਹੋਇਆ। ਘਰ ਬੜਾ ਦੂਰ ਸੀ। ਵਿਸ਼ਨੂੰ ਗਾਰਡਨ ਵਿਚ। ਰਾਜੌਰੀ ਗਾਰਡਨ ਤੇ ਟੈਗੋਰ ਗਾਰਡਨ ਤੋਂ ਵੀ ਬਾਹਰ ਦੀ ਬਸਤੀ। ਤਾਰਾ ਸਿੰਘ ਤੋਂ ਉਸ ਦਾ ਪਤਾ ਤੇ ਰਸਤੇ ਦੀਆਂ ਸੇਧਾਂ ਪੁੱਛ ਕੇ ਜਦੋਂ ਮੈਂ ਉਸ ਦੇ ਘਰ ਪਹੁੰਚਿਆ ਤਾਂ ਬਾਹਰੋਂ ਤਾਲਾ ਲੱਗਾ ਹੋਇਆ ਸੀ। ਸੜਕ ਟੁੱਟੀ ਪੁੱਟੀ ਹੋਈ ਹੋਣ ਕਾਰਨ ਮੈਨੂੰ ਆਪਣੀ ਗੱਡੀ ਦੋ ਫਰਲਾਂਗ ਪਿੱਛੇ ਛੱਡਣੀ ਪੈ ਗਈ ਸੀ। ਸਾਹਮਣੇ ਘਰ ਵਾਲਿਆਂ ਨੂੰ ਆਪਣੀ ਪਛਾਣ ਦੱਸ ਕੇ ਵਾਪਸ ਪਰਤ ਰਿਹਾ ਸਾਂ। ਮੇਰੀ ਨਿਗਾਹ ਬੰਦ ਗਲੇ ਵਾਲੇ ਕੋਟ ਤੇ ਬਦਾਮੀ ਰੰਗ ਦੀ ਪੱਗ ਵਾਲੇ ਉਸ ਵਿਅਕਤੀ ਵਲ ਪਈ ਜਿਹੜਾ ਗਲੀ ਵਿਚ ਇਕ ਨਿੱਕੀ ਜਿਹੀ ਦੁਕਾਨ ਉਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਮੈਨੂੰ ਵੇਖ ਕੇ ਉਹ ਪੂਰੇ ਚਾਅ ਨਾਲ ਉਠਿਆ ਪਰ ਉਸ ਦੇ ਉਠਣ ਵਿਚ ਪਹਿਲੇ ਦਿਨਾਂ ਵਾਲੀ ਚੁਸਤੀ ਨਹੀਂ ਸੀ। ''ਹੁਣ ਤਾਂ ਬਸ ਆਹ ਹਾਲ ਹੋ ਗਿਆ ਹੈ'' ਕਹਿ ਕੇ ਉਹ ਉਚੀ-ਉਚੀ ਹੱਸਿਆ। ਪਹਿਲੇ ਦਿਨਾਂ ਨਾਲੋਂ ਵੀ ਉਚਾ ਹਾਸਾ।

ਗੱਲਾਂ ਕਰਦੇ ਅਸੀਂ ਉਸ ਦੇ ਇਕ ਕਮਰੇ ਵਾਲੇ ਘਰ ਆ ਗਏ।

''ਕੀ ਹਾਲ ਹੈ?'' ਦੇ ਉਤਰ ਵਿਚ ਉਸ ਨੇ ਆਪਣੇ ਹਾਲ ਦਾ ਤਵਾ ਲਾ ਦਿੱਤਾ। ''ਬੜੀ ਆਬਰੂ ਤੇ ਬੜੀ ਇੱਜ਼ਤ ਹੈ। ਘਾਟਾ ਤਾਂ ਪਹਿਲਾਂ ਵੀ ਨਹੀਂ ਸੀ ਰਿਹਾ, ਪਰ ਇਸ ਵੇਲੇ ਬਿਲਕੁਲ ਆਨੰਦ ਵਿਚ ਹਾਂ। ਪੈਨਸ਼ਨਾਂ ਦਾ ਹੀ ਅੰਤ ਨਹੀਂ। ਸੁਤੰਤਰਤਾ ਸੰਗਰਾਮੀ ਵਾਲੀ ਪੈਨਸ਼ਨ ਮਿਲ ਰਹੀ ਹੈ, ਦਿੱਲੀ ਅਕੈਡਮੀ ਵਾਲੀ ਵੀ, ਪੰਜਾਬ ਤੋਂ ਵੀ। ਮੋਤੀਆ ਖਾਨ ਦੇ ਉਜਾੜੇ ਵਿਚ ਕਨਾਟ ਪਲੇਸ ਤੋਂ ਦੂਰ ਆ ਗਿਆ ਹਾਂ। ਦੋਸਤਾਂ ਤੋਂ ਦੂਰ। ਜ਼ਿੰਦਗੀ ਤੋਂ ਦੂਰ। ਭੱਜ ਦੌੜ ਹੁੰਦੀ ਨਹੀਂ। ਤੁਸੀਂ ਲੋਕ ਆ ਜਾਂਦੇ ਹੋ। ਮਿਲ ਕੇ ਬੜੀ ਖੁਸ਼ੀ ਹੁੰਦੀ ਹੈ। ਆਪ ਜਾਣਾ ਔਖਾ ਹੈ। ਪੈਰ ਸੁੱਜ ਜਾਂਦੇ ਹਨ। ਡਾਕਟਰ ਕਹਿੰਦੇ ਹਨ ਸ਼ਰਾਬ ਨਾ ਪੀ। ਜੇ ਖਾਣਾ-ਪੀਣਾ ਹੀ ਮਨ੍ਹਾ ਹੋ ਜਾਵੇ ਤਾਂ ਜ਼ਿੰਦਗੀ ਵਿਚ ਰਹਿ ਹੀ ਕੀ ਜਾਂਦਾ ਹੈ। ਮਨੁੱਖ ਲਈ ਸਿਹਤ ਦੀ ਲੋੜ, ਇੱਜ਼ਤ ਤੇ ਆਬਰੂ ਦੀ ਲੋੜ ਨਾਲੋਂ ਵਧੇਰੇ ਹੁੰਦੀ ਹੈ। ਜੇ ਸਿਹਤ ਹੀ ਨਾ ਹੋਵੇ ਤਾਂ ਇੱਜ਼ਤ ਨੂੰ ਕੀ ਕਰਨਾ ਹੈ। ਫੇਰ ਵੀ ਕਮੀ ਕਿਸੇ ਗੱਲ ਦੀ ਨਹੀਂ। ਰੋਜ਼ ਕੋਈ ਨਾ ਕੋਈ ਮਿਲਣ ਆਇਆ ਰਹਿੰਦਾ ਹੈ। ਮਹਿਫਲ ਲਗਦੀ ਹੈ। ਕਵਿਤਾ ਰਚਦਾ ਹਾਂ। ਹੁਣੇ ਤੈਨੂੰ ਕਿਤਾਬ ਦਿਆਂਗਾ, ਨਵੀਂ ਛਪੀ ''ਚਿਤ-ਕਬਰੀਆਂ ਇੱਟਾਂ'' ਬੁਢਾਪਾ ਕਿਤਾਬ ਤੋਂ ਬਾਹਰ ਹੀ ਹੈ। ਕਿਤਾਬ ਵਿਚ ਉਹੀਓ ਗੁਰਦਾਸਪੁਰੀ ਹਾਂ ਜਿਸ ਨੂੰ 34-35 ਵਰ੍ਹੇ ਪਹਿਲਾਂ ਮਿਲਿਆ ਸੀ। ਉਹ ਹੀ ਦਮ, ਉਹ ਹੀ ਖਮ। ਮੇਰੀਆਂ ਗੱਲਾਂ ਸੁਣ ਕੇ ਉਦਾਸ ਨਾ ਹੋ ਜਾਵੀਂ।'' ਉਹ ਫੇਰ ਉਚੀ-ਉਚੀ ਹੱਸਿਆ।

''ਤੇਰੇ ਸਾਥੀ ਦਾ ਵੀ ਤੇਰੇ ਵਰਗਾ ਹੀ ਹਾਲ ਹੈ।''

ਉਹ ਮੇਰੇ ਵਲ ਵੇਖਣ ਲਗਦਾ ਹੈ।

''ਗਿਆਨੀ ਜ਼ੈਲ ਸਿੰਘ ਦਾ।''

ਉਹ ਥੋੜ੍ਹਾ ਜਿਹਾ ਸੋਚ ਕੇ ਫੇਰ ਉਚੀ-ਉਚੀ ਹਸਦਾ ਹੈ। ''ਹੈ ਕਿ ਨਹੀਂ ਕਮਲਾ ਆਪਣੇ ਆਪ ਹੀ ਕੈਦ ਹੋਇਆ ਬੈਠਾ ਹੈ। ਸ਼ਾਹਜਹਾਂ ਬਣਾ ਦਿੱਤਾ ਕੌਮ ਨੇ। ਬੰਦਾ ਮਾੜਾ ਨਹੀਂ। ਮੈਂ ਇਕ ਵਾਰੀ ਮਿਲਣ ਗਿਆ ਤਾਂ ਮੇਰੇ ਨਾਲ ਕਿੰਨੀ ਦੇਰ ਬਾਗ ਵਿਚ ਸੈਰ ਕਰਦਾ ਪੁਰਾਣੀਆਂ ਗੱਲਾਂ ਕਰਕੇ ਬੜਾ ਖੁਸ਼ ਹੋਇਆ। ਜਦ ਬੰਦਾ ਪਿਛਲੀਆਂ ਗੱਲਾਂ ਦੇ ਸਹਾਰੇ ਜੀਊਣ ਲਗ ਜਾਵੇ ਤਾਂ ਉਸ ਦੀ ਚੜ੍ਹਤ ਖਤਮ ਹੋਈ ਸਮਝਣੀ ਚਾਹੀਦੀ ਹੈ। ਮੇਰਾ ਵੀ ਤਾਂ ਹੁਣ ਇਹੀਓ ਹਾਲ ਹੈ। ਪਹਿਲੀਆਂ ਗੱਲਾਂ ਕਰਕੇ ਹੱਸ ਛੱਡੀਦਾ ਹੈ। ਬੰਬਈ, ਕਲਕੱਤੇ ਦੇ ਕਵੀ ਦਰਬਾਰ, ਕਾਨਪੁਰ ਦੇ ਮੈਖਾਨੇ, ਜਵਾਨੀ ਦੀ ਜੇਲ੍ਹ। ਸਭ ਕੁਝ ਚੰਗਾ ਲਗਦਾ ਹੈ। ਕੋਈ ਇਸ਼ਕ, ਕੋਈ ਮੁਆਸ਼ਕਾ।''

''ਤੇਰੀ ਉਸ ਮਾਸ਼ੂਕ ਦਾ ਕੀ ਹਾਲ ਹੈ ਜਿਸ ਦੀ 10 ਕੁ ਸਾਲ ਪਹਿਲਾਂ ਬੜੀ ਚਰਚਾ ਸੀ?''

''ਆਖਰੀ ਉਮਰ ਵਿਚ ਬੀਵੀ ਦਾ ਸਾਥ ਖੁਸਣਾ ਬੜੀ ਮਾੜੀ ਗੱਲ ਹੈ। ਇਹ ਤਾਂ ਕਿਸਮਤ ਦੀ ਗੱਲ ਹੈ ਕਿ ਮੈਨੂੰ ਇਕ ਮਾਸ਼ੂਕ ਮਿਲ ਗਈ, ਨਹੀਂ ਤਾਂ ਮੇਰੀ ਉਮਰ ਦੇ ਬੰਦੇ ਨਾਲ ਤਾਂ ਉਂਝ ਹੀ ਕੋਈ ਤੁਰਦਾ ਨਹੀਂ। ਪਰ ਹੁਣ ਤਾਂ ਉਹ ਇਸ਼ਕ ਵੀ ਫਲ ਗਿਆ ਹੈ। ਇਸ਼ਕ ਵਰਗੀ ਕੋਈ ਗੱਲ ਨਹੀਂ ਰਹੀ। ਇਕ ਰਿਸ਼ਤਾ ਰਹਿ ਗਿਆ ਹੈ, ਇਕ ਸਾਂਝ।''

''ਇਸ਼ਕ ਤੇ ਰਿਸ਼ਤੇ ਵਿਚ ਕੀ ਫਰਕ ਹੈ ਭਲਾ।''

''ਰਿਸ਼ਤਾ ਕੇਵਲ ਰਿਸ਼ਤਾ ਹੈ। ਇਕ ਜਾਣ ਪਛਾਣ। ਇਸ਼ਕ ਉਸ ਵੇਗ ਨੂੰ ਕਹਿੰਦੇ ਹਨ ਜਿਹੜਾ ਬੰਦੇ ਨੂੰ ਉਡਾਈ ਤੁਰਿਆ ਜਾਂਦਾ ਹੈ। ਉਸ ਹਵਾ ਨੂੰ ਜਿਹੜੀ ਪਰਬਤਾਂ ਨੂੰ ਚੀਰਦੀ ਚਲੀ ਜਾਂਦੀ ਹੈ। ਇਸ਼ਕ ਹੋਰ ਗੱਲ ਹੈ, ਰਿਸ਼ਤਾ ਹੋਰ।''

ਤੇ ਫੇਰ ਮੈਨੂੰ ਗੁਰਦਾਸਪੁਰੀ ਨਾਲ ਬਿਤਾਈ ਇਕ ਸ਼ਾਮ ਚੇਤੇ ਆ ਗਈ। ਭਾਰਤ-ਪਾਕਿ ਜੰਗ ਚਲ ਰਹੀ ਸੀ। ਸਹਿਰ ਵਿਚ ਬਲੈਕ-ਆਊਟ ਦਾ ਐਲਾਨ ਹੋ ਚੁੱਕਾ ਸੀ। ਅਸੀਂ ਦੋਵੇਂ ਉਸ ਦੇ ਮੋਤੀਆ ਖਾਨ ਵਾਲੇ ਘਰ ਦੀ ਛੱਤ ਉਤੇ ਬੈਠੇ ਛੋਟੇ ਪੈਗ ਲਾ ਰਹੇ ਸਾਂ। ਇਕ ਹਵਾਈ ਜਹਾਜ਼ ਦੀ ਗੂੰਜ ਆਈ ਤਾਂ ਉਸ ਦੀ ਪਤਨੀ ਸਵਰਨ ਕੌਰ ਨੇ ਹਾਕ ਮਾਰੀ, ''ਉਹ ਜੀ! ਥੱਲੇ ਆ ਜਾਓ।'' ''ਕਿਉਂ ਕੀ ਗੱਲ ਹੈ, ਥੱਲੇ ਕਿਉਂ ਆ ਜਾਈਏ, ਥੱਲੇ ਜ਼ਿਆਦਾ ਹਵਾ ਚਲਦੀ ਹੈ।'' ''ਉਪਰ ਜਹਾਜ਼ ਗੇੜੇ ਮਾਰ ਰਹੇ ਹਨ।'' ''ਤੂੰ ਵੀ ਕਮਲੀ ਏਂ। ਅਸੀਂ ਇਸ ਵੇਲੇ ਜਹਾਜ਼ਾਂ ਦੇ ਉਤੋਂ ਦੀ ਉਡ ਰਹੇ ਹਾਂ ਤੇ ਤੂੰ ਸਾਨੂੰ ਇਨ੍ਹਾਂ ਦੇ ਥੱਲੇ ਲਿਆਉਣਾ ਚਾਹੁੰਦੀ ਏਂ।'' ਏਨਾ ਕਹਿ ਕੇ ਉਸ ਨੇ ਹਥਲਾ ਗਲਾਸ ਡੀਕ ਲਾ ਕੇ ਪੀ ਲਿਆ ਤੇ ਉਚੀ ਉਚੀ ਹੱਸਦਾ ਹੋਇਆ ਬੋਲਿਆ, ''ਸਵਰਨ ਕੌਰ ਬਹੁਤੀ ਹੀ ਭੋਲੀ ਹੈ। ਇਸ ਨੂੰ ਹਾਲੀ ਤਕ ਮਦਰਾ ਦੀ ਸ਼ਕਤੀ ਦਾ ਵੀ ਗਿਆਨ ਨਹੀਂ ਹੋਇਆ।''

ਗੱਲਾਂ ਵਿਚ ਗੁਰਦਾਸਪੁਰੀ ਕਦੀ ਵੀ ਕਿਸੇ ਤੋਂ ਮਾਰ ਨਹੀਂ ਖਾਂਦਾ। ਇਕ ਮਹਿਫਲ ਵਿਚ ਗੁਰਦਾਸਪੁਰੀ ਨੇ ਬਲਵੰਤ ਗਾਰਗੀ ਨੂੰ ਪੁੱਛਿਆ, ''ਅੱਜ ਕੱਲ੍ਹ ਕੀ ਕਰ ਰਹੇ ਹੋ?'' ''ਕੁਝ ਵੀ ਕਰ ਲਈਏ ਭਾਵੇਂ ਚੰਦ 'ਤੇ ਚੜ੍ਹ ਜਾਈਏ।'' ਇਸ ਤੋਂ ਅੱਗੇ ਗਾਰਗੀ ਨੂੰ ਕੁਝ ਨਹੀਂ ਸੁੱਝਿਆ ਤੇ ਉਹ ਮਹਿਫਲ ਵਿਚੋਂ ਉਠ ਕੇ ਚਲਾ ਗਿਆ। ''ਚੰਦ 'ਤੇ ਚੜ੍ਹੇਗਾ ਇਹ! ਸਿੱਧੀ ਕੰਧ ਤੇ ਚੜ੍ਹਿਆ ਨਹੀਂ ਜਾਣਾ। ਉਥੇ ਵੀ ਕਿਰਲੀ ਪਹਿਲਾਂ ਚੜ੍ਹ ਜਾਂਦੀ ਹੈ। ਗੱਲਾਂ ਮਾਰਦਾ ਹੈ। ਵੱਡਾ ਪੰਜਾਬੀ ਦਾ ਗੋਰਕੀ।''

ਕਵੀ ਦਰਬਾਰ ਹੋ ਰਿਹਾ ਸੀ। ਗੁਰਦਾਸਪੁਰੀ ਸਟੇਜ ਸਕੱਤਰ ਵੀ ਸੀ ਤੇ ਕਵੀਆਂ ਨੂੰ ਪੈਸੇ ਦੇਣ ਵਾਲਾ ਵੀ। ਇਕ ਕਵੀ ਉਸ ਨੂੰ ਉਕਾ ਹੀ ਪਸੰਦ ਨਹੀਂ ਸੀ। ਕਿਸੇ ਨੇ ਸਿਫਾਰਸ਼ ਕੀਤੀ ''ਇਹਦੀ ਵੀ ਕਵਿਤਾ ਪੜ੍ਹਾ ਦਿਓ। 30-40 ਰੁਪਏ ਬਣ ਜਾਣਗੇ। ਇਹ ਦਾ ਵੀ ਰਿਜ਼ਕ ਚਲ ਪਊ।''

ਗੁਰਦਾਸਪੁਰੀ ਨੂੰ ਉਸ ਤੋਂ ਕਵਿਤਾ ਪੜ੍ਹਾਉਣੀ ਮਨਜ਼ੂਰ ਨਹੀਂ ਸੀ। ਬੋਲਿਆ, ''ਇਸ ਦੇ ਰਿਜ਼ਕ ਦਾ ਮੈਂ ਕੋਈ ਠੇਕਾ ਨਹੀਂ ਲਿਆ ਹੋਇਆ। ਜੇ ਰੱਬ ਹੀ ਉਸ ਨੂੰ ਰਿਜ਼ਕ ਦੇਣ ਲਈ ਤਿਆਰ ਨਹੀਂ ਤਾਂ ਮੈਂ ਕਿਉਂ ਦਿਆਂ। ਮੈਨੂੰ ਕੀ ਲੋੜ ਪਈ ਹੈ ਏਨੀ ਕੁ ਗੱਲ ਪਿੱਛੇ ਰੱਬ ਨਾਲ ਆਢਾ ਲੈਣ ਦੀ।'' ਸਿਫਾਰਸ਼ ਕਰਨ ਵਾਲਾ ਗੁਰਦਾਸਪੁਰੀ ਦੇ ਹਾਸੇ ਵਿਚ ਅਲੋਪ ਹੋ ਗਿਆ।

1954 ਦੀ ਗੱਲ ਹੈ ਇਕ ਅਟਕਲ ਪੱਚੂ ਢਾਬੇ ਦੇ ਸਾਹਮਣੇ ਸਾਡੀ ਮੁਲਾਕਾਤ ਹੋ ਗਈ। ''ਕਿੱਥੇ ਚਲਿਆਂ?'' ਉਸ ਨੇ ਪੁੱਛਿਆ? ''ਰੋਟੀ ਖਾਣ ਲੱਗਿਆ ਸੀ।'' ਮੈਂ ਉਤਰ ਦਿੱਤਾ। ''ਮੈਂ ਵੀ ਤੇਰੇ ਨਾਲ ਹਾਂ।'' ਅਸੀਂ ਦੋਵੇਂ ਢਾਬੇ ਵਿਚ ਰੋਟੀ ਖਾਣ ਲਗ ਪਏ। ਅੱਧੀ ਰੋਟੀ ਖਾਣ ਤੋਂ ਪਿੱਛੋਂ ਮੈਨੂੰ ਚੇਤੇ ਆਇਆ ਕਿ ਮੇਰੇ ਕੋਲ ਤਾਂ ਕੇਵਲ ਆਪਣੀ ਰੋਟੀ ਜੋਗੇ ਹੀ ਪੈਸੇ ਸਨ। ''ਕੁਝ ਪੈਸੇ ਹਨ?''

''ਨਾ ਕੋਈ ਨਹੀਂ।''

''ਤੇ ਮੇਰੇ ਕੋਲ ਤਾਂ ਬਹੁਤ ਥੋੜ੍ਹੇ ਹਨ।'' ਇਸ ਪਿੱਛੋਂ ਅਸੀਂ ਦੋਹਾਂ ਨੇ, ਦੋਹਾਂ ਕੋਲ ਜਿੰਨੇ ਕੁ ਪੈਸੇ ਬਣਦੇ ਸੀ, ਉਹ ਗਿਣੇ ਤਾਂ ਮਸਾਂ ਏਨੇ ਜਿੰਨੇ ਦੀ ਰੋਟੀ ਅਸੀਂ ਖਾ ਚੁੱਕੇ ਸਾਂ। ''ਮੈਂ ਕਿਹਾ, ਬੱਸ ਕਰਦੇ ਹਾਂ।''

''ਬਸ ਕਿਉਂ ਕਰੀਏ?'' ਕਹਿ ਕੇ ਉਸ ਨੇ ਬੈਹਰੇ ਨੂੰ ਆਵਾਜ਼ ਦਿੱਤੀ, ''ਉਹ ਮੁੰਡੂ!'' ਮੂੰਡੂ ਵੀ ਗੁਰਦਾਸਪੁਰੀ ਦੇ ਮੂੰਹ ਵਲ ਵੇਖੇ ਤੇ ਮੈਂ ਵੀ।

''ਤੈਨੂੰ ਕਿਹਾ ਹੁਣ ਤਕ ਦੇ ਪੈਸੇ ਦੱਸ ਕਿੰਨੇ ਬਣਦੇ ਹਨ।''

'ਕੱਚਾ ਬਿੱਲ (ਹੁਣ ਤਕ ਦੇ ਬਿੱਲ) ਦਾ ਪਤਾ ਲੱਗਣ ਤੋਂ ਪਿਛੋਂ ਅਸੀਂ ਇਸ ਨਤੀਜੇ 'ਤੇ ਪਹੁੰਚੇ ਕਿ ਦੋ ਤੰਦੂਰੀ ਰੋਟੀਆਂ ਹੋਰ ਵੀ ਖਾਧੀਆਂ ਜਾ ਸਕਦੀਆਂ ਹਨ। ਤੇ ਖਾਧੀਆਂ ਵੀ। ਉਸ ਦੀ ਪੈਸੇ ਵਲੋਂ ਸੌਖੇ ਹੋਣ ਦੀ ਗੱਲ 'ਤੇ ਟਿੱਪਣੀ ਕਰਦਿਆਂ ਜਦੋਂ ਮੈਂ ਇਹ ਪੁਰਾਣੀ ਗੱਲ ਉਸ ਨੂੰ ਸੁਣਾਈ ਤਾਂ ਉਹ ਹੱਸ-ਹੱਸ ਕੇ ਦੂਹਰਾ ਹੋ ਗਿਆ। ਗੁਰਦਾਸਪੁਰੀ ਦਾ ਸਭ ਤੋਂ ਵੱਡਾ ਗੁਣ ਉਸ ਦਾ ਆਪਣੇ ਆਪ ਉਤੇ ਹੱਸ ਸਕਣਾ ਹੈ। ਉਹ ਰਾਮਗੜ੍ਹੀਆ ਹੈ। ਤਰਖਾਣ। ਤਾਰਾ ਸਿੰਘ ਵਾਂਗ। ਇਕ ਵਾਰੀ ਦੋਵੇ ਇਕ ਕਵੀ ਦਰਬਾਰ ਵਿਚ ਇਕੱਠੇ ਸਨ। ਤਾਰਾ ਸਿੰਘ ਦੀ ਕਵਿਤਾ ਪੜ੍ਹਨ ਦੀ ਵਾਰੀ ਸੀ। ਕਵਿਤਾ ਦੇ ਸ਼ੁਰੂ ਦੇ ਬੋਲ ਸਨ, ''ਸਾਡੇ ਨਾਲ ਦਾ ਘਰ ਸੀ ਤੇਲੀਆਂ ਦਾ'' ਆਪਣੀ ਕਵਿਤਾ ਨੂੰ ਜਮਾਉਣ ਵਾਸਤੇ ਜਦੋਂ ਤਾਰਾ ਸਿੰਘ ਨੇ ਇਹ ਤੁਕ ਤੀਜੀ ਵਾਰ ਬੋਲੀ ਤਾਂ ਗੁਰਦਾਸਪੁਰੀ ਨੇ ਟੋਕਿਆ, ''ਅਗੇ ਵੀ ਚਲ। ਨਾਲ ਦੇ ਘਰ ਤੋਂ ਅੱਗੇ ਵੀ ਤੁਰ। ਹੋਰ ਤਰਖਾਣਾਂ ਦੇ ਨਾਲ ਦਾ ਘਰ ਸੋਢੀਆਂ ਦਾ ਹੋਣਾ ਸੀ?'' ਸਟੇਜ ਉਤੇ ਹਾਸਾ ਪੈ ਗਿਆ। ਆਪਣੇ ਵਰਗੇ ਪਿਛੋਕੜ ਦੇ ਭਾਈਵਾਲ ਤਾਰਾ ਸਿੰਘ ਨੂੰ ਗੁਰਦਾਸਪੁਰੀ ਦਾ ਇਹ ਕਹਿਣਾ, ਆਪਣੇ ਆਪ ਉਤੇ ਹੱਸਣ ਦੀ ਬਹੁਤ ਵਧੀਆ ਮਿਸਾਲ ਹੈ।

ਮੈਂ ਉਪਰੋਕਤ ਸਤਰਾਂ ਛਪਣ ਲਈ ਭੇਜਣ ਵਾਲਾ ਸਾਂ ਕਿ 18 ਮਈ ਦੀ ਗੁਰਦਾਸਪੁਰੀ ਵਲੋਂ ਲਿਖੀ ਹੋਈ ਚਿੱਠੀ ਮਿਲੀ। ਸੰਖੇਪ ਤੇ ਭਾਵਪੂਰਤ:

''ਹਾਲ ਇਹ ਹੈ ਕਿ ਮੈਂ ਬਹੁਤ ਬੀਮਾਰ ਹੋ ਗਿਆ ਸਾਂ ਤੇ ਮੈਨੂੰ ਬਹੁਤ ਮਹਿੰਗੇ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਹੋਣਾ ਪਿਆ। 300 ਰੁਪਏ ਰੋਜ਼ ਦਾ ਖਰਚ ਸੀ। ਵਾਹਿਗੁਰੂ ਦੀ ਕ੍ਰਿਪਾ ਨਾਲ ਡਾਕਟਰਾਂ ਨੇ ਰਾਜ਼ੀ ਤਾਂ ਕਰ ਦਿੱਤਾ ਹੈ ਪਰ ਅਜੇ ਕਮਜ਼ੋਰੀ ਬਹੁਤ ਜ਼ਿਆਦਾ ਹੈ ਤੇ ਦਵਾਈ ਚਲਦੀ ਹੈ। ਖੁਰਾਕ ਦਾ ਬਹੁਤ ਖਰਚ ਹੈ ਜਿਸ ਨੂੰ ਮੇਰੀ ਮਾਇਕ ਹਾਲਤ ਬਰਦਾਸ਼ਤ ਨਹੀਂ ਕਰ ਸਕਦੀ। 'ਆਰਸੀ' ਵਾਲਿਆਂ ਨੂੰ ਸਾਹਿਤਕਾਰ ਫੰਡ ਵਿਚੋਂ ਮੇਰੀ ਸਹਾਇਤਾ ਲਈ ਪੱਤਰ ਲਿਖ ਦੇਣਾ ਤਾਂ ਕਿ ਮੇਰਾ ਬੋਝ ਹੌਲਾ ਹੋ ਜਾਵੇ। ਦੋ ਗੀਤ ਭੇਜ ਰਿਹਾ ਹਾਂ। ਆਖਰੀ ਮੰਜ਼ਲ ਦੇ।'' ਗੁਰਦਾਸਪੁਰੀ ਨੇ ਕਵਿਤਾ ਅਤੇ ਜੀਵਨ ਵਿਚ ਜਿੰਨੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ, ਉਸ ਵਿਚ ਇਸ ਖੁੱਲ੍ਹੇ-ਖੁਲਾਸੇ ਸੁਭਾਅ ਦਾ ਬਹੁਤ ਵੱਡਾ ਹੱਥ ਹੈ। ਕਵੀ ਦਰਬਾਰੀ ਕਵਿਤਾ ਵਿਚ ਉਹ ਇਕ ਸੰਸਥਾ ਵਾਂਗ ਹੈ। ਉਸ ਨੇ ਹੁਣ ਤਕ ਹਜ਼ਾਰਾਂ ਦੀ ਗਿਣਤੀ ਵਿਚ ਕਵੀ ਦਰਬਾਰ ਕਰਵਾਏ ਤੇ ਸੈਂਕੜੇ ਮਾਣ ਪ੍ਰਾਪਤ ਕੀਤੇ ਹਨ। ਸ਼ਾਇਦ ਹੀ ਕੋਈ ਇਹੋ ਜਿਹੀ ਸੰਸਥਾ ਹੋਵੇ ਜਿਸ ਨੇ ਗੁਰਦਾਸਪੁਰੀ ਨੂੰ ਕਿਸੇ ਨਾ ਕਿਸੇ ਪ੍ਰਾਪਤੀ ਦੇ ਸਬੰਧ ਵਿਚ ਕੋਈ ਥੈਲੀ ਭੇਟ ਨਾ ਕੀਤੀ ਹੋਵੇ। ਉਸ ਨੂੰ ਭਾਸ਼ਾ ਵਿਭਾਗ ਪੰਜਾਬ ਦੇ ਸਨਮਾਨ ਵੀ ਮਿਲ ਚੁੱਕੇ ਹਨ, ਪੰਜਾਬੀ ਅਕੈਡਮੀ ਦਿੱਲੀ ਦੇ ਵੀ, ਦਿੱਲੀ ਪ੍ਰਸ਼ਾਸਨ ਦੇ ਵੀ ਤੇ ਕਾਨਪੁਰ ਆਦਿ ਦੂਰ-ਦੁਰਾਡੇ ਸ਼ਹਿਰਾਂ ਦੀਆਂ ਕਾਵਿ ਸਭਾਵਾਂ ਦੇ ਵੀ। ਵਾਰਾਂ ਵਿਚ ਉਸ ਦੀ ਬਾਦਸ਼ਾਹੀ ਦਾ ਹੁਣ ਵੀ ਕੋਈ ਤੋੜ ਨਹੀਂ ਹੈ। ਪਹਿਲੇ ਬਾਦਸ਼ਾਹ ਦਾ ਸਥਾਨ ਕੋਈ ਨਹੀਂ ਲੈ ਸਕਿਆ। ਗੁਰਦਾਸਪੁਰੀ ਦਾ ਸਥਾਨ ਵੀ ਕੋਈ ਨਹੀਂ ਲੈ ਸਕੇਗਾ।

### ਗੁਰਦਾਸਪੁਰੀ ਦੀ ਇਕ ਕਵਿਤਾ

### ਖਜਿਆਰ ਦਾ ਰਾਹ

ਡਲਹੌਜ਼ੀ ਤੋਂ ਰਾਹ, ਜਾਏ ਖਜਿਆਰ ਨੂੰ॥
ਪਰਬਤ ਹਰੇ ਕਚਾਰ, ਪੀਂਦੀਆਂ ਅੱਖੀਆਂ॥
ਕਾਲਾ ਟੋਪ ਸਿਆਹ, ਦਿਸਦਾ ਸਾਹਮਣੇ॥
ਛੇਲੂ ਬੇਪਰਵਾਹ, ਚੁਗਦੇ ਢੱਕੀਆਂ॥
ਖਿਲਰੀ ਜਿਵੇਂ ਕਪਾਹ, ਬਰਫਾਂ ਦਿਸਦੀਆਂ॥
ਲੱਕੜ ਮੰਡੀ ਚਾਹ, ਪੀਣ ਪਹਾੜੀਏ।।
ਚਸ਼ਮੇ ਬੇਬਹਾ, ਠੰਢੇ ਜਲ ਦੇ॥
ਚੀਲਾਂ ਨਾਲ ਉਮਾਹ, ਲੰਮੀਆਂ ਹੋ ਗਈਆਂ॥
ਪੌਣਾ ਖਾਹ ਮੁਖਾਹ, ਛੇੜਨ ਪਾਂਧੀਆਂ॥
ਫੁਲਾਂ ਘਰ ਵਿਆਹ, ਪੱਗਾਂ ਬੰਨ੍ਹੀਆਂ॥
ਜਿਥੋਂ ਤੀਕ ਨਿਗਾਹ, ਕੁਦਰਤ ਖਿਲਰੀ॥
ਸੱਚਾ ਰੱਬ ਗਵਾਹ, ਹਕੀਕਤ ਏਸ ਦਾ॥
ਮੋਇਆਂ ਪੈ ਜਾਏ ਸਾਹ, ਏਥੇ ਆਣ ਕੇ॥
ਸੱਚਾ ਪਾਤਸ਼ਾਹ, ਇਥੇ ਵੱਸਦਾ॥
ਝੱਟ ਕੁ ਲੈ ਲਾ ਲਾਹ, ਏਸ ਸਵਰਗ ਦਾ॥
ਦੱਮ ਦਾ ਕੀ ਵਸਾਹ, ਮੇਰਿਆ ਦੋਸਤਾ॥

# ਸਮੇਂ ਦੇ ਨਾਲ ਹੀ ਗੁਆਚ ਗਏ ਨੇ ਉਹ ਦਿਨ

**-ਗੁਰਜੰਟ ਕਲਸੀ ਲੰਡੇ**

ਜਦੋਂ ਆਥਣ ਵੇਲੇ ਧੁੱਪ ਬਨੇਰਿਆਂ 'ਤੇ ਆ ਜਾਂਦੀ ਤਾਂ ਬਾਪੂ ਦਾ ਮੰਜਾ ਵਿਹੜੇ ਦੇ ਵਿਚਕਾਰ ਡਹਿ ਜਾਂਦਾ। ਗਰਮੀ ਹੁੰਦੀ ਜਾਂ ਸਰਦੀ, ਸਮਾਂ ਧੁੱਪਾਂ ਨਾਲ ਹੀ ਮਾਪਿਆ ਜਾਂਦਾ ਸੀ। ਬਲਦਾਂ, ਮੱਝਾਂ, ਕੱਟੀਆਂ ਆਦਿ ਨੂੰ ਪਾਏ ਪੱਠੇ ਖਾਧੇ ਗਏ ਹੁੰਦੇ ਤੇ ਬਾਪੂ ਦੀ ਹਾਜ਼ਰੀ 'ਚ ਅਸੀਂ ਵਾਰੀ-ਵਾਰੀ ਪਸ਼ੂਆਂ ਨੂੰ ਨਲਕੇ 'ਤੇ ਪਾਣੀ ਪਿਆਉਂਦੇ। ਕਦੀ ਮੈਂ ਨਲਕਾ ਗੇੜਦਾ, ਕਦੀ ਛੋਟਾ ਭਰਾ ਤੇ ਕਦੀ ਵੱਡੀ ਭੈਣ। ਉਸ ਤੋਂ ਵੱਡੀਆਂ ਵਿਆਹੀਆਂ ਜਾ ਚੁੱਕੀਆਂ ਸਨ ਤੇ ਰੰਗੀਂ ਵਸਦੀਆਂ ਸਨ। ਬਾਪੂ ਦੇ ਹੁੰਦਿਆਂ ਅਸੀਂ ਇਕ-ਦੂਜੇ ਦੇ ਕੰਨ 'ਚ ਬੋਲਦੇ ਤਾਂ ਕਿ ਬਾਪੂ ਦੀਆਂ ਝਿੜਕਾਂ ਨਾ ਸਹਿਣੀਆਂ ਪੈਣ।

ਪਾਣੀ ਪਿਆਉਂਦਿਆਂ ਹੀ ਬੇਬੇ ਤੇ ਵੱਡੀ ਭੈਣ ਪਾਲੋ ਦੁੱਧ ਚੋਣ ਵਾਲੀਆਂ ਬਾਲਟੀਆਂ ਲੈ ਕੇ ਮੱਝਾਂ ਦੁਆਲੇ ਹੋ ਜਾਂਦੀਆਂ। ਕੋਈ ਮੱਝ ਭਾੜੇ 'ਤੇ ਮਿਲਦੀ, ਕੋਈ ਸੱਜਰ ਸੂਈ ਕੱਟਰੂ ਛੱਡਣ ਸਾਰ ਹੀ ਦੁੱਧ ਲਾਹ ਆਉਂਦੀ ਸੀ। ਮੱਝਾਂ ਚੋਣ ਤੋਂ ਬਾਅਦ ਰੋਟੀ ਟੁੱਕ ਪੱਕਦਾ। ਦੁੱਧ ਤੱਤਾ ਹੁੰਦਾ। ਰੋਟੀਓਂ ਬਾਅਦ ਦੁੱਧ ਪੀਣ ਲਈ ਹਰ ਇਕ ਨੂੰ ਵੰਡਿਆ ਜਾਂਦਾ। ਅੱਧਾ ਦੁੱਧ ਚਾਟੀ 'ਚ ਰਿੜਕਣ ਲਈ ਪਾ ਦਿੱਤਾ ਜਾਂਦਾ। ਸਰਦੀਆਂ ਹੁੰਦੀਆਂ ਤਾਂ ਪਸ਼ੂਆਂ ਨੂੰ ਕੱਚੇ ਕੋਠੇ ਅੰਦਰ ਬੰਨ੍ਹਣ ਸਾਰ ਹੀ ਬਾਪੂ ਦਾ ਮੰਜ਼ਾ ਵੀ ਪਸ਼ੂਆਂ ਦੇ ਨਾਲ ਹੀ ਅੰਦਰ ਡਹਿ ਜਾਂਦਾ।

ਸਰ੍ਹੋਂ ਦੇ ਤੇਲ ਦੇ ਦੀਵੇ ਦੀ ਜਗਦੀ ਲੋਅ 'ਚ ਹਨ੍ਹੇਰੀ ਰਾਤ ਤਕ ਪਸ਼ੂ ਸਿੰਗਾਂ ਨਾਲ ਇਕ-ਦੂਜੇ ਦੀ ਖੁਰਕ ਲਾਹੁੰਦੇ, ਮਸਤੀ ਕਰਦੇ ਤੇ ਡੂੰਘੀ ਰਾਤ ਤਕ ਬਾਪੂ ਜਾਗਦਾ ਰਹਿੰਦਾ, ਜਦ ਤਕ ਪਸ਼ੂ ਸੌਂ ਨਾ ਜਾਂਦੇ ਤਾਂ ਕਿ ਇਕ-ਦੂਜੇ ਨਾਲ ਭਿੜ ਕੇ ਨੁਕਸਾਨ ਨਾ ਕਰਨ। ਬਾਪੂ ਖਾਸ ਤੌਰ 'ਤੇ ਬਲਦਾਂ ਦੀ ਬਿੜਕ ਰੱਖਦਾ। ਬਲਦਾਂ ਲਈ ਹਰ ਤਰ੍ਹਾਂ ਦੇ ਵੱਖਰੇ ਖਾਣੇ-ਦਾਣੇ ਤੇ ਖੁਰਲੀਆਂ ਦਾ ਪ੍ਰਬੰਧ ਹੁੰਦਾ ਸੀ। ਸਾਰੀ ਰਾਤ ਬਲਦਾਂ ਦੇ ਗਲਾਂ 'ਚ ਪਾਈਆਂ ਟੱਲੀਆਂ ਵੱਖਰਾ ਹੀ ਸੰਗੀਤ ਛੇੜੀ ਰੱਖਦੀਆਂ ਸਨ। ਬਲਦ ਹੀ ਪੂਰੇ ਘਰ ਦੇ ਅੰਨ ਪਾਣੀ ਤੇ ਅਰਥਚਾਰੇ ਦੇ ਸਾਧਨ ਹੁੰਦੇ ਸਨ। ਰਾਤ ਨੂੰ ਸੌਣ ਸਮੇਂ ਬੇਬੇ ਚੁੱਲ੍ਹੇ ਵਿਚ ਅੱਗ ਦੱਬ ਦੇਂਦੀ ਤੇ ਸਵੇਰੇ ਜਦ ਕੁੱਕੜ ਬਾਂਗ ਦਿੰਦਾ ਤਾਂ ਬਾਪੂ ਤੇ ਬੇਬੇ ਵਾਖਰੂ-ਵਾਖਰੂ ਕਰਦੇ ਉਠ ਖਲੋਂਦੇ।

ਬੇਬੇ ਚੁੱਲ੍ਹੇ 'ਚ ਦੱਬੀ ਅੱਗ ਨੂੰ ਫੂਕਾਂ ਮਾਰ-ਮਾਰ ਮਘਾਉਂਦੀ। ਬਾਪੂ ਵੱਡੇ ਭਰਾ ਨੂੰ ਉਠਾ ਕੇ ਬਲਦਾਂ ਨੂੰ ਗੁਤਾਵਾ ਰਲਾਉਂਦਾ। ਚਾਰ ਕੁ ਵਜੇ ਵੱਡਾ ਭਰਾ ਬਲਦਾਂ ਨੂੰ ਹਰਨਾੜੀਂ ਕਰ, ਕਦੀ ਗੱਡਾ ਜੋੜ, ਕਦੀ ਪੰਜਾਲੀ ਪਾ ਕੇ ਖੇਤੀਂ ਤੁਰ ਜਾਂਦਾ ਸੀ। ਬਲਦਾਂ ਨੂੰ ਤੋਰਦਿਆਂ ਹੀ ਬੇਬੇ ਚਾਟੀ 'ਚ ਮਧਾਣੀ ਪਾ ਲੈਂਦੀ ਤੇ ਰਿੜਕਣੇ ਦੀ ਆਵਾਜ਼ ਚਾਰ-ਚੁਫੇਰੇ ਫੈਲ ਜਾਂਦੀ ਸੀ। ਰਿੜਕਣ ਤੋਂ ਪਹਿਲਾਂ ਬੇਬੇ ਸਾਡੇ ਸਿਰਹਾਣੇ ਗੁੜ ਦੀ ਬਣੀ ਚਾਹ ਬਾਟੀ, ਗਲਾਸ ਜਾਂ ਗੜਵੀ 'ਚ ਰੱਖ ਦੇਂਦੀ। ਉੱਠਣ ਲਈ ਤਾਕੀਦ ਕਰਦੀ। ''ਉਠੋ ਪੁੱਤ, ਦਿਨ ਚੜ੍ਹ ਆਇਆ, ਪਾਠੀ ਬੋਲਣ ਲੱਗ ਪਿਐ। ਮੂੰਹ ਹੱਥ ਧੋਵੋ ਤੇ ਕਿਤਾਬਾਂ ਚੁੱਕੋ।''

...ਤੇ ਕਿਤਾਬਾਂ ਚੁੱਕਦਿਆਂ, ਪੜ੍ਹਦਿਆਂ, ਨਲਕੇ ਗੇੜਦਿਆਂ ਹੌਲੀ-ਹੌਲੀ ਜ਼ਮਾਨਾ ਸਾਡੇ ਹੱਥੋਂ ਕਦੋਂ ਕਿਰ ਗਿਆ, ਪਤਾ ਹੀ ਨਾ ਲੱਗਾ। ਜਿਵੇਂ ਕੱਲ੍ਹ ਦੀ ਗੱਲ ਹੋਵੇ। ਅਤੀਤ 'ਚ ਵੱਸਿਆ ਉਹ ਬਚਪਨ ਤੇ ਅੱਜ ਦੀ ਤਾਜ਼ਾ ਸਥਿਤੀ। ਜਦ ਬੱਚਿਆਂ ਨੂੰ ਤਿਉੜ ਬਾਰੇ ਕਹਿੰਦਾ ਹਾਂ ਤਾਂ ਕਹਿਣਗੇ, ''ਉਹ ਕੀ ਹੁੰਦਾ ਸੀ?'' ਮਧਾਣੀ ਕੀ ਹੁੰਦੀ ਹੈ? ਰਿੜਕਣਾ ਕੀ ਹੁੰਦਾ ਹੈ? ਕੁੱਕੜ ਬਾਂਗ ਕਿਵੇਂ ਦਿੰਦਾ ਸੀ? ਹਰਨਾੜੀ ਕੀ ਹੁੰਦੀ ਸੀ? ਪੰਜਾਲੀ ਕੀ ਹੁੰਦੀ ਸੀ? ਗੱਡਾ ਕੀ ਹੁੰਦਾ ਸੀ? ਬਲਦਾਂ ਦੀਆਂ ਟੱਲੀਆਂ ਕਿਹੋ ਜਿਹੀਆਂ ਹੁੰਦੀਆਂ।

ਨਾ ਬਾਪੂ ਰਿਹਾ ਤੇ ਨਾ ਹੀ ਉਹ ਜੋਗ। ਸਮੇਂ ਦੇ ਨਾਲ ਹੀ ਉਹ ਪਾਂਧੀ ਤੁਰ ਗਏ। ਪਿੱਛੇ ਰਹਿ ਗਈਆਂ ਹਨ ਅਤੀਤ ਦੀਆਂ ਯਾਦਾਂ। ਹੁਣ ਹਰ ਚੀਜ਼ ਘਰ 'ਚ ਹੈ।

ਦੁੱਧ ਹੈ, ਦਹੀਂ ਹੈ, ਗੈਸ ਹੈ ਆਦਿ, ਪਰ ਮੇਰੀ ਜਾਚੇ ਅੱਜ ਕੁਝ ਵੀ ਨਹੀਂ। ਦੁੱਧ 'ਚ ਜਿਵੇਂ ਜ਼ਹਿਰ ਘੁਲਿਆ ਹੋਵੇ। ਜ਼ਹਿਰੀਲੇ ਚਾਰੇ, ਟੀਕਿਆਂ ਤੇ ਨਵੀਂ ਤਕਨਾਲੋਜੀ ਨਾਲ ਪੈਦਾ ਕੀਤੇ ਦੁੱਧ ਤੋਂ ਬਣੀਆਂ ਚੀਜ਼ਾਂ ਦਹੀਂ, ਮਖਣੀ, ਪਨੀਰ ਆਦਿ ਚੰਗਾ ਕਿਥੋਂ ਹੋਵੇਗਾ। ਅਜਿਹੀ ਹੀ ਹੋਣਗੇ ਸਾਡੀ ਅਗਲੀ ਪੀੜ੍ਹੀ ਦੇ ਨੌਜਵਾਨ। ਅੱਜ ਘਰ 'ਚ ਹਰ ਚੀਜ਼ ਮੁੱਲ ਦੀ ਹੈ। ਦੁੱਧ ਮੁੱਲ ਦਾ, ਦਹੀਂ ਮੁੱਲ ਦੀ, ਲੱਸੀ ਮੁੱਲ ਦੀ। ਚਾਟੀ ਵਰਗੀ ਲੱਸੀ ਤੇ ਬੇਬੇ ਦੇ ਹੱਥਾਂ 'ਚ ਮਹਿਕਦੀ ਮਖਣੀ ਦੀ ਮਹਿਕ ਕਿੱਥੇ ਹੈ ਹੁਣ। ਅੱਜ ਦੁੱਧ ਡੇਅਰੀਆਂ 'ਤੇ ਚਲਿਆ ਜਾਂਦਾ ਹੈ। ਮਸਾਂ ਚਾਹ ਆਦਿ ਲਈ ਹੀ ਘਰ ਰੱਖਿਆ ਜਾਂਦਾ ਹੈ। ਦੁੱਧ ਪਾਉਣਾ ਇਕ ਧੰਦਾ ਬਣ ਗਿਆ ਹੈ, ਪਰ ਲਾਹੇਵੰਦ ਇਹ ਵੀ ਨਹੀਂ ਰਿਹਾ। ਅੱਜ ਦੀ ਨੌਜਵਾਨ ਪੀੜ੍ਹੀ ਨੂੰ ਲੋੜ ਹੈ ਪੁਰਾਣੇ ਸੱਭਿਆਚਾਰ ਨੂੰ ਸਮਝਣ, ਸੰਭਾਲਣ ਦੀ। ਕੋਈ ਮਾਪੇ ਅਜਿਹੇ ਨਹੀਂ ਹੁੰਦੇ ਜਿਹੜੇ ਆਪਣੇ ਬੱਚਿਆਂ ਦਾ ਮਾੜਾ ਸੋਚਣ। ਠੀਕ ਹੈ ਤੇਜ਼ੀ ਨਾਲ ਬਦਲਦੇ ਸਮੇਂ, ਟੈਕਨਾਲੋਜੀ, ਸਾਇੰਸ, ਸਮਾਜਿਕ ਅਤੇ ਹੋਰ ਸਰੋਕਾਰਾਂ ਨੇ ਸਾਡੇ ਜੀਵਨ 'ਤੇ ਬਹੁਤ ਗਹਿਰੀ ਛਾਪ ਛੱਡੀ ਹੈ। ਪਰ ਪੁਰਖਿਆਂ ਨੂੰ ਵੀ ਭੁੱਲਿਆ ਨਹੀਂ ਜਾ ਸਕਦਾ। ਹਰ ਸਮਾਜ ਦਾ, ਹਰ ਖੇਤਰ ਦਾ, ਹਰ ਮੁਲਕ ਦਾ ਆਪਣਾ-ਆਪਣਾ ਸਭਿਆਚਾਰ ਹੁੰਦਾ ਹੈ।

ਅੱਜ ਦੀ ਨਵੀਂ ਪਨੀਰੀ ਨੂੰ ਬਾਪੂ, ਵੱਡਾ ਬਾਪੂ, ਵੱਡਾ ਚਾਚਾ, ਤਾਇਆ, ਤਾਈ ਆਦਿ ਸਾਡੇ ਪੁਰਾਣੇ ਰਿਸ਼ਤਿਆਂ ਦਾ ਪਤਾ ਹੀ ਨਹੀਂ ਰਿਹਾ। ਸਿਰਫ ਆਂਟੀ-ਅੰਕਲ ਤਕ ਸਿਮਟ ਗਈ ਹੈ ਸਾਡੀ ਨਵੀਂ ਪੀੜ੍ਹੀ।

ਨਵੀਂ ਪੀੜ੍ਹੀ ਨੂੰ ਆਪਣੇ ਦਾਦੇ-ਦਾਦੀ, ਨਾਨੀ-ਨਾਨਾ ਤਕ ਦੇ ਨਾਂਅ ਯਾਦ ਨਹੀਂ, ਸੱਭਿਆਚਾਰ ਕਿੱਥੋਂ ਪਤਾ ਕਰਨਗੇ। ਸਾਨੂੰ ਆਪਣੇ-ਆਪਣੇ ਪੁਰਖਿਆਂ, ਚਾਚਿਆਂ, ਤਾਇਆਂ, ਦਾਦਿਆਂ, ਪੜਦਾਦਿਆਂ, ਨਾਨੀ-ਨਾਨਿਆਂ ਆਦਿ ਦੀ ਬੰਸਾਵਲੀ ਬਣਾ ਕੇ ਘਰ 'ਚ ਰੱਖਣੀ ਚਾਹੀਦੀ ਹੈ ਤਾਂ ਕਿ ਨਵੀਂ ਪੀੜ੍ਹੀ ਨੂੰ ਸਾਡੇ ਪੁਰਖਿਆਂ ਬਾਰੇ ਜਾਣਕਾਰੀ ਮਿਲਦੀ ਰਹੇ। ਲੋੜ ਹੈ ਅਲੋਪ ਹੁੰਦੇ ਜਾ ਰਹੇ ਸਰੋਕਾਰਾਂ ਤੇ ਸੱਭਿਆਚਾਰ ਨੂੰ ਬਚਾਉਣ ਦੀ।

# ਮੀਡੀਏ ਨੇ ਆਕਟੋਪਸ ਨੂੰ ਰੋਨਾਲਡੋ ਜਿੰਨਾ ਮਸ਼ਹੂਰ ਕਰ ਦਿੱਤੈ

**ਸਵਰਨ ਸਿੰਘ ਟਹਿਣਾ***



ਸਵਰਨ ਸਿੰਘ ਟਹਿਣਾ

ਫੁੱਟਬਾਲ ਵਿਸ਼ਵ ਕੱਪ ਸਪੇਨ ਦੀ ਝੋਲੀ ਪੈਣ ਤੋਂ ਇਕਦਮ ਬਾਅਦ ਹਰ ਪਾਸੇ ਮਾਤਮ ਭਰੀ ਖ਼ਬਰ ਫ਼ੈਲ ਗਈ ਕਿ ਦੁਨੀਆ ਦੇ ਚਮਤਕਾਰੀ 'ਪਾਲ ਬਾਬਾ ਜੀ' ਨੂੰ ਦਿਲ ਦਾ ਦੌਰਾ ਪੈ ਗਿਐ ਤੇ ਉਹ ਸੰਸਾਰ ਤੋਂ ਕੂਚ ਕਰ ਗਏ ਨੇ।

ਕਿਸੇ ਨੂੰ ਯਕੀਨ ਨਹੀਂ ਸੀ ਆ ਰਿਹਾ ਕਿ ਕੱਲ੍ਹ ਤੱਕ ਜਿਹੜਾ 'ਪਾਲ ਬਾਬਾ' ਵੱਖ-ਵੱਖ ਮੁਲਕਾਂ ਦੇ ਝੰਡਿਆਂ 'ਤੇ ਚੜ੍ਹ ਕੇ ਟੀਮਾਂ ਦੇ ਜਿੱਤਣ ਦੀ ਅਗਾਊਂ ਜਾਣਕਾਰੀ ਦੇਂਦਾ ਸੀ, ਉਹਦੀ ਜ਼ਿੰਦਗੀ ਦੇ ਦਰਵਾਜ਼ੇ ਏਨੀ ਛੇਤੀ ਬੰਦ ਹੋ ਸਕਦੇ ਨੇ। ਫੇਰ ਉਹਦੀ ਮੌਤ ਦੇ ਕਾਰਨ ਲੱਭਣੇ ਸ਼ੁਰੂ ਹੋਏ ਤਾਂ ਪਤਾ ਲੱਗਾ ਕਿ ਕਿਸੇ ਨੇ 'ਬਾਬਾ ਜੀ' ਨੂੰ ਪੁੱਛ ਲਿਆ ਸੀ ਕਿ ਭਾਰਤ ਫੁੱਟਬਾਲ ਵਿਸ਼ਵ ਕੱਪ 'ਚ ਕਦੋਂ ਜਿੱਤ ਹਾਸਲ ਕਰੇਗਾ।'

ਇਹੋ ਜਿਹੇ ਅਚੰਭੇ ਭਰੇ ਸਵਾਲ ਨੂੰ ਵਿਚਾਰਾ ਅੱਠ ਪੈਰਾਂ ਵਾਲਾ ਜੀਵ ਬਰਦਾਸ਼ਤ ਨਾ ਕਰ ਸਕਿਆ ਤੇ ਜਾਣਕਾਰੀ ਦੇਣ ਦੀ ਥਾਂ ਉਹ ਸਦਮੇ ਨਾਲ ਪ੍ਰਲੋਕ ਸਿਧਾਰ ਗਿਆ।

ਭਾਵੇਂ ਇਹ ਮਸ਼ਕੂਲਾ ਹੀ ਹੈ, ਪਰ ਹਕੀਕਤ ਵੀ ਤਾਂ ਇਹੀ ਏ ਕਿ ਭਾਰਤ ਵਲੋਂ ਫੁੱਟਬਾਲ ਵਿਸ਼ਵ ਕੱਪ ਖੇਡਣ ਬਾਰੇ ਭਵਿੱਖਬਾਣੀ ਕਰਨੀ ਬੇਇਨਸਾਫ਼ੀ ਵਾਲੀ ਗੱਲ ਹੈ। 'ਮਹਾਨਤਾ' ਇਸ ਗੱਲ ਵਿਚ ਏ ਕਿ ਅੱਜ ਤੱਕ ਭਾਰਤੀ ਟੀਮ ਫੁੱਟਬਾਲ ਵਿਸ਼ਵ ਕੱਪ ਖੇਡਣ ਦਾ ਪਰਚਾ ਹੀ ਪਾਸ ਨਹੀਂ ਕਰ ਸਕੀ। ਝੱਲਿਆਂ ਵਾਂਗ ਮਿਹਨਤ ਕਰੀ ਜਾਣ ਦਾ ਸਮਾਂ ਸਾਡੇ ਕੋਲ ਕਿੱਥੇ? ਵੈਸੇ ਵੀ ਖੇਡ ਵਿਭਾਗ ਨੂੰ ਸਿਵਾਏ ਕ੍ਰਿਕਟ ਤੋਂ ਕੋਈ ਹੋਰ ਖੇਡ ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਨਹੀਂ ਜਾਪਦੀ। ਏਥੇ ਜਦੋਂ ਹਾਕੀ ਖਿਡਾਰੀਆਂ ਨੂੰ ਹੜਤਾਲਾਂ ਕਰਕੇ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਾਉਣੀਆਂ ਪੈਂਦੀਆਂ ਹੋਣ ਤਾਂ ਫੁੱਟਬਾਲ 'ਤੇ ਦਾਅ ਲਾਉਣਾ ਭਲਾ ਕੌਣ ਸਿਆਣਪ ਦੀ ਨਿਸ਼ਾਨੀ ਸਮਝੇਗਾ?

ਇਸ ਵਾਰ ਹੋਏ ਵਿਸ਼ਵ ਕੱਪ ਫੁੱਟਬਾਲ ਮੁਕਾਬਲੇ ਦੀਆਂ ਭਵਿੱਖਬਾਣੀਆਂ 'ਚ ਭਾਰਤ ਨੇ ਬਾਕੀ ਮੁਲਕਾਂ ਦੇ ਮੋਢੇ ਨਾਲ ਮੋਢਾ ਮੇਲ ਕੇ ਜਿਸ ਤਰ੍ਹਾਂ ਆਸਥਾ ਪ੍ਰਗਟ ਕੀਤੀ, ਉਸ ਨਾਲ ਸੂਝਵਾਨ ਲੋਕਾਂ ਨੂੰ ਭਾਰਤ ਨਾਲੋਂ ਵੱਧ ਹੈਰਾਨੀ ਹੋਰ ਮੁਲਕਾਂ 'ਤੇ ਹੋਈ। ਅੰਧਵਿਸ਼ਵਾਸ ਦੀ ਇਹ ਪੰਡ ਏਨੀ ਭਾਰੀ ਸੀ ਕਿ ਬਾਕੀ ਮੁਲਕਾਂ ਦੇ ਨਾਲ-ਨਾਲ ਭਾਰਤ ਨੂੰ ਵੀ ਆਪਣਾ ਸਿਰ ਇਸ ਦੇ ਥੱਲੇ ਕਰਨਾ ਪਿਆ। ਭਾਰਤ ਮੌਕਾ ਖੁੰਝਣ ਦੇਵੇ ਵੀ ਕਿਉਂ?

ਹੁਣ ਜਦੋਂ ਆਕਟੋਪਸ 'ਪਾਲ' ਜਰਮਨੀ ਦੇ ਪ੍ਰਧਾਨ ਮੰਤਰੀ ਨਾਲੋਂ ਵੀ ਵੱਧ ਮਕਬੂਲ ਹੋ ਚੁੱਕੈ ਤਾਂ ਉਸ ਨੂੰ ਖਰੀਦਣ ਲਈ ਬੋਲੀ ਲੱਗਣੀ ਸ਼ੁਰੂ ਹੋ ਗਈ ਏ। ਸਪੇਨ ਦੇ ਲੋਕ 'ਪਾਲ ਬਾਬੇ' ਨੂੰ ਪੱਚੀ ਲੱਖ 'ਚ ਖਰੀਦਣਾ ਚਾਹੁੰਦੇ ਨੇ, ਕਿਉਂਕਿ ਉਨ੍ਹਾਂ ਮੁਤਾਬਕ 'ਬਾਬੇ' ਦੇ ਪ੍ਰਤਾਪ ਨਾਲ ਹੀ ਉਨ੍ਹਾਂ ਦੀ ਟੀਮ ਨੂੰ ਫਾਈਨਲ ਜਿੱਤਣਾ ਨਸੀਬ ਹੋਇਐ। ਸਪੇਨੀਆਂ ਨੂੰ ਇਹ ਨਹੀਂ ਜਾਪਦਾ ਕਿ ਉਨ੍ਹਾਂ ਦੇ ਖਿਡਾਰੀਆਂ ਦੀ ਪ੍ਰਤਿਭਾ ਕਾਰਨ ਪਹਿਲੀ ਵਾਰ ਫਾਈਨਲ ਵਿਚ ਜਿੱਤ ਉਨ੍ਹਾਂ ਦੀ ਝੋਲੀ ਪਈ ਏ, ਸਗੋਂ ਉਨ੍ਹਾਂ ਦਾ ਵਿਸ਼ਵਾਸ ਏ ਕਿ ਇਹ ਕਾਰਨਾਮਾ ਅੱਠ ਪੈਰਾਂ ਵਾਲੇ ਬਾਬੇ ਦੇ ਅਸ਼ੀਰਵਾਦ ਨਾਲ ਹੋਇਐ।

ਭਾਰਤੀ ਤੇ ਵਿਦੇਸ਼ੀ ਮੀਡੀਏ ਨੇ 'ਪਾਲ' ਬਾਬੇ (ਆਕਟੋਪਸ) ਦੀਆਂ ਭਵਿੱਖਬਾਣੀਆਂ ਨੂੰ ਏਨੀ ਸ਼ਿੱਦਤ ਨਾਲ ਪ੍ਰਚਾਰਿਆ, ਜਿਵੇਂ ਉਨ੍ਹਾਂ ਨੂੰ ਬਹੁਤ ਮੁਸ਼ੱਕਤ ਤੋਂ ਬਾਅਦ ਇਹੋ ਜਿਹਾ ਸਮੁੰਦਰੀ ਜੀਵ ਲੱਭਿਆ ਹੋਵੇ, ਜਿਹੜਾ ਇਤਿਹਾਸ ਦੀਆਂ ਤਵਾਰੀਖਾਂ ਬਦਲ ਸਕਦਾ ਹੈ। ਵੈਸੇ ਵੀ ਚੈਨਲਾਂ ਕੋਲ ਜਦੋਂ ਕੋਈ ਮਸਾਲਾ ਨਹੀਂ ਹੁੰਦਾ ਤਾਂ ਏਲੀਅਨਾਂ ਬਾਰੇ ਪੌਣੇ ਪੌਣੇ ਘੰਟੇ ਦੀਆਂ ਬੇਤੁਕੀਆਂ ਪੇਸ਼ ਕਰ ਦਿੱਤੀਆਂ ਜਾਂਦੀਆਂ ਨੇ। ਪ੍ਰਿੰਟ ਮੀਡੀਆ ਵੀ ਪਿੱਛੇ ਨਹੀਂ ਰਿਹਾ।

ਇੱਕ ਪਾਸੇ ਫਾਈਨਲ ਮੁਕਾਬਲਾ ਸਪੇਨ ਤੇ ਹਾਲੈਂਡ ਦੀ ਟੀਮ ਦਰਮਿਆਨ ਸੀ ਤੇ ਦੂਜੇ ਪਾਸੇ ਸਿੰਘਾਪੁਰ ਦੇ ਤੋਤੇ ਤੇ ਜਰਮਨੀ ਦੇ ਆਕਟੋਪਸ ਦਰਮਿਆਨ। ਹਾਲੈਂਡ ਦੇ ਹੱਕ 'ਚ ਭੁਗਤਣ ਵਾਲਾ ਤੋਤਾ ਝੂਠਾ ਸਾਬਤ ਹੋਇਆ ਤੇ ਆਕਟੋਪਸ ਦਾ 'ਅਸ਼ੀਰਵਾਦ' ਪ੍ਰਾਪਤ ਸਪੇਨ ਜਿੱਤ ਗਿਆ। ਜਰਮਨੀ ਨੂੰ ਅੱਠ ਪੈਰਾਂ ਵਾਲਾ ਇਹ ਜੀਵ ਗੱਦਾਰ ਜਾਪਿਆ ਕਿਉਂਕਿ ਉਹ ਜਰਮਨੀ 'ਚ ਰਹਿੰਦਿਆਂ ਉਥੋਂ ਦੀ ਟੀਮ ਦੀ ਹਾਰ ਦੀ ਗਵਾਹੀ ਭਰਦਾ ਰਿਹਾ ਤੇ ਉਹਨੇ ਬਿਲਕੁਲ ਨਾ ਸੋਚਿਆ ਕਿ 'ਜਿਹੜੇ ਮੁਲਕ ਦਾ ਖਾਈਏ ਉਸਦਾ ਬੁਰਾ ਨਹੀਂ ਮੰਗੀਦਾ', ਸੋ ਜਰਮਨੀ ਵਾਲਿਆਂ ਆਖਿਆ, 'ਇਹਨੂੰ ਤਾਂ ਅਸੀਂ ਬੀਅਰ ਨਾਲ ਚੱਬ ਜਾਵਾਂਗੇ...।'

ਇੱਕ ਗੱਲ ਦੀ ਸਮਝ ਨਹੀਂ ਆਈ ਕਿ ਆਕਟੋਪਸ ਨੂੰ ਸਮੁੰਦਰ 'ਚੋਂ ਬਾਹਰ ਵੀ ਬੰਦੇ ਨੇ ਕੱਢਿਆ, ਉਹਦਾ ਨਾਂ ਵੀ ਖੁਦ ਰੱਖਿਆ 'ਪਾਲ', ਉਹਨੂੰ ਸ਼ੀਸ਼ੇ ਦੇ ਡੱਬੇ 'ਚ ਵੀ ਖੁਦ ਬੰਦ ਕੀਤਾ, ਡੱਬੇ 'ਚ ਮੁਲਕਾਂ ਦੇ ਝੰਡੇ ਵੀ ਖੁਦ ਪਾਏ ਤੇ ਉਹਦੇ ਵਲੋਂ ਝੰਡੇ 'ਤੇ ਚੜ੍ਹਨ ਤੋਂ ਬਾਅਦ ਇਹ ਅੰਦਾਜ਼ਾ ਵੀ ਖੁਦ ਲਗਾਇਆ ਕਿ ਇਹਨੇ ਕਿਹੜੇ ਦੇਸ਼ ਦੇ ਜਿੱਤਣ ਦੀ ਗੱਲ ਕੀਤੀ ਏ। ਫੇਰ 'ਪਾਲ' ਬਾਬੇ ਦਾ ਭਵਿੱਖਬਾਣੀ ਨਾਲ ਕੀ ਲੈਣ-ਦੇਣ ਹੋਇਆ? ਮੀਡੀਏ ਨੇ ਇਸ ਗੱਲ ਨੂੰ ਏਨੇ ਵੱਡੇ ਪੱਧਰ 'ਤੇ ਕਿਉਂ ਪ੍ਰਚਾਰਿਆ? ਸੱਟੇਬਾਜ਼ਾਂ ਦਾ ਗਣਿਤ ਕਿਵੇਂ ਗ਼ਲਤ ਹੋ ਗਿਆ? ਅਸੀਂ ਏਨੇ ਵੱਡੇ ਪਿਛਲੱਗ ਕਿਉਂ ਬਣ ਗਏ?

ਚਲੋ ਸਾਡਾ ਭਾਰਤ ਤਾਂ ਹੈ ਹੀ ਮੂਰਤੀਆਂ 'ਚੋਂ ਰੱਬ ਲੱਭਣ ਦੀਆਂ ਕੋਸ਼ਿਸ਼ਾਂ 'ਚ ਲੱਗਾ ਰਹਿਣ ਵਾਲਾ ਦੇਸ, ਪਰ ਜਿਹੜੇ ਮੁਲਕ ਇੱਕੀਵੀਂ ਸਦੀ ਦੇ ਸ਼ਹਿਨਸ਼ਾਹ ਅਖਵਾਉਂਦੇ ਨੇ, ਉਨ੍ਹਾਂ ਨੇ 'ਪਾਲ' ਦੇ 'ਕਮਾਲ' 'ਤੇ ਅੰਨ੍ਹਾ ਵਿਸ਼ਵਾਸ ਕਿਉਂ ਪ੍ਰਗਟਾ ਦਿੱਤਾ? ਭਾਰਤ ਵਿਚ ਜਿੱਥੇ ਹੁਣ ਤੱਕ ਬੇਜ਼ੁਬਾਨ ਤੋਤਿਆਂ ਤੋਂ ਪਰਚੀਆਂ ਚੁਕਵਾ ਕੇ ਭਵਿਖੀ ਜਾਣਕਾਰੀਆਂ ਦੇਣ ਦਾ ਕਿੱਤਾ ਤੋਰਿਆ ਜਾਂਦੈ, ਜਿੱਥੇ ਪੰਡਤਾਂ ਨੂੰ ਮੱਥਾ ਏਸ ਕਰਕੇ ਟੇਕਿਆ ਜਾਂਦੈ ਕਿ ਉਹ ਹੱਥਾਂ ਦੀਆਂ ਲਕੀਰਾਂ ਨੂੰ ਚਮਤਕਾਰੀ ਬਣਾ ਦੇਣ, ਸੱਪਾਂ ਦੀਆਂ ਖੁੱਡਾਂ ਅੱਗੇ ਦੁੱਧ ਡੋਲਦਿਆਂ 'ਨਾਗ ਦੇਵਤਾ' ਨੂੰ ਚੇਤੇ ਕੀਤਾ ਜਾਂਦੈ ਤੇ ਜਦੋਂ ਉਹ ਬਾਹਰ ਨਿਕਲ ਫੁੰਕਾਰਾ ਮਾਰਦੈ ਤਾਂ ਦੁੱਧ ਵਾਲਾ ਡੋਲੂ ਛੱਡ ਭੱਜ ਲਿਆ ਜਾਂਦੈ, ਉਥੇ 'ਪਾਲ ਬਾਬੇ' ਦੇ ਪਿਛਲੱਗ ਬਣਨਾ ਬਹੁਤਾ ਅਚੰਭੇ ਵਾਲਾ ਨਹੀਂ ਲੱਗਦਾ ਪਰ ਜਿਹੜੇ ਮੁਲਕ ਹੁਣ ਤੱਕ ਭਾਰਤ ਨੂੰ ਸੱਪਾਂ, ਸਪੇਰਿਆਂ ਤੇ ਬਾਂਦਰਾਂ ਦਾ ਮੁਲਕ ਕਹਿੰਦੇ ਰਹੇ ਨੇ, ਉਨ੍ਹਾਂ ਦੀ ਅਕਲ ਨੂੰ ਕੀਹਨੇ ਕੀਲ੍ਹ ਲਿਆ ਕਿ ਉਹ ਪ੍ਰਤਿਭਾ ਦੀ ਥਾਂ ਅਗਾਊਂ ਅੰਦਾਜ਼ਿਆਂ 'ਤੇ ਵਿਸ਼ਵਾਸ ਕਰਨ ਲੱਗ ਗਏ।

ਇੰਜ ਜਾਪਦੈ ਜਿਵੇਂ ਸਾਡਾ ਪਿੱਛਾ ਇੱਕੀਵੀਂ ਸਦੀ 'ਚ ਪਹੁੰਚ ਗਿਆ ਹੋਵੇ ਪਰ ਸਿਰ ਵਾਲਾ ਹਿੱਸਾ ਹਾਲੇ ਵੀ ਸੋਲ੍ਹਵੀਂ ਸਦੀ 'ਚ ਫਿਰਦਾ ਹੋਵੇ। ਵਪਾਰ ਦਾ ਆਧਾਰ ਬਣਿਆ ਬਿਜਲਈ ਮੀਡੀਆ ਤਾਂ ਇਸ ਹੱਦ ਤੱਕ ਕੁਫ਼ਰ ਵੇਚਣ ਲੱਗ ਗਿਐ ਕਿ ਪਹੁ ਫੁਟਾਲੇ ਤੋਂ ਸਵੇਰ ਦੇ ਦਸ ਵਜੇ ਤੱਕ ਡਰਾਉਣੇ ਚਿਹਰਿਆਂ ਵਾਲੇ ਪੰਡਤ ਰਾਸ਼ੀਆਂ ਤੇ ਚਮਤਕਾਰੀ ਨਗਾਂ ਬਾਰੇ ਗੱਲਾਂ ਕਰਦੇ ਨੇ ਤੇ ਉਸ ਤੋਂ ਬਾਅਦ ਵਿਗਿਆਨਕ ਖ਼ਬਰਾਂ ਚੱਲਣ ਲੱਗ ਜਾਂਦੀਆਂ ਨੇ। ਮੋਟੀਆਂ ਰਕਮਾਂ ਲੈ ਕੇ 'ਨਜ਼ਰਾਂ' ਲੱਗਣ ਤੋਂ ਬਚਾਉਣ ਵਾਲੇ ਯੰਤਰਾਂ ਦੇ ਅੱਧੇ-ਅੱਧੇ ਘੰਟੇ ਦੇ ਇਸ਼ਤਿਹਾਰ ਪੇਸ਼ ਕੀਤੇ ਜਾਂਦੇ ਨੇ ਤੇ ਫੇਰ ਕਿਹਾ ਜਾਂਦੈ, 'ਸਚ ਕਾ ਸਾਥ ਆਖਰੀ ਦਮ ਤਕ...।'

ਹੁਣ ਵੀ ਮੀਡੀਏ ਨੇ ਹੀ ਆਕਟੋਪਸ ਤੇ ਤੋਤੇ ਨੂੰ ਸਟਾਰ ਬਣਾਇਐ। ਦੁਨੀਆਂ ਦੇ ਇੱਕ ਕੋਨੇ ਵਿਚ ਜਦੋਂ ਅੰਧ ਵਿਸ਼ਵਾਸ ਨਾਲ ਜੁੜੀ ਕੋਈ ਘਟਨਾ ਹਵਾ ਫੜਦੀ ਹੈ ਤਾਂ ਉਸ ਨੂੰ ਭੰਡਣ ਦੀ ਥਾਂ ਚੈਨਲਾਂ ਤੇ ਅਖ਼ਬਾਰਾਂ ਵੱਲੋਂ ਮਸਾਲਾ ਲਾ-ਲਾ ਪੇਸ਼ ਕੀਤਾ ਜਾਣ ਲੱਗਦੈ ਤਾਂ ਜੋ 'ਟੀ.ਆਰ.ਪੀ' 'ਚ ਉਨ੍ਹਾਂ ਦਾ ਝੰਡਾ ਉਚਾ ਰਹੇ। ਇੱਕ-ਦੋ ਚੈਨਲਾਂ ਤੇ ਅਖ਼ਬਾਰਾਂ ਤੋਂ ਸਿਵਾ ਕਿਸੇ ਨੇ ਇਸ ਗੱਲ ਦੀ ਆਲੋਚਨਾ ਨਹੀਂ ਕੀਤੀ ਕਿ ਚੰਗਾ ਨਤੀਜਾ ਖਿਡਾਰੀਆਂ ਦੀ ਪ੍ਰਤਿਭਾ 'ਤੇ ਨਿਰਭਰ ਕਰਦੈ, ਆਕਟੋਪਸ ਦੇ ਝੰਡਿਆਂ 'ਤੇ ਚੜ੍ਹਨ ਨਾਲ ਨਹੀਂ। ਜਿਹੜੇ ਚੈਨਲਾਂ ਨੇ 'ਅਸਿੱਧੇ' ਢੰਗ ਨਾਲ ਇਸ ਅੰਧ ਵਿਸ਼ਵਾਸ ਦਾ ਵਿਰੋਧ ਕੀਤਾ, ਉਨ੍ਹਾਂ ਨੇ ਦੋ-ਦੋ ਜੋਤਸ਼ੀਆਂ ਤੇ ਦੋ-ਦੋ ਤਰਕ ਸ਼ਾਸ਼ਤਰੀਆਂ ਦੀ ਬਹਿਸ ਏਦਾਂ ਕਰਾਈ ਕਿ ਦਰਸ਼ਕਾਂ ਦਾ ਧਿਆਨ ਸਿਰਫ਼ 'ਪਾਲ ਬਾਬੇ' ਵੱਲ ਰਹੇ।

ਇਸ ਸਾਰੇ ਘਟਨਾਕ੍ਰਮ ਤੋਂ ਸਾਫ਼ ਹੋ ਗਿਆ ਕਿ ਜੇ ਮੀਡੀਆ ਸੁਆਹ ਦੀ ਚੂੰਡੀ ਲੱਖਾਂ ਰੁਪਏ 'ਚ ਵੇਚਣੀ ਚਾਹੇ ਤਾਂ ਔਖੀ ਗੱਲ ਨਹੀਂ। ਪੈਨਲਟੀ ਕਾਰਨਰਾਂ ਨੂੰ ਗਣਿਤ ਨਾਲ ਜੋੜ ਕੇ ਦੇਖੇ ਜਾਣ ਦੀ ਗੱਲ ਕੀਤੀ ਗਈ, ਗੋਲ ਕਰਨ ਵਾਲੇ ਦੀ ਕਲਾ ਦੀ ਥਾਂ ਆਖਿਆ ਗਿਆ ਕਿ ਉਸਦੇ ਗ੍ਰਹਿ ਸਹੀ ਦਿਸ਼ਾ 'ਚ ਚੱਲ ਰਹੇ ਸਨ ਤਾਂਹੀਓਂ ਇਹ ਸਭ ਸੰਭਵ ਹੋ ਸਕਿਐ।

ਅੰਧ ਵਿਸ਼ਵਾਸ ਦੀਆਂ ਪੌੜੀਆਂ ਚੜ੍ਹੇ ਸਮਾਜ ਨੂੰ ਮੀਡੀਏ ਨੇ ਸੁਚੇਤ ਤਾਂ ਕੀ ਕਰਨਾ ਸਗੋਂ ਇਸ ਨੇ ਵੀ ਲੋਕਾਂ ਦੇ ਅਗਿਆਨ ਦਾ ਫ਼ਾਇਦਾ ਉਠਾ ਕੇ ਰੋਟੀਆਂ ਸੇਕੀਆਂ। ਕਿਸੇ ਨੇ ਨਹੀਂ ਸੋਚਿਆ ਕਿ ਜੇ ਆਕਟੋਪਸ ਸਪੇਨ ਦੇ ਝੰਡੇ 'ਤੇ ਨਾ ਚੜ੍ਹਦਾ, ਤਾਂ ਵੀ ਉਸੇ ਨੇ ਜਿੱਤਣਾ ਸੀ ਤੇ ਜੇ ਉਹ ਜਰਮਨੀ ਦੀ ਥਾਂ ਉਰੂਗਵੇ ਦੇ ਝੰਡੇ 'ਤੇ ਚੜ੍ਹ ਜਾਂਦਾ ਤਾਂ ਵੀ ਤੀਜੇ ਸਥਾਨ 'ਤੇ ਜਰਮਨਾਂ ਨੇ ਹੀ ਰਹਿਣਾ ਸੀ। 'ਪਾਲ ਬਾਬਾ' ਭਾਵੇਂ ਪਾਣੀ 'ਚ ਸੁੱਟੇ ਗਏ ਝੰਡਿਆਂ ਤੋਂ ਘਬਰਾਇਆ ਜਿੱਧਰ ਮੂੰਹ ਹੋਇਆ, ਉਧਰ ਨੂੰ ਤੁਰ ਪਿਆ ਹੋਵੇ ਤੇ ਅਸੀਂ ਸੰਸਾਰ ਪੱਧਰ 'ਤੇ ਗੱਲ ਫ਼ੈਲਾਅ ਦਿੱਤੀ ਕਿ ਉਹ ਫ਼ਲਾਣੇ ਝੰਡੇ 'ਤੇ ਜਾ ਬੈਠਿਐ, ਇਸ ਲਈ ਉਸ ਟੀਮ ਦੀ ਜਿੱਤ ਪੱਕੀ ਏ।

ਕਮਾਲ ਦੇਖੋ, ਜਿਹੜੇ ਖਿਡਾਰੀਆਂ ਨੂੰ ਨੌਜਵਾਨ ਤਬਕੇ ਦੇ ਰਾਹ ਦਸੇਰੇ ਮੰਨਿਆ ਜਾਂਦੈ, ਉਹ ਵੀ ਅੰਧ ਵਿਸ਼ਵਾਸ ਦੀਆਂ ਉਚਾਣਾਂ ਛੂਹੰਦੇ ਚਲੇ ਗਏ। ਪੁਰਤਗਾਲ ਦਾ ਰੋਨਾਲਡੋ ਹਰ ਮੈਚ ਖੇਡਣ ਤੋਂ ਪਹਿਲਾਂ ਆਪਣੇ ਵਾਲ਼ਾਂ ਨੂੰ ਕਟਵਾਉਣਾ ਨਹੀਂ ਭੁੱਲਦਾ, ਕਿਉਂਕਿ ਉਸ ਦਾ ਵਿਸ਼ਵਾਸ ਏ ਕਿ ਇਸ ਤਰ੍ਹਾਂ ਉਸ ਦੀ ਟੀਮ ਦੀ ਜਿੱਤ ਪੱਕੀ ਹੋ ਜਾਂਦੀ ਏ। ਇਸ ਵਾਰ ਪੁਰਤਗਾਲ ਦੀ ਟੀਮ ਨਾਲ ਜਿੰਨੀ ਮਾੜੀ ਹੋਈ, ਉਹਦੇ ਬਾਰੇ ਜਗ ਜਾਣਦੈ। ਸੋ, ਇਸ ਦਾ ਮਤਲਬ ਹੋਇਆ ਕਿ ਇਸ ਵਾਰ ਰੋਨਾਲਡੋ ਵਾਲ ਕਟਵਾਉਣੇ ਭੁੱਲ ਗਿਆ। ਸਚਿਨ ਤੇਂਦੁਲਕਰ ਬੱਲੇਬਾਜ਼ੀ ਤੋਂ ਪਹਿਲਾਂ ਸੱਜੇ ਪਾਸੇ ਪੈਡ ਬੰਨ੍ਹਦੈ, ਕਿਉਂਕਿ ਉਹਦਾ ਵਿਸ਼ਵਾਸ ਏ ਕਿ ਇਸ ਤਰ੍ਹਾਂ ਉਸ ਦੀ ਟੀਮ ਜਿੱਤਦੀ ਏ, ਪਰ ਜਦੋਂ ਭਾਰਤ ਹਾਰਦੈ, ਕੀ ਉਦੋਂ ਉਸਨੇ ਸੱਜੇ ਦੀ ਥਾਂ ਖੱਬੇ ਪਾਸੇ ਪੈਡ ਬੰਨ੍ਹਣ ਦੀ ਗ਼ਲਤੀ ਕੀਤੀ ਹੁੰਦੀ ਏ? ਦੁਨੀਆਂ 'ਚ ਮਸ਼ਹੂਰ ਵਿਲੀਅਮ ਭੈਣਾਂ ਦਾ ਵਿਸ਼ਵਾਸ ਏ ਕਿ ਜਿਹੜੇ ਮੈਚ 'ਚ ਚੰਗਾ ਪ੍ਰਦਰਸ਼ਨ ਹੋ ਰਿਹਾ ਹੋਵੇ, ਉਸ ਵਿਚ ਜ਼ੁਰਾਬਾਂ ਦੀ ਜੋੜੀ ਬਦਲਣੀ ਹਾਰ ਨੂੰ ਸੱਦਾ ਦੇਣ ਬਰਾਬਰ ਏ।

'ਆਪੇ ਮੈਂ ਬੁੱਢ ਸੁਹਾਗਣ, ਆਪੇ ਮੇਰੇ ਬੱਚੇ ਜੀਣ' ਕਹਾਵਤ ਵਾਂਗ ਹੁਣ ਅਸੀਂ ਆਪੇ ਕਹਿਣਾ ਸ਼ੁਰੂ ਕਰ ਦਿੱਤੈ ਕਿ 'ਪਾਲ ਬਾਬੇ' ਨੇ ਭਵਿੱਖਬਾਣੀਆਂ ਤੋਂ ਸੰਨਿਆਸ ਲੈ ਲਿਐ, ਸੋ ਹੁਣ ਉਹਨੂੰ ਸਿਰਫ਼ ਪ੍ਰਦਰਸ਼ਨੀਆਂ 'ਚ ਦਿਖਾਇਆ ਜਾਇਆ ਕਰੇਗਾ। ਕਿੰਨੀ ਹੈਰਾਨੀ ਦੀ ਗੱਲ ਹੈ ਇਹ ਕਿ ਅਰਜਨਟਾਈਨਾ ਟੀਮ ਦਾ ਕੋਚ ਡੀਏਗੋ ਮਾਰਾਡੋਨਾ ਟੀਮ ਦੀ ਹਾਰ ਤੋਂ ਬਾਅਦ ਅਹੁਦੇ ਤੋਂ ਸੰਨਿਆਸ ਲੈਣਾ ਚਾਹੁੰਦੈ ਪਰ ਉਸ ਨੂੰ ਲੈਣ ਨਹੀਂ ਦਿੱਤਾ ਜਾ ਰਿਹਾ ਤੇ 'ਪਾਲ ਬਾਬਾ' ਕੁਝ ਬੋਲ ਵੀ ਨਹੀਂ ਸਕਦਾ, ਫੇਰ ਵੀ ਅਸੀਂ ਉਸਦਾ 'ਸੰਨਿਆਸ' ਐਲਾਨ ਛੱਡਿਐ।

*ਫੋਨ:91-98141-78883*

## ਕੀ ਮੈਂ ਝੂਠ ਬੋਲਿਐ...



*ਸਪੇਨ ਦੇ ਝੰਡੇ 'ਤੇ ਬੈਠਾ ਆਕਟੋਪਸ*

# ਸਾਹਿਤਕ ਗੰਢ-ਕਟੀਏ, ਸੰਨ੍ਹਮਾਰ ਤੇ ਡਕੈਤ

**ਐਸ਼ੀ ਬਿੱਕਰ ਕੰਮੇਆਣਾ***

ਅੱਜ ਕਈ ਕਲਮਕਾਰ ਤੇ ਗੀਤਕਾਰ, ਗੀਤਾਂ ਤੇ ਹੋਰ ਸਾਹਿਤ ਦੀ ਚੋਰੀ ਖਿਲਾਫ ਮੂੰਹ ਖੋਲ੍ਹਣ ਲੱਗ ਪਏ ਹਨ। ਇਸ ਨੂੰ ਜੀ ਆਇਆਂ ਕਹਿਣਾ ਬਣਦਾ ਹੈ। ਸੰਜੀਦਾ ਕਲਮਕਾਰਾਂ ਵਲੋਂ ਕਲਮ ਚੋਰਾਂ ਵਿਰੁਧ ਮੋਰਚੇ ਮੱਲਣ ਨਾਲ ਹੀ ਇਸ ਸਾਹਿਤਕ-ਏਡਜ਼ ਦੇ ਵਾਇਰਸਾਂ ਦਾ ਖਾਤਮਾ ਹੋਵੇਗਾ। ਇਸ ਲੇਖ ਨੂੰ ਅੱਗੇ ਤੋਰਨ ਤੋਂ ਪਹਿਲਾਂ ਮੈਂ ਆਪਣੇ ਤੀਹ ਸਾਲ ਪਹਿਲਾਂ ਲਿਖੇ ਤੇ ਸਤਾਈ ਸਾਲ ਪਹਿਲਾਂ ਕਰਤਾਰ ਰਮਲੇ ਤੇ ਸੁਖਵੰਤ ਸੁੱਖੀ ਵਲੋਂ ਐਚ ਐਮ ਵੀ ਕੰਪਨੀ ਵਿਚ ਰਿਕਾਰਡ ਹੋਏ ਗੀਤ "ਯਾਰਾਂ ਦੀ ਬੋਤਲ ਦਾ, ਮੂੰਹ ਨਾ ਡਾਟ ਪੱਟੀਂ ਮੁਟਿਆਰੇ" ਦੀ ਸੱਜਰੀ ਚੋਰੀ ਦੀ ਬਾਤ ਪਾ ਲਵਾਂ। ਗੀਤ ਦਾ ਇਹ ਮੁਖੜਾ ਜਾਂ ਸਥਾਈ ਮੇਰੇ ਲਿਖਣ ਤੋਂ ਪਹਿਲਾਂ, ਅੱਖਰ-ਅੱਖਰ ਜਾਂ ਸ਼ਬਦ-ਸ਼ਬਦ ਹੂ-ਬ-ਹੂ ਏਸੇ ਤਰ੍ਹਾਂ ਕਿਤੇ ਵੀ ਨਹੀਂ ਹੈ। ਹੁਣ ਇਹ ਕਿਸੇ ਰਾਜ ਬਰਾੜ ਨਾਂ ਦੇ ਗੀਤਕਾਰ ਵਲੋਂ ਭੰਨ ਤੋੜ ਹੋ ਕੇ, ਇੰਦਰਜੀਤ ਸਿੰਘ ਨਿੱਕੂ ਦੀ ਸੱਜਰੀ ਆਈ ਕੈਸਿਟ 'ਖਾਲਸ' ਵਿਚ ਗਾਇਆ ਗਿਆ ਹੈ। ਇਸ ਸਬੰਧੀ ਮੈਂ ਕੀ ਕਦਮ ਚੁੱਕਣਾ ਹੈ? ਆਪਣੇ ਸਾਹਿਤਕ ਦੋਸਤਾਂ ਨਾਲ ਤੇ ਵਕੀਲ ਮਿੱਤਰਾਂ ਨਾਲ ਸਲਾਹ ਕਰਨ ਤੋਂ ਬਾਅਦ ਸੋਚਾਂਗਾ। ਮੈਂ ਇਸ ਲੇਖ ਨੂੰ ਜਾਤੀ ਵਿਰੋਧ ਪਾਸੇ ਰੱਖ ਕੇ ਸਮੂਹ ਲਈ ਵਿਚਾਰਨਾ ਚਾਹਵਾਂਗਾ ਤਾਂ ਕਿ ਅਫਰੀਕਾ ਦੇ ਬਾਂਦਰਾਂ ਦੀ ਏਡਜ਼ ਪੈਦਾ ਕਰਨ ਵਾਲੀ ਨਸਲ ਵਾਂਗ ਅਜਿਹੇ ਸਾਹਿਤਕ ਬਾਂਦਰ ਨਾ ਪੈਦਾ ਹੋ ਜਾਣ ਜੋ ਸਰਘੀ ਦੀ ਸਵੇਰ ਵਰਗੇ ਗੀਤਕਾਰੀ ਦੇ ਖੇਤਰ ਨੂੰ ਉਮਰਾਂ ਦਾ ਰੋਗੀ ਬਣਾ ਦੇਣ।

ਅਣਵੰਡੇ ਭਾਰਤ ਵਿਚ ਤੇ ਵੰਡ ਤੋਂ ਕੋਈ ਦਹਾਕਾ ਕੁ ਬਾਅਦ ਤੱਕ ਵੀ, ਸਾਹਿਤਕ ਖੇਤਰ ਵਿਚ ਟਾਵੇਂ-ਟੱਲੇ ਗੰਢ-ਕਟੀਏ ਜਾਂ ਸੰਨ੍ਹਮਾਰ ਤਾਂ ਮਿਲ ਜਾਂਦੇ ਸਨ ਪਰ ਸਾਹਿਤਕ ਡਕੈਤ ਨਹੀਂ। ਪੁਰਾਤਨ ਜਾਂ ਸਮਕਾਲੀ ਸ਼ਾਇਰਾਂ ਦੀਆਂ ਤਸਵੀਰਾਂ ਜਾਂ ਅਲੰਕਾਰ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਚੋਰੀ ਕਰਕੇ, ਵੱਖਰੇ ਢੰਗ ਨਾਲ ਆਪਣੀਆਂ ਰਚਨਾਵਾਂ ਵਿਚ ਵਰਤਣੇ ਬਿਲਕੁਲ ਗੰਢ-ਕਟੀਆਂ ਵਾਂਗ ਹੀ ਹਨ ਜੋ ਬੜੀ ਚਲਾਕੀ ਨਾਲ ਦੂਜਿਆਂ ਦੀਆਂ ਜੇਬਾਂ ਸਾਫ ਕਰ ਜਾਂਦੇ ਹਨ। ਇਸ ਲਈ ਮੈਂ ਇਸ ਸ਼੍ਰੇਣੀ ਦੇ ਸ਼ਾਇਰਾਂ ਨੂੰ ਸਾਹਿਤਕ ਗੰਢ-ਕਟੀਏ ਐਲਾਨਦਾ ਹਾਂ। ਦੂਜਿਆਂ ਦੇ ਖਿਆਲ ਚੋਰੀ ਕਰਕੇ, ਕਾਂਟ-ਛਾਂਟ ਤੋਂ ਬਾਅਦ ਆਪਣੀਆਂ ਕਿਰਤਾਂ ਵਿਚ ਵਰਤਣਾ ਸਾਹਿਤਕ ਸੰਨ੍ਹ ਮਾਰੀ ਹੈ ਅਤੇ ਇਸ ਲਾਗ ਨਾਲ ਬਿਮਾਰ ਸ਼ਾਇਰਾਂ ਨੂੰ ਮੈਂ ਸੰਨ੍ਹਮਾਰ ਗਰਦਾਨਦਾ ਹਾਂ। ਹੁਣ ਗੱਲ ਕਰਦਾ ਹਾਂ ਸਾਹਿਤਕ ਡਕੈਤਾਂ ਦੀ। ਭਾਵੇਂ ਇਹ ਲੋਕ ਹਥਿਆਰਾਂ ਨਾਲ ਲੈਸ ਹੋ ਕੇ ਘੋੜਿਆਂ 'ਤੇ ਚੜ੍ਹੇ ਜੰਗਲਾਂ ਵਿਚ ਨਹੀਂ ਘੁੰਮਦੇ ਪਰ ਇਨ੍ਹਾਂ ਦੇ ਖਰ-ਦਿਮਾਗ, ਕਲਮਾਂ ਤੇ ਕਾਪੀਆਂ ਚੰਗੀ ਭਲੀ ਸਾਹਿਤਕਾਰੀ ਦਾ ਗਲ ਵੱਢਣ ਲਈ ਹਥਿਆਰ ਹੀ ਤਾਂ ਹਨ। ਗੀਤਕਾਰੀ ਖੇਤਰ ਨੂੰ ਤਾਂ ਇਨ੍ਹਾਂ ਨੇ ਸਾਹਿਤਕ-ਚੰਬਲ ਵਿਚ ਹੀ ਬਦਲ ਕੇ ਰੱਖ ਦਿੱਤਾ ਹੈ। ਪੁਰਾਤਨ ਜਾਂ ਸਮਕਾਲੀ ਸਾਹਿਤ ਵਿਚੋਂ ਜਾਂ ਉਸ ਦੇ ਇਕ ਅੰਗ ਗੀਤਕਾਰੀ ਵਿਚੋਂ ਪੂਰੀਆਂ ਦੀਆਂ ਪੂਰੀਆਂ ਰਚਨਾਵਾਂ ਜਾਂ ਗੀਤਾਂ ਦੀਆਂ ਸਥਾਈਆਂ ਤੇ ਹੋਰ ਸਮੱਗਰੀ ਸ਼ਰ੍ਹੇਆਮ ਚੋਰੀ ਕਰਕੇ ਆਪਣੇ ਨਾਂ ਕਰ ਲੈਣ ਵਾਲੇ ਵੱਡੇ ਸਾਹਿਤ ਡਕੈਤ ਹਨ।

ਇਨ੍ਹਾਂ ਅਖੌਤੀ ਗੀਤਕਾਰਾਂ ਦੀਆਂ ਕਰਤੂਤਾਂ ਨੇ ਗੀਤਕਾਰੀ ਖੇਤਰ ਨੂੰ ਏਨਾ ਬਦਨਾਮ ਕੀਤਾ ਹੈ ਕਿ ਅੱਜ ਆਪਣਾ ਤੇ ਵਧੀਆ ਲਿਖਣ ਵਾਲੇ ਗੀਤਕਾਰਾਂ ਨੂੰ ਵੀ ਸਾਹਿਤਕਾਰੀ ਖੇਤਰ ਵਿਚ ਬਣਦੀ ਥਾਂ ਨਹੀਂ ਮਿਲ ਰਹੀ। ਹਾਂ, ਪੋਟਿਆਂ ਤੇ ਗਿਣੇ ਜਾਣ ਜੋਗੇ ਨਾਂਵਾਂ ਨੇ ਜ਼ਰੂਰ ਨਾਮਣਾ ਖੱਟਿਆ ਹੈ। ਗੀਤਾਂ ਦੇ ਬਾਦਸ਼ਾਹ ਨੰਦ ਲਾਲ ਨੂਰਪੁਰੀ ਦੇ ਸਮਕਾਲੀ ਗੀਤਕਾਰ ਜਾਂ ਉਸ ਤੋਂ ਪਹਿਲਾਂ ਦੇ ਬਹੁਗਿਣਤੀ ਸ਼ਾਇਰ, ਗੀਤਕਾਰ ਸਿਰਫ ਗੀਤ ਹੀ ਨਹੀਂ, ਕਵਿਤਾ ਜਾਂ ਉਨ੍ਹਾਂ 'ਚੋਂ ਕਈ ਗਜ਼ਲ ਤੱਕ ਬਾਖੂਬੀ ਨਿਭਾ ਲੈਂਦੇ ਸਨ। ਇਸ ਲਈ ਉਨ੍ਹਾਂ ਨੇ ਸਿਰਫ ਗੀਤਕਾਰੀ ਵਿਚ ਹੀ ਨਹੀਂ ਸਗੋਂ ਸਮੁੱਚੀ ਸਾਹਿਤਕਾਰੀ ਵਿਚ ਆਪਣੀ ਥਾਂ ਬਣਾਈ। ਉਨ੍ਹਾਂ ਸਮਿਆਂ ਵਿਚ ਵੀ ਭਾਵੇਂ ਛੁਟ-ਪੁੱਟ, ਨਾਂਮਾਤਰ ਸਾਹਿਤ ਚੋਰੀ ਦਾ ਜ਼ਿਕਰ ਤਾਂ ਹੋ ਸਕਦਾ ਹੈ ਪਰ ਅੱਜ ਵਾਂਗ ਵੱਗਾਂ ਦੇ ਵੱਗ ਕਲਮ ਚੋਰ ਨਹੀਂ ਲੱਭਦੇ। ਬਦਲੇ ਜ਼ਮਾਨੇ ਵਿਚ ਕਲਮਕਾਰਾਂ ਨਾਲੋਂ ਕਲਮ-ਚੋਰ ਵਧ ਸਰਗਰਮ ਹਨ।

ਜਿੰਨਾ ਚਿਰ ਸਾਹਿਤਕ ਖੇਤਰ ਨੂੰ ਕਲਾ ਕਲਾ ਲਈ ਜਾਂ ਕਲਾ ਲੋਕਾਂ ਲਈ ਵਿਚ ਵੰਡ ਕੇ ਗੱਲ ਹੁੰਦੀ ਹੈ ਤਾਂ ਚੋਰੀ ਲਈ ਬਹੁਤ ਘੱਟ ਥਾਂ ਹੈ ਪਰ ਜਦੋਂ ਕਲਾ ਕਮਾਈ ਲਈ ਧੰਦੇ ਦਾ ਰੂਪ ਧਾਰ ਲੈਂਦੀ ਹੈ ਤਾਂ ਇਸਦੇ ਸਾਹਵੇਂ ਵੀ ਹਰ ਹੀਲਾ ਵਰਤ ਕੇ ਸਿਰਫ ਲਾਭ ਲੈਣਾ ਹੀ ਹੁੰਦਾ ਹੈ। ਸੋ ਗੀਤ ਚੋਰੀ ਦੀ ਅਸਲ ਜੜ੍ਹ ਇਥੇ ਹੀ ਹੈ। ਪੂਰੇ ਦੇ ਪੂਰੇ ਪੁਰਾਤਨ ਪ੍ਰਸਿੱਧ ਕਿੱਸਿਆਂ ਵਿਚ ਅਸਲ ਲੇਖਕਾਂ ਦੀ ਥਾਂ ਆਪਣਾ ਨਾਂ ਵਰਤ ਕੇ ਇਕ ਨਾਮਵਰ ਗੀਤਕਾਰ ਨੇ ਐਚ ਐਮ ਵੀ ਕੰਪਨੀ ਵਿਚ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਤੋਂ ਰਿਕਾਰਡ ਕਰਵਾ ਕੇ, ਕਲਾ ਤੋਂ ਕਮਾਈ ਕਰਨ ਦੀ ਸ਼ੁਰੂਆਤ ਕੀਤੀ। ਕਿਹਰ ਸਿੰਘ ਦੀ ਮੌਤ ਤੇ ਬੇਗੋ ਨਾਰ ਦੀਆਂ ਬੋਲੀਆਂ ਦੇ ਪ੍ਰਸਿੱਧ ਕਿੱਸਿਆਂ ਦੇ ਵੱਡੇ ਹਿੱਸੇ ਇਸ ਗੀਤਕਾਰ ਨੇ ਆਪਣੇ ਨਾਂ ਕਰ ਲਏ। ਗੀਤਕਾਰ ਸ਼ਮਸ਼ੇਰ ਸਿੰਘ ਸੰਧੂ ਦੇ ਕਹਿਣ ਅਨੁਸਾਰ ਉਸ ਨੂੰ ਪ੍ਰਸਿੱਧ ਗਾਇਕ ਦੀਦਾਰ ਸਿੰਘ ਰਟੈਂਡੇ ਵਾਲੇ ਨੇ ਉਹ ਅੱਸੀ ਕਲੀਆਂ ਵਿਖਾਈਆਂ ਸਨ ਜੋ ਉਹ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਤੋਂ ਦਸ-ਦਸ ਰੁਪਏ ਵਿਚ ਖਰੀਦ ਕੇ ਲਿਆਇਆ ਸੀ, ਜਿਨ੍ਹਾਂ ਦੀ ਦੇਵ ਥਰੀਕੇ ਦੇ ਨਾਂ 'ਤੇ ਐਚ ਐਮ ਵੀ ਕੰਪਨੀ ਵਿਚ ਕੁਲਦੀਪ ਮਾਣਕ ਦੀ ਆਵਾਜ਼ ਵਿਚ ਰਿਕਾਰਡਿੰਗ ਹੋਈ। ਇਨ੍ਹਾਂ ਵਿਚ ਪ੍ਰਸਿੱਧ ਕਲੀ 'ਚੱਕ ਕੇ ਝੰਮਣ ਹੀਰ ਡੋਲੀ ਬਹਿ ਗਈ ਖੇੜਿਆਂ ਦੀ, ਰਾਂਝੇ ਚਾਕ ਨੇ ਦੁਹੱਥੜ ਪੱਟੀਂ ਮਾਰੀ' ਵੀ ਸ਼ਾਮਿਲ ਹੈ। ਇਸ ਦੇ ਅਸਲ ਲੇਖਕ ਹਜ਼ੂਰਾ ਸਿੰਘ ਬੁਟਾਹਰੀ ਵਾਲੇ ਦੀ ਸ਼ਾਇਰੀ ਕਮਾਲ ਦੀ ਹੈ। ਸੰਧੂ ਵਲੋਂ ਦੇਵ ਵਲ ਉਠਾਈ ਗਈ ਉਂਗਲ ਦਾ ਅਜੇ ਤੱਕ ਕਿਤੇ ਪ੍ਰਤੀਕਰਮ ਨਹੀਂ ਪੜ੍ਹਿਆ। ਇਸੇ ਤਰ੍ਹਾਂ ਪਟਕਾ, ਦੁਲ੍ਹਾ ਭੱਟੀ, ਡਾਕੂ ਸ਼ਾਮ ਤੇ ਲਾਲ, ਸ਼ਾਹਣੀ ਕੌਲਾਂ, ਮਿਰਜ਼ਾ ਸਾਹਿਬਾਂ, ਜਿਉਣਾ ਮੌੜ, ਯੂਸਫ ਜੁਲੈਖਾਂ, ਸ਼ੀਰੀ ਫਰਿਹਾਦ ਆਦਿ ਪੁਰਾਤਨ ਲਿਖਤਾਂ ਵੀ ਪੂਰੀਆਂ ਜਾਂ ਭੰਨ ਤੋੜ ਕਰਕੇ ਅਸਲ ਲੇਖਕਾਂ ਦੀ ਥਾਂ ਹੋਰਾਂ ਦੇ ਨਾਂਵਾਂ 'ਤੇ ਰਿਕਾਰਡ ਹੋਈਆਂ ਮਿਲਦੀਆਂ ਹਨ। ਇਨ੍ਹਾਂ ਭੰਨ-ਤੋੜਵਾਦੀ ਗੀਤਕਾਰਾਂ ਜਾਂ ਗੀਤਕਾਰ ਦੀ ਪਾਈ ਹੋਈ ਗਲਤ ਪਿਰਤ ਅੱਜ ਗੀਤਕਾਰੀ ਦੇ ਸੁੱਚੇ, ਰੇਸ਼ਮੀ ਪਿੰਡੇ 'ਤੇ ਸਾਹਿਤਕ ਖੁਰਕ ਬਣ ਕੇ ਫੈਲ ਚੱਲੀ ਹੈ। ਇਸ ਲਾਗ ਨੇ ਕਈ ਵੱਡੇ-ਛੋਟੇ ਗੀਤਕਾਰ ਤੇ ਗਾਇਕ ਆਪਣੇ ਨਾਗਵਲ ਵਿਚ ਲਪੇਟ ਲਏ ਹਨ। ਭਾਵੇਂ ਕੋਈ ਸਿਰ ਨਾਲ ਘੁੰਗਰੂ ਜਾਂ ਸਰਪੇਚ ਬੰਨ੍ਹ ਕੇ ਚੋਰੀ ਕਰ ਲਵੇ ਤੇ ਭਾਵੇਂ ਪੋਚਵੀਂ ਪੱਗ ਬੰਨ੍ਹ ਕੇ, ਭਾਵੇਂ ਕੋਈ ਝੁਚੰਡੇ ਖਲਾਰ ਕੇ ਚੋਰੀ ਕਰੇ ਤੇ ਭਾਵੇਂ ਥਾਨ ਜਿੰਨਾ ਕੱਪੜਾ ਪਾ ਕੇ ਤੇ ਭਾਵੇਂ ਇਹ ਕਰਤੂਤ ਮੂੰਹ ਨਾਲ ਗਾ ਕੇ ਹੋਵੇ ਜਾਂ ਨੱਕ ਰਾਹੀਂ, ਚੋਰੀ ਤਾਂ ਚੋਰੀ ਹੈ। ਇਸ ਵਿਰੁਧ ਜਿੰਨੀ ਵੀ ਆਵਾਜ਼ ਉਠਾਈ ਜਾਵੇ, ਥੋੜ੍ਹੀ ਹੈ।

*ਫੋਨ:805-727-0516*



# ਪੈਸਿਆਂ ਲਈ ਫਿਲਮਾਂ ਨਹੀਂ ਕਰਦੀ ਈਸ਼ਾ

ਫਿਲਮ ਸਟਾਰ ਦੇ ਬੇਟੇ ਜਾਂ ਬੇਟੀ ਦਾ ਸਿਰਫ ਇੰਨਾ ਹੀ ਫਾਇਦਾ ਹੁੰਦਾ ਹੈ ਕਿ ਫਿਲਮਾਂ ਵਿਚ ਦਾਖਲਾ ਝਟਪਟ ਮਿਲ ਜਾਂਦਾ ਹੈ। ਪਿਛੋਂ ਸਫਲ ਹੋਣ ਲਈ ਸੰਘਰਸ਼ ਕਰਨਾ ਹੀ ਪੈਂਦਾ ਹੈ। ਧਰਮਿੰਦਰ ਅਤੇ ਹੇਮਾ ਮਾਲਿਨੀ ਵਰਗੇ ਕਲਾਕਾਰਾਂ ਦੀ ਬੇਟੀ ਈਸ਼ਾ ਦਿਓਲ ਵੀ ਸਫਲਤਾ ਪ੍ਰਾਪਤ ਕਰਨ ਲਈ ਸੰਘਰਸ਼ ਕਰ ਰਹੀ ਹੈ। ਆਰੰਭ ਵਿਚ ਈਸ਼ਾ ਅਭਿਨੈ ਵਿਚ ਕਮਜ਼ੋਰ ਸੀ। ਉਸ ਦੀ ਲੁੱਕ ਵੀ ਚੰਗੀ ਨਹੀਂ ਸੀ ਅਤੇ ਉਹ ਕਾਫੀ ਮੋਟੀ ਸੀ। ਈਸ਼ਾ ਨੇ ਆਪਣੀ ਲੁਕ ਗਲੈਮਰਸ ਬਣਾਈ ਅਤੇ ਹੌਲੀ-ਹੌਲੀ ਅਭਿਨੈ ਵਿਚ ਵੀ ਸੁਧਾਰ ਲਿਆਂਦਾ। 'ਧੂਮ' ਵਿਚ ਉਸ ਨੂੰ ਗਲੈਮਰਸ ਰੋਲ ਨਿਭਾਉਣ ਲਈ ਮਿਲਿਆ। ਹਮੇਸ਼ਾ ਘੱਟ ਕੱਪੜੇ ਪਹਿਨਣ ਤੋਂ ਪ੍ਰਹੇਜ਼ ਕਰਨ ਵਾਲੀ ਈਸ਼ਾ ਨੇ 'ਧੂਮ' ਵਿਚ ਆਪਣੇ ਇਸ ਨਿਯਮ ਨੂੰ ਵੀ ਤੋੜਿਆ।

ਇਸ ਨੂੰ ਈਸ਼ਾ ਦੀ ਬਦਕਿਸਮਤੀ ਹੀ ਆਖਾਂਗੇ ਕਿ ਪ੍ਰਤਿਭਾਸ਼ਾਲੀ ਹੋਣ ਦੇ ਬਾਵਜੂਦ ਉਸ ਨੂੰ ਉਹੋ ਜਿਹੇ ਕਿਰਦਾਰ ਅਤੇ ਫਿਲਮਾਂ ਨਹੀਂ ਮਿਲ ਰਹੀਆਂ, ਜਿਸ ਦੀ ਉਹ ਹੱਕਦਾਰ ਹੈ। 'ਧੂਮ', 'ਯੁਵਾ', 'ਕਾਲ', 'ਦਸ', 'ਨੋ ਐਂਟਰੀ', 'ਕੈਸ਼', 'ਦਸ ਕਹਾਨੀਆਂ' ਵਰਗੀਆਂ ਫਿਲਮਾਂ ਕਰਨ ਦੇ ਬਾਵਜੂਦ ਈਸ਼ਾ ਅੱਜ ਵੀ ਉਥੇ ਦੀ ਉਥੇ ਹੀ ਹੈ। ਪੇਸ਼ ਹਨ ਈਸ਼ਾ ਨਾਲ ਹੋਈ ਗੱਲਬਾਤ ਦੇ ਪ੍ਰਮੁੱਖ ਅੰਸ਼:

**'ਧੂਮ' ਦੀ ਕਾਮਯਾਬੀ ਦਾ ਫਾਇਦਾ ਅਭਿਸ਼ੇਕ ਅਤੇ ਜਾਨ ਅਬ੍ਰਾਹੀਮ ਨੇ ਤਾਂ ਉਠਾਇਆ ਪਰ ਤੁਹਾਡੇ ਹੱਥ ਕੁਝ ਨਹੀਂ ਆਇਆ?**

-ਹਾਂ, ਇਸ ਦਾ ਮੈਨੂੰ ਵੀ ਰੰਜ ਹੈ। ਦਰਅਸਲ, ਮੈਂ ਜਿਸ ਦਿਓਲ ਪਰਿਵਾਰ ਨਾਲ ਸਬੰਧ ਰੱਖਦੀ ਹਾਂ, ਉਸ ਪਰਿਵਾਰ ਨੂੰ ਮਾਰਕੀਟਿੰਗ ਦੀ ਕਲਾ ਨਹੀਂ ਆਉਂਦੀ। ਅਸੀਂ ਮੀਡੀਆ ਤੋਂ ਵੀ ਘਬਰਾਉਂਦੇ ਹਾਂ ਅਤੇ ਦੂਰ ਹੀ ਰਹਿੰਦੇ ਹਾਂ। ਇਸ ਦਾ ਖਮਿਆਜ਼ਾ ਕਿਤੇ ਨਾ ਕਿਤੇ ਸਾਨੂੰ ਭੁਗਤਣਾ ਹੀ ਪੈਂਦਾ ਹੈ। ਮੈਂ ਮੰਨਦੀ ਹਾਂ ਕਿ ਅੱਜ ਮੇਰੀ ਜਗ੍ਹਾ ਕੋਈ ਹੋਰ ਹੀਰੋਇਨ ਹੁੰਦੀ ਤਾਂ 'ਧੂਮ' ਦੀ ਸੁਪਰਹਿਟ ਕਾਮਯਾਬੀ ਦਾ ਜ਼ਬਰਦਸਤ ਫਾਇਦਾ ਉਠਾ ਸਕਦੀ। ਇਹੀ ਹਾਲ ਵਿਕਰਮ ਭੱਟ ਦੀ 'ਅਨਕਹੀ' ਦਾ ਵੀ ਹੋਇਆ। ਹਾਲਾਂਕਿ ਇਹ ਫਿਲਮ ਹਿੱਟ ਨਹੀਂ ਸੀ ਪਰ ਇਸ ਵਿਚ ਮੈਂ ਆਪਣੇ ਕਿਰਦਾਰ 'ਤੇ ਕਾਫੀ ਮਿਹਨਤ ਕੀਤੀ ਸੀ। ਮੇਰੇ ਅਭਿਨੈ ਨੂੰ ਵੀ ਬੇਹੱਦ ਸਰਾਹਿਆ ਗਿਆ ਸੀ ਪਰ ਫਿਲਮ ਦੇ ਫਲਾਪ ਹੋ ਜਾਣ ਨਾਲ ਸਾਰੀ ਮਿਹਨਤ 'ਤੇ ਪਾਣੀ ਫਿਰ ਗਿਆ।

**ਆਪਣੀ ਹੋਮ ਪ੍ਰੋਡਕਸ਼ਨ ਦੀ ਫਿਲਮ 'ਟੈਲ ਮੀ ਓ ਖੁਦਾ' ਬਾਰੇ ਕੁਝ ਦੱਸੋ?**

-ਇਸ ਫਿਲਮ ਦਾ ਨਿਰਦੇਸ਼ਨ 'ਓਮ ਸ਼ਾਂਤੀ ਓਮ' ਦੇ ਡਾਇਲਾਗ ਲੇਖਕ ਅਤੇ 'ਧੂਮ' ਦੇ ਸਹਾਇਕ ਨਿਰਦੇਸ਼ਕ ਮਿਊਰ ਪੁਰੀ ਕਰ ਰਹੇ ਹਨ। ਇਸ ਦਾ ਨਿਰਮਾਣ ਮੇਰੀ ਮੰਮੀ ਹੇਮਾ ਮਾਲਿਨੀ ਕਰ ਰਹੀ ਹੈ। ਇਹ ਇਕ ਹੀਰੋਇਨ ਓਰੀਐਂਟਿਡ ਫਿਲਮ ਹੈ। ਇਸ ਵਿਚ ਅਰਜੁਨ ਬਾਜਵਾ ਅਤੇ ਚੰਦਨ ਮੇਰੇ ਅਪੋਜ਼ਿਟ ਹਨ। ਫਿਲਮ ਇਕ ਅਜਿਹੀ ਲੜਕੀ ਬਾਰੇ ਹੈ ਜੋ ਆਪਣੇ ਪਿਤਾ ਦੀ ਭਾਲ ਵਿਚ ਹੈ। ਇਸ ਵਿਚ ਮੇਰੇ ਪਾਪਾ ਵੀ ਕੰਮ ਕਰ ਰਹੇ ਹਨ।

**ਤੁਸੀਂ ਇਹ ਪਤਲੀ ਲੁਕ 'ਟੈਲ ਮੀ ਓ ਖੁਦਾ' ਲਈ ਹੀ ਬਣਾਈ ਹੈ?**

-ਬਿਲਕੁਲ। ਕਿਉਂਕਿ ਇਸ ਫਿਲਮ ਵਿਚ ਜਿਹੜਾ ਮੇਰਾ ਕਿਰਦਾਰ ਹੈ, ਉਸ ਲਈ ਪਤਲਾ ਹੋਣਾ ਜ਼ਰੂਰੀ ਸੀ। ਅਜਿਹੀ ਲੁਕ ਪ੍ਰਾਪਤ ਕਰਨ ਲਈ ਮੈਂ ਸੇਲੀਬ੍ਰਿਟੀ ਟ੍ਰੇਨਰ ਸਤਿਆਜੀਤ ਚੌਰਸੀਆ ਦੀ ਗਾਈਡੈਂਸ ਵਿਚ ਵਰਕ ਆਊਟ ਕਰ ਰਹੀ ਹਾਂ। ਤੁਹਾਨੂੰ ਦੱਸ ਦਿਆਂ ਕਿ ਸੱਤਿਆਜੀਤ ਦੀ ਨਿਗਰਾਨੀ ਹੇਠ ਆਮਿਰ ਖਾਨ ਅਤੇ ਰਾਣੀ ਮੁਖਰਜੀ ਵਰਗੇ ਸਿਤਾਰੇ ਵੀ ਆਪਣਾ ਕਾਇਆ ਕਲਪ ਕਰ ਚੁੱਕੇ ਹਨ।

**ਇਕ ਅਰਸੇ ਤੋਂ ਤੁਹਾਡੀ ਫਿਲਮ ਨਹੀਂ ਆਈ, ਕਿਉਂ?**

-ਮੈਂ ਪੈਸਿਆਂ ਲਈ ਫਿਲਮਾਂ ਵਿਚ ਕੰਮ ਨਹੀਂ ਕਰਦੀ, ਇਸ ਲਈ ਮੇਰੀਆਂ ਫਿਲਮਾਂ ਘੱਟ ਆ ਰਹੀਆਂ ਹਨ। ਉਂਜ ਕਹਿਣ ਵਾਲੇ ਤਾਂ ਇਹ ਵੀ ਕਹਿੰਦੇ ਹਨ ਕਿ ਮੈਨੂੰ ਫਿਲਮਾਂ ਮਿਲਦੀਆਂ ਹੀ ਨਹੀਂ ਪਰ ਅਜਿਹੀਆਂ ਗੱਲਾਂ ਵਿਚ ਕੋਈ ਦਮ ਨਹੀਂ ਹੈ। ਮੈਂ ਉਹੀ ਫਿਲਮਾਂ ਕਰਦੀ ਹਾਂ, ਜੋ ਮੈਨੂੰ ਜਚਦੀਆਂ ਹਨ।


**ਕਿਹਾ ਜਾਂਦਾ ਹੈ ਕਿ ਤੁਹਾਨੂੰ ਲਿਵ ਇਨ ਰਿਲੇਸ਼ਨਸ਼ਿਪ ਵਿਚ ਕੋਈ ਬੁਰਾਈ ਨਜ਼ਰ ਨਹੀਂ ਆਉਂਦੀ?**

-ਹਾਂ, ਮੈਨੂੰ ਹੀ ਨਹੀਂ, ਲਿਵ ਇਨ ਰਿਲੇਸ਼ਨਸ਼ਿਪ ਤੋਂ ਮੇਰੀ ਮਾਂ ਨੂੰ ਵੀ ਕੋਈ ਇਤਰਾਜ਼ ਨਹੀਂ ਹੈ। ਮੇਰੀ ਮਾਂ ਆਧੁਨਿਕ ਸੋਚ ਵਾਲੀ ਹੈ। ਅਜਿਹੇ ਮੌਕੇ ਜੇ ਮੈਂ ਵਿਆਹ ਕੀਤੇ ਬਗੈਰ ਹੀ ਕਿਸੇ ਵਿਅਕਤੀ ਨਾਲ ਰਹਿੰਦੀ ਹਾਂ ਤਾਂ ਉਨ੍ਹਾਂ ਨੂੰ ਬੁਰਾ ਨਹੀਂ ਲੱਗੇਗਾ। ਮੇਰਾ ਵਿਚਾਰ ਹੈ ਕਿ ਕਿਸੇ ਵਿਅਕਤੀ ਨਾਲ ਘੱਟੋ-ਘੱਟ ਦੋ ਸਾਲ ਰਹਿਣ ਪਿਛੋਂ ਹੀ ਉਸ ਨਾਲ ਵਿਆਹ ਦੀ ਗੱਲ ਸੋਚਣੀ ਚਾਹੀਦੀ ਹੈ, ਕਿਉਂਕਿ ਕਿਸੇ ਵਿਅਕਤੀ ਨਾਲ ਵਿਆਹ ਕਰਵਾਉਣ ਪਿਛੋਂ ਤਲਾਕ ਲੈਣ ਨਾਲੋਂ ਚੰਗਾ ਹੈ ਕਿ ਪਹਿਲਾਂ ਹੀ ਉਸ ਵਿਅਕਤੀ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਵੇ।

**ਭਾਵ ਤੁਸੀਂ ਲਵ ਮੈਰਿਜ ਵਿਚ ਯਕੀਨ ਰੱਖਦੇ ਹੋ?**

-ਬੇਸ਼ੱਕ, ਮੈਂ ਲਵ ਮੈਰਿਜ ਵਿਚ ਯਕੀਨ ਰੱਖਦੀ ਹਾਂ ਅਤੇ ਇਕ ਅਜਿਹੇ ਵਿਅਕਤੀ ਦੀ ਭਾਲ ਵਿਚ ਹਾਂ, ਜਿਸ ਵਿਚ ਮੇਰੇ ਪਿਤਾ ਦੇ ਸਾਰੇ ਗੁਣ ਮੌਜੂਦ ਹੋਣ। ਉਂਜ ਮੈਨੂੰ ਲਗਦਾ ਹੈ ਕਿ ਸਾਰੀਆਂ ਲੜਕੀਆਂ ਇਹੀ ਚਾਹੁੰਦੀਆਂ ਹੋਣਗੀਆਂ ਕਿ ਉਸ ਦੇ ਜੀਵਨ ਸਾਥੀ ਵਿਚ ਉਸ ਦੇ ਪਿਤਾ ਦੇ ਸਾਰੇ ਗੁਣ ਮੌਜੂਦ ਹੋਣ। ਯਕੀਨੀ ਤੌਰ 'ਤੇ ਮੇਰੀ ਵੀ ਇਹੀ ਇੱਛਾ ਹੈ ਕਿਉਂਕਿ ਮੇਰੇ ਪਿਤਾ ਇਕ ਅਜਿਹੇ ਵਿਅਕਤੀ ਹਨ ਜੋ ਹੁਣ ਤਕ ਮੇਰੇ ਸਭ ਤੋਂ ਨੇੜੇ ਰਹੇ ਹਨ। ਮੈਂ ਉਨ੍ਹਾਂ ਦੀਆਂ ਚੰਗਿਆਈਆਂ ਤੋਂ ਪੂਰੀ ਤਰ੍ਹਾਂ ਵਾਕਿਫ ਹਾਂ, ਇਸ ਲਈ ਚਾਹੁੰਦੀ ਹਾਂ ਕਿ ਮੇਰਾ ਹਮਸਫਰ ਉਨ੍ਹਾਂ ਵਰਗਾ ਹੋਵੇ।

# ਅਮਰਿੰਦਰ ਗਿੱਲ ਗਾਇਕੀ ਤੋਂ ਫਿਲਮਾਂ ਵਲ



ਪੰਜਾਬੀ ਗਾਇਕੀ ਦੇ ਖੇਤਰ 'ਚ ਸੁਪਰਹਿੱਟ ਕੈਸੇਟਾਂ ਦਾ ਛੱਕਾ ਮਾਰਨ ਵਾਲੇ ਗਾਇਕ ਅਮਰਿੰਦਰ ਗਿੱਲ ਨੇ ਫਿਲਮ 'ਮੁੰਡੇ ਯੂ. ਕੇ. ਦੇ' ਰਾਹੀਂ ਵੱਡੇ ਪਰਦੇ 'ਤੇ ਸਹਿ ਨਾਇਕ ਵਜੋਂ ਆਪਣਾ ਪਹਿਲਾ ਕਦਮ ਰੱਖਿਆ ਸੀ। ਇਸ ਫਿਲਮ ਨੂੰ ਮਿਲੀ ਸਫਲਤਾ ਨੇ ਗਿੱਲ ਅਤੇ ਨਿਰਦੇਸ਼ਕ ਮਨਮੋਹਨ ਸਿੰਘ ਦਾ ਹੌਸਲਾ ਵਧਾਇਆ ਅਤੇ ਮਨਮੋਹਨ ਸਿੰਘ ਨੇ ਜਲਦੀ ਹੀ ਸਿਨੇਮਾਘਰਾਂ ਦਾ ਸ਼ਿੰਗਾਰ ਬਣਨ ਵਾਲੀ ਨਵੀਂ ਫਿਲਮ 'ਇਕ ਕੁੜੀ ਪੰਜਾਬ ਦੀ' ਵਿਚ ਗਿੱਲ ਨੂੰ ਬਤੌਰ ਨਾਇਕ ਪੇਸ਼ ਕਰਨ ਦਾ ਫੈਸਲਾ ਕਰ ਲਿਆ। ਦੁਨੀਆਂ ਭਰ ਵਿਚ ਬੈਠੇ ਪੰਜਾਬੀ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਚ 'ਆਪਣੀ ਜਾਣ ਕੇ', 'ਚੰਨ ਦਾ ਟੁਕੜਾ', 'ਪੈਗਾਮ', 'ਦਿਲਦਾਰੀਆਂ', 'ਇਸ਼ਕ' ਤੇ 'ਦੂਰੀਆਂ' ਟੇਪਾਂ ਰਾਹੀਂ ਅਹਿਮ ਥਾਂ ਬਣਾ ਚੁੱਕੇ ਅਮਰਿੰਦਰ ਨੇ ਬਤੌਰ ਨਾਇਕ ਪੰਜਾਬੀ ਫਿਲਮਸਾਜ਼ੀ 'ਚ ਵੀ ਵੱਡੀ ਪੁਲਾਂਘ ਪੁੱਟੀ ਹੈ।


ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਬੂੜ ਚੰਦ ਦੇ ਜੰਮਪਲ ਅਮਰਿੰਦਰ ਗਿੱਲ ਦੇ ਮਿਆਰੀ ਗੀਤਾਂ ਦੀਆਂ ਵੀਡੀਓਜ਼ ਤੇ ਉਸ ਦੇ ਸਰੋਤਿਆਂ ਦੇ ਵਿਸ਼ਾਲ ਘੇਰੇ ਨੂੰ ਦੇਖ ਕੇ ਮਨਮੋਹਨ ਸਿੰਘ ਨੇ ਉਸ ਨੂੰ 'ਮੁੰਡੇ ਯੂ. ਕੇ. ਦੇ' ਫਿਲਮ ਰਾਹੀਂ ਅਦਾਕਾਰੀ ਦੀ ਕਸੌਟੀ 'ਤੇ ਪਰਖਿਆ। ਫਿਲਮੀ ਖੇਤਰ 'ਚ ਪ੍ਰਵੇਸ਼ ਕਰਨ ਬਾਰੇ ਗਿੱਲ ਦਾ ਕਹਿਣਾ ਹੈ ਕਿ ਉਸ ਦੀ ਲੰਬੇ ਅਰਸੇ ਤੋਂ ਤਮੰਨਾ ਸੀ ਕਿ ਉਹ ਇਕ ਵਧੀਆ ਪਰਿਵਾਰਕ ਫਿਲਮ ਕਰੇ, ਜਿਸ ਤਹਿਤ 'ਯਾਰਾਂ ਨਾਲ ਬਹਾਰਾਂ' ਫਿਲਮ 'ਚ ਉਸ ਨੇ ਗੀਤ ਗਾਏ ਅਤੇ ਮਨਮੋਹਨ ਸਿੰਘ ਨਾਲ ਨੇੜਤਾ ਹੋ ਗਈ। ਇਸ ਫਿਲਮ ਦਾ ਸੰਗੀਤ ਵੀ ਹਿੱਟ ਗਿਆ ਅਤੇ ਉਹ ਮਨਮੋਹਨ ਸਿੰਘ ਦੇ ਕੰਮ ਕਰਨ ਦੇ ਢੰਗ ਤੋਂ ਬੇਹੱਦ ਪ੍ਰਭਾਵਤ ਹੋਇਆ। ਫਿਲਮ 'ਮੁੰਡੇ ਯੂ. ਕੇ. ਦੇ' ਦੀ ਬਦੌਲਤ ਹੀ ਉਸ ਨੂੰ 'ਇਕ ਕੁੜੀ ਪੰਜਾਬ ਦੀ' ਫਿਲਮ 'ਚ ਕੰਮ ਕਰਨ ਦਾ ਮੌਕਾ ਮਿਲਿਆ। ਫਿਲਮਾਂ 'ਚ ਆਉਣ ਤੋਂ ਪਹਿਲਾਂ ਅਦਾਕਾਰੀ ਤੇ ਨਾਚ ਦੀ ਤਿਆਰੀ ਸੰਬੰਧੀ ਅਮਰਿੰਦਰ ਨੇ ਦੱਸਿਆ ਕਿ ਉਸ ਨੇ ਮੁੰਬਈ ਵਿਖੇ ਕਿਸ਼ੋਰ ਨਮਿਤ ਕਪੂਰ ਦੇ ਸਕੂਲ ਵਿਚ ਨਾਚ ਤੇ ਅਦਾਕਾਰੀ ਦੀ ਸਿਖਲਾਈ ਲਈ। ਸੰਗੀਤਕ ਵੀਡੀਓਜ਼ ਕਰਨ ਅਤੇ ਕਾਲਜ ਟਾਈਮ 'ਚ ਭੰਗੜਾ ਪਾਉਣ ਕਰਕੇ ਕਾਫੀ ਹੱਦ ਤਕ ਅਦਾਕਾਰੀ ਤੇ ਨੱਚਣ ਦਾ ਵਲ ਉਸ ਨੂੰ ਪਹਿਲਾਂ ਹੀ ਆ ਚੁੱਕਿਆ ਸੀ।

'ਇਕ ਕੁੜੀ ਪੰਜਾਬ ਦੀ' ਬਾਰੇ ਅਮਰਿੰਦਰ ਗਿੱਲ ਦਾ ਕਹਿਣਾ ਹੈ ਕਿ ਇਹ ਫਿਲਮ ਅਜੋਕੀ ਨੌਜਵਾਨ ਪੀੜ੍ਹੀ ਦੀ ਕਾਲਜ ਲਾਈਫ 'ਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਸੱਧਰਾਂ ਦੁਆਲੇ ਘੁੰਮਦੀ ਹੈ। ਖਾਸ ਤੌਰ 'ਤੇ ਲੜਕੀਆਂ ਨੂੰ ਮੁੰਡਿਆਂ ਦੇ ਬਰਾਬਰ ਦਾ ਰੁਤਬਾ ਦੇਣ ਲਈ ਅਗਾਂਹਵਧੂ ਸੋਚ 'ਤੇ ਪਹਿਰਾ ਦੇਣ ਦਾ ਇਹ ਫਿਲਮ ਸੰਦੇਸ਼ ਦਿੰਦੀ ਹੈ। ਅਮਰਿੰਦਰ ਗਿੱਲ ਨੇ ਦੱਸਿਆ ਕਿ ਇਸ ਫਿਲਮ ਵਿਚ ਸਾਰੇ ਮਨੋਰੰਜਕ ਤੱਤ ਮੌਜੂਦ ਹਨ ਅਤੇ ਮਨ ਜੀ (ਮਨਮੋਹਨ ਸਿੰਘ) ਨੇ ਹਰੇਕ ਪੱਖੋਂ ਮਿਆਰੀ ਫਿਲਮ ਬਣਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਹੈ।

# ਹਰੇਕ ਨੂੰ ਪਸੰਦ ਆਵੇਗੀ 'ਮੇਲ ਕਰਾਦੇ ਰੱਬਾ' : ਜ਼ਿੰਮੀ ਸ਼ੇਰਗਿੱਲ

"ਪੰਜਾਬੀ ਫਿਲਮਾਂ ਦਾ ਬਜਟ ਹੁਣ ਅੱਗੇ ਨਾਲੋਂ ਕਾਫੀ ਵਧ ਚੁੱਕਾ ਹੈ ਤੇ ਲਗਾਤਾਰ ਵੱਡੇ ਬਜਟ ਦੀਆਂ ਪੰਜਾਬੀ ਫਿਲਮਾਂ ਆ ਰਹੀਆਂ ਹਨ ਤੇ ਮੈਂ ਵੀ ਪੰਜਾਬੀ ਫਿਲਮ ਇੰਡਸਟਰੀ ਨੂੰ ਉਚੇ ਮੁਕਾਮ 'ਤੇ ਵੇਖਣਾ ਚਾਹੁੰਦਾ ਹਾਂ" ਇਹ ਵਿਚਾਰ ਪ੍ਰਸਿੱਧ ਬਾਲੀਵੁਡ ਅਭਿਨੇਤਾ ਅਤੇ ਪੰਜਾਬੀ ਫਿਲਮਾਂ ਦਾ ਸ਼ਾਹਰੁਖ ਖਾਨ ਕਹੇ ਜਾਣ ਵਾਲੇ ਅਦਾਕਾਰ ਜ਼ਿੰਮੀ ਸ਼ੇਰਗਿੱਲ ਨੇ ਕਹੇ। ਜ਼ਿੰਮੀ ਸ਼ੇਰਗਿੱਲ ਜੋ ਕਿ ਪਿਛੇ ਜਿਹੀ ਆਈ ਇਕ ਸਫਲ ਪੰਜਾਬੀ ਫਿਲਮ 'ਤੇਰਾ ਮੇਰਾ ਕੀ ਰਿਸ਼ਤਾ' 'ਚ ਜ਼ਬਰਦਸਤ ਅਦਾਕਾਰੀ ਵਿਖਾ ਕੇ ਪੰਜਾਬੀਆਂ ਦਾ ਦਿਲ ਜਿੱਤ ਚੁੱਕੇ ਹਨ, ਨੇ ਹੁਣ ਆਪਣੀ ਅਗਲੀ ਪੰਜਾਬੀ ਫਿਲਮ 'ਮੇਲ ਕਰਾਦੇ ਰੱਬਾ' ਬਾਰੇ ਗੱਲਬਾਤ ਕਰਦੇ ਹੋਏ ਕਿਹਾ ਕਿ ਇਹ ਫਿਲਮ ਹਰ ਪੱਖੋਂ ਵਿਲੱਖਣ ਤਰੀਕੇ ਨਾਲ ਬਣਾਈ ਗਈ ਹੈ ਤੇ ਇਹ ਹਰ ਵਰਗ ਦੇ ਲੋਕਾਂ ਨੂੰ ਪਸੰਦ ਆਵੇਗੀ। ਉਨ੍ਹਾਂ ਕਿਹਾ ਕਿ ਇਸ ਫਿਲਮ 'ਚ ਮੇਰਾ ਕਿਰਦਾਰ ਕਾਫੀ ਚੰਗਾ ਹੈ ਤੇ ਇਹ ਇਕ ਪੰਜਾਬੀ ਮੁੰਡੇ ਦਾ ਕਿਰਦਾਰ ਹੈ ਜੋ ਕਿ ਬਾਹਰੋਂ ਗਰਮ ਹੈ ਤੇ ਦਿਲ ਦਾ ਕਾਫੀ ਨਰਮ ਹੈ। ਇਸ ਦੇ ਨਿਰਦੇਸ਼ਕ ਨਵਨੀਤ ਸਿੰਘ ਹਨ ਤੇ ਨਿਰਮਾਤਾ ਰਾਜਨ ਬਤਰਾ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀਆਂ ਆਉਣ ਵਾਲੀਆਂ ਹਿੰਦੀ ਫਿਲਮਾਂ ਵਿਚ ਜੌਨੀ ਮਸਤਾਨਾ, ਗੇਮ, ਫਲੈਟ ਅਤੇ ਤਨੂ ਵੈਡਸ ਮਨੂ ਹੈ ਜੋ ਛੇਤੀ ਹੀ ਰਿਲੀਜ਼ ਹੋਣਗੀਆਂ। ਜੌਨੀ ਮਸਤਾਨਾ ਯੂ.ਟੀ.ਵੀ. ਮੂਵੀਜ਼ ਦੀ ਫਿਲਮ ਹੈ ਤੇ ਇਸ 'ਚ ਅਮਿਤਾਭ ਬੱਚਨ ਵੀ ਹਨ।

ਇਸ ਫਿਲਮ ਦੇ ਨਿਰਦੇਸ਼ਕ ਸੁਰਜੀਤ ਸਰਕਾਰ ਹਨ। 'ਗੇਮ' 'ਚ ਅਭਿਸ਼ੇਕ ਬੱਚਨ ਨਾਲ ਕੰਮ ਕਰ ਰਿਹਾ ਹਾਂ ਤੇ ਇਹ ਇਕ ਸੁਪਰ ਨੈਚਰਲ ਥ੍ਰਿਲਰ ਫਿਲਮ ਹੈ। ਇਸ ਤੋਂ ਇਲਾਵਾ 'ਤਨੂ ਵੈਡਸ ਮਨੂ' 'ਚ ਕੰਗਨਾ ਰਾਣਾਵਤ ਅਤੇ ਆਰ. ਮਾਧਵਨ ਦੇ ਖਾਸ ਕਿਰਦਾਰ ਹਨ ਤੇ ਆਸ ਹੈ ਕਿ ਇਹ ਫਿਲਮਾਂ ਵੀ ਦਰਸ਼ਕਾਂ ਨੂੰ ਜ਼ਰੂਰ ਪਸੰਦ ਆਉਣਗੀਆਂ। ਪੰਜਾਬੀ ਫਿਲਮਾਂ ਬਾਰੇ ਹੋਰ ਦਸਦੇ ਹੋਏ ਜ਼ਿੰਮੀ ਸ਼ੇਰਗਿੱਲ ਨੇ ਕਿਹਾ ਕਿ ਉਹ ਹੁਣ ਪੂਰੀ ਤਰ੍ਹਾਂ ਪੰਜਾਬੀ ਸਿਨੇਮਾ ਨਾਲ ਜੁੜੇ ਹੋਏ ਹਨ ਤੇ ਸਾਲ 'ਚ ਇਕ ਪੰਜਾਬੀ ਫਿਲਮ ਜ਼ਰੂਰ ਕਰਨਗੇ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਦੀਆਂ ਪੰਜਾਬੀ ਫਿਲਮਾਂ ਹੁਣ ਆ ਰਹੀਆਂ ਹਨ ਤੇ ਨਾਲ ਹੀ ਇਹ ਚੰਗਾ ਵਪਾਰ ਵੀ ਕਰ ਰਹੀਆਂ ਹਨ, ਇਸ ਨੂੰ ਵੇਖਦੇ ਹੋਏ ਲਗਦਾ ਹੈ ਕਿ ਛੇਤੀ ਹੀ ਪੰਜਾਬੀ ਫਿਲਮਾਂ ਦਾ ਇਕ ਵੱਖਰਾ ਮੁਕਾਮ ਹੋਵੇਗਾ ਤੇ ਪੰਜਾਬੀ ਫਿਲਮ ਇੰਡਸਟਰੀ ਦੀ ਇਕ ਵੱਖਰੀ ਪਛਾਣ ਬਣੇਗੀ। ਉਨ੍ਹਾਂ ਕਿਹਾ ਕਿ ਮੈਂ ਪੂਰੀ ਮਿਹਨਤ ਕਰ ਰਿਹਾ ਹਾਂ ਕਿ ਪੰਜਾਬੀ ਫਿਲਮਾਂ ਨੂੰ ਇਕ ਉਚੇ ਮੁਕਾਮ 'ਤੇ ਲੈ ਕੇ ਜਾਵਾਂ ਤਾਂ ਕਿ ਹਰ ਨਿਰਦੇਸ਼ਕ ਇਕ ਵਾਰ ਪੰਜਾਬੀ ਫਿਲਮ ਜ਼ਰੂਰ ਬਣਾਵੇ ਤੇ ਮੇਰਾ ਇਹ ਵੀ ਸੁਫਨਾ ਹੈ ਕਿ ਪੰਜਾਬੀ ਸਿਨੇਮਾ ਦੇਸ਼ ਵਿਦੇਸ਼ 'ਚ ਨਾਂ ਹਾਸਲ ਕਰੇ ਤੇ ਬਾਲੀਵੁੱਡ ਵਾਂਗ ਇਨ੍ਹਾਂ ਫਿਲਮਾਂ ਨੂੰ ਵੀ ਵੱਡੇ ਸਿਨੇਮਾ ਅਤੇ ਵੱਡੀ ਗਿਣਤੀ ਵਿਚ ਦਰਸ਼ਕ ਮਿਲ ਸਕਣ। ਇਹ ਫਿਲਮਾਂ ਹੋਰ ਵਧ ਵਪਾਰ ਕਰ ਸਕਣ।






# ਮਾਇਆ ਨਗਰੀ ਵਿਚ ਵਸੇਗੀ ਬਾਰਬਰਾ

ਬਾਰਬਰਾ ਮੋਰੀ ਨੇ ਰਾਕੇਸ਼ ਰੋਸ਼ਨ ਦੀ ਅਨੁਰਾਗ ਬਸੂ ਦੁਆਰਾ ਨਿਰਦੇਸ਼ਿਤ ਫਿਲਮ 'ਕਾਈਟਸ' ਦੇ ਨਾਲ ਬਾਲੀਵੁੱਡ ਵਿਚ ਪੈਰ ਧਰਿਆ ਹੈ। ਬਾਲੀਵੁੱਡ ਲਈ ਉਹ ਭਾਵੇਂ ਇਕ ਨਿਊਕਮਰ ਹੋਵੇ ਪਰ ਹੋਰ ਹਾਲੀਵੁੱਡ ਫਿਲਮਾਂ ਵਿਚ ਕੰਮ ਕਰਕੇ ਉਹ ਜ਼ਬਰਦਸਤ ਧੂਮ ਮਚਾ ਚੁੱਕੀ ਹੈ। ਬਾਰਬਰਾ ਦੀ ਸੈਕਸ ਅਪੀਲ ਨੇ ਕਈ ਹਿੰਦੀ ਫਿਲਮਕਾਰਾਂ ਦਾ ਧਿਆਨ ਆਪਣੇ ਵਲ ਖਿੱਚਿਆ ਹੈ। ਬਾਰਬਰਾ ਨੂੰ ਵੀ ਹਾਲੀਵੁੱਡ ਤੋਂ ਜ਼ਿਆਦਾ ਮੁੰਬਈ ਦਾ ਮਾਹੌਲ ਰਾਸ ਆ ਰਿਹਾ ਹੈ। ਜੇਕਰ ਅੰਦਰੋਂ ਆ ਰਹੀਆਂ ਖ਼ਬਰਾਂ 'ਤੇ ਯਕੀਨ ਕੀਤਾ ਜਾਵੇ ਤਾਂ ਬਾਰਬਰਾ ਨੇ ਸਥਾਈ ਤੌਰ 'ਤੇ ਮੁੰਬਈ ਵਿਚ ਵਸਣ ਦਾ ਇਰਾਦਾ ਕਰ ਲਿਆ ਹੈ। ਉਂਜ ਬਾਰਬਰਾ ਨੇ ਅਮਰੀਕਾ ਵਿਚ ਆਪਣੀ ਇਕ ਫਿਲਮ ਪ੍ਰੋਡਕਸ਼ਨ ਕੰਪਨੀ ਸ਼ੁਰੂ ਕੀਤੀ ਹੈ। ਹਿੰਦੋਸਤਾਨ ਦੇ ਫਿਲਮ ਮੇਕਰਸ ਦੇ ਨਾਲ ਮਿਲ ਕੇ ਉਹ ਮੁੰਬਈ ਵਿਚ ਵੀ ਫਿਲਮਾਂ ਬਣਾਉਣਾ ਚਾਹੁੰਦੀ ਹੈ ਅਤੇ ਇਨ੍ਹੀਂ ਦਿਨੀਂ ਬਾਰਬਰਾ ਇਸ ਤਰ੍ਹਾਂ ਦੀਆਂ ਸੰਭਾਵਨਾਵਾਂ ਦੀ ਭਾਲ ਵਿਚ ਜੁਟੀ ਹੋਈ ਹੈ। ਉਹ ਮੁੰਬਈ ਵਿਚ ਇਕ ਮੈਕਸੀਕਨ ਹੋਟਲ ਵੀ ਖੋਲ੍ਹਣਾ ਚਾਹੁੰਦੀ ਹੈ।

ਕਈ ਚੋਟੀ ਦੇ ਮੇਕਰਸ ਵੀ ਬਾਰਬਰਾ ਨੂੰ ਲੈ ਕੇ ਆਪਣੀ-ਆਪਣੀ ਫਿਲਮ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੇ ਹਨ। ਫਿਲਮਾਂ ਦੇ ਨਾਲ ਹੀ ਬਾਰਬਰਾ ਇਨ੍ਹੀਂ ਦਿਨੀਂ ਸਮਾਜਿਕ ਪ੍ਰੋਗਰਾਮਾਂ ਵਿਚ ਵੀ ਵਧ-ਚੜ੍ਹ ਕੇ ਹਿੱਸਾ ਲੈ ਰਹੀ ਹੈ। ਪਿਛਲੇ ਦਿਨੀਂ ਕੰਨਿਆ ਭਰੂਣ ਹੱਤਿਆ ਜਿਹੀਆਂ ਸਮਾਜਿਕ ਕੁਰੀਤੀਆਂ ਵਿਰੁਧ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਉਸ ਨੇ ਸੋਹਾ ਅਲੀ ਖ਼ਾਨ, ਅੰਮ੍ਰਿਤਾ ਰਾਵ ਜਿਹੀਆਂ ਹੀਰੋਇਨਾਂ ਨਾਲ ਇਕ ਰੈਂਪ ਸ਼ੋਅ ਵਿਚ ਹਿੱਸਾ ਲਿਆ।

# SABH Foundation proudly presents

Tickets
$29, $39,
$49, $75,
VIP, VVIP




**GRAND SPONSORS**

**TAJ RANDHAWA**
Commercial Realtor-RemaxGold
(for all your Commercial/Business
Needs to buy or sell
(LIC # 01495361)
**559-259-4247**

**VOHRA BROTHERS**
Fast n Esy Group
(Gas Station/Liquor Stores)
**559-213-0462**

**SPONSORED & SUPPORTED BY:**
Dr. Kuldip Thusu
Dr. Hemant Dhingra
Dr. Aftab Naz
Dr. Pedro Eva
Dr. Paramjit Sandhu
Rajiv Malhotra
Paul Dhaliwal
Amrit Dhaliwal
Mickey Sra
Manjit Singh
Taj Mahal Photography
Sukhbir Bhandal
Remax Gold
Jim Muller (Borrego Springs Bank)
TJ (Express Graphics)
Jaswinder Singh
(New India Sweets & Spices)
Paul Sihota (Royal Express)
Nijjar Brothers (Madera)
Tehal Thandi
Pritam Pasla (Liquor King)
Avtar Gill & Harry Gill
(Gill Insurance)
Paul Kailey
Lak Brar
Lakhbir Gill
Deepa Chohan (Bulldog)
Shivraj Pannu
Mandhir Tung
Ranjit Nagar
Realty World
(Dany Singh & Harpreet Bali)
Sudarshan Sharma
Royal India Market &
Royal Fabrics
Pritam Gill (A-1 Realty)

**MARKETING CONSULTANT**
Jai Singh

# Saroyan Theatre
## 700 M Street · Fresno, CA 93721
## Saturday August 28, 2010 at 7:30 PM
## Fundraiser show for South Asian Seniors Home

**For Sponsorship, Tickets and other Info. Call:**
Dr. Harmesh Kumar: 408-821-9325, Taj Randhawa: 559-259-4247,
Viney Vohra: 559-213-0462, Dilbag Banger: 559-940-2500,
Sukhi Gill: 559-472-8680, Aditi Khullar: 510-610-0750

# Enjoy the best Punjabi TV Experience only on DISH Network

**Punjabi Pack** $19.99/mo.

jus punjabi · Jus One · punjabi TV · GPunjab · MH ONE · ETC ਪੰਜਾਬੀ

+

**Local Channels** $9.99/mo.

abc · CBS · NBC · FOX · The CW · PBS

where available

for only $29.98/mo.



## Five great reasons to get Punjabi Pack on DISH Network

1. **Six Punjabi channels including GPunjab news channel**
   - Watch 'Gurbani' from Golden Temple every day.
   - One-stop solution for Punjabi serials, music, movies, news and much more
2. **Subscribe to Punjabi Pack with American local channels and you receive**
   - No equipment to buy
   - Free DVR Upgrade
   ($6.00/mo. DVR Service fee applies)
3. **24/7 customer service**
4. **State-of-the-art DVR technology**
   - Never miss your favorite shows with DVR
5. **No Social Secury? No Credit card? No Problem.** Ask us for details.

HD FREE FOR LIFE

**Subscribe to America's Top 120 package**
just $24.99/mo for 12 months
**plus get HD Free for Life!**
Requires Agreement and AutoPay with Paperless Billing.

**CALL 1-888-242-2276**

Digital Home Advantage plan requires 24-month agreement and credit qualification. If service is terminated before the end of agreement, a cancellation fee of $17.50/month remaining applies. Programming credits apply during first 12 months. $10/mo HD add-on fee waived for life of current account; requires 24-month agreement, continuous enrollment in AutoPay with Paperless Billing. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees apply for select receivers; monthly fees may apply based on type and number of receivers. HD programming requires HD television. All prices, packages and programming subject to change without notice. Local channels may not be available in all areas. Offer is subject to the terms of applicable Promotional and Residential Customer agreements. Additional restrictions may apply. First-time DISH Network customers only. Offer ends 9/28/10. © 2010, DISH Network L.L.C. All rights reserved. HBO® and related channels and service marks are the property of Home Box Office, Inc. SHOWTIME and related marks are registered trademarks of Showtime Networks Inc., a CBS Company.

dish NETWORK®

INTERNATIONAL TV